ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

15-21 ਅਪ੍ਰੈਲ 2026

ਸਾਲ 17ਵਾਂ - ਅੰਕ 16
email : info@sadelok.com
Ph. : 510-706-1300
Fax : 925-373-1300

## ਗ਼ਦਰੀ ਬਾਬਿਆਂ ਦੀ ਇਤਿਹਾਸਕ ਚਰਨ-ਛੋਹ ਧਰਤੀ 'ਤੇ ਸਜੇਗਾ 27ਵਾਂ ਮਹਾਨ ਨਗਰ ਕੀਰਤਨ
### 19 ਅਪ੍ਰੈਲ ਦਿਨ ਐਤਵਾਰ ਨੂੰ

(ਦੇਖੋ ਸਫ਼ਾ 36-37 'ਤੇ)



## ਧਾਮੀ ਅਤੇ ਥਿਆੜਾ ਪਰਿਵਾਰ ਦੇ ਵਿਹੜੇ ਬਰਸੀਆਂ ਖ਼ੁਸ਼ੀਆਂ: ਜਸਲੀਨ ਕੌਰ ਅਤੇ ਤਾਜਵੀਰ ਸਿੰਘ ਦਾ ਹੋਇਆ ਸ਼ੁਭ ਅਨੰਦ ਕਾਰਜ



(ਦੇਖੋ ਸਫ਼ਾ 34-35 'ਤੇ)

## ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿੱਲ ਪਾਸ
### ਬੇਅਦਬੀ ਦੇ ਦੋਸ਼ੀ ਨੂੰ ਉਮਰ ਕੈਦ ਤੱਕ ਦੀ ਹੋਵੇਗੀ ਸਜ਼ਾ

### ਹੁਣ ਬੇਅਦਬੀ ਗੈਰ ਜ਼ਮਾਨਤੀ ਅਪਰਾਧ ਹੋਵੇਗਾ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਸੈਸ਼ਨ 'ਚ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਜੈਕਾਰਿਆਂ ਦੀ ਗੂੰਜ 'ਚ 'ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਪਾਸ ਕਰ ਦਿੱਤਾ। ਸੋਧ ਬਿੱਲ 'ਚ ਪਵਿੱਤਰ ਗਰੰਥ ਦੀ ਬੇਅਦਬੀ ਕਰਨ 'ਤੇ 7 ਤੋਂ 20 ਸਾਲ ਦੀ ਕੈਦ ਅਤੇ ਦੋ ਤੋਂ ਦਸ ਲੱਖ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ। ਸਮਾਜਿਕ/ਧਾਰਮਿਕ ਸਦਭਾਵਨਾ ਭੰਗ

(ਦੇਖੋ ਸਫ਼ਾ 22-23 'ਤੇ)



## ਅਮਰੀਕਾ ਦੀ ਧਰਤੀ ਸੰਸਦ ਮੈਂਬਰ ਸ਼੍ਰੀ ਚੰਦਰ ਸ਼ੇਖਰ ਆਜ਼ਾਦ ਦੇ ਸਵਾਗਤ ਲਈ ਤਿਆਰ

ਲਿਵਰਮੋਰ/ਪਿਟਸਬਰਗ (ਕੈਲੀਫੋਰਨੀਆ): (ਸਾਡੇ ਲੋਕ/Daily USA) : ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ 135ਵੇਂ ਜਨਮ ਦਿਹਾੜੇ ਦੇ ਸਬੰਧ ਵਿੱਚ ਸੰਯੁਕਤ ਰਾਜ



### ਬਾਬਾ ਸਾਹਿਬ ਦੇ ਮਿਸ਼ਨ ਦੇ ਵਾਰਿਸ 'ਤੇ ਸਮਾਜ ਨੂੰ ਮਾਣ ਹੈ : ਸ਼੍ਰੀ ਰਾਮ ਮੂਰਤੀ ਸਰੋਆ

ਅਮਰੀਕਾ ਵਿੱਚ ਉਤਸ਼ਾਹ ਦੀ ਲਹਿਰ ਹੈ। ਇਸ ਇਤਿਹਾਸਕ ਮੌਕੇ 'ਤੇ ਭਾਰਤ ਦੇ ਨੌਜਵਾਨ ਅਤੇ ਨਿਡਰ ਆਗੂ, ਨਗੀਨਾ (ਯੂ.ਪੀ.) ਤੋਂ ਸੰਸਦ ਮੈਂਬਰ ਭਾਈ ਚੰਦਰਸ਼ੇਖਰ ਆਜ਼ਾਦ ਜੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

ਕੌਮ ਦੇ ਵਾਰਿਸ ਦਾ ਹੋਵੇਗਾ ਨਿੱਘਾ ਸਵਾਗਤ: ਰਾਮ ਮੂਰਤੀ ਸਰੋਆ

ਡਾ. ਅੰਬੇਡਕਰ ਐਜੂਕੇਸ਼ਨ ਐਂਡ ਸੁਸਾਇਟੀ ਦੇ ਚੇਅਰਮੈਨ, ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰੀ ਗੁਰੂ ਰਵਿਦਾਸ ਸਭਾ ਅਮਰੀਕਾ ਅਤੇ ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇਅ ਏਰੀਆ ਕੈਲੀਫੋਰਨੀਆ ਸ਼੍ਰੀ ਰਾਮ ਮੂਰਤੀ ਸਰੋਆ ਜੀ ਨੇ 'ਸਾਡੇ ਲੋਕ' ਅਖ਼ਬਾਰ ਨਾਲ

(ਦੇਖੋ ਸਫ਼ਾ 33 'ਤੇ)

## ਕੈਲੀਫੋਰਨੀਆ ਅਸੈਂਬਲੀ ਨੇ 'ਵਿਸਾਖੀ' ਨੂੰ ਅਧਿਕਾਰਤ ਤੌਰ 'ਤੇ ਦਿੱਤੀ ਮਾਨਤਾ





ਵਾਸ਼ਿੰਗਟਨ : ਕੈਲੀਫੋਰਨੀਆ ਅਸੈਂਬਲੀ ਨੇ ਇਕ ਮਤਾ ਪਾਸ ਕਰ ਕੇ ਵਿਸਾਖੀ ਨੂੰ ਸਿੱਖ-ਅਮਰੀਕੀਆਂ ਲਈ ਸਭ ਤੋਂ ਮਹੱਤਵਪੂਰਨ ਦਿਨਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਹੈ

(ਦੇਖੋ ਸਫ਼ਾ 32 'ਤੇ)

## ਮੁੱਕ ਗਈ ਫ਼ਸਲਾਂ ਦੀ ਰਾਖੀ, ਜੱਟਾ ਆਈ ਵਿਸਾਖੀ !
### ਖੇਤਾਂ 'ਚ ਮਹਿਕੀ ਵਿਸਾਖੀ : ਕਿਸਾਨਾਂ ਨੇ ਅਰਦਾਸ ਕਰਕੇ ਕਣਕ ਦੀ ਵਾਢੀ ਸ਼ੁਰੂ ਕਰਕੇ ਮਨਾਇਆ ਖ਼ੁਸ਼ੀਆਂ ਦਾ ਤਿਉਹਾਰ



ਅੰਮ੍ਰਿਤਸਰ : ਪੰਜਾਬ ਦੀ ਮਿੱਟੀ ਦੇ ਸਪੂਤ ਮਹਾਨ ਸ਼ਾਇਰ ਸ਼੍ਰੀ ਦੀ ਇਹ ਸਭ ਤੋਂ ਉੱਤਮ ਰਚਨਾ ਮੁੱਕ ਗਈ ਫ਼ਸਲਾਂ ਦੀ ਰਾਖੀ, ਜੱਟਾ ਆਈ ਵਿਸਾਖੀ! 'ਪੰਜਾਬ ਦੀ ਧਰਤੀ 'ਤੇ ਅੱਜ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਚਾਅ ਨਾਲ ਮਨਾਇਆ ਗਿਆ। ਜਿੱਥੇ ਗੁਰਦੁਆਰਾ ਸਾਹਿਬਾਨ ਵਿੱਚ ਰੌਣਕਾਂ ਰਹੀਆਂ, ਉੱਥੇ ਹੀ ਅੰਮ੍ਰਿਤਸਰ ਦੇ ਖੇਤਾਂ ਵਿੱਚ ਕਿਸਾਨਾਂ ਨੇ ਆਪਣੀ ਪੁੱਤਾਂ ਵਾਂਗ ਪਾਲੀ ਕਣਕ ਦੀ ਫ਼ਸਲ ਦੀ ਵਾਢੀ ਸ਼ੁਰੂ ਕਰਕੇ

(ਦੇਖੋ ਸਫ਼ਾ 41 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

### ਬੇਰੁਜ਼ਗਾਰੀ ਦਾ ਵਧਦਾ ਖ਼ਤਰਾ

# 80 ਕਰੋੜ ਨੌਜਵਾਨਾਂ ਲਈ ਸੰਕਟ ਦਾ ਦੌਰ

## ਅਗਲੇ 10-15 ਸਾਲਾਂ 'ਚ 80 ਕਰੋੜ ਨੌਜਵਾਨਾਂ ਲਈ ਨੌਕਰੀਆਂ ਨਹੀਂ ਹੋਣਗੀਆਂ : ਵਿਸ਼ਵ ਬੈਂਕ ਮੁਖੀ ਅਜੈ ਬੰਗਾ

ਚੰਡੀਗੜ੍ਹ : ਵਧਦੇ ਵਿਸ਼ਵ ਭੂ-ਰਾਜਨੀਤਿਕ ਤਣਾਅ ਵਿਚਕਾਰ, ਵਿਸ਼ਵ ਬੈਂਕ ਨੇ ਇੱਕ ਅਜਿਹੇ ਖ਼ਤਰੇ ਦੀ ਚੇਤਾਵਨੀ ਦਿੱਤੀ ਹੈ ਜੋ ਭਵਿੱਖ ਵਿੱਚ ਲੱਖਾਂ ਲੋਕਾਂ ਦੇ ਜੀਵਨ ਨੂੰ ਡੂੰਘਾ ਪ੍ਰਭਾਵਿਤ ਕਰ ਸਕਦਾ ਹੈ। ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ ਅਨੁਸਾਰ, ਦੁਨੀਆ ਇੱਕ ਵੱਡੇ ਰੁਜ਼ਗਾਰ ਸੰਕਟ ਵੱਲ ਵਧ ਰਹੀ ਹੈ, ਜਿੱਥੇ ਕੰਮ ਕਰਨ




ਵਾਲੀ ਆਬਾਦੀ ਤੇਜ਼ੀ ਨਾਲ ਵਧੇਗੀ, ਪਰ ਇਸਦੇ ਬਰਾਬਰ ਨੌਕਰੀਆਂ ਪੈਦਾ ਨਹੀਂ ਹੋਣਗੀਆਂ। ਜੇਕਰ ਇਸ ਚੁਣੌਤੀ ਨੂੰ ਸਮੇਂ ਸਿਰ ਹੱਲ ਕਰਨ ਲਈ ਠੋਸ ਕਦਮ ਨਹੀਂ ਚੁੱਕੇ ਗਏ, ਤਾਂ ਇਹ ਨਾ ਸਿਰਫ਼ ਅਰਥਵਿਵਸਥਾ ਨੂੰ ਪ੍ਰਭਾਵਿਤ ਕਰੇਗਾ, ਸਗੋਂ ਵਿਸ਼ਵ ਸਥਿਰਤਾ ਅਤੇ ਸਮਾਜਿਕ ਸੰਤੁਲਨ ਨੂੰ ਵੀ ਪ੍ਰਭਾਵਿਤ ਕਰੇਗਾ।

ਅਜੈ ਬੰਗਾ ਅਨੁਸਾਰ ਅਗਲੇ 10 ਤੋਂ 15 ਸਾਲਾਂ ਵਿੱਚ ਵਿਕਾਸਸ਼ੀਲ ਦੇਸ਼ਾਂ ਵਿੱਚ ਲਗਭਗ 1.2 ਬਿਲੀਅਨ ਲੋਕ ਕੰਮ ਕਰਨ ਦੀ ਉਮਰ ਤੱਕ ਪਹੁੰਚ ਜਾਣਗੇ, ਪਰ ਮੌਜੂਦਾ ਹਾਲਾਤਾਂ ਵਿੱਚ, ਸਿਰਫ 400 ਮਿਲੀਅਨ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਇਸਦਾ ਮਤਲਬ ਹੈ ਕਿ ਦੁਨੀਆ ਨੂੰ ਲਗਭਗ 800 ਮਿਲੀਅਨ ਨੌਕਰੀਆਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਨੀਤੀ ਨਿਰਮਾਤਾ ਅਕਸਰ ਥੋੜ੍ਹੇ ਸਮੇਂ ਦੇ ਸੰਕਟਾਂ ਵਿੱਚ ਫਸ ਜਾਂਦੇ ਹਨ - ਜਿਵੇਂ ਕਿ ਪੱਛਮੀ ਏਸ਼ੀਆ ਵਿੱਚ ਟਕਰਾਅ - ਜਦੋਂ ਕਿ ਰੁਜ਼ਗਾਰ ਵਰਗੀਆਂ ਲੰਬੇ ਸਮੇਂ ਦੀਆਂ ਚੁਣੌਤੀਆਂ ਤੇਜ਼ੀ ਨਾਲ ਗੰਭੀਰ ਹੁੰਦੀਆਂ ਜਾ ਰਹੀਆਂ ਹਨ।

**ਰੁਜ਼ਗਾਰ ਅਤੇ ਅਸਮਾਨਤਾ ਦਾ ਵਧਦਾ ਖ਼ਤਰਾ :** ਅਜੈ ਬੰਗਾ ਨੇ ਚੇਤਾਵਨੀ ਦਿੱਤੀ ਕਿ ਜੇਕਰ ਰੁਜ਼ਗਾਰ ਦੇ ਮੌਕਿਆਂ ਦਾ ਸਮੇਂ ਸਿਰ ਵਿਸਤਾਰ ਨਹੀਂ ਕੀਤਾ ਗਿਆ, ਤਾਂ ਇਹ ਗੈਰ-ਕਾਨੂੰਨੀ ਪ੍ਰਵਾਸ ਅਤੇ ਵਿਸ਼ਵਵਿਆਪੀ ਅਸਥਿਰਤਾ ਨੂੰ ਤੇਜ਼ ਕਰ ਸਕਦਾ ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ 2025 ਤੱਕ ਦੁਨੀਆ ਭਰ ਵਿੱਚ 117 ਮਿਲੀਅਨ ਤੋਂ ਵੱਧ ਲੋਕ ਬੇਘਰ ਹੋ ਜਾਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰਾਂ ਨੂੰ ਨਾ ਸਿਰਫ਼ ਤੁਰੰਤ ਸੰਕਟਾਂ ਵੱਲ, ਸਗੋਂ ਰੁਜ਼ਗਾਰ, ਸਾਫ਼ ਪਾਣੀ ਅਤੇ ਬਿਜਲੀ ਵਰਗੀਆਂ ਬੁਨਿਆਦੀ ਜ਼ਰੂਰਤਾਂ ਵੱਲ ਵੀ ਬਰਾਬਰ ਧਿਆਨ ਦੇਣਾ ਚਾਹੀਦਾ ਹੈ।

**ਸੁਧਾਰਾਂ ਅਤੇ ਨਿਵੇਸ਼ 'ਤੇ ਜ਼ੋਰ :** ਵਿਸ਼ਵ ਬੈਂਕ ਵਿਕਾਸਸ਼ੀਲ ਦੇਸ਼ਾਂ ਵਿੱਚ ਨਿਵੇਸ਼ ਵਧਾਉਣ ਲਈ ਕਈ ਸੁਧਾਰਾਂ 'ਤੇ ਕੰਮ ਕਰ ਰਿਹਾ ਹੈ, ਜਿਵੇਂ ਕਿ:

- ਕਾਰੋਬਾਰੀ ਨਿਯਮਾਂ ਨੂੰ ਸਰਲ ਬਣਾਉਣਾ
- ਭੂਮੀ ਅਤੇ ਕਿਰਤ ਕਾਨੂੰਨਾਂ ਨੂੰ ਬਿਹਤਰ ਬਣਾਉਣਾ
- ਰਸਦ ਨੂੰ ਮਜ਼ਬੂਤ ਕਰਨਾ
- ਭ੍ਰਿਸ਼ਟਾਚਾਰ ਨੂੰ ਘਟਾਉਣਾ

ਨਿੱਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਬੁਨਿਆਦੀ ਢਾਂਚਾ, ਖੇਤੀਬਾੜੀ, ਸਿਹਤ ਸੰਭਾਲ ਅਤੇ ਨਿਰਮਾਣ ਵਰਗੇ ਖੇਤਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਭਾਰਤੀ ਅਤੇ ਵਿਸ਼ਵਵਿਆਪੀ ਕੰਪਨੀਆਂ ਦੀ ਭੂਮਿਕਾ

ਅਜੈ ਬੰਗਾ ਨੇ ਕਿਹਾ ਕਿ ਰਿਲਾਇੰਸ ਇੰਡਸਟਰੀਜ਼, ਮਹਿੰਦਰਾ ਗਰੁੱਪ ਅਤੇ ਡਾਂਗੋਟ ਗਰੁੱਪ ਵਰਗੀਆਂ ਕੰਪਨੀਆਂ ਵਿਸ਼ਵ ਪੱਧਰ 'ਤੇ ਤੇਜ਼ੀ ਨਾਲ ਫੈਲ ਰਹੀਆਂ ਹਨ, ਜੋ ਨੌਕਰੀਆਂ ਪੈਦਾ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ।

ਬੁਨਿਆਦੀ ਢਾਂਚੇ 'ਤੇ ਧਿਆਨ ਕੇਂਦਰਿਤ ਕਰੋ

ਰੁਜ਼ਗਾਰ ਦੇ ਨਾਲ-ਨਾਲ, ਵਿਸ਼ਵ ਬੈਂਕ ਦਾ ਉਦੇਸ਼ ਅਫਰੀਕਾ ਵਿੱਚ 1 ਅਰਬ ਤੋਂ ਵੱਧ ਲੋਕਾਂ ਨੂੰ ਸਾਫ਼ ਪਾਣੀ ਅਤੇ ਲੱਖਾਂ ਲੋਕਾਂ ਨੂੰ ਬਿਜਲੀ ਪ੍ਰਦਾਨ ਕਰਨਾ ਹੈ।






# ਈਰਾਨ ਨਾਲ ਜੰਗ ਖ਼ਤਮ ਹੋਣ ਦੇ ਕੰਢੇ : ਡੋਨਾਲਡ ਟਰੰਪ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨਾਲ ਚੱਲ ਰਹੇ ਟਕਰਾਅ ਨੂੰ ਲੈ ਕੇ ਇੱਕ ਅਹਿਮ ਬਿਆਨ ਦਿੱਤਾ ਹੈ। ਫੌਕਸ ਬਿਜ਼ਨਸ ਦੀ ਐਂਕਰ ਮਾਰੀਆ ਬਾਰਟੀਰੋਮੋ ਨੂੰ ਵ੍ਹਾਈਟ ਹਾਊਸ ਵਿੱਚ ਦਿੱਤੇ ਇੰਟਰਵਿਊ ਵਿੱਚ ਟਰੰਪ ਨੇ ਸੰਕੇਤ ਦਿੱਤਾ ਕਿ ਇਹ ਜੰਗ ਹੁਣ ਆਪਣੇ ਅੰਤ ਦੇ ਬਹੁਤ ਕਰੀਬ ਹੈ। ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਈਰਾਨ ਨਾਲ ਚੱਲ ਰਹੀ ਜੰਗ ਹੁਣ ਆਪਣੇ ਅੰਤ ਦੇ ਬਹੁਤ ਨੇੜੇ ਹੈ। ਮੈਨੂੰ ਲੱਗਦਾ ਹੈ ਕਿ ਇਹ (ਜੰਗ) ਲਗਭਗ ਖ਼ਤਮ ਹੋਣ ਵਾਲੀ ਹੈ... ਮੇਰੇ ਨਜ਼ਰੀਏ ਤੋਂ ਇਹ ਬਹੁਤ ਜਲਦ ਖ਼ਤਮ ਹੋ ਜਾਵੇਗੀ।

**ਜੰਗਬੰਦੀ ਦੀਆਂ ਕੋਸ਼ਿਸ਼ਾਂ ਤੇਜ਼** : ਟਰੰਪ ਨੇ 'ਨਿਊਯਾਰਕ ਪੋਸਟ' ਨੂੰ ਦਿੱਤੇ ਇੱਕ ਹੋਰ ਬਿਆਨ ਵਿੱਚ ਦੱਸਿਆ ਕਿ ਪਾਕਿਸਤਾਨ ਵਿੱਚ ਹੋਈਆਂ ਪਿਛਲੀਆਂ ਗੱਲਬਾਤਾਂ ਦੇ ਅਸਫਲ ਰਹਿਣ ਤੋਂ ਬਾਅਦ ਹੁਣ ਅਗਲੇ ਦੋ ਦਿਨਾਂ ਦੇ ਅੰਦਰ ਅਮਰੀਕਾ-ਈਰਾਨ ਜੰਗਬੰਦੀ ਵਾਰਤਾ ਮੁੜ ਸ਼ੁਰੂ ਹੋਣ ਦੀ ਉਮੀਦ ਹੈ। ਅਮਰੀਕਾ ਅਤੇ ਈਰਾਨ ਵਿਚਕਾਰ 21 ਅਪ੍ਰੈਲ ਤੱਕ ਦੋ ਹਫ਼ਤਿਆਂ ਦੀ ਆਰਜ਼ੀ ਜੰਗਬੰਦੀ ਚੱਲ ਰਹੀ ਹੈ, ਜੋ ਫਿਲਹਾਲ ਸਥਿਰ ਜਾਪਦੀ ਹੈ। ਰਾਸ਼ਟਰਪਤੀ ਦਾ ਮੰਨਣਾ ਹੈ ਕਿ ਅਮਰੀਕਾ ਨੇ ਆਪਣੇ ਮੁੱਖ ਉਦੇਸ਼—ਤੇਹਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਰੋਕਣਾ ਅਤੇ ਉਸਦੀ ਫੌਜੀ ਤਾਕਤ ਨੂੰ ਸੀਮਤ ਕਰਨਾ—ਹਾਸਲ ਕਰ ਲਏ ਹਨ। ਦੂਜੇ ਪਾਸੇ, ਈਰਾਨ ਨੇ ਅਮਰੀਕਾ ਦੇ ਇਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ।

**ਤਣਾਅ ਅਜੇ ਵੀ ਬਰਕਰਾਰ** : ਭਾਵੇਂ ਰਾਸ਼ਟਰਪਤੀ ਟਰੰਪ ਜੰਗ ਖ਼ਤਮ ਹੋਣ ਦੀ ਗੱਲ ਕਰ ਰਹੇ ਹਨ ਪਰ ਜ਼ਮੀਨੀ ਹਾਲਾਤ ਅਜੇ ਵੀ ਗੰਭੀਰ ਹਨ। ਇਸੇ ਹਫ਼ਤੇ ਟਰੰਪ ਨੇ ਈਰਾਨ ਵਿਰੁੱਧ ਸਮੁੰਦਰੀ ਘੇਰਾਬੰਦੀ (Naval Blockade) ਦੇ ਹੁਕਮ ਵੀ ਦਿੱਤੇ ਹਨ। ਇਹ ਟਕਰਾਅ ਹੁਣ ਆਪਣੇ ਛੇਵੇਂ ਹਫ਼ਤੇ ਵਿੱਚ ਪ੍ਰਵੇਸ਼ ਕਰ ਗਿਆ ਹੈ। ਵਾਸ਼ਿੰਗਟਨ ਪ੍ਰਸ਼ਾਸਨ 21 ਅਪ੍ਰੈਲ ਨੂੰ ਜੰਗਬੰਦੀ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਕਿਸੇ ਪੱਕੇ ਸ਼ਾਂਤੀ ਸਮਝੌਤੇ 'ਤੇ ਪਹੁੰਚਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ।

### ਅਮਰੀਕਾ 'ਚ ਰਹਿਣਾ ਹੈ ਤਾਂ ਅਮਰੀਕੀ ਬਣੋ

# ਉਪ-ਰਾਸ਼ਟਰਪਤੀ ਵੈਂਸ ਦਾ ਪ੍ਰਵਾਸੀਆਂ ਨੂੰ ਸਪੱਸ਼ਟ ਸੁਨੇਹਾ

ਵਾਸ਼ਿੰਗਟਨ : ਅਮਰੀਕਾ ਦੇ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਪ੍ਰਵਾਸੀਆਂ ਨੂੰ ਇੱਕ ਅਹਿਮ ਨਸੀਹਤ ਦਿੱਤੀ ਹੈ। ਜਾਰਜੀਆ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵੈਂਸ ਨੇ ਕਿਹਾ ਕਿ ਪ੍ਰਵਾਸੀਆਂ ਨੂੰ ਖੁਦ ਨੂੰ ਅਮਰੀਕੀ ਸਮਝਣਾ ਚਾਹੀਦਾ ਹੈ, ਨਾ ਕਿ ਉਸ ਦੇਸ਼ ਦਾ ਨਾਗਰਿਕ ਜਿੱਥੋਂ ਉਹ ਆਏ ਹਨ। ਉਹਨਾਂ ਮੁਤਾਬਕ ਅਮਰੀਕੀ ਵਿਵਸਥਾ ਉਦੋਂ ਹੀ ਸਹੀ ਤਰੀਕੇ ਨਾਲ ਕੰਮ ਕਰ ਸਕਦੀ ਹੈ ਜਦੋਂ ਹਰ ਨਾਗਰਿਕ ਦੇਸ਼ ਦੇ ਸਰਵੋਤਮ ਹਿੱਤ ਬਾਰੇ ਸੋਚੇ।

**ਦਿੱਤੀ ਨਿੱਜੀ ਉਦਾਹਰਣ** : ਵੈਂਸ ਨੇ ਆਪਣੀ ਗੱਲ ਨੂੰ ਸਪੱਸ਼ਟ ਕਰਨ ਲਈ ਆਪਣੇ ਪਰਿਵਾਰਕ ਜੀਵਨ ਦਾ ਜ਼ਿਕਰ ਕੀਤਾ। ਉਹਨਾਂ ਦੱਸਿਆ ਕਿ ਉਹਨਾਂ ਦਾ ਵਿਆਹ ਊਸ਼ਾ ਵੈਂਸ ਨਾਲ ਹੋਇਆ ਹੈ, ਜੋ ਭਾਰਤੀ ਪ੍ਰਵਾਸੀਆਂ (ਲਕਸ਼ਮੀ ਅਤੇ ਰਾਧਾਕ੍ਰਿਸ਼ਨ ਚਿਲਿਕੁਰੀ) ਦੀ ਬੇਟੀ ਹੈ। ਵੈਂਸ ਨੇ ਦੱਸਿਆ ਕਿ ਉਹਨਾਂ ਦੇ ਸਹੁਰੇ 1980 ਦੇ ਦਹਾਕੇ ਵਿੱਚ ਭਾਰਤ ਤੋਂ ਅਮਰੀਕਾ ਆਏ, ਇੱਥੇ ਸਿੱਖਿਆ ਪ੍ਰਾਪਤ ਕੀਤੀ ਅਤੇ ਅਮਰੀਕੀ ਨਾਗਰਿਕ ਬਣ ਗਏ। ਉਹਨਾਂ ਕਿਹਾ ਕਿ ਉਹਨਾਂ ਦੇ ਸਹੁਰੇ ਨੇ ਅੱਜ ਤੱਕ ਕਦੇ ਵੀ ਉਹਨਾਂ ਨੂੰ ਆਪਣੇ ਮੂਲ ਦੇਸ਼ (ਭਾਰਤ) ਦੇ ਹਿੱਤ ਵਿੱਚ ਕੁਝ ਖਾਸ ਕਰਨ ਲਈ ਨਹੀਂ ਕਿਹਾ, ਸਗੋਂ ਉਹ ਹਮੇਸ਼ਾ ਅਮਰੀਕਾ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹਨ।

**H1-B ਵੀਜ਼ਾ ਧੋਖਾਧੜੀ ਅਤੇ ਪ੍ਰਵਾਸੀਆਂ ਦਾ ਯੋਗਦਾਨ** : ਪ੍ਰੋਗਰਾਮ ਦੌਰਾਨ ਭਾਰਤੀ ਮੂਲ ਦੀ ਇੱਕ ਵਿਦਿਆਰਥਣ ਨੇ 81-2 ਵੀਜ਼ਾ ਪ੍ਰਣਾਲੀ ਵਿੱਚ ਹੋ ਰਹੀ ਧੋਖਾਧੜੀ ਅਤੇ ਗ੍ਰੀਨ ਕਾਰਡ ਮਿਲਣ ਵਿੱਚ ਹੋ ਰਹੀ ਦੇਰੀ ਦਾ ਮੁੱਦਾ ਚੁੱਕਿਆ। ਇਸ ਦੇ ਜਵਾਬ ਵਿੱਚ ਵੈਂਸ ਨੇ ਸਵੀਕਾਰ ਕੀਤਾ ਕਿ 81-2 ਪ੍ਰਣਾਲੀ ਵਿੱਚ ਬਹੁਤ ਧੋਖਾਧੜੀ ਹੁੰਦੀ ਹੈ। ਹਾਲਾਂਕਿ, ਉਹਨਾਂ ਨੇ ਇਹ ਵੀ ਮੰਨਿਆ ਕਿ ਪਹਿਲਾਂ ਅਮਰੀਕਾ ਆਏ ਪ੍ਰਵਾਸੀਆਂ ਨੇ ਇਸ ਦੇਸ਼ ਨੂੰ ਅਮੀਰ ਅਤੇ ਖੁਸ਼ਹਾਲ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ।



**'ਦੇਸ਼ ਦਾ ਹਿੱਤ ਸਭ ਤੋਂ ਉੱਪਰ'** : ਟਰਨਿੰਗ ਪੁਆਇੰਟ ਯੂ.ਐਸ.ਏ ਇੱਕ ਗੈਰ-ਮੁਨਾਫ਼ਾ ਸੰਗਠਨ ਹੈ ਜੋ ਵਿਦਿਅਕ ਸੰਸਥਾਵਾਂ ਵਿੱਚ ਰੂੜੀਵਾਦੀ ਰਾਜਨੀਤੀ ਨੂੰ ਉਤਸ਼ਾਹਿਤ ਕਰਦਾ ਹੈ, ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਵੈਂਸ ਨੇ ਇੱਕ ਪੁਰਾਣੀ ਘਟਨਾ ਵੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਇੱਕ ਵਾਰ ਯੂਕਰੇਨੀ ਮੂਲ ਦੇ ਅਮਰੀਕੀ ਨੇ ਉਹਨਾਂ ਨੂੰ ਯੂਕਰੇਨ ਦਾ ਸਮਰਥਨ ਕਰਨ ਲਈ ਕਿਹਾ ਸੀ, ਜਿਸ 'ਤੇ ਉਹਨਾਂ ਜਵਾਬ ਦਿੱਤਾ ਸੀ ਕਿ 'ਜੇਕਰ ਤੁਸੀਂ ਅਮਰੀਕੀ ਹੋ, ਤਾਂ ਤੁਹਾਡਾ ਦੇਸ਼ ਅਮਰੀਕਾ ਹੈ, ਨਾ ਕਿ ਉਹ ਥਾਂ ਜਿੱਥੋਂ ਤੁਸੀਂ ਕਦੇ ਆਏ ਸੀ।' ਉਹਨਾਂ ਜ਼ੋਰ ਦੇ ਕੇ ਕਿਹਾ ਕਿ ਭਾਵੇਂ ਕਿਸੇ ਪਰਿਵਾਰ ਦੀਆਂ ਨੌਂ ਪੀੜ੍ਹੀਆਂ ਅਮਰੀਕਾ ਵਿੱਚ ਰਹੀਆਂ ਹੋਣ ਜਾਂ ਕੋਈ ਪਹਿਲੀ ਪੀੜ੍ਹੀ ਦਾ ਨਾਗਰਿਕ ਹੋਵੇ, ਸਭ ਦੀ ਜ਼ਿੰਮੇਵਾਰੀ ਸਿਰਫ਼ ਅਮਰੀਕਾ ਦੇ ਹਿੱਤ ਪ੍ਰਤੀ ਹੋਣੀ ਚਾਹੀਦੀ ਹੈ।

# ਮੋਦੀ-ਟਰੰਪ ਫੋਨ ਵਾਰਤਾ: ਸੁਰੱਖਿਅਤ ਹਰਮੁਜ਼ ਜਲ ਮਾਰਗ ਦੀ ਵਕਾਲਤ

### ਦੋਵਾਂ ਆਗੂਆਂ ਨੇ 40 ਮਿੰਟ ਦੇ ਕਰੀਬ ਗੱਲਬਾਤ ਕੀਤੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਰਣਨੀਤਕ ਪੱਖੋਂ ਅਹਿਮ ਹਰਮੁਜ਼ ਜਲ ਮਾਰਗ ਨੂੰ 'ਮੋਕਲਾ ਤੇ ਸੁਰੱਖਿਅਤ' ਬਣਾਉਣ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਦੋਵਾਂ ਆਗੂਆਂ ਨੇ ਮੰਗਲਵਾਰ ਨੂੰ ਫੋਨ ਉੱਤੇ 40 ਮਿੰਟ ਦੇ ਕਰੀਬ ਹੋਈ ਗੱਲਬਾਤ ਦੌਰਾਨ ਪੱਛਮੀ ਏਸ਼ੀਆ ਦੇ ਮੌਜੂਦਾ ਹਾਲਾਤ ਬਾਰੇ ਵੀ ਚਰਚਾ ਕੀਤੀ। ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਸਰਗੀਓ ਗੋਰ ਨੇ ਕਿਹਾ ਕਿ ਦੋਵਾਂ ਆਗੂਆਂ ਨੇ ਦੁਵੱਲੇ ਸਬੰਧਾਂ ਵਿੱਚ 'ਅਹਿਮ ਪ੍ਰਗਤੀ' ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਦੋਵਾਂ ਮੁਲਕਾਂ ਦੇ ਊਰਜਾ ਖੇਤਰ ਸਮੇਤ ਕੁਝ 'ਵੱਡੇ' ਸੌਦਿਆਂ 'ਤੇ ਜਲਦੀ ਹੀ ਦਸਤਖਤ ਕਰਨ ਦੀ ਉਮੀਦ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਨੂੰ ਰਾਸ਼ਟਰਪਤੀ ਟਰੰਪ ਦਾ ਫੋਨ ਆਇਆ ਸੀ ਤੇ ਉਨ੍ਹਾਂ ਪੱਛਮੀ ਏਸ਼ੀਆ ਦੇ ਮੌਜੂਦਾ ਹਾਲਾਤ ਬਾਰੇ ਵਿਚਾਰ ਚਰਚਾ ਦੇ ਨਾਲ ਹਰਮੁਜ਼ ਜਲ ਮਾਰਗ ਨੂੰ 'ਮੋਕਲਾ ਤੇ ਸੁਰੱਖਿਅਤ' ਰੱਖਣ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਗੋਰ ਨੇ ਕੁਝ ਚੋਣਵੇਂ ਪੱਤਰਕਾਰਾਂ ਨੂੰ ਦੱਸਿਆ ਕਿ 40 ਮਿੰਟ ਤੋਂ ਵੱਧ ਦੀ ਗੱਲਬਾਤ ਦੌਰਾਨ ਅਮਰੀਕੀ ਸਦਰ ਨੇ ਪ੍ਰਧਾਨ ਮੰਤਰੀ ਨੂੰ ਪੱਛਮੀ ਏਸ਼ੀਆ ਦੇ ਹਾਲਾਤ ਬਾਰੇ ਅਪਡੇਟ ਕੀਤਾ।



ਮੋਦੀ ਨੇ ਮਗਰੋਂ ਸੋਸ਼ਲ ਮੀਡੀਆ ਉੱਤੇ ਕਿਹਾ, "ਮੇਰੇ ਦੋਸਤ ਰਾਸ਼ਟਰਪਤੀ ਡੋਨਲਡ ਟਰੰਪ ਦਾ ਮੈਨੂੰ ਫੋਨ ਆਇਆ। ਅਸੀਂ ਵੱਖ ਵੱਖ ਸੈਕਟਰਾਂ ਵਿੱਚ ਸਾਡੇ ਦੁਵੱਲੇ ਸਹਿਯੋਗ ਵਿੱਚ ਹੋਈ ਅਹਿਮ ਪ੍ਰਗਤੀ ਦੀ ਸਮੀਖਿਆ ਕੀਤੀ। ਅਸੀਂ ਸਾਰੇ ਖੇਤਰਾਂ ਵਿੱਚ ਆਪਣੀ ਵਿਆਪਕ ਰਣਨੀਤਕ ਭਾਈਵਾਲੀ ਨੂੰ ਵਧੇਰੇ ਮਜ਼ਬੂਤ ਕਰਨ ਲਈ ਵਚਨਬੱਧ ਹਾਂ। ਅਸੀਂ ਪੱਛਮੀ ਏਸ਼ੀਆ ਦੇ ਹਾਲਾਤ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਤੇ ਹਰਮੁਜ਼ ਜਲ ਮਾਰਗ ਨੂੰ ਮੋਕਲਾ ਤੇ ਸੁਰੱਖਿਅਤ ਰੱਖਣ ਉੱਤੇ ਜ਼ੋਰ ਦਿੱਤਾ।"

ਦੋਵਾਂ ਆਗੂਆਂ ਦਰਮਿਆਨ ਇਸ ਸਾਲ ਇਹ ਤੀਜੀ ਜਦੋਂਕਿ ਇਰਾਨ ਤੇ ਅਮਰੀਕਾ ਦਰਮਿਆਨ ਪਿਛਲੇ ਦਿਨੀਂ ਹੋਈ ਸ਼ਾਂਤੀ ਵਾਰਤਾ ਮਗਰੋਂ ਪਹਿਲੀ ਫੋਨ ਕਾਲ ਹੈ। ਇਸ ਤੋਂ ਪਹਿਲਾਂ ਦੋਵਾਂ ਨੇ 2 ਫਰਵਰੀ ਨੂੰ ਵਪਾਰ ਸਮਝੌਤੇ ਨੂੰ ਲੈ ਕੇ ਬਣੀ ਸਹਿਮਤੀ ਦਾ ਐਲਾਨ ਕੀਤਾ ਸੀ ਤੇ 24 ਮਾਰਚ ਨੂੰ ਪੱਛਮੀ ਏਸ਼ੀਆ ਦੇ ਹਾਲਾਤ ਬਾਰੇ ਚਰਚਾ ਕੀਤੀ ਸੀ।

ਅਮਰੀਕੀ ਰਾਜਦੂਤ ਗੋਰ ਮੁਤਾਬਕ ਟਰੰਪ ਨੇ ਪ੍ਰਧਾਨ ਮੰਤਰੀ ਨੂੰ ਇਹ ਕਹਿੰਦਿਆਂ ਫੋਨ ਕਾਲ ਬੰਦ ਕੀਤੀ ਕਿ 'ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਸਾਰੇ ਤੁਹਾਨੂੰ ਪਿਆਰ ਕਰਦੇ ਹਾਂ।" ਗੋਰ ਨੇ ਕਿਹਾ ਕਿ ਅਗਲੇ 'ਕੁਝ ਦਿਨਾਂ ਤੇ ਹਫ਼ਤਿਆਂ' ਵਿੱਚ ਭਾਰਤ ਤੇ ਅਮਰੀਕਾ ਦਰਮਿਆਨ ਊਰਜਾ ਸਣੇ ਹੋਰਨਾਂ ਖੇਤਰਾਂ ਵਿੱਚ ਵੱਡੇ ਸਮਝੌਤੇ ਸਹੀਬੰਦ ਹੋਣ ਦੀ ਉਮੀਦ ਹੈ; ਹਾਲਾਂਕਿ ਉਨ੍ਹਾਂ ਇਸ ਬਾਰੇ ਬਹੁਤੀ ਤਫ਼ਸੀਲ ਦੇਣ ਤੋਂ ਇਨਕਾਰ ਕਰ ਦਿੱਤਾ।

ਮੋਦੀ ਤੇ ਟਰੰਪ ਦਰਮਿਆਨ ਫੋਨ ਉੱਤੇ ਗੱਲਬਾਤ ਅਜਿਹੇ ਮੌਕੇ ਹੋਈ ਹੈ ਜਦੋਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਵਾਸ਼ਿੰਗਟਨ ਡੀ ਸੀ ਦੀ ਤਿੰਨ ਰੋਜ਼ਾ ਫੇਰੀ ਖ਼ਤਮ ਕੀਤੀ ਹੈ। ਬੇਯਕੀਨੀ ਤੇ ਰਿਸ਼ਤਿਆਂ 'ਚ ਕਸ਼ੀਦਗੀ ਦੇ ਇਕ ਦੌਰ ਮਗਰੋਂ ਦੋਵੇਂ ਮੁਲਕ ਆਪਣੇ ਸਬੰਧਾਂ ਨੂੰ ਸਥਿਰ ਬਣਾਉਣ ਲਈ ਕੰਮ ਕਰ ਰਹੇ ਹਨ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਗਲੇ ਮਹੀਨੇ ਭਾਰਤ ਆਉਣਗੇ। ਇਸ ਫੇਰੀ ਦੌਰਾਨ ਰੂਬੀਓ ਆਪਣੇ ਭਾਰਤੀ ਹਮਰੁਤਬਾ ਐੱਸ ਜੈਸ਼ੰਕਰ ਤੇ ਹੋਰਨਾਂ ਸਰਕਾਰੀ ਅਧਿਕਾਰੀਆਂ ਨੂੰ ਮਿਲਣਗੇ।

# ਸਾਲ 2028 ਦੀ ਰਾਸ਼ਟਰਪਤੀ ਦੌੜ ਲਈ ਕਮਲਾ ਹੈਰਿਸ ਦੇ ਸੰਕੇਤ ਹੋਏ ਹੋਰ ਸਪੱਸ਼ਟ

ਨਿਊਯਾਰਕ : ਅਮਰੀਕਾ ਦੀ ਸਾਬਕਾ ਉਪ ਰਾਸ਼ਟਰਪਤੀ Kamala Harris ਨੇ ਇੱਕ ਵੱਡਾ ਸੰਕੇਤ ਦਿੱਤਾ ਹੈ ਕਿ ਉਹ 2028 ਵਿੱਚ ਰਾਸ਼ਟਰਪਤੀ ਦੀ ਚੋਣ ਲੜ ਸਕਦੀ ਹੈ। ਹਾਲ ਹੀ ਵਿੱਚ ਹੋਏ ਇੱਕ ਸਮਾਗਮ ਦੌਰਾਨ ਉਹਨਾਂ ਨੇ ਕਿਹਾ, "ਦੇਖੋ, ਸ਼ਾਇਦ ਮੈਂ ਲੜਾਂ ਮੈਂ ਇਸ ਬਾਰੇ ਸੋਚ ਰਹੀ ਹਾਂ" ਅਤੇ ਨਾਲ ਹੀ ਇਹ ਵੀ ਜੋੜਿਆ ਕਿ ਉਹ ਅੱਗੇ ਜਾਣਕਾਰੀ ਦਿੰਦੀ ਰਹੇਗੀ।

ਇਹ ਗੱਲਬਾਤ ਉਹਨਾਂ ਨੇ ਪ੍ਰਸਿੱਧ ਸਮਾਜਿਕ ਨੇਤਾ Al Sharpton ਨਾਲ ਨੈਸ਼ਨਲ ਐਕਸ਼ਨ ਨੈਟਵਰਕ ਦੇ ਕਨਵੈਨਸ਼ਨ ਦੌਰਾਨ ਕੀਤੀ, ਜਿੱਥੇ ਉਹਨਾਂ ਦੀ ਲਗਭਗ 40 ਮਿੰਟ ਦੀ ਹਾਜ਼ਰੀ ਦੌਰਾਨ ਦਰਸ਼ਕਾਂ ਵੱਲੋਂ ਖੜ੍ਹ ਕੇ ਤਾਲੀਆਂ ਵੀ ਵੱਜੀਆਂ। ਇਸ ਮੌਕੇ 'ਤੇ ਕਈ ਕਾਲੇ ਨੇਤਾ, ਰਾਜਨੀਤਿਕ ਸ਼ਖਸੀਅਤਾਂ ਅਤੇ ਪ੍ਰਭਾਵਸ਼ਾਲੀ ਵੋਟਰ ਮੌਜੂਦ ਸਨ।

ਹਾਲਾਂਕਿ ਕਮਲਾ ਹੈਰਿਸ ਪਹਿਲਾਂ ਵੀ ਚੋਣ ਲੜਨ ਦੇ ਇਸ਼ਾਰੇ ਕਰ ਚੁੱਕੀ ਹੈ, ਪਰ ਇਸ ਵਾਰ ਦੇ ਬਿਆਨ ਨੂੰ ਜ਼ਿਆਦਾ ਗੰਭੀਰ ਮੰਨਿਆ ਜਾ ਰਿਹਾ ਹੈ। ਇਹ ਸਮਾਗਮ 2028 ਦੀ ਚੋਣ ਲਈ ਡੈਮੋਕ੍ਰੈਟਿਕ ਉਮੀਦਵਾਰਾਂ ਦੇ ਪਹਿਲੇ ਵੱਡੇ ਮੰਚ ਵਜੋਂ ਵੀ ਦੇਖਿਆ ਜਾ ਰਿਹਾ ਹੈ।



ਉਹਨਾਂ ਨੇ ਕਿਹਾ, "ਮੈਨੂੰ ਪਤਾ ਹੈ ਇਹ ਨੌਕਰੀ ਕੀ ਹੈ ਅਤੇ ਇਸ ਦੀਆਂ ਕੀ ਜ਼ਿੰਮੇਵਾਰੀਆਂ ਹਨ।

ਇਸ ਸਮਾਗਮ ਵਿੱਚ ਹੋਰ ਸੰਭਾਵੀ ਉਮੀਦਵਾਰ ਵੀ ਸ਼ਾਮਲ ਹੋਏ, ਪਰ ਕਮਲਾ ਹੈਰਿਸ ਨੂੰ ਸਭ ਤੋਂ ਜ਼ਿਆਦਾ ਸਮਰਥਨ ਮਿਲਿਆ।

ਦਰਸ਼ਕਾਂ ਵੱਲੋਂ Run again! Run again! ਦੇ ਨਾਅਰੇ ਵੀ ਲਗੇ। ਮਾਹੌਲ ਇੰਨਾ ਜੋਸ਼ੀਲਾ ਸੀ ਕਿ ਅਲ ਸ਼ਾਰਪਟਨ ਨੇ ਮਜ਼ਾਕ ਵਿੱਚ ਕਿਹਾ ਕਿ ਇਹ ਕਨਵੈਨਸ਼ਨ ਹੈ, ਕੋਈ ਧਾਰਮਿਕ ਸਮਾਗਮ ਨਹੀਂ।

ਕਮਲਾ ਹੈਰਿਸ ਨੇ ਆਪਣੇ ਭਾਸ਼ਣ ਦੌਰਾਨ ਮੌਜੂਦਾ ਰਾਸ਼ਟਰਪਤੀ Donald Trump ਦੀ ਵੀ ਕਾਫ਼ੀ ਆਲੋਚਨਾ ਕੀਤੀ, ਖਾਸ ਕਰਕੇ ਇਰਾਨ ਨਾਲ ਸੰਬੰਧਿਤ ਨੀਤੀਆਂ, ਵਿਦੇਸ਼ ਨੀਤੀ ਅਤੇ ਵੋਟਿੰਗ ਅਧਿਕਾਰਾਂ ਬਾਰੇ। ਨਾਲ ਹੀ ਉਹਨਾਂ ਨੇ ਇਹ ਵੀ ਮੰਨਿਆ ਕਿ 2024 ਦੀਆਂ ਚੋਣਾਂ ਵਿੱਚ ਕੁਝ ਕਾਲੇ ਅਤੇ ਲਾਤੀਨੀ ਵੋਟਰ, ਖਾਸ ਕਰਕੇ ਪੁਰਸ਼, Democratic Party ਤੋਂ ਦੂਰ ਹੋਏ ਸਨ, ਜਿਸਦਾ ਪ੍ਰਭਾਵ ਪਾਰਟੀ 'ਤੇ ਪਿਆ।

ਇਸ ਤਰ੍ਹਾਂ, ਕਮਲਾ ਹੈਰਿਸ ਦੇ ਇਹ ਬਿਆਨ 2028 ਦੀ ਚੋਣੀ ਦੌੜ ਨੂੰ ਲੈ ਕੇ ਨਵੀਂ ਚਰਚਾ ਨੂੰ ਜਨਮ ਦੇ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਅਮਰੀਕੀ ਰਾਜਨੀਤੀ 'ਚ ਵੱਡੇ ਬਦਲਾਵਾਂ ਦੇ ਸੰਕੇਤ ਮਿਲ ਰਹੇ ਹਨ।

# ਤਿੰਨੇ ਉਪ-ਚੋਣਾਂ ਜਿੱਤ ਕੇ ਕਾਰਨੀ ਸਰਕਾਰ ਨੇ ਬਹੁਮੱਤ ਕੀਤਾ ਹਾਸਲ

### ਲਗਾਤਾਰ ਜਿੱਤਾਂ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਸਿਆਸੀ ਕੱਦ ਉੱਚਾ ਕੀਤਾ

ਵੈਨਕੂਵਰ : ਸੋਮਵਾਰ ਨੂੰ ਹੋਈਆਂ ਤਿੰਨ ਸੰਸਦੀ ਉਪ ਚੋਣਾਂ ਲਿਬਰਲ ਪਾਰਟੀ ਦੀ ਝੋਲੀ ਪੈਣ ਨਾਲ ਮਾਰਕ ਕਾਰਨੀ ਸਰਕਾਰ ਨੇ ਬਹੁਮੱਤ ਹਾਸਲ ਕਰ ਲਿਆ ਹੈ। ਆਪਣੇ ਕਾਰਜਕਾਲ ਦਾ ਪਹਿਲਾ ਸਾਲ ਬਿੱਲ ਪਾਸ ਕਰਾਉਣ ਲਈ ਹੋਰ ਪਾਰਟੀਆਂ ਵੱਲ ਝਾਕਣ ਤੋਂ ਬਾਦ ਹੁਣ ਸਰਕਾਰ ਵਲੋਂ ਰਹਿੰਦਾ ਕਾਰਜਕਾਲ (ਤਿੰਨ ਸਾਲ) ਅਸਾਨੀ ਨਾਲ ਪੂਰਾ ਕਰ ਲਿਆ ਜਾਏਗਾ ਅਤੇ ਕਿਸੇ ਵੀ ਸਮੇਂ ਮੱਧਕਾਲੀ ਚੋਣਾਂ ਦੀ ਸੰਭਾਵਨਾ ਖ਼ਤਮ ਹੋ ਗਈ ਹੈ। ਦੇਰ ਰਾਤ ਆਏ ਨਤੀਜਿਆਂ ਚੋਂ ਪਹਿਲਾ ਨਤੀਜਾ ਯੂਨੀਵਰਸਿਟੀ ਰੋਜ਼ਡੇਲ (ਉਂਟਾਰੀਓ) ਦਾ ਆਇਆ ਜਿਸ ਵਿੱਚ ਲਿਬਰਲ ਪਾਰਟੀ ਦੀ ਉਮੀਦਵਾਰ ਡੈਨੀਅਲ ਮਾਰਟਿਨ ਨੇ ਜਿੱਤ ਹਾਸਲ ਕਰਕੇ ਪਾਰਟੀ ਨੂੰ 172 ਦੇ ਬਹੁਮੱਤ ਵਾਲੇ ਅੰਕੜੇ 'ਤੇ ਜਾ ਖੜਾਇਆ। ਉਸਤੋਂ ਬਾਦ ਸਕਾਰਬਰੋ ਦੀ ਸੀਟ ਤੋਂ ਡੌਲੀ ਬੇਗਮ ਦੀ ਜਿੱਤ ਦਾ ਐਲਾਨ ਹੋ ਗਿਆ।



ਡੌਲੀ ਨੇ ਫਰਵਰੀ 'ਚ ਉਂਟਾਰੀਓ ਐਨਡੀਪੀ ਦੀ ਉਪ ਪ੍ਰਧਾਨਗੀ ਛੱਡ ਕੇ ਲਿਬਰਲ ਪਾਰਟੀ ਦਾ ਪੱਲਾ ਫੜਿਆ ਸੀ ਤੇ ਪਹਿਲੀ ਸੰਸਦੀ ਚੋਣ ਵਿੱਚ ਜਿੱਤ ਹਾਸਲ ਕਰ ਲਈ ਹੈ। ਉਪ ਚੋਣ ਵਾਲੀ ਤੀਜੀ ਸੀਟ ਕੁਬੈਕ ਦੇ ਹਲਕਾ ਟੈਰੀਬੋਨ ਸੀ ਜਿੱਥੇ ਪਿਛਲੀ ਚੋਣ ਵਿੱਚ ਇੱਕ ਵੋਟ ਦੀ ਹਾਰ ਜਿੱਤ ਨੂੰ ਅਦਾਲਤ ਨੇ ਰੱਦ ਕਰਕੇ ਦੁਬਾਰਾ ਚੋਣ ਦਾ ਹੁਕਮ ਸੁਣਾਇਆ ਸੀ। ਲਿਬਰਲ ਪਾਰਟੀ ਦੇ ਉਮੀਦਵਾਰ ਟੈਟਿਆਨਾ ਅਗਸਤੀ ਨੇ ਇਹ ਸੀਟ ਬਲਾਕ ਪਾਰਟੀ ਤੋਂ ਖੋਹ ਕੇ 338 ਮੈਂਬਰੀ ਕੈਨੇਡਿਆਈ ਪਾਰਲੀਮੈਂਟ ਵਿੱਚ ਲਿਬਰਲ ਪਾਰਟੀ ਦਾ ਅੰਕੜਾ 174 ਤੇ ਪਹੁੰਚਾ ਦਿੱਤਾ ਹੈ।

ਬੇਸ਼ੱਕ ਸਿਆਸੀ ਸੂਝ ਵਾਲੇ ਲੋਕ ਪਹਿਲਾਂ ਤੋਂ ਮੰਨ ਰਹੇ ਕਿ ਦੋ ਸੀਟਾਂ ਲਿਬਰਲ ਦੀ ਝੋਲੀ ਪੈ ਸਕਦੀਆਂ ਹਨ, ਪਰ ਨਤੀਜਿਆਂ ਨੇ ਕੁਬੈਕ ਵਾਲੀ ਤੀਜੀ ਸੀਟ ਬਾਰੇ ਕਿਆਸ ਅਰਾਈਆਂ ਨੂੰ ਗਲਤ ਸਾਬਤ ਕਰ ਦਿੱਤਾ ਤੇ ਸੀਟ ਬਲਾਕ ਦੀ ਥਾਂ ਲਿਬਰਲ ਉਮੀਦਵਾਰ ਜੇਤੂ ਰਿਹਾ। ਚੋਣਾਂ ਤੋਂ ਪਹਿਲਾਂ ਪਿਛਲੇ 4-5 ਮਹੀਨਿਆਂ ਵਿੱਚ ਟੋਰੀ ਪਾਰਟੀ ਦੇ ਚਾਰ ਅਤੇ ਐਨਡੀਪੀ ਦੇ ਇੱਕ ਮੈਂਬਰ ਨੇ ਪਾਰਟੀਆਂ ਛੱਡ ਕੇ ਲਿਬਰਲ ਪਾਰਟੀ ਦਾ ਪੱਲਾ ਫੜ ਕੇ ਉਸਨੂੰ ਬਹੁਮੱਤ ਦੇ ਐਨ ਕੋਲ (ਸਿਰਫ ਇੱਕ ਘੱਟ) ਪਹੁੰਚਾ ਦਿੱਤਾ ਸੀ, ਜਿਸ ਕਾਰਣ ਮਾਰਕ ਕਾਰਨੀ ਸਰਕਾਰ ਵਲੋਂ ਸੰਸਦ ਚ ਪੇਸ਼ ਸਾਰੇ ਬਿੱਲ ਪਾਸ ਹੁੰਦੇ ਆਏ। ਦੱਸਣਾ ਬਣਦਾ ਹੈ ਕਿ ਜੇਕਰ ਲਿਬਰਲ ਪਾਰਟੀ ਦੀ ਘੱਟ ਗਿਣਤੀ ਸਰਕਾਰ ਵਲੋਂ ਪੇਸ਼ ਕੋਈ ਵਿੱਤੀ ਬਿੱਲ ਪਾਸ ਨਾ ਹੁੰਦਾ ਤਾਂ ਗਵਨਰ ਜਨਰਲ ਨੂੰ ਉਸੇ ਵੇਲੇ ਸਰਕਾਰ ਤੋੜ ਕੇ ਸੰਸਦੀ ਚੋਣਾਂ ਦਾ ਐਲਾਨ ਕਰਨਾ ਪੈਣਾ ਸੀ

# ਸਿਆਟਲ 'ਚ ਸਵਾਮੀ ਵਿਵੇਕਾਨੰਦ ਦੇ ਪਹਿਲੇ ਆਦਮ-ਕੱਦ ਬੁੱਤ ਤੋਂ ਪਰਦਾ ਹਟਾਇਆ

## ਮੇਅਰ ਵਿਲਸਨ ਅਤੇ ਭਾਰਤੀ ਕੌਂਸਲ ਜਨਰਲ ਨੇ ਕੀਤਾ ਉਦਘਾਟਨ








ਨਿਊਯਾਰਕ : ਭਾਰਤ ਦੇ ਪ੍ਰਸਿੱਧ ਦਾਰਸ਼ਨਿਕ ਅਤੇ ਅਧਿਆਤਮਕ ਗੁਰੂ ਸਵਾਮੀ ਵਿਵੇਕਾਨੰਦ ਦੇ ਸਨਮਾਨ ਹਿੱਤ ਅਮਰੀਕਾ ਦੇ ਸਿਆਟਲ ਸ਼ਹਿਰ ਵਿੱਚ ਉਨ੍ਹਾਂ ਦੇ ਪਹਿਲੇ ਆਦਮ-ਕੱਦ ਬੁੱਤ ਤੋਂ ਪਰਦਾ ਹਟਾਇਆ ਗਿਆ ਹੈ। ਅਧਿਕਾਰੀਆਂ ਅਨੁਸਾਰ, ਡਾਊਨਟਾਊਨ ਸਿਆਟਲ ਦੇ ਰੁਝੇਵਿਆਂ ਭਰੇ ਵੈਸਟਲੇਕ ਸਕੁਏਅਰ ਵਿੱਚ ਸਥਾਪਤ ਇਹ ਕਾਂਸੀ ਦਾ ਬੁੱਤ, ਅਮਰੀਕਾ ਦੇ ਕਿਸੇ ਵੀ ਸ਼ਹਿਰ ਦੀ ਸਰਕਾਰ ਦੀ ਮੇਜ਼ਬਾਨੀ ਹੇਠ ਕੀਤੀ ਜਾਣ ਵਾਲੀ ਅਜਿਹੀ ਪਹਿਲੀ ਸਥਾਪਨਾ ਹੈ।







ਭਾਰਤੀ ਕਲਾਕਾਰ ਨਰੇਸ਼ ਕੁਮਾਰ ਕੁਮਾਵਤ ਵੱਲੋਂ ਤਰਾਸ਼ੇ ਇਸ ਬੁੱਤ ਦਾ ਉਦਘਾਟਨ ਸ਼ਨਿਚਰਵਾਰ ਨੂੰ ਸਿਆਟਲ ਦੀ ਮੇਅਰ ਕੇਟੀ ਵਿਲਸਨ ਅਤੇ ਸਿਆਟਲ ਵਿੱਚ ਭਾਰਤ ਦੇ ਕੌਂਸਲ ਜਨਰਲ ਪ੍ਰਕਾਸ਼ ਗੁਪਤਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਸਿਆਟਲ ਵਿੱਚ ਭਾਰਤ ਦੇ ਕੌਂਸਲ ਜਨਰਲ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਸ਼ਿਕਾਗੋ 1893 ਤੋਂ ਸਿਆਟਲ 2026 ਤੱਕ! ਸਿਆਟਲ ਦੇ ਦਿਸਹੱਦੇ ਨੂੰ ਨਵਾਂ ਭਾਰਤੀ ਬੁੱਤ ਮਿਲਿਆ ਹੈ: ਸਵਾਮੀ ਵਿਵੇਕਾਨੰਦ! ਸਿਆਟਲ ਡਾਊਨਟਾਊਨ ਦੇ ਦਿਲ ਵਿੱਚ ਸਵਾਮੀ ਵਿਵੇਕਾਨੰਦ ਦੀ ਯਾਦਗਾਰ ਦੀ ਮੇਜ਼ਬਾਨੀ ਕਰਨ ਵਾਲੀ ਇਹ ਸ਼ਹਿਰ ਦੀ ਪਹਿਲੀ ਸਰਕਾਰ ਬਣ ਗਈ ਹੈ।"

ਸਮਾਗਮ ਨੂੰ ਮੇਅਰ ਵਿਲਸਨ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਇਹ ਯਾਦਗਾਰ ਸਿਆਟਲ ਦੀ ਸਭ ਨੂੰ ਨਾਲ ਲੈ ਕੇ ਚੱਲਣ ਵਾਲੀ ਭਾਵਨਾ ਨੂੰ ਦਰਸਾਉਂਦੀ ਹੈ ਅਤੇ ਭਾਰਤ ਤੇ ਅਮਰੀਕਾ ਦੇ ਪ੍ਰਸ਼ਾਂਤ ਉੱਤਰ-ਪੱਛਮੀ ਟੈਕਨੋਲੋਜੀ ਕੇਂਦਰ ਵਿਚਕਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਦੀ ਹੈ।



ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

**Manteca-Arizona- San Francisco**


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



**All Services Under One Roof**

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



### ਟਰੰਪ ਨੂੰ ਅਦਾਲਤ ਤੋਂ ਵੱਡਾ ਝਟਕਾ!

# 94,000 ਕਰੋੜ ਰੁਪਏ ਦਾ ਮਾਣਹਾਨੀ ਕੇਸ ਰੱਦ

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਫਲੋਰੀਡਾ ਦੀ ਇੱਕ ਸੰਘੀ ਅਦਾਲਤ ਤੋਂ ਉਸ ਸਮੇਂ ਵੱਡਾ ਕਾਨੂੰਨੀ ਝਟਕਾ ਲੱਗਾ ਜਦੋਂ ਜੱਜ ਨੇ ਦੁਨੀਆ ਦੇ ਨਾਮਵਰ ਅਖ਼ਬਾਰ 'ਵਾਲ ਸਟਰੀਟ ਜਰਨਲ' (WSJ) ਅਤੇ ਮੀਡੀਆ ਟਾਈਕੂਨ ਰੂਪਰਟ ਮਰਡੋਕ ਵਿਰੁੱਧ ਉਨ੍ਹਾਂ ਦੇ 10 ਬਿਲੀਅਨ ਡਾਲਰ (ਲਗਭਗ 93,990 ਕਰੋੜ ਰੁਪਏ) ਦੇ ਮਾਣਹਾਨੀ ਦੇ ਕੇਸ ਨੂੰ ਖਾਰਜ ਕਰ ਦਿੱਤਾ। ਟਰੰਪ ਨੇ ਇਲਜ਼ਾਮ ਲਾਇਆ ਸੀ ਕਿ ਅਖ਼ਬਾਰ ਨੇ ਉਨ੍ਹਾਂ ਦੇ ਅਤੇ ਕੁਖਿਆਤ ਅਪਰਾਧੀ ਜੈਫਰੀ ਐਪਸਟੀਨ ਦੇ ਸਬੰਧਾਂ ਬਾਰੇ ਗਲਤ ਖਬਰਾਂ ਪ੍ਰਕਾਸ਼ਿਤ ਕੀਤੀਆਂ ਹਨ।



ਇਹ ਕਾਨੂੰਨੀ ਲੜਾਈ ਪਿਛਲੇ ਸਾਲ ਜੁਲਾਈ ਵਿੱਚ ਸ਼ੁਰੂ ਹੋਈ ਸੀ ਜਦੋਂ 'ਵਾਲ ਸਟਰੀਟ ਜਰਨਲ' ਨੇ ਟਰੰਪ ਅਤੇ ਜੈਫਰੀ ਐਪਸਟੀਨ ਦੇ ਪੁਰਾਣੇ ਰਿਸ਼ਤਿਆਂ 'ਤੇ ਇੱਕ ਖੋਜੀ ਰਿਪੋਰਟ ਛਾਪੀ ਸੀ। ਇਸ ਰਿਪੋਰਟ ਵਿੱਚ 2003 ਦੇ ਇੱਕ ਫੋਟੋ ਐਲਬਮ ਦਾ ਜ਼ਿਕਰ ਸੀ, ਜੋ ਐਪਸਟੀਨ ਦੇ 50ਵੇਂ ਜਨਮਦਿਨ ਲਈ ਤਿਆਰ ਕੀਤਾ ਗਿਆ ਸੀ। ਇਸ ਐਲਬਮ ਵਿੱਚ ਟਰੰਪ ਦੇ ਹਸਤਾਖਰ ਵਾਲਾ ਇੱਕ ਪੱਤਰ ਸ਼ਾਮਲ ਸੀ, ਜਿਸ ਦੀ ਭਾਸ਼ਾ ਨੂੰ ਅਖ਼ਬਾਰ ਨੇ ਜਿਨਸੀ ਤੌਰ 'ਤੇ ਸੰਕੇਤਕ ਦੱਸਿਆ ਸੀ। ਟਰੰਪ ਨੇ ਇਸ ਨੂੰ ਆਪਣੀ ਅਕਸ ਖਰਾਬ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਅਤੇ ਮੀਡੀਆ ਅਦਾਰੇ ਵਿਰੁੱਧ ਭਾਰੀ ਜੁਰਮਾਨੇ ਦਾ ਦਾਅਵਾ ਠੋਕ ਦਿੱਤਾ।

ਫਲੋਰੀਡਾ ਦੇ ਡਿਸਟ੍ਰਿਕਟ ਜੱਜ ਡੈਰਿਨ ਪੀ. ਗੇਲਸ ਨੇ ਆਪਣੇ ਹੁਕਮਾਂ ਵਿੱਚ ਟਰੰਪ ਦੀਆਂ ਦਲੀਲਾਂ ਨੂੰ ਬੇਹੱਦ ਕਮਜ਼ੋਰ ਪਾਇਆ। ਜੱਜ ਨੇ ਸਪੱਸ਼ਟ ਕੀਤਾ ਕਿ ਟਰੰਪ ਇਹ ਸਾਬਤ ਕਰਨ ਵਿੱਚ ਅਸਫਲ ਰਹੇ ਕਿ ਅਖ਼ਬਾਰ ਨੇ ਇਹ ਲੇਖ ਕਿਸੇ ਬਦਨੀਤੀ (Malice) ਨਾਲ ਛਾਪਿਆ ਸੀ। ਅਦਾਲਤ ਨੇ ਕਿਹਾ ਕਿ ਅਮਰੀਕੀ ਕਾਨੂੰਨ ਅਨੁਸਾਰ ਪ੍ਰੈੱਸ ਦੀ ਆਜ਼ਾਦੀ ਸਰਵਉੱਚ ਹੈ ਅਤੇ ਕਿਸੇ ਜਨਤਕ ਹਸਤੀ ਵਿਰੁੱਧ ਖਬਰ ਉਦੋਂ ਤੱਕ ਮਾਣਹਾਨੀ ਨਹੀਂ ਮੰਨੀ ਜਾਂਦੀ ਜਦੋਂ ਤੱਕ ਇਹ ਸਾਬਤ ਨਾ ਹੋ ਜਾਵੇ ਕਿ ਪੱਤਰਕਾਰ ਨੇ ਜਾਣਬੁੱਝ ਕੇ ਝੂਠ ਫੈਲਾਇਆ ਹੈ।

ਜੱਜ ਨੇ ਹਾਲਾਂਕਿ ਟਰੰਪ ਨੂੰ ਆਪਣੀ ਸ਼ਿਕਾਇਤ ਵਿੱਚ ਸੁਧਾਰ ਕਰਨ ਦਾ ਇੱਕ ਮੌਕਾ ਦਿੱਤਾ ਹੈ, ਪਰ ਮੌਜੂਦਾ ਸਥਿਤੀ ਵਿੱਚ ਕੇਸ ਦਾ ਖਾਰਜ ਹੋਣਾ ਟਰੰਪ ਅਤੇ ਉਨ੍ਹਾਂ ਦੇ ਕਾਨੂੰਨੀ ਸਲਾਹਕਾਰਾਂ ਲਈ ਇੱਕ ਵੱਡੀ ਫਜ਼ੀਹਤ ਮੰਨਿਆ ਜਾ ਰਿਹਾ ਹੈ।

# ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡਾ ਵੱਲੋਂ ਤਾੜਨਾ, ਸਟੱਡੀ ਵੀਜ਼ਾ ਲਈ ਜਾਅਲੀ ਦਸਤਾਵੇਜ਼ ਹੋਣ 'ਤੇ ਹੋਵੇਗੀ ਸਖ਼ਤ ਕਾਰਵਾਈ

- ਦੋ ਸਾਲਾਂ 'ਚ 153000 ਵਿਦਿਆਰਥੀਆਂ 'ਚੋਂ 2 ਹਜ਼ਾਰ ਕੇਸਾਂ ਦੀ ਜਾਂਚ ਸ਼ੁਰੂ
- ਲੱਖਾਂ ਅੰਤਰਰਾਸ਼ਟਰੀ ਵਿਦਿਆਰਥੀਆਂ 'ਚੋਂ ਅੱਧੇ ਤੋਂ ਵੱਧ ਭਾਰਤੀ, ਵਿਸ਼ੇਸ਼ ਕਰ ਪੰਜਾਬੀ

ਚੰਡੀਗੜ੍ਹ : ਕੈਨੇਡਾ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਨੇ ਉਥੋਂ ਦੇ ਔਡੀਟਰ ਜਨਰਲ ਦੀ ਸਲਾਨਾ ਰਿਪੋਰਟ ਦੇ ਆਧਾਰ 'ਤੇ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਵਿਰੁਧ ਸਖ਼ਤ ਕਾਰਵਾਈ ਸ਼ੁਰੂ ਕਰ ਦਿਤੀ ਹੈ, ਜਿਨ੍ਹਾਂ ਫ਼ਰਜ਼ੀ ਦਸਤਾਵੇਜ਼ਾਂ ਨੂੰ ਪੇਸ਼ ਕਰ ਕੇ ਕੈਨੇਡਾ ਦੇ ਵਿਦਿਅਕ ਤੇ ਤਕਨੀਕੀ ਅਦਾਰਿਆਂ 'ਚ ਦਾਖ਼ਲਾ ਲੈਣ ਲਈ 'ਸਟੂਡੈਂਟ ਵੀਜ਼ੇ' ਪ੍ਰਾਪਤ ਕੀਤੇ ਹਨ।



ਕੈਨੇਡਾ ਦੀ ਸੰਸਦ 'ਚ 2 ਹਫ਼ਤੇ ਪਹਿਲਾਂ ਪੇਸ਼ ਕੀਤੀ ਰਿਪੋਰਟ 'ਚ ਔਡੀਟਰ ਜਨਰਲ ਕਾਰੇਨ ਹੋਗਨ ਨੇ ਕਿਹਾ ਕਿ 'ਅੰਤਰਰਾਸ਼ਟਰੀ ਸਟੂਡੈਂਟ ਪ੍ਰੋਗਰਾਮ' ਦੀ ਇਮਾਨਦਾਰੀ ਤੇ ਸੱਚੇ ਸੁੱਚੇ ਕਿਰਦਾਰ 'ਤੇ ਉਂਗਲ ਉਠਣੀ ਸ਼ੁਰੂ ਹੋ ਗਈ ਹੈ ਕਿਉਂਕਿ ਕੈਨੇਡਾ 'ਚ ਵਿਦੇਸ਼ੀ ਵਿਦਿਆਰਥੀਆਂ ਨੇ ਫ਼ਰਜ਼ੀ ਦਸਤਾਵੇਜ਼ਾਂ ਰਾਹੀਂ ਵੱਖ ਵੱਖ ਕੋਰਸਾਂ 'ਚ ਦਾਖ਼ਲਿਆਂ ਲਈ ਵੀਜ਼ੇ ਲਏ, ਆਰਜ਼ੀ ਤੇ ਪੱਕੀ ਰਿਹਾਇਸ਼ ਵਾਸਤੇ ਫ਼ਰਜ਼ੀ ਏਜੰਟਾਂ ਨੂੰ ਵੱਡੀਆਂ ਰਕਮਾਂ ਦਿਤੀਆਂ। ਕੈਨੇਡਾ ਦੇ ਵੱਡੇ ਸ਼ਹਿਰ ਟੋਰਾਂਟੋ ਨੇੜੇ ਪੰਜਾਬੀਆਂ ਦੇ ਗੜ੍ਹ ਮਿਸੀਗਾਸਾ ਤੋਂ ਇਕ ਭਾਰਤੀ ਏਜੰਟ ਤੇ ਇਮੀਗ੍ਰੇਸ਼ਨ ਸਲਾਹਕਾਰ ਦੇ ਹਵਾਲੇ ਨਾਲ ਕੈਨੇਡਾ 'ਚ ਛਪੀਆਂ ਖ਼ਬਰਾਂ ਮੁਤਾਬਕ ਸਾਲ 2023 ਤੇ 2024 ਦੌਰਾਨ 1,53000 ਵਿਦਿਆਰਥੀ ਵੀਜ਼ਾ ਪ੍ਰਾਪਤੀਆਂ 'ਚੋਂ ਫ਼ਿਲਹਾਲ 2000 ਕੇਸਾਂ ਦੀ ਪੜਤਾਲ ਸ਼ੁਰੂ ਹੋ ਚੁਕੀ ਹੈ। ਵੀਜ਼ਾ ਪ੍ਰਾਪਤਕਰਤਾ ਤੋਂ ਪੁਛਿਆ ਗਿਆ ਹੈ ਕਿ ਦਾਖ਼ਲਾ ਲਈ ਸੰਸਥਾ ਦਾ ਪਤਾ ਪੂਰਾ ਵੇਰਵਾ ਮੌਜੂਦਾ ਅਤੇ ਪਿਛਲਾ ਰਿਕਾਰਡ ਮੰਗਿਆ ਗਿਆ ਹੈ ਅਤੇ ਜੇ 21 ਦਿਨਾਂ 'ਚ ਚਿੱਠੀ ਦਾ ਜਵਾਬ ਨਹੀਂ ਦਿੱਤਾ ਤਾਂ ਟੈਂਪਰੇਰੀ ਰੈਜ਼ੀਡੈਂਟ (ਟੀਆਰ) ਰੱਦ ਕਰ ਦਿਤੀ ਜਾਵੇਗੀ। ਖ਼ਬਰਾਂ 'ਚ ਇਹ ਵੀ ਕਿਹਾ ਹੈ ਕਿ ਪਿਛਲੇ ਸਾਲਾਂ 'ਚ ਕਿਹੜੇ ਵਿਦਿਆਰਥੀਆਂ ਨੇ 'ਫਰਾਡ ਸਿਖਿਆ ਸੰਸਥਾਨਾਂ' ਵਲੋਂ ਜਾਰੀ ਦਸਤਾਵੇਜ਼ਾਂ ਤੇ ਸਰਟੀਫ਼ਿਕੇਟਾਂ ਦੇ ਆਧਾਰ 'ਤੇ 'ਵਰਕ ਪਰਮਿਟ' ਲਏ ਜਾਂ ਤਜਰਬਾ ਦਿਖਾ ਕੇ 'ਪੀ.ਆਰ' ਪ੍ਰਾਪਤ ਕੀਤੀ। ਇਨ੍ਹਾਂ ਸਭ ਦੀ ਤਫਤੀਸ਼ ਵੀ ਕੀਤੀ ਜਾਵੇਗੀ। ਔਡੀਟਰ ਜਨਰਲ ਦੀ ਰਿਪੋਰਟ ਮੁਤਾਬਕ ਹੁਣ ਹਰ ਮਹੀਨੇ ਦੀ 15 ਤਰੀਕ ਨੂੰ ਅਜਿਹੇ ਮਾਮਲਿਆਂ ਦੀ ਜਾਣਕਾਰੀ ਸੰਸਦ ਨੂੰ ਦਿਤੀ ਜਾਵੇਗੀ। ਰਿਪੋਰਟ 'ਚ ਇਹ ਵੀ ਕਿਹਾ ਹੈ ਕਿ ਇਮੀਗ੍ਰੇਸ਼ਨ ਰਿਫ਼ਿਊਜੀ ਸਿਟੀਜਨਸ਼ਿਪ ਕੈਨੇਡਾ (ਆਈਆਰਸੀਸੀ) ਨੇ ਪਹਿਲੀ ਕਿਸ਼ਤ 'ਚ 800 ਸਟੱਡੀ ਪਰਮਿਟਾਂ ਦਾ ਮੁਆਇਨਾ ਕਰਨ ਲਈ ਦਸਤਾਵੇਜ਼ ਪ੍ਰਾਪਤਕਰਤਾਵਾਂ ਤੋਂ ਜਾਣਕਾਰੀ ਮੰਗੀ ਗਈ ਹੈ, ਜਿਨ੍ਹਾਂ ਨੇ ਕਥਿਤ ਫਰਾਡ ਕੀਤੇ ਹਨ।

ਇਹ ਮੁਆਇਨਾ ਸਾਲ 2018 ਤੋਂ 2023 ਤਕ ਸ਼ੁਰੂ ਕੀਤਾ ਹੈ। ਜਵਾਬ 'ਚ ਆਈਆਰਸੀਸੀ ਨੇ ਕੈਨੇਡਾ ਬਾਰਡਰ ਸਰਵਿਸ ਏਜੰਸੀ ਨੂੰ ਉਨ੍ਹਾਂ ਵਿਦਿਆਰਥੀਆਂ ਦੀ ਲਿਸਟ ਦੇਣ ਦਾ ਵਾਅਦਾ ਕੀਤਾ ਹੈ ਜਿਨ੍ਹਾਂ ਦੇ ਪਰਮਿਟ ਖ਼ਤਮ ਹੋ ਗਏ ਹਨ। ਹੋਰ ਅੱਗੇ ਅਰਜ਼ੀ ਨਹੀਂ ਪਾਈ ਨਾ ਹੀ ਵਾਧੂ ਸਮਾਂ ਲਿਆ ਹੈ। ਸਟੱਡੀ ਵੀਜ਼ਾ ਲਈ ਅਰਜ਼ੀ ਕਰਤਾਵਾਂ ਅਤੇ ਪ੍ਰਾਪਤ ਕਰਤਾਵਾਂ ਜਿਨ੍ਹਾਂ 'ਚ ਭਾਰਤੀ ਤੇ ਵਿਸ਼ੇਸ਼ ਕਰ ਪੰਜਾਬੀ ਵਿਦਿਆਰਥੀ ਵੀ ਹਨ, ਨੂੰ ਤਾੜਨਾ ਕਰਦੇ ਹੋਏ ਕੈਨੇਡਾ ਸਰਕਾਰ ਦੇ ਸਬੰਧਤ ਵਿਭਾਗਾਂ ਨੇ ਕਿਹਾ ਹੈ ਕਿ ਫ਼ਰਜ਼ੀ ਦਸਤਾਵੇਜ਼ ਪੇਸ਼ ਕਰਨ ਵਾਲਿਆਂ ਵਿਰੁਧ ਕੈਨੇਡਾ 'ਚ ਦਾਖ਼ਲੇ ਵਾਸਤੇ ਭਵਿੱਖ 'ਚ 5 ਸਾਲ ਦੀ ਪਾਬੰਦੀ ਲਗਾ ਦਿਤੀ ਜਾਵੇਗੀ।

# ਬਜ਼ੁਰਗਾਂ ਨਾਲ ਠੱਗੀ ਮਾਰਨ ਦੇ ਦੋਸ਼ਾਂ ਤਹਿਤ ਭਾਰਤੀ ਗ੍ਰਿਫਤਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਪਰਸੀਪੈਨੀ, ਨਿਊਜਰਸੀ ਦੇ ਵਸਨੀਕ ਇੱਕ ਭਾਰਤੀ ਨੂੰ ਅੰਤਰ ਰਾਜ ਸੋਨਾ ਘੁਟਾਲਾ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ। ਉਸ ਦੀ ਗ੍ਰਿਫਤਾਰੀ ਲੋਇਸਿਆਨਾ ਤੇ ਟੈਕਸਾਸ ਦੀਆਂ ਲਾਅ ਇਨਫੋਰਸਮੈਂਟ ਏਜੰਸੀਆਂ ਦੁਆਰਾ ਸਾਂਝੇ ਤੌਰ 'ਤੇ ਕੀਤੀ ਜਾਂਚ ਉਪਰੰਤ ਹੋਈ ਹੈ। 25 ਸਾਲਾ ਨਿਗਮ ਭੱਟ ਜੋ ਵਰਕ ਵੀਜੇ ਉਪਰ ਹੈ, ਵਿਰੁੱਧ ਜਬਰਨ ਵਸੂਲੀ ਦੇ ਦੋਸ਼ ਲਾਏ ਗਏ ਹਨ। ਕੋਲਿਨ ਕਾਊਂਟੀ (ਟੈਕਸਾਸ) ਦੀ ਖੁਫੀਆ ਪੁਲਿਸ ਅਨੁਸਾਰ ਅੰਤਰ ਰਾਜ ਸੋਨਾ ਘੁਟਾਲੇ ਤਹਿਤ ਬਜ਼ੁਰਗਾਂ ਨੂੰ ਕਿਹਾ ਜਾਂਦਾ ਸੀ ਕਿ ਉਨਾਂ ਦੇ ਬੈਂਕ ਖਾਤੇ ਤੇ ਸਮਾਜਕ ਸੁਰੱਖਿਆ ਲਾਭ ਜਾਮ ਕਰ ਦਿੱਤੇ ਗਏ ਹਨ ਤੇ ਇਨਾਂ ਨੂੰ ਮੁੜ ਖੁਲਵਾਉਣ ਲਈ ਉਹ ਆਪਣਾ ਪੈਸਾ ਸੋਨੇ ਵਿੱਚ ਨਿਵੇਸ਼ ਕਰ ਦੇਣ।



ਪੀੜਤਾਂ ਵਿੱਚ ਕੈਂਟਵੁੱਡ ਖੇਤਰ ਦੇ ਇਕ ਬਜ਼ੁਰਗ ਸਮੇਤ ਹੋਰ ਲੋਕ ਸ਼ਾਮਿਲ ਹਨ। ਕੈਪਟਨ ਜੌਹਨ ਗਾਰਡਨਰ ਦੀਆਂ ਹਦਾਇਤਾਂ 'ਤੇ ਭੱਟ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਇੱਕ ਸਥਾਨਕ ਪੀੜਤ ਕੋਲੋਂ 8 ਲੱਖ ਡਾਲਰ ਹੋਰ ਲੈਣ ਜਾ ਰਿਹਾ ਸੀ। ਟਾਂਗੀਪਾਹੋਆ ਪੈਰਿਸ਼ ਸ਼ੈਰਿਫ ਗੇਰਾਲਡ ਸਟਿਕਰ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਸੁਚੇਤ ਰਹਿਣ ਤੇ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਆਪਣੀ ਬੈਂਕ ਨਾਲ ਸੰਪਰਕ ਕਰਨ।

# ਲੁਧਿਆਣੇ ਦੀ ਧੀ ਬਣੀ ਕੈਨੇਡਾ 'ਚ ਜੇਲ੍ਹ ਅਧਿਕਾਰੀ

ਟੋਰਾਂਟੋ : ਲੁਧਿਆਣਾ ਜ਼ਿਲ੍ਹੇ ਦੇ ਮੰਡੀ ਅਹਿਮਦਗੜ੍ਹ ਨੇੜਲੇ ਪਿੰਡ ਬੜੂੰਦੀ ਦੀ ਜੰਮਪਲ ਕਮਲਪ੍ਰੀਤ ਕੌਰ ਮਾਨ ਪੁੱਤਰੀ ਸਰਬਜੀਤ ਸਿੰਘ ਮਾਨ ਕੈਨੇਡਾ 'ਚ ਜੇਲ੍ਹ ਡਿਪਾਰਟਮੈਂਟ ਵਿਚ ਜ਼ੇਲ ਅਧਿਕਾਰੀ ਦੇ ਤੌਰ 'ਤੇ ਭਰਤੀ ਹੋਈ ਹੈ, ਇੱਥੇ ਭਾਰਤੀ ਖਾਸਕਰ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ ਕਿ ਕਮਲਪ੍ਰੀਤ ਕੌਰ ਮਾਨ, ਜਿੱਥੇ 12ਵੀਂ ਤੱਕ ਦੀ ਪੜ੍ਹਾਈ ਰਾਏਕੋਟ ਤੋਂ ਕਰਨ ਉਪਰੰਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਤੋਂ ਬੀ. ਐਸ. ਈ. ਮੈਡੀਕਲ ਦੀ ਡਿਗਰੀ ਕਰਨ ਮਗਰੋਂ 2017 'ਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਈ ਤੇ ਕਨੇਡਾ ਦੇ ਨੋਵਾ ਸ਼ਕੋਸ਼ੀਆ ਤੋਂ ਇਨਵਾਇਰਮੈਂਟ ਵਿਸ਼ੇ 'ਤੇ ਇੰਜ਼ੀਨੀਅਰਿੰਗ ਕਰਨ ਤੋਂ ਬਾਅਦ ਫਿਰ ਸਕਿਓਰਟੀ ਦਾ ਕੰਮ ਕੀਤਾ 'ਤੇ ਫਿਰ ਕਸੀਨੋਂ ਵਿਖੇ ਸਕਿਓਰਟੀ ਵਿਚ ਰਹਿ ਕੇ ਕਿਸੇ ਅਣਸੁਖਾਵੀਂ ਘਟਨਾਂ ਨੂੰ ਚੈੱਕ ਕਰਨ ਲਈ ਕੈਂਮਰੇ ਖੰਗਾਲਣ ਦਾ ਕੰਮ ਕੀਤਾ 'ਤੇ ਅੱਗੇ ਆਪਣੇ ਆਪ ਨੂੰ ਹੋਰ ਉੱਚਾ ਚੁੱਕਣ ਲਈ ਉਸਨੇ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਲਈ ਕੋਸ਼ਿਸ਼ ਸ਼ੁਰੂ ਕੀਤੀ ਤੇ ਉਸਦੀਆਂ ਇਹਨਾਂ ਕੋਸ਼ਿਸਾਂ ਤੇ ਆਪਣੀ ਕਾਬਲੀਅਤ ਦੇ ਸਿਰ 'ਤੇ ਕਮਲਪ੍ਰੀਤ ਦੀ ਜ਼ੇਲ ਅਧਿਕਾਰੀ (ਕਰੈਕਸ਼ਨਲ) ਦੇ ਤੌਰ 'ਤੇ ਚੋਣ ਹੋ ਗਈ। ਉਸਦੀ ਇਸ ਪ੍ਰਾਪਤੀ 'ਤੇ ਸਮੁੱਚੇ ਭਾਈਚਾਰੇ ਨੂੰ ਮਾਣ ਹੈ।



# ਅਮਰੀਕਾ ਨੇ ਹੋਰਮੁਜ਼ ਦੀ ਨਾਕਾਬੰਦੀ ਲਈ 10,000 ਫੌਜੀ ਕੀਤੇ ਤਾਇਨਾਤ

ਵਾਸ਼ਿੰਗਟਨ: ਇਰਾਨ ਨੇ ਸਪਸ਼ਟ ਕੀਤਾ ਹੈ ਕਿ ਹੋਰਮੁਜ਼ ਜਲ ਮਾਰਗ ਉੱਤੇ ਉਸ ਦਾ ਪੂਰਾ ਕੰਟਰੋਲ ਹੈ। ਇਸ ਸਬੰਧੀ ਇਰਾਨ ਨੇ ਵੀਡੀਓ ਜਾਰੀ ਕੀਤੀ ਹੈ ਜਿਸ ਵਿਚ ਹੋਰਮੁਜ਼ ਜਲ ਮਾਰਗ 'ਤੇ ਮਿਜ਼ਾਈਲਾਂ ਦਾਗਦਿਆਂ ਦੀਆਂ ਤਸਵੀਰਾਂ ਨਸ਼ਰ ਕੀਤੀਆਂ ਗਈਆਂ ਹਨ। ਇਸ ਵੀਡੀਓ ਵਿੱਚ ਮਿਜ਼ਾਈਲਾਂ ਦਾ ਪ੍ਰਦਰਸ਼ਨ ਕਰਦੇ ਹੋਏ ਇਹ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਕੋਈ ਦੇਸ਼ ਉਨ੍ਹਾਂ ਦੇ ਨਿਯਮਾਂ ਦੀ ਉਲੰਘਣਾ ਕਰੇਗਾ ਤਾਂ ਉਸ ਨੂੰ ਭਾਰੀ ਨੁਕਸਾਨ ਝੱਲਣਾ ਪਵੇਗਾ। ਪਾਕਿਸਤਾਨੀ ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਇਸਲਾਮਾਬਾਦ ਨੇ ਅਮਰੀਕਾ ਅਤੇ ਇਰਾਨ ਨੂੰ ਦੂਜੇ ਦੌਰ ਦੀ ਗੱਲਬਾਤ ਦਾ ਪ੍ਰਸਤਾਵ ਦਿੱਤਾ ਹੈ। ਪਾਕਿਸਤਾਨੀ ਅਧਿਕਾਰੀਆਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਗੱਲ ਕੀਤੀ ਕਿਉਂਕਿ ਉਹ ਪ੍ਰੈੱਸ ਨਾਲ ਇਸ ਮਾਮਲੇ 'ਤੇ ਚਰਚਾ ਕਰਨ ਲਈ ਅਧਿਕਾਰਤ ਨਹੀਂ ਸਨ।



ਹਿਜ਼ਬੁੱਲਾ ਦੇ ਇੱਕ ਸੀਨੀਅਰ ਅਧਿਕਾਰੀ ਨੇ ਸੋਮਵਾਰ ਨੂੰ ਕਿਹਾ ਕਿ ਲੈਬਨਾਨੀ ਅਤਿਵਾਦੀ ਸਮੂਹ ਉਨ੍ਹਾਂ ਕਿਸੇ ਵੀ ਸਮਝੌਤੇ ਦੀ ਪਾਲਣਾ ਨਹੀਂ ਕਰੇਗਾ ਜੋ ਮੰਗਲਵਾਰ ਨੂੰ ਵਾਸ਼ਿੰਗਟਨ ਵਿੱਚ ਸ਼ੁਰੂ ਹੋਣ ਵਾਲੀ ਲੈਬਨਾਨ-ਇਜ਼ਰਾਈਲ ਸਿੱਧੀ ਗੱਲਬਾਤ ਦੇ ਨਤੀਜੇ ਵਜੋਂ ਹੋ ਸਕਦੇ ਹਨ।

ਅਮਰੀਕੀ ਫੌਜ ਨੇ ਓਮਾਨ ਦੀ ਖਾੜੀ ਵਿੱਚ ਸਮੁੰਦਰੀ ਨਾਕਾਬੰਦੀ ਦੌਰਾਨ 'ਬਿਨਾਂ ਇਜਾਜ਼ਤ' ਆਉਣ-ਜਾਣ ਵਾਲੇ ਜਹਾਜ਼ਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਨੂੰ 'ਰੋਕਿਆ, ਮੋੜਿਆ ਅਤੇ ਕਾਬੂ' ਕੀਤਾ ਜਾ ਸਕਦਾ ਹੈ। ਪੱਛਮੀ ਏਸ਼ੀਆ ਦੀ ਜ਼ਿੰਮੇਵਾਰੀ ਸੰਭਾਲ ਰਹੀ ਅਮਰੀਕੀ ਸੈਂਟਰਲ ਕਮਾਂਡ ਨੇ ਸੋਮਵਾਰ ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮ 7:30 ਵਜੇ ਤੋਂ ਓਮਾਨ ਦੀ ਖਾੜੀ ਅਤੇ ਹੋਰਮੁਜ਼ ਜਲਡਮਰੂ ਦੇ ਪੂਰਬ ਵਿੱਚ ਅਰਬ ਸਾਗਰ ਵਿੱਚ ਨਾਕਾਬੰਦੀ ਲਾਗੂ ਕਰ ਦਿੱਤੀ ਹੈ।

ਸੋਮਵਾਰ ਰਾਤ ਨੂੰ ਮਲਾਹਾਂ ਲਈ ਜਾਰੀ ਕੀਤੇ ਨੋਟਿਸ ਵਿੱਚ ਕਿਹਾ ਗਿਆ ਹੈ: 'ਨਾਕਾਬੰਦੀ ਵਾਲੇ ਖੇਤਰ ਵਿੱਚ ਬਿਨਾਂ ਇਜਾਜ਼ਤ ਦੇ ਦਾਖਲ ਹੋਣ ਵਾਲੇ ਜਾਂ ਉੱਥੋਂ ਜਾਣ ਵਾਲੇ ਕਿਸੇ ਵੀ ਜਹਾਜ਼ ਨੂੰ ਰੋਕਿਆ, ਰਸਤਾ ਬਦਲਿਆ ਅਤੇ ਕਾਬੂ ਕੀਤਾ ਜਾ ਸਕਦਾ ਹੈ।' ਇਹ ਪਾਬੰਦੀਆਂ ਇਰਾਨੀ ਬੰਦਰਗਾਹਾਂ, ਤੇਲ ਟਰਮੀਨਲਾਂ ਜਾਂ ਤੱਟਵਰਤੀ ਸਹੂਲਤਾਂ ਨਾਲ ਜੁੜੇ ਕਿਸੇ ਵੀ ਝੰਡੇ ਵਾਲੇ ਜਹਾਜ਼ਾਂ 'ਤੇ ਬਿਨਾਂ ਕਿਸੇ ਭੇਦਭਾਵ ਦੇ ਲਾਗੂ ਹੁੰਦੀਆਂ ਹਨ। ਇਸ ਵਿੱਚ ਕਿਹਾ ਗਿਆ ਹੈ ਕਿ 'ਇਹ ਨਾਕਾਬੰਦੀ ਫਾਰਸ ਦੀ ਖਾੜੀ ਵਿੱਚ ਗੈਰ-ਇਰਾਨੀ ਟਿਕਾਣਿਆਂ ਵੱਲ ਜਾਣ ਵਾਲੇ ਨਿਰਪੱਖ ਜਹਾਜ਼ਾਂ ਦੇ ਹੋਰਮੁਜ਼ ਜਲਮਾਰਗ ਰਾਹੀਂ ਲੰਘਣ ਵਿੱਚ ਕੋਈ ਰੁਕਾਵਟ ਨਹੀਂ ਪਾਵੇਗੀ।'

ਦੂਜੇ ਪਾਸੇ ਇਰਾਨੀਆਂ ਨੇ ਵੀ ਧਮਕੀ ਦਿੱਤੀ ਹੈ ਕਿ ਉਨ੍ਹਾਂ ਦੀਆਂ ਤੇਜ਼ ਮਿਜ਼ਾਈਲ ਕਿਸ਼ਤੀਆਂ, ਜਿਨ੍ਹਾਂ ਨੂੰ 'ਫਾਰਸ ਦੀ ਖਾੜੀ ਦੀਆਂ ਲਾਲ ਮਧੂ-ਮੱਖੀਆਂ' (Red bees) ਕਿਹਾ ਜਾਂਦਾ ਹੈ, ਤਿਆਰ ਹਨ। ਉਨ੍ਹਾਂ ਕਿਹਾ, 'ਹੁਣ ਉਹ (ਅਮਰੀਕਾ) ਦੇਖਣਗੇ ਕਿ ਇੱਕ ਝੁੰਡ ਤੁਹਾਨੂੰ ਕਿਵੇਂ ਜਲਦੀ ਘੇਰ ਸਕਦਾ ਹੈ।' ਇਰਾਨ ਨੇ ਸੋਮਵਾਰ ਨੂੰ ਅਮਰੀਕੀ ਕਦਮ ਨੂੰ 'ਸਮੁੰਦਰੀ ਡਾਕੂ' (piracy) ਕਰਾਰ ਦਿੱਤਾ, ਜਦੋਂ ਕਿ ਚੀਨੀ ਰੱਖਿਆ ਮੰਤਰੀ ਐਡਮਿਰਲ ਡੋਂਗ ਜੂਨ ਨੇ ਤਹਿਰਾਨ ਤੋਂ ਆਪਣੇ ਦੇਸ਼ ਦੇ ਊਰਜਾ ਸਰੋਤਾਂ ਦਾ ਹਵਾਲਾ ਦਿੰਦੇ ਹੋਏ ਕਿਹਾ, 'ਅਸੀਂ ਉਮੀਦ ਕਰਦੇ ਹਾਂ ਕਿ ਦੂਸਰੇ ਸਾਡੇ ਮਾਮਲਿਆਂ ਵਿੱਚ ਦਖਲ ਨਹੀਂ ਦੇਣਗੇ। ਹੋਰਮੁਜ਼ ਜਲਮਾਰਗ ਸਾਡੇ ਲਈ ਖੁੱਲ੍ਹਾ ਹੈ।'

ਸਮੁੰਦਰੀ ਨਿਗਰਾਨੀ ਸੰਸਥਾ 'ਯੂਨਾਈਟਿਡ ਕਿੰਗਡਮ ਮੈਰੀਟਾਈਮ ਟਰੇਡ ਅਪਰੇਸ਼ਨਜ਼' (UKMTO) ਨੇ ਅਮਰੀਕੀ ਨਾਕਾਬੰਦੀ ਕਾਰਨ ਪੈਦਾ ਹੋਏ ਖਤਰਿਆਂ ਬਾਰੇ ਐਡਵਾਈਜ਼ਰੀ ਜਾਰੀ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਰਾਨੀ ਤੱਟਵਰਤੀ ਖੇਤਰਾਂ, ਅਰਬ ਦੀ ਖਾੜੀ, ਓਮਾਨ ਦੀ ਖਾੜੀ ਅਤੇ ਅਰਬ ਸਾਗਰ ਵਿੱਚ ਪਾਬੰਦੀਆਂ ਲਾਗੂ ਹਨ। ਇਰਾਨੀ ਬੰਦਰਗਾਹਾਂ ਵਿੱਚ ਮੌਜੂਦ ਨਿਰਪੱਖ ਜਹਾਜ਼ਾਂ ਨੂੰ ਜਾਣ ਲਈ ਸੀਮਤ ਸਮਾਂ ਦਿੱਤਾ ਗਿਆ ਹੈ।

# ਪ੍ਰਵਾਸ ਦਾ ਪੰਜਾਬੀ ਜ਼ਬਾਨ ਅਤੇ ਸੱਭਿਆਚਾਰ 'ਤੇ ਅਸਰ

ਕੁਦਰਤ ਦਾ ਦਸਤੂਰ ਹੈ ਕਿ ਪੰਛੀ ਤੇ ਜਾਨਵਰ ਹਮੇਸ਼ਾ ਪ੍ਰਵਾਸ ਕਰਦੇ ਹਨ, ਕਿਉਂਕਿ ਉਨ੍ਹਾਂ ਨੇ ਵਧੀਆ ਰਹਿਣ ਤੇ ਖਾਣ ਦੀ ਥਾਂ ਲੱਭਣੀ ਹੁੰਦੀ ਹੈ। ਕਈ ਵਾਰ ਮਾੜੇ ਮੌਸਮ ਜਾਂ ਸੋਕੇ ਤੋਂ ਬਚਣ ਦੀ ਮਜਬੂਰੀਵੱਸ ਵੀ ਉਨ੍ਹਾਂ ਨੂੰ ਪ੍ਰਵਾਸ ਕਰਨਾ ਪੈਂਦਾ ਹੈ, ਕਿਉਂਕਿ ਉਨ੍ਹਾਂ ਆਪਣੀ ਅੱਗੋਂ ਪੌਦ ਵੀ ਚਲਾਉਣੀ ਹੁੰਦੀ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਕੁਝ ਹਾਰਮੋਨਾਂ ਦੀ ਤਬਦੀਲੀ ਵੀ ਪੰਛੀਆਂ ਨੂੰ ਪ੍ਰਵਾਸ ਵੱਲ ਤੋਰ ਦਿੰਦੀ ਹੈ, ਮੱਛੀਆਂ ਵੀ ਸਮੁੰਦਰਾਂ 'ਚੋਂ ਤੇਜ਼ ਵਗਦੇ ਪਾਣੀ ਦੀਆਂ ਧਾਰਾਂ ਵੱਲ ਅੰਡੇ ਦੇਣ ਤੁਰ ਜਾਂਦੀਆਂ ਹਨ। ਜੇ ਮਨੁੱਖੀ ਸੁਭਾਅ ਦੀ ਗੱਲ ਕਰੀਏ ਤਾਂ 20 ਕੁ ਲੱਖ ਸਾਲਾਂ ਤੋਂ ਅਫਰੀਕਾ ਤੋਂ ਨਿਕਲ ਕੇ ਉਸ ਦਾ ਦੁਨੀਆ ਦੇ ਵੱਖੋ-ਵੱਖ ਹਿੱਸਿਆਂ 'ਚ ਪ੍ਰਵਾਸ ਹੋਣ ਬਾਰੇ ਪਤਾ ਲੱਗਿਆ ਹੈ। ਜਦਕਿ 70 ਕੁ ਹਜ਼ਾਰ ਸਾਲ ਪਹਿਲਾਂ ਵੱਡੀ ਗਿਣਤੀ 'ਚ ਮਨੁੱਖੀ ਪ੍ਰਵਾਸ ਬਾਰੇ ਇਤਿਹਾਸਕ ਤੱਥ ਮਿਲੇ ਹਨ, ਇਤਿਹਾਸਕਾਰਾਂ ਨੇ ਇਸ ਪ੍ਰਵਾਸ ਦਾ ਮੁੱਖ ਕਾਰਨ ਪਾਣੀ ਤੇ ਖਾਣੇ ਦੀ ਕਮੀ ਨੂੰ ਦੱਸਿਆ ਹੈ। ਕੁਝ ਲੋਕ ਵਪਾਰ ਜਾਂ ਕਮਾਈ ਦੇ ਸਾਧਨਾਂ ਲਈ ਨਿਕਲੇ, ਕਈ ਹੱਲਿਆਂ ਕਾਰਨ ਉੱਜੜੇ ਅਤੇ ਕੁਝ ਦੁਨੀਆ ਘੁੰਮਣ ਤੇ ਨਵੀਆਂ ਥਾਵਾਂ ਲੱਭਣ ਲਈ ਘਰ ਛੱਡ ਕੇ ਸਮੁੰਦਰ ਦੇ ਰਾਹ ਵੱਲ ਹੋ ਤੁਰੇ।

ਅੱਜ ਤੱਕ ਕਦੇ ਵੀ ਪ੍ਰਵਾਸ ਰੁਕਿਆ ਨਹੀਂ, ਇਨਸਾਨੀ ਫਿਤਰਤ ਹੀ ਅਜਿਹੀ ਹੈ। ਕਿ ਉਸ ਦੀ ਇਕ ਜਗ੍ਹਾ ਸੰਤੁਸ਼ਟੀ ਨਹੀਂ ਹੁੰਦੀ। ਹੋਰ ਜ਼ਿਆਦਾ ਪਾਉਣ ਦੀ ਲਾਲਸਾ ਉਸ ਨੂੰ ਆਪਣੀ ਜਨਮ ਭੂਮੀ ਤੋਂ ਕੋਹਾਂ ਦੂਰ ਲੈ ਜਾਂਦੀ ਹੈ। ਪੰਜਾਬੀਆਂ ਨੂੰ ਤਾਂ ਮੁੱਢ ਕਦੀਮ ਤੋਂ ਹੱਲਿਆਂ ਦਾ ਸਾਹਮਣਾ ਕਰਨ ਕਰਕੇ ਕਦੇ ਟਿਕਾਣਾ ਨਾ ਮਿਲਿਆ, ਉਨ੍ਹਾਂ ਲਈ ਜਾਨ ਬਚਾਉਣ ਤੇ ਕਦੇ ਦੁਸ਼ਮਣਾਂ 'ਤੇ ਵਾਰ ਕਰਨ ਲਈ ਆਪਣੇ ਘਰ-ਬਾਰ ਜਾਇਦਾਦਾਂ ਛੱਡਣੀਆਂ ਆਮ ਜਿਹੀ ਗੱਲ ਬਣ ਗਈ ਸੀ। ਇਸੇ ਲਈ ਜਾਇਦਾਦਾਂ ਇਕੱਠੀਆਂ ਕਰਨ ਦੀ ਬਜਾਏ ਉਨ੍ਹਾਂ ਨੇ ਜ਼ਿੰਦਗੀ ਪ੍ਰਤੀ ਜੀਣ ਦਾ ਨਜ਼ਰੀਆ ਹੀ ਬਦਲ ਲਿਆ ਖਾਧਾ ਪੀਤਾ ਲਾਹੇ ਦਾ! ਬਾਕੀ ਅਹਿਮਦ ਸ਼ਾਹੇ ਦਾ! ਉਨ੍ਹਾਂ ਲਈ ਹੱਸਣਾ, ਖੇਡਣਾ, ਨੱਚਣਾ, ਗੂੜ੍ਹੇ ਕੱਪੜੇ ਪਾ ਕੇ ਖੁਸ਼ੀ ਮਨਾਉਂਦਿਆਂ ਉਸ ਇਕ ਦਿਨ ਨੂੰ ਹੱਸ ਕੇ ਜੀ ਲੈਣ ਦਾ ਸੰਕੇਤ ਹੁੰਦਾ ਸੀ, ਕਿਉਂਕਿ ਪਤਾ ਨਹੀਂ ਸੀ ਕਿ ਕਲ੍ਹ ਨੂੰ ਰਹਿਣਾ ਹੈ ਜਾਂ ਨਹੀਂ, ਫਿਰ ਕਿਉਂ ਨਾ ਅੱਜ ਦੇ ਦਿਨ ਦੀ ਜ਼ਿੰਦਗੀ ਵਿਚ ਜਸ਼ਨ ਮਨਾ ਲਈਏ। ਜੇਕਰ ਤਿਉਹਾਰ ਤੇ ਲੋਕ ਗੀਤ ਪੰਜਾਬੀਆਂ ਦੀ ਜ਼ਿੰਦਗੀ 'ਚ ਮਹਤੱਵਪੂਰਨ ਸਨ ਤਾਂ ਜੂਝਣਾ ਉਨ੍ਹਾਂ ਦੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣ ਗਿਆ, ਇਸੇ ਲਈ ਪ੍ਰਵਾਸ ਵਿਚ ਪੰਜਾਬੀਆਂ ਨੂੰ ਬਹੁਤੀ ਔਖਿਆਈ ਨਾ ਝੱਲਣੀ ਪਈ। ਪੰਜਾਬੀ ਔਖੇ ਤੋਂ ਔਖੇ ਹਾਲਾਤ ਵਿਚ ਵੀ ਲਹਿਲਹਾਉਂਦੀਆਂ ਫਸਲਾਂ ਤਿਆਰ ਕਰ ਲੈਂਦੇ ਹਨ ਤੇ ਰੁੱਖੀ-ਸੁੱਖੀ ਖਾ ਕੇ ਸ਼ੁਕਰਾਨਾ ਕਰਨਾ, ਉਨ੍ਹਾਂ ਲਈ ਇਕ ਆਮ ਜਿਹਾ ਰੁਝਾਨ ਸੀ।

ਹੁਣ ਗੱਲ ਕਰੀਏ ਪੰਜਾਬੀ ਔਰਤਾਂ ਦੀ! ਕੁਝ ਦੁਸ਼ਮਣਾਂ ਦੇ ਹੱਲਿਆਂ 'ਚ ਲਤਾੜੀਆਂ ਗਈਆਂ ਜਾਂ ਪੱਤ ਲੁਟਾ ਬੈਠੀਆਂ, ਕੁਝ ਪ੍ਰਵਾਸੀ ਪਤੀ ਨੂੰ ਉਡੀਕਦੀਆਂ ਪੂਰੀ ਜ਼ਿੰਦਗੀ ਇਕੱਲਿਆਂ ਲੰਘਾ ਜਾਂਦੀਆਂ ਹਨ ਤਾਂ ਕੁਝ ਪ੍ਰਵਾਸ ਦੌਰਾਨ ਪਤੀ ਨਾਲ ਮਿਲ ਕੇ ਸੰਘਰਸ਼ ਕਰਦੀਆਂ ਰਹਿੰਦੀਆਂ ਹਨ। ਅਜਿਹੇ 'ਚ ਸੱਧਰਾਂ ਦੱਬੀਆਂ ਜਾਣ ਕਾਰਨ ਲੋਕ-ਗੀਤਾਂ ਵਿਚ ਪਤੀ ਨਾਲ ਸ਼ਿਕਾਇਤਾਂ ਕਰਨ ਦਾ ਦੌਰ ਸ਼ੁਰੂ ਹੋਇਆ, ਸੱਸਾਂ ਤੇ ਨਨਾਣਾਂ ਦੇ ਮਿਹਣੇ ਅਤੇ ਉਡੀਕਾਂ ਦੇ ਗੀਤ ਵੀ ਪ੍ਰਚੱਲਿਤ ਹੋਏ। ਫਿਰ ਇਕ ਵੱਖਰੇ ਜਿਹੇ ਦੌਰ 'ਚ ਜਵਾਨ ਨੂੰਹ ਘਰ 'ਚ ਹੀ ਸਹੁਰੇ, ਜੇਠ ਜਾਂ ਦਿਉਰ ਦੀ ਜ਼ਬਰਦਸਤੀ ਦਾ ਸ਼ਿਕਾਰ ਹੋਈ ਤਾਂ ਜੋ ਉਹ ਸਰੀਰਕ ਲੋੜਾਂ ਦੇ ਚਲਦਿਆਂ ਘਰੋਂ ਬਾਹਰੀ ਨਾ ਹੋ ਜਾਵੇ। ਦਹਾਕਾ ਕੁ ਪਹਿਲਾਂ ਪੰਜਾਬ ਤੋਂ ਜ਼ਿਆਦਾਤਰ ਪ੍ਰਵਾਸ ਮੁੰਡਿਆਂ ਦਾ ਹੀ ਹੁੰਦਾ ਸੀ। ਪਰ ਜਦੋਂ ਲੜਕੀਆਂ ਪੜ੍ਹ-ਲਿਖ ਕੇ ਆਪਣੀ ਹੋਂਦ ਸਾਬਿਤ ਕਰਨ ਲੱਗੀਆਂ ਤਾਂ ਉਹ ਆਪਣੀ ਲਿਆਕਤ ਨਾਲ ਪ੍ਰਵਾਸ ਕਰਦਿਆਂ ਮੁੰਡਿਆਂ ਨੂੰ ਵੀ ਪਿਛਾਂਹ ਛੱਡ ਗਈਆਂ। ਉਨ੍ਹਾਂ 'ਚੋਂ ਬਹੁਤੀਆਂ ਚੰਗੇ ਭਵਿੱਖ ਦੀ ਚਾਹਤ ਤੇ ਨੌਕਰੀਆਂ ਲਈ ਤੇ ਕੁਝ ਦੁਨੀਆ ਘੁੰਮਣ ਲਈ ਘਰੋਂ ਬਾਹਰ ਨਿਕਲੀਆਂ। ਫਿਰ ਉਨ੍ਹਾਂ 'ਚੋਂ ਕੁਝ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਨ ਨੂੰ ਪਹਿਲ ਦੇਣੀ ਸ਼ੁਰੂ ਕਰਦਿਆਂ ਪੰਜਾਬੀ ਮੁੰਡਿਆਂ ਦੀ ਬਜਾਏ ਬਾਹਰਲਿਆਂ ਨੂੰ ਉਨ੍ਹਾਂ ਦੀ ਪੜ੍ਹਾਈ-ਲਿਖਾਈ, ਰੁਤਬੇ ਤੇ ਪੈਸਾ-ਧੇਲਾ ਵੇਖ ਕੇ ਜੀਵਨ ਸਾਥੀ ਬਣਾਉਣਾ ਸ਼ੁਰੂ ਕਰ ਦਿੱਤਾ।

ਦਰਅਸਲ ਪ੍ਰਵਾਸ ਨੇ ਦੁਨੀਆ ਦੇ ਅਗਾਂਹਵਧੂ ਮੁਲਕਾਂ ਦੇ ਢੰਗ-ਤਰੀਕਿਆਂ ਨੂੰ ਅਪਣਾਉਣ ਦਾ ਰਾਹ ਵੀ ਖੋਲ੍ਹਿਆ ਹੈ। ਇੰਝ ਉੱਥੋਂ ਦੇ ਸਾਹਿਤ, ਸੱਭਿਆਚਾਰ ਤੇ ਇਤਿਹਾਸ ਨੇ ਪੰਜਾਬੀ ਸੱਭਿਆਚਾਰ 'ਤੇ ਅਮਿੱਟ ਛਾਪ ਛੱਡੀ ਹੈ। ਕਈ ਤਾਂ ਉਥੋਂ ਦੇ ਸੱਭਿਆਚਾਰ 'ਚ ਰਲਗੱਡ ਹੋ ਗਏ, ਪਰ ਕੁਝ ਨੇ ਦੂਜੇ ਮੁਲਕਾਂ ਵਿਚ ਵੀ ਪੰਜਾਬ, ਪੰਜਾਬੀ, ਪੰਜਾਬੀਅਤ ਨੂੰ ਸੰਭਾਲਦਿਆਂ ਆਪਣੀ ਵੱਖਰੀ ਪਛਾਣ ਨੂੰ ਕਾਇਮ ਰੱਖਿਆ। ਇਸ ਸਾਰੇ ਦੌਰ ਵਿਚ ਧਰਮ ਦੀ ਵੱਡੀ ਅਹਿਮੀਅਤ ਬਣੀ ਰਹੀ, ਕਿਉਂਕਿ ਔਖੇ ਸਮੇਂ 'ਚ ਕਿਸੇ ਦਾ ਸਾਥ ਨਾ ਮਿਲਣ, ਵੱਡਿਆਂ ਦਾ ਸਹਾਰਾ ਨਾ ਹੋਣ ਕਰਕੇ ਕੋਈ ਢੋਈ ਨਾ ਵੇਖਦਿਆਂ ਅਖੀਰ ਰੱਬ 'ਤੇ ਟੇਕ ਰੱਖ ਕੇ ਔਖਿਆਈ ਨਾਲ ਜੂਝਣਾ ਪੰਜਾਬੀਆਂ ਦਾ ਖਾਸਾ ਬਣ ਗਿਆ। ਇੰਝ ਕਿਤੇ ਨਾ ਕਿਤੇ ਪੰਜਾਬੀਪੁਣਾ ਸੰਭਲਦਾ ਵੀ ਤੇ ਪਨਪਦਾ ਵੀ ਰਿਹਾ। ਜੇਕਰ ਕੁਝ ਪੰਜਾਬੀਆਂ ਨੇ ਦੂਜੇ ਦੇਸ਼ਾਂ ਦੇ ਸੱਭਿਆਚਾਰਾਂ ਨੂੰ ਪੱਕੇ ਤੌਰ 'ਤੇ ਅਪਣਾ ਲਿਆ ਤਾਂ ਦੂਜੇ ਮੁਲਕਾਂ ਦੇ ਕਈ ਲੋਕ ਵੀ ਪੰਜਾਬੀ ਸੱਭਿਆਚਾਰ ਵੱਲ ਖਿੱਚੇ ਗਏ ਹਨ। ਭਾਵੇਂ ਪ੍ਰਵਾਸ ਦੌਰਾਨ ਜ਼ਬਾਨ ਦਾ ਬਚਣਾ ਬਹੁਤ ਔਖਾ ਹੁੰਦਾ ਹੈ ਕਿਉਂਕਿ ਨੌਕਰੀ ਲਈ ਦੂਜੇ ਮੁਲਕ ਦੀ ਜ਼ਬਾਨ ਬੋਲਣੀ ਜ਼ਰੂਰੀ ਹੋ ਜਾਂਦੀ ਹੈ। ਉਸ ਦੌਰ 'ਚ ਜ਼ਬਾਨ ਬਚਾਉਣ ਵਿਚ ਕਿਤਾਬਾਂ, ਅਖ਼ਬਾਰਾਂ ਤੇ ਰਸਾਲਿਆਂ ਨੇ ਬਹੁਤ ਅਹਿਮ ਭੂਮਿਕਾ ਨਿਭਾਈ ਹੈ।

ਅੱਜ ਪੂਰੀ ਦੁਨੀਆ ਇਕ ਵੱਡਾ ਪਿੰਡ ਬਣ ਚੁੱਕੀ ਹੈ, ਜਿੱਥੇ ਸੋਸ਼ਲ ਮੀਡੀਆ ਰਾਹੀਂ ਪੂਰੀ ਦੁਨੀਆ ਦੀ ਖ਼ਬਰ ਮਿੰਟਾਂ-ਸਕਿੰਟਾਂ 'ਚ ਸਭ ਨੂੰ ਪਤਾ ਲੱਗ ਜਾਂਦੀ ਹੈ। ਹੁਣ ਸੱਭਿਆਚਾਰ 'ਚੋਂ ਕੁਝ ਚੀਜ਼ਾਂ ਲੋਪ ਹੋਣ ਦਾ ਖ਼ਤਰਾ ਹੈ। ਹੁਣ ਉਮਰ ਭਰ ਪ੍ਰਵਾਸੀ ਪਤੀ ਨੂੰ ਉਡੀਕਣ ਦੇ ਗੀਤ ਤੇ ਤਰਸਦੀਆਂ ਅੱਖਾਂ 'ਚੋਂ ਨਿਕਲਦੀਆਂ ਸ਼ਿਕਾਇਤਾਂ ਸ਼ਾਇਦ ਲੋਕ ਗੀਤਾਂ 'ਚੋਂ ਵਿਸਾਰ ਦਿੱਤੀਆਂ ਜਾਣਗੀਆਂ। ਭਾਵੇਂ ਅਜੋਕਾ ਸੋਸ਼ਲ ਮੀਡੀਆ ਸਭ ਕੁਝ ਹੜੱਪਣ ਨੂੰ ਤਿਆਰ ਬੈਠਾ ਹੈ, ਪਰ ਕਿਤਾਬਾਂ ਤੇ ਰਸਾਲਿਆਂ ਦੀ ਅਹਿਮੀਅਤ ਉਵੇਂ ਹੀ ਬਣੀ ਰਹੇਗੀ, ਕਿਉਂਕਿ ਇਤਿਹਾਸ ਤੇ ਸੱਭਿਆਚਾਰ ਨੂੰ ਜੋੜਨ ਵਾਲੀਆਂ ਕੜੀਆਂ ਇਹੀ ਰਹਿਣ ਵਾਲੀਆਂ ਹਨ। ਹੁਣ ਤਾਂ ਸੋਸ਼ਲ ਮੀਡੀਆ ਤੋਂ ਮਿਲਦੇ ਢਹਿੰਦੀ ਕਲਾ ਦੇ ਬਿਰਤਾਂਤ ਸਦਕਾ ਬਹੁਤ ਸਾਰੇ ਨੌਜਵਾਨ ਸ਼ਾਂਤੀ ਨਾਲ ਬਹਿ ਕੇ ਕਿਤਾਬਾਂ ਪੜ੍ਹਨ ਨੂੰ ਤਰਜੀਹ ਦੇਣ ਲੱਗੇ ਹਨ। ਜਿਵੇਂ ਮਾਂ ਦੀਆਂ ਲੋਰੀਆਂ ਜਾਂ ਜੰਗ ਦੀਆਂ ਵਾਰਾਂ ਕਦੇ ਲੋਪ ਨਹੀਂ ਹੋਣਗੀਆਂ, ਉਵੇਂ ਹੀ ਉਮੀਦ ਕਰਦੇ ਹਾਂ ਕਿ ਪੰਜਾਬੀ ਕਿਤਾਬਾਂ ਤੇ ਰਸਾਲੇ ਵੀ ਆਪਣੀ ਹੋਂਦ ਕਾਇਮ ਰੱਖਣਗੇ। ਬਸ ਅਖ਼ੀਰ ਵਿਚ ਸਿਰਫ਼ ਇੰਨੀ ਹੀ ਅਰਦਾਸ ਹੈ ਕਿ ਪੰਜਾਬੀ ਵਿਚ ਲਿਖਣ ਵਾਲੇ, ਕਿਤਾਬਾਂ ਛਾਪਣ ਵਾਲੇ, ਗਾਉਣ ਵਾਲੇ ਤੇ ਬੋਲਣ ਵਾਲਿਆਂ ਦੀ ਉਮਰ ਲੋਕ ਗੀਤਾਂ ਵਰਗੀ ਲੰਮੀ ਹੋ ਜਾਵੇ। ਆਮੀਨ!!!

# ਸਿਆਸੀ ਫੰਡਿੰਗ ਅਤੇ ਭ੍ਰਿਸ਼ਟਾਚਾਰ

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸਾਡੇ ਦੇਸ਼ ਦੀ ਰਾਜਨੀਤੀ ਵਿੱਚ ਭ੍ਰਿਸ਼ਟਾਚਾਰ ਦੀ ਭਰਮਾਰ ਹੈ। ਬਹੁਤ ਸਾਰੇ ਭ੍ਰਿਸ਼ਟ ਨੇਤਾਵਾਂ ਦੀ ਸ਼ਮੂਲੀਅਤ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਵੋਹਰਾ ਰਿਪੋਰਟ ਨੇ ਵੀ ਸਿਆਸਤ ਤੇ ਅਪਰਾਧ ਦੇ ਸਬੰਧਾਂ ਦੀ ਚੋਲੀ ਤੇ ਦਾਮਨ ਨਾਲ ਤੁਲਨਾ ਕੀਤੀ ਹੈ। ਸਾਡੇ ਲੋਕਤੰਤਰੀ ਢਾਂਚੇ ਵਿੱਚ ਜਨਤਾ ਦੇ ਚੁਣੇ ਹੋਏ ਬਹੁਤ ਸਾਰੇ ਮੰਤਰੀ, ਸੰਸਦੀ ਮੈਂਬਰ ਤੇ ਰਾਜ ਸਭਾਵਾਂ ਦੇ ਮੈਂਬਰ ਕਾਨੂੰਨ ਨੂੰ ਟਿੱਚ ਜਾਣਦੇ ਹਨ।



ਦਰਅਸਲ, ਸਾਡਾ ਚੋਣ ਸਿਸਟਮ ਹੀ ਸਹੀ ਨਹੀਂ ਹੈ। ਹਰ ਪਾਰਟੀ ਕਿਸੇ ਨਾ ਕਿਸੇ ਤਰੀਕੇ ਸੱਤਾ ਵਿੱਚ ਆਉਣਾ ਚਾਹੁੰਦੀ ਹੈ। ਇਸੇ ਕਰਕੇ ਟਿਕਟਾਂ ਦੀ ਬੋਲੀ ਲਾਈ ਜਾਂਦੀ ਹੈ। ਧਨਾਢ ਬੰਦੇ ਟਿਕਟਾਂ ਲੈਣ ਵਿੱਚ ਕਾਮਯਾਬ ਹੋ ਜਾਂਦੇ ਹਨ। ਪੈਸੇ ਦੇ ਜ਼ੋਰ ਨਾਲ ਚੋਣ ਜਿੱਤ ਲਈ ਜਾਂਦੀ ਹੈ ਅਤੇ ਚੋਣ ਜਿੱਤਣ ਤੋਂ ਬਾਅਦ ਇਹੀ ਲੋਕ ਖ਼ਰਚ ਕੀਤੇ ਪੈਸੇ ਤੋਂ ਕਈ ਗੁਣਾ ਜ਼ਿਆਦਾ ਕਮਾਉਣ ਦੀ ਲਾਲਸਾ ਨਾਲ ਕੰਮ ਕਰਦੇ ਹਨ। ਇਹ ਕਿਵੇਂ ਹੋ ਸਕਦਾ ਹੈ ਕਿ ਇੱਕ ਹਲਕੇ ਦੇ ਚੁਣੇ ਹੋਏ ਨੁਮਾਇੰਦੇ ਨੂੰ ਪਤਾ ਹੀ ਨਾ ਹੋਵੇ ਕਿ ਉਸ ਦੇ ਹਲਕੇ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ? ਜ਼ਿਆਦਾਤਰ ਭ੍ਰਿਸ਼ਟਾਚਾਰ ਦੀ ਇਹ ਖੇਡ ਭ੍ਰਿਸ਼ਟ ਸਿਆਸੀ ਆਗੂ, ਭ੍ਰਿਸ਼ਟ ਸਰਕਾਰੀ ਅਫ਼ਸਰ ਅਤੇ ਭ੍ਰਿਸ਼ਟ ਸਰਕਾਰੀ ਕਰਮਚਾਰੀ ਮਿਲ ਕੇ ਖੇਡਦੇ ਹਨ ਅਤੇ ਆਮ ਲੋਕਾਂ ਦੀਆਂ ਨਜ਼ਰਾਂ ਵਿੱਚ ਇਮਾਨਦਾਰੀ ਦੇ ਨਾਟਕ ਖੇਡੇ ਜਾਂਦੇ ਹਨ। ਸਰਕਾਰਾਂ ਅੱਖਾਂ ਮੀਟ ਲੈਂਦੀਆਂ ਹਨ ਕਿਉਂਕਿ ਸਰਕਾਰਾਂ ਨੂੰ ਪਾਰਟੀਆਂ ਬਣਾਉਂਦੀਆਂ ਹਨ ਅਤੇ ਪਰਾਟੀਆਂ ਨੂੰ ਸਿਆਸੀ ਫੰਡ ਚਾਹੀਦੇ ਹੁੰਦੇ ਹਨ।

ਦੇਸ਼ ਦੀ ਸ਼ਾਇਦ ਹੀ ਕੋਈ ਸਿਆਸੀ ਪਾਰਟੀ ਹੋਵੇ, ਜੋ ਭ੍ਰਿਸ਼ਟਾਚਾਰ ਦੇ ਖਾਤਮੇ ਦਾ ਚੋਣ ਵਾਅਦਾ ਨਾ ਕਰਦੀ ਹੋਵੇ। ਵਿਰੋਧੀ ਧਿਰ ਵਿੱਚ ਜਿਹੜੀ ਵੀ ਪਾਰਟੀ ਹੁੰਦੀ ਹੈ, ਉਸ ਨੂੰ ਕੇਂਦਰ ਜਾਂ ਸੂਬਿਆਂ ਦੀਆਂ ਸੱਤਾਧਾਰੀ ਪਾਰਟੀਆਂ 'ਚ ਭਾਰੀ ਭ੍ਰਿਸ਼ਟਾਚਾਰ ਦਿਖਾਈ ਦਿੰਦਾ ਹੈ। ਜਿਵੇਂ ਹੀ ਵਿਰੋਧੀ ਪਾਰਟੀਆਂ ਸੱਤਾ 'ਚ ਆਉਂਦੀਆਂ ਹਨ, ਫਿਰ ਉਹੀ ਭ੍ਰਿਸ਼ਟਾਚਾਰ ਉਨ੍ਹਾਂ ਦੀਆਂ ਨਜ਼ਰਾਂ ਵਿੱਚੋਂ 'ਗਾਇਬ' ਹੋ ਜਾਂਦਾ ਹੈ ਤੇ ਉਸ ਦਾ ਜ਼ਿਕਰ ਤੱਕ ਨਹੀਂ ਕੀਤਾ ਜਾਂਦਾ। ਬੇਸ਼ੱਕ ਭਾਰਤ 'ਚ ਰਿਸ਼ਵਤਖੋਰੀ ਜਾਂ ਭ੍ਰਿਸ਼ਟਾਚਾਰ ਲਈ ਸਿਆਸਤਦਾਨ ਤਾਂ ਜ਼ਿੰਮੇਵਾਰ ਹਨ ਹੀ, ਇਸ ਦੇ ਨਾਲ ਲੋਕਾਂ ਦੀ ਮਾਨਸਿਕਤਾ ਵੀ ਇਸ ਲਈ ਆਪਣੇ ਦੋਸ਼ ਤੋਂ ਬਰੀ ਨਹੀਂ ਹੋ ਸਕਦੀ।

ਡੈਨਮਾਰਕ ਅਤੇ ਨਿਊਜ਼ੀਲੈਂਡ ਵਰਗੇ ਬਹੁਤ ਸਾਰੇ ਦੇਸ਼ ਇਸ ਕੋਹੜ ਦੀ ਬਿਮਾਰੀ ਤੋਂ ਪੂਰੀ ਤਰ੍ਹਾਂ ਨਿਜਾਤ ਪਾਉਣ ਵਿੱਚ ਸਫਲ ਹੋ ਚੁੱਕੇ ਹਨ, ਪਰ ਦੁਨੀਆ ਦੇ ਬਹੁਤ ਸਾਰੇ ਦੇਸ਼ ਅਜਿਹੇ ਵੀ ਹਨ ਜਿੱਥੇ ਇਹ ਬਿਮਾਰੀ ਘਟਣ ਦੀ ਬਜਾਏ ਅਮਰ ਵੇਲ ਦੀ ਤਰ੍ਹਾਂ ਫੈਲ ਰਹੀ ਹੈ ਜਿਨ੍ਹਾਂ ਵਿੱਚ ਭਾਰਤ ਦਾ ਨਾਂ ਵੀ ਸ਼ਾਮਿਲ ਹੈ ਜਿੱਥੇ ਭ੍ਰਿਸ਼ਟਾਚਾਰ ਦੀ ਸ਼ੁਰੂਆਤ ਲੋਕਤੰਤਰ ਦੀ ਚੋਣ ਪ੍ਰਣਾਲੀ ਅਤੇ ਸਿਆਸੀ ਫੰਡਿੰਗ ਤੋਂ ਹੀ ਸ਼ੁਰੂ ਹੁੰਦੀ ਹੈ। ਇਹ ਇੱਕ ਅਜਿਹੀ ਸਮੱਸਿਆ ਹੈ ਜਿਸ ਦਾ ਸਭ ਤੋਂ ਜ਼ਿਆਦਾ ਅਸਰ ਦੇਸ਼ ਦੇ ਵਿਕਾਸ ਅਤੇ ਗ਼ਰੀਬ ਲੋਕਾਂ 'ਤੇ ਪੈਂਦਾ ਹੈ ਅਤੇ ਜੋ ਕਾਨੂੰਨ ਦੇ ਰਾਜ ਦੀ ਰੱਖਿਆ ਅਤੇ ਨਿਆਂ ਤੱਕ ਪਹੁੰਚ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਦੀ ਹੈ।

ਬੇਸ਼ੱਕ ਭ੍ਰਿਸ਼ਟਾਚਾਰ ਦੀ ਬਿਮਾਰੀ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਫੈਲੀ ਹੋਈ ਹੈ, ਪਰ ਇੱਕ ਸਰਵੇਖਣ ਅਨੁਸਾਰ ਭਾਰਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ 180 ਦੇਸ਼ਾਂ ਵਿੱਚੋਂ 96ਵੇਂ ਨੰਬਰ 'ਤੇ ਹੈ। ਭਾਰਤ ਨੂੰ ਆਜ਼ਾਦ ਹੋਇਆਂ ਤਕਰੀਬਨ 79 ਸਾਲ ਹੋ ਚੁੱਕੇ ਹਨ, ਪਰ ਅਸੀਂ ਭ੍ਰਿਸ਼ਟਾਚਾਰ 'ਤੇ ਕਾਬੂ ਪਾਉਣ ਵਿੱਚ ਪੂਰੀ ਤਰ੍ਹਾਂ ਨਾ ਕਾਮਯਾਬ ਰਹੇ ਹਾਂ ਜਿਸ ਦਾ ਵੱਡਾ ਕਾਰਨ ਦੇਸ਼ ਦੀ ਭ੍ਰਿਸ਼ਟ ਰਾਜਨੀਤੀ ਹੈ। ਦਰਅਸਲ, ਭ੍ਰਿਸ਼ਟਾਚਾਰ ਦੀ ਸ਼ੁਰੂਆਤ ਦੇਸ਼ ਦੀ ਲੋਕਤੰਤਰੀ ਚੋਣ ਪ੍ਰਣਾਲੀ ਅਤੇ ਸਿਆਸੀ ਫੰਡਿੰਗ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਦੇਸ਼ ਦੀਆਂ ਤਕਰੀਬਨ ਸਾਰੀਆਂ ਪਾਰਟੀਆਂ ਸਿਆਸੀ ਫੰਡਿੰਗ ਲੈਣ ਵਿੱਚ ਇੱਕ ਦੂਜੀ ਤੋਂ ਅੱਗੇ ਹਨ ਜਿਸ ਵਿੱਚ ਵੱਡੇ ਵੱਡੇ ਸਰਮਾਏਦਾਰ ਚੋਣ ਫੰਡ ਦੇ ਨਾਂ 'ਤੇ ਪਾਰਟੀਆਂ ਨੂੰ ਕਰੋੜਾਂ ਰੁਪਏ ਦਿੰਦੇ ਹਨ। ਇਹੀ ਪੈਸਾ ਪਾਰਟੀਆਂ ਸੱਤਾ ਵਿੱਚ ਆਉਣ ਲਈ ਵੋਟਾਂ ਅਤੇ ਵਿਧਾਇਕ ਖ਼ਰੀਦਣ ਲਈ

**ਕੁਲਦੀਪ ਸਿੰਘ ਸਾਹਿਲ**

ਵਰਤਦੀਆਂ ਹਨ। ਦੇਸ਼ ਦੇ ਸਰਮਾਏਦਾਰ ਅਤੇ ਵੱਡੀਆਂ ਕੰਪਨੀਆਂ ਵਾਲੇ ਅਜਿਹੀ ਸਿਆਸੀ ਫੰਡਿੰਗ ਵੱਡੇ ਲਾਹੇ ਲੈਣ ਲਈ ਹੀ ਕਰਦੇ ਹਨ। ਛੋਟੀਆਂ ਕੰਪਨੀਆਂ ਵਾਲੇ ਵੀ ਉਸੇ ਤਰ੍ਹਾਂ ਅਦਾਇਗੀ ਕਰਦੇ ਹਨ ਜਿਵੇਂ ਉਹ ਆਪਣੇ ਸ਼ਹਿਰ, ਕਸਬੇ ਵਿੱਚ ਸੁਰੱਖਿਆ ਰੈਕੇਟ ਚਲਾਉਣ ਵਾਲਿਆਂ ਨੂੰ ਕਰਦੇ ਹਨ। ਕੁਝ ਲੋਕ ਇਸ ਨੂੰ ਆਪਣੇ ਕਾਰੋਬਾਰ ਤੇ ਲੈਣ-ਦੇਣ ਦਾ ਹਿੱਸਾ ਹੀ ਮੰਨਦੇ ਹਨ। ਸਿਆਸੀ ਫੰਡਿੰਗ ਦਾ ਜ਼ਿਆਦਾਤਰ ਪੈਸਾ ਪਾਰਟੀ ਉਮੀਦਵਾਰਾਂ ਵੱਲੋਂ ਚੋਣ ਜਿੱਤਣ ਲਈ ਅੰਨ੍ਹੇਵਾਹ ਖ਼ਰਚਿਆ ਜਾਂਦਾ ਹੈ ਅਤੇ ਜਿੱਤਣ ਤੋਂ ਬਾਅਦ ਇਸ ਪੈਸੇ ਦੀ ਭਰਪਾਈ ਕੀਤੀ ਜਾਂਦੀ ਹੈ। ਸਿੱਧੀ ਜਿਹੀ ਗੱਲ ਹੈ ਕਿ ਜਿਸ ਉਮੀਦਵਾਰ ਨੇ ਚੋਣ ਜਿੱਤਣ ਲਈ ਕਰੋੜਾਂ ਰੁਪਏ ਖ਼ਰਚ ਕੀਤੇ ਹੋਣ ਤਾਂ ਉਹ ਇਸ ਦੀ ਭਰਪਾਈ ਕਰਨ ਦੀ ਪੂਰੀ ਕੋਸ਼ਿਸ਼ ਕਰੇਗਾ। ਇਹੋ ਜਿਹੇ ਹਾਲਾਤ ਵਿੱਚ ਉਹ ਆਪਣੇ ਹਲਕੇ ਵਿੱਚ ਭ੍ਰਿਸ਼ਟਾਚਾਰ ਨੂੰ ਕਿਵੇਂ ਠੱਲ੍ਹ ਪਾ ਸਕਦਾ ਹੈ? ਇੱਕ ਭ੍ਰਿਸ਼ਟ ਰਾਜਨੀਤਕ ਨੇਤਾ ਆਪਣੇ ਹਲਕੇ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਿਵੇਂ ਕਰ ਸਕਦਾ ਹੈ?

ਜੇਕਰ ਅਸੀਂ ਦੇਸ਼ ਦੀ ਸੰਸਦ ਦੀ ਗੱਲ ਕਰੀਏ ਤਾਂ 2024 ਵਿੱਚ ਭਾਰਤ ਦੇ 543 ਸੰਸਦ ਮੈਂਬਰਾਂ ਵਿੱਚੋਂ 251 'ਤੇ ਭਾਰਤ ਦੀ ਪਹਿਲੀ ਸੂਚਨਾ ਰਿਪੋਰਟ ਪ੍ਰਕਿਰਿਆ ਦੇ ਤਹਿਤ ਵੱਖ-ਵੱਖ ਅਪਰਾਧਕ ਮਾਮਲੇ ਦਰਜ ਸਨ ਜਿਨ੍ਹਾਂ ਵਿੱਚ ਭ੍ਰਿਸ਼ਟਾਚਾਰ ਦੇ ਮਾਮਲੇ ਵੀ ਸ਼ਾਮਿਲ ਹਨ। ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਬਹੁਤ ਉੱਚ ਪੱਧਰੀ ਘੁਟਾਲੇ ਸਾਹਮਣੇ ਆਏ, ਜਿਵੇਂ ਕਿ 2010 ਰਾਸ਼ਟਰਮੰਡਲ ਖੇਡ ਘੁਟਾਲਾ (70,000 ਕਰੋੜ ਰੁਪਏ), ਆਦਰਸ਼ ਹਾਊਸਿੰਗ ਸੁਸਾਇਟੀ ਘੁਟਾਲਾ, ਕੋਲਾ ਮਾਈਨਿੰਗ ਘੁਟਾਲਾ (1.86 ਲੱਖ ਕਰੋੜ ਰੁਪਏ), ਕਰਨਾਟਕ ਦਾ ਮਾਈਨਿੰਗ ਘੁਟਾਲਾ, ਟੈਲੀਕਾਮ ਘੁਟਾਲਾ, ਬੈਂਕ ਘੁਟਾਲਾ ਅਤੇ ਵੋਟ ਲਈ ਨਕਦੀ ਘੁਟਾਲੇ। ਭਾਰਤ ਵਿੱਚ ਭ੍ਰਿਸ਼ਟਾਚਾਰ ਇੱਕ ਅਜਿਹਾ ਮੁੱਦਾ ਬਣ ਚੁੱਕਾ ਹੈ ਜੋ ਕੇਂਦਰੀ, ਰਾਜ ਅਤੇ ਸਥਾਨਕ ਸਰਕਾਰੀ ਏਜੰਸੀਆਂ ਦੀ ਆਰਥਿਕਤਾ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਿਤ ਕਰਦਾ ਹੈ। ਭਾਰਤ ਦੀ ਅਰਥਵਿਵਸਥਾ ਨੂੰ ਠੱਪ ਕਰਨ ਲਈ ਭ੍ਰਿਸ਼ਟਾਚਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

ਸਾਲ 2005 ਵਿੱਚ ਟਰਾਂਸਪੇਰੈਂਸੀ ਇੰਟਰਨੈਸ਼ਨਲ ਦੁਆਰਾ ਕਰਵਾਏ ਗਏ ਇੱਕ ਸਰਵੇਖਣ ਵਿੱਚ ਦਰਜ ਕੀਤਾ ਗਿਆ ਸੀ ਕਿ 62% ਤੋਂ ਵੱਧ ਭਾਰਤੀਆਂ ਨੇ ਕਿਸੇ ਨਾ ਕਿਸੇ ਸਮੇਂ ਕਿਸੇ ਸਰਕਾਰੀ ਅਧਿਕਾਰੀ ਨੂੰ ਕਿਸੇ ਕੰਮ ਬਦਲੇ ਰਿਸ਼ਵਤ ਦਿੱਤੀ ਹੈ। ਵੱਖ-ਵੱਖ ਪਹਿਲੂ ਭ੍ਰਿਸ਼ਟਾਚਾਰ ਵਿੱਚ ਯੋਗਦਾਨ ਪਾਉਂਦੇ ਹਨ, ਜਿਸ ਵਿੱਚ ਅਧਿਕਾਰੀਆਂ ਵੱਲੋਂ ਸਰਕਾਰੀ ਸਮਾਜਿਕ ਭਲਾਈ ਸਕੀਮਾਂ ਵਿੱਚੋਂ ਪੈਸੇ ਦਾ ਹੇਰ ਫੇਰ ਕੀਤਾ ਜਾਂਦਾ ਹੈ। ਭ੍ਰਿਸ਼ਟਾਚਾਰ ਦੇ ਹੋਰ ਖੇਤਰਾਂ ਵਿੱਚ ਭਾਰਤ ਦਾ ਪੁਲੀਸ ਵਿਭਾਗ, ਸਿਹਤ ਵਿਭਾਗ, ਰੇਲਵੇ, ਫੌਜ, ਸੰਚਾਰ ਵਿਭਾਗ, ਜੁਡੀਸ਼ਲ ਵਿਭਾਗ ਸ਼ਾਮਲ ਹਨ।

ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਇੱਥੇ ਵੀ ਮਾਨ ਸਰਕਾਰ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਵਿੱਚ ਸਫਲ ਨਹੀਂ ਹੋ ਸਕੀ। ਬੇਸ਼ੱਕ ਉਨ੍ਹਾਂ ਨੇ ਸ਼ੁਰੂ ਵਿੱਚ ਕੋਸ਼ਿਸ਼ ਕੀਤੀ, ਪਰ ਪਿੱਛੇ ਜਿਹੇ ਸੀਬੀਆਈ ਵੱਲੋਂ ਇੱਕ ਪੰਜਾਬ ਪੁਲੀਸ ਅਧਿਕਾਰੀ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜੇ ਜਾਣ ਅਤੇ ਇੱਕ ਮੰਤਰੀ ਵੱਲੋਂ ਆਪਣੇ ਪਿਤਾ ਨੂੰ ਟੈਂਡਰ ਦਿਵਾਉਣ ਲਈ ਇੱਕ ਅਫ਼ਸਰ 'ਤੇ ਦਬਾਅ ਪਾਉਣ ਪਿੱਛੋਂ ਉਸ ਅਫ਼ਸਰ ਵੱਲੋਂ ਖ਼ੁਦਕਸ਼ੀ ਕਰ ਲੈਣੀ ਤੋਂ ਲੱਗਦਾ ਹੈ ਕਿ ਭ੍ਰਿਸ਼ਟਾਚਾਰ ਦੀ ਇਹ ਜੋਕ ਅਜੇ ਵੀ ਆਮ ਅਤੇ ਗ਼ਰੀਬ ਲੋਕਾਂ ਦਾ ਖ਼ੂਨ ਚੂਸ ਰਹੀ ਹੈ।

ਜੇਕਰ ਅਸੀਂ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ ਤਾਂ ਸਭ ਤੋਂ ਪਹਿਲਾਂ ਸਾਨੂੰ ਦੇਸ਼ ਦੀ ਰਾਜਨੀਤੀ ਵਿੱਚ ਸੁਧਾਰ ਲਿਆਉਣ ਦੀ ਲੋੜ ਹੈ। ਚੋਣ ਪ੍ਰਣਾਲੀ ਵਿੱਚ ਵੱਡੇ ਬਦਲਾਅ ਦੀ ਲੋੜ ਹੈ। ਚੰਗੇ ਦੇਸ਼ਾਂ ਦੀ ਤਰ੍ਹਾਂ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਬਿਨਾਂ ਪੈਸੇ ਤੋਂ ਹੋਵੇ ਜਿਸ ਵਿੱਚ ਚੋਣਾਂ ਲਈ ਵੱਡੀਆਂ ਰੈਲੀਆਂ 'ਤੇ ਪਾਬੰਦੀ ਹੋਵੇ, ਚੋਣਾਂ 'ਤੇ ਪੈਸੇ ਦੀ ਅੰਨ੍ਹੇਵਾਹ ਵਰਤੋਂ 'ਤੇ ਪੂਰੀ ਤਰ੍ਹਾਂ ਰੋਕ ਹੋਵੇ, ਚੋਣਾਂ ਦਾ ਪ੍ਰਚਾਰ ਸਿਰਫ਼ ਮੀਡੀਆ ਰਾਹੀਂ ਹੋਵੇ। ਸਿਆਸੀ ਫੰਡਿੰਗ ਜੇਕਰ ਬੰਦ ਨਹੀਂ ਹੋ ਸਕਦੀ ਤਾਂ ਇਸ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਇਆ ਜਾ ਸਕਦਾ ਹੈ। ਪੁਲੀਸ, ਪ੍ਰਸ਼ਾਸਨਿਕ ਅਤੇ ਹੋਰ ਅਦਾਰਿਆਂ ਨੂੰ ਪੂਰੀ ਤਰ੍ਹਾਂ ਡਿਜੀਟਲ ਅਤੇ ਪਾਰਦਰਸ਼ੀ ਬਣਾਇਆ ਜਾ ਸਕਦਾ ਹੈ, ਪਰ ਅਫ਼ਸੋਸ ਕਿ ਅਜੇ ਤੱਕ ਭਾਰਤ ਵਿੱਚ ਸਿਆਸੀ ਫੰਡਿੰਗ ਵਿੱਚ ਕੋਈ ਸੁਧਾਰ ਨਹੀਂ ਹੋਇਆ। ਇਹ ਸਾਰੇ ਸਰਮਾਏਦਾਰਾਂ ਨੂੰ ਘੱਟ ਜਾਂ ਵੱਧ ਪੱਧਰ ਤੱਕ ਪੂੰਜੀਵਾਦੀ (ਸਿਸਟਮ ਨਾਲ ਮਿਲੀਭੁਗਤ ਰਾਹੀਂ ਚੱਲਣ ਵਾਲੇ ਸਰਮਾਏਦਾਰ) ਬਣਾ ਲੈਂਦੀ ਹੈ।

ਸਿਆਸੀ ਫੰਡਿੰਗ ਦਾ ਮਤਲਬ ਹੈ ਵੋਟਾਂ ਖ਼ਰੀਦਣੀਆਂ, ਵੋਟਾਂ ਖ਼ਰੀਦਣ ਦਾ ਮਤਲਬ ਸੱਤਾ ਖ਼ਰੀਦ ਲੈਣੀ, ਸੱਤਾ ਖ਼ਰੀਦਣ ਦਾ ਮਤਲਬ ਲੋਕਤੰਤਰ ਖ਼ਰੀਦ ਲੈਣਾ ਹੈ। ਫਿਰ ਇਹੋ ਜਿਹਾ ਲੋਕਤੰਤਰ ਸਿਰਫ਼ ਨਾਂ ਦਾ ਲੋਕਤੰਤਰ ਬਣ ਕੇ ਰਹਿ ਜਾਂਦਾ ਹੈ ਜਿਸ ਵਿੱਚੋਂ ਸਰਮਾਏਦਾਰੀ ਦੀ ਬੂ ਆਉਣੀ ਸੁਭਾਵਿਕ ਹੈ। ਕੌੜਾ ਸੱਚ ਤਾਂ ਇਹ ਹੈ ਕਿ ਅੱਜ ਦਾ ਭਾਰਤੀ ਸਿਸਟਮ ਭ੍ਰਿਸ਼ਟਾਚਾਰ ਦੀ ਕਮਾਈ ਉੱਤੇ ਚੱਲਦਾ ਹੈ। ਜੇਕਰ ਹੁਣ ਵੀ ਸਮੇਂ ਦੀਆਂ ਸਰਕਾਰਾਂ ਨੇ ਸਿਆਸੀ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਾਰਥਿਕ ਕਦਮ ਨਾ ਉਠਾਏ ਤਾਂ ਦੇਸ਼ ਵਿੱਚ ਗ਼ਰੀਬੀ ਦੀ ਦਰ ਹੋਰ ਵਧਦੀ ਰਹੇਗੀ ਅਤੇ ਦੇਸ਼ ਦੇ ਸੁਪਨੇ ਚਕਨਾਚੂਰ ਹੁੰਦੇ ਰਹਿਣਗੇ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



# ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ

ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਮਨੁੱਖਤਾ ਤੇ ਮਾਨਵਤਾ ਨਾਲ ਜੋੜਿਆ ਅਤੇ ਸੱਚ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੇਵਾ ਸਿਮਰਨ ਦੇ ਨਾਲ ਮਨੁੱਖਤਾ ਦਾ ਉਧਾਰ ਕੀਤਾ। ਧੰਨ ਧੰਨ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ ਵਾਲਿਆਂ ਜੀ ਦੀ ਪਵਿੱਤਰ ਯਾਦ 'ਚ







## ਗੁਰਦੁਆਰਾ ਸਾਹਿਬ ਲਵਿੰਗਸਟਨ ਕੈਲੀਫੋਰਨੀਆ

**884 B Street Livingston California**


ਵਿਖੇ ਮਹਾਨ ਪਵਿੱਤਰ ਸਮਾਗਮ ਹੋ ਰਹੇ ਹਨ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਹਾਜ਼ਰੀਆਂ ਭਰਕੇ ਜੀਵਨ ਸਫ਼ਲਾ ਕਰੋ ਜੀ।

### ਸਮਾਗਮ ਦੇ ਵੇਰਵੇ ਇਸ ਤਰ੍ਹਾਂ ਹਨ :

ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ 15 ਮਈ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਸੰਪੂਰਨਤਾ ਸ੍ਰੀ ਅਖੰਡ ਪਾਠ ਸਾਹਿਬ 17 ਮਈ, 2026 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਭਾਰੀ ਦੀਵਾਨ ਸੱਜਣਗੇ, ਜਿਸ ਵਿਚ ਰਾਗੀ, ਢਾਡੀ, ਕਥਾਕਾਰ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਗੁਰਪ੍ਰੀਤ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਚਰਨਬੀਰ ਸਿੰਘ

ਹੋਰ ਜਾਣਕਾਰੀ ਲਈ

ਸ. ਹਰਜਿੰਦਰ ਸਿੰਘ ਹੈਪੀ ਸੂਚ (209) 535-0294

ਸ. ਮਨਜੀਤ ਸਿੰਘ ਬਾਸੀ (209) 678-8519

ਸ. ਹਰਿੰਦਰ ਸਿੰਘ ਸੂਚ (443) 567-0074



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਨਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਹ) ਅਨੰਦ ਦਾ ਦਿਨ ਮੁਕਰਰ ਕਰਨ ਲੱਗਿਆਂ, ਕੋਈ ਥਿਤ ਵਾਰ ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਨਾ ਮਨ ਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ ਨੀਅਤ ਕਰ ਲੈਣਾ ਚਾਹੀਏ। ਗੁਰਪੁਰਬ ਹੋਵੇ ਤਾਂ ਚੰਗਾ ਹੈ, ਪਰ ਜੇ ਨਾ ਹੋਵੇ ਤਾਂ ਭਰਮ ਨਹੀਂ ਕਰਨਾ।

(ੲ) ਗਾਨਾ ਬੰਨ੍ਹਣਾ, ਪਿੱਤਰ ਪੂਜਨੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਵੱਢਣੀ, ਘੜੋਲੀ ਭਰਨੀ, ਰੁਸਬੇ ਜਾਣਾ, ਹਵਨ ਕਰਨਾ, ਵੇਦੀ ਗਡਣੀ ਵੇਸਵਾ ਦਾ ਨਾਚ ਆਦਿ ਮਨਮਤ ਹੈ।

(ਖ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ ਮਿਲਣੀ ਦੀ ਅਰਦਾਸ ਹੋਵੇ।

(ਗ) ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਦੀਵਾਨ ਲਗੇ, ਰਾਗੀ ਜਾਂ ਸੰਗਤ ਕੀਰਤਨ ਕਰੇ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ। ਦੀਵਾਨ ਦੀ ਆਗਿਆ ਲੈ ਕੇ ਅਨੰਦ ਪੜ੍ਹਾਉਣ ਵਾਲਾ ਸਿੰਘ (ਜਾਂ ਸਿੰਘਣੀ) ਲੜਕੇ ਲੜਕੀ ਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਬ੍ਰਾਹਾਂ ਨੂੰ ਖੜ੍ਹਾ ਕਰਕੇ ਅਨੰਦ ਦੇ ਅਰੰਭ ਦਾ ਅਰਦਾਸਾ ਸੋਧੇ।

ਫਿਰ ਉਹ ਲੜਕੇ ਲੜਕੀ ਨੂੰ ਗੁਰਮਤ ਅਨੁਸਾਰ ਗ੍ਰਹਸਤ ਧਰਮ ਦੇ ਫਰਜ਼ਾਂ ਦਾ ਉਪਦੇਸ਼ ਕਰੇ :-


ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ ਪਤਨੀ ਦੇ ਸਬੰਧ ਨੂੰ ਜੀਵ ਤੇ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦਸੇ ਅਤੇ ਇਕੁਰ ਗ੍ਰਹਸਤ ਧਰਮ ਨਿਭਾਉਂਦੇ ਹੋਏ ਆਪਣੇ ਸਾਂਝੇ ਕਰਤਾ ਅਕਾਲ ਪੁਰਖ ਨਾਲ ਇਕਮਿਕ ਹੋਣਾ ਦਿਖਾਵੇ। ਦੋਹਾਂ ਨੇ ਇਸ ਸੰਯੋਗ ਨੂੰ ਮਨੁਖਾ ਜਲਮ ਦੀ ਯਾਤਰਾ ਨੂੰ ਸਫ਼ਲਤਾ ਨਾਲ ਨਿਭਾਉਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਸਰ ਕਰਨਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ-ਆਪਣੇ ਵੱਖੋ-ਵੱਖਰੇ ਗ੍ਰਹਸਤ ਧਰਮ ਦੇ ਫਰਜ਼ ਚਲੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਸਾਰੇ ਸੰਸਾਰ ਦੇ ਮਨੁੱਖਾਂ ਵਿਚੋਂ ਤੁਹਾਨੂੰ ਹੀ ਸਭ ਤੋਂ ਵਧੀਕ ਜੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਦੇ ਸਾਰੀਆਂ ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਏ ਤੇ ਵੰਡ ਛਕਣਾ ਏ। ਇਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ ਬ੍ਰਤ ਧਰਮ ਵਿਚ ਪੱਕੇ ਰਹਿਣਾ। ਇਸਦੇ ਮਾਤਾ ਪਿਤਾ ਤੇ ਸਰਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਰਬੰਧੀਆਂ ਵਤਾ ਆਦਰ ਦੇਣਾ।

ਕੰਨਿਆਂ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਜੀ ਦੇ ਲੜ ਲਾਇਆ ਜਾਂਦਾ ਹੈ। ਆਪ ਇਨ੍ਹਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ ਹੈ,




ਦੁੱਖ, ਸੁੱਖ, ਦੇਸ ਪ੍ਰਦੇਸ, ਵਿਚ ਆਪਣੇ ਪਤੀ ਬ੍ਰਤ ਧਰਮ ਵਿਚ ਪਕੇ ਰਹਿਣਾ ਸੇਵਾ ਕਰਨੀ। ਇਹਦੇ ਮਾਤਾ ਪਿਤਾ ਦੇ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣਾ ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸਰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਇਕ ਇਕ ਲਾਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿਛੋਂ ਕੰਨਿਆ ਵਰ ਦਾ ਪਲਾ ਫੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਪ੍ਰਕਰਮਾਂ ਕਰਨ। ਪ੍ਰਕਰਮਾਂ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ। ਉਪਰੰਤ ਵਰ ਕੰਨਿਆਂ ਆਪਣੀ ਥਾਂ 'ਤੇ ਬੈਠ ਜਾਣ, ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅਤਲੀ ਇਕ ਪਉੜੀ ਦਾ ਪਾਠ ਕਰੇ। ਫਿਰ ਅਨੰਦ ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ।

(ਘ) ਕੰਨਿਆ ਦਾ ਸੰਜੋਗ ਪੈਸਾ ਲੈ ਕੇ ਨਾ ਕਰੋ।

(ਙ) 'ਜੇ ਬਾਲਕੀ ਕੇ ਮਾਪੇ ਕਦਾਂਚ ਸਬਬ ਪਾਇ ਕੇ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਉਥੇ ਪ੍ਰਸਾਦ ਤਿਆਰ ਹੋਵੇ ਤਾਂ ਖਾਣ, ਸੁਕਚਣ ਨਾਹੀ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ ਖਾਣਾ ਖੁਵਾਲਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਪੀਂਦੇ ਰਹਿਣ, ਕਿਸ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।

(ਚ) 'ਜਿਸ ਇਸਤ੍ਰੀ ਦਾ ਭਰਤਾ ਕਾਲ ਵਸ ਹੋਇਆ ਹੋਏ, ਚਾਹੀਏ ਉਸਦੇ ਪਿਛੇ ਜਤ ਸਤ ਸੀਲ ਪਾਲੈ, ਕਿਤੇ ਵਲ ਚਿਤ ਡੁਲਾਵੇ ਨਾਹੀਂ, ਅਰੁ ਸ੍ਰੀ ਗੁਰੂ ਅਕਾਲ ਪੁਰਖ ਦੇ ਧਿਆਨ ਵਿਖੇ ਰਹੈ, ਸਵਾਦੇਂ ਮੇ ਜੀਉ ਨਾ ਦੇਇ। ਸਵਾਦ ਇਸ ਕਾਮ ਕੇ ਯੇ ਹੈ, ਜਿਉਂ ਅਗਨ ਮੇ ਘ੍ਰਿਤ ਪਾਵੇ ਤਾਂ ਪ੍ਰਚੰਡ ਧੋਤੀ ਹੈ।

(ਚਲਦਾ)

## ਗਾਇਕਾ ਬ੍ਰਿਟਨੀ ਸਪੀਅਰਜ਼ ਨਸ਼ਾ ਮੁਕਤੀ ਕੇਂਦਰ 'ਚ ਭਰਤੀ

ਲਾਸ ਏਂਜਲਸ : ਪੌਪ ਗਾਇਕਾ ਬ੍ਰਿਟਨੀ ਸਪੀਅਰਜ਼ ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰ ਕੇ ਵਾਹਨ ਚਲਾਉਣ ਦੇ ਸ਼ੱਕ ਹੇਠ ਆਪਣੀ ਗ੍ਰਿਫ਼ਤਾਰੀ ਤੋਂ ਤਕਰੀਬਨ ਇੱਕ ਮਹੀਨੇ ਬਾਅਦ ਨਸ਼ਾ ਮੁਕਤੀ ਕੇਂਦਰ 'ਚ ਭਰਤੀ ਹੋਈ ਹੈ। ਸਪੀਅਰਜ਼ ਦੇ ਨੁਮਾਇੰਦੇ ਨੇ ਐਸੋਸੀਏਟਿਡ ਪ੍ਰੈੱਸ ਨੂੰ ਭੇਜੀ ਈਮੇਲ 'ਚ ਦੱਸਿਆ ਕਿ ਬ੍ਰਿਟਨੀ (44) ਨੇ ਆਪਣੀ ਇੱਛਾ ਨਾਲ ਕੇਂਦਰ 'ਚ ਰਜਿਸਟਰੇਸ਼ਨ ਕਰਵਾਈ ਹੈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਅਨੁਸਾਰ ਪੰਜ ਮਾਰਚ ਨੂੰ ਅਧਿਕਾਰੀਆਂ ਨੂੰ ਸੂਚਨਾ ਮਿਲੀ ਸੀ ਕਿ ਵੈਂਚੁਰਾ ਕਾਊਂਟੀ 'ਚ ਯੂ ਐੱਸ-101 'ਤੇ ਬੀ ਐੱਮ ਡਬਲਿਊ



ਕਾਰ ਬਹੁਤ ਤੇਜ਼ ਰਫ਼ਤਾਰ ਤੇ ਬੇਕਾਬੂ ਢੰਗ ਨਾਲ ਜਾ ਰਹੀ ਹੈ। ਇਸੇ ਖੇਤਰ 'ਚ ਰਹਿਣ ਵਾਲੀ ਸਪੀਅਰਜ਼ ਨੂੰ ਮੌਕੇ 'ਤੇ ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ। ਉਸ ਨੂੰ ਕਾਊਂਟੀ ਜੇਲ੍ਹ ਲਿਜਾਣ ਮਗਰੋਂ ਰਿਹਾਅ ਕਰ ਦਿੱਤਾ ਗਿਆ।

## ਨੌਕਰੀਆਂ 'ਚ ਵਿਦੇਸ਼ੀਆਂ ਨੂੰ ਤਰਜੀਹ ਦੇਣ ਦੇ ਦੋਸ਼ਾਂ ਤਹਿਤ ਇਕ ਫਰਮ ਨੂੰ ਜੁਰਮਾਨਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਯੂ ਐਸ ਨਿਆਂ ਵਿਭਾਗ ਨੇ ਨਿਊ ਜਰਸੀ ਦੀ ਇੱਕ ਟੈਕਨਾਲੋਜੀ ਸਰਵਿਸਜ ਫਰਮ ਨੂੰ ਨੌਕਰੀਆਂ ਸਬੰਧੀ ਦਿੱਤੇ ਇਸ਼ਤਿਹਾਰਾਂ ਵਿੱਚ ਅਮਰੀਕੀ ਨਾਗਰਿਕਾਂ ਦੀ ਬਜਾਏ ਵਿਦੇਸ਼ੀ ਵੀਜਾਧਾਰਕਾਂ ਨੂੰ ਤਰਜੀਹ ਦੇਣ ਦੇ ਦੋਸ਼ਾਂ ਤਹਿਤ 2,55,420 ਡਾਲਰਾਂ ਦਾ ਜੁਰਮਾਨਾ ਲਾਇਆ ਹੈ। ਇਸ ਤੋਂ ਇਲਾਵਾ ਕੰਪਨੀ ਇਕ ਅਮਰੀਕੀ ਨਾਗਰਕ ਨੂੰ 58000 ਡਾਲਰ ਦੇਵੇਗੀ ਜਿਸ ਨੂੰ ਅਮਰੀਕੀ ਹੋਣ ਕਾਰਨ ਭਰਤੀ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਸਿਵਲ ਰਾਈਟਸ ਡਵੀਜਨ ਨੇ ਕਿਹਾ ਹੈ ਕਿ ਕੰਪੂਨੈਲ ਸਾਫਟਵੇਅਰ ਗਰੁੱਪ ਇੰਕ ਨੇ ਇਮਗ੍ਰੇਸ਼ਨ ਐਂਡ ਨੈਸ਼ਨੈਲਿਟੀ ਐਕਟ ਦੀ ਉਲੰਘਣਾ ਕੀਤੀ ਹੈ। ਕੰਪਨੀ ਨੇ ਅਮਰੀਕੀ ਨਾਗਰਿਕਾਂ ਤੇ ਸਥਾਈ ਵਾਸੀਆਂ ਦੀ ਬਜਾਏ ਐਚ- ਬੀ ਤੇ ਹੋਰ ਆਰਜੀ ਵੀਜੇ ਵਾਲਿਆਂ ਨੂੰ ਤਰਜੀਹ ਦਿੱਤੀ । ਅਸਿਸਟੈਂਟ ਅਟਾਰਨੀ ਜਨਰਲ ਹਰਮੀਤ ਕੌਰ ਢਿਲੋਂ ਨੇ ਕਿਹਾ ਹੈ ਕਿ ਕੰਪਨੀ ਮਾਲਕ ਨਾਗਰਿਕਤਾ ਰੁੱਤਬੇ ਦੇ ਆਧਾਰ 'ਤੇ ਅਮਰੀਕੀਆਂ ਨਾਲ ਭੇਦ ਭਾਵ ਨਹੀਂ ਕਰ ਸਕਦੇ। ਅਜਿਹਾ ਕਰਨਾ ਗੈਰ ਕਾਨੂੰਨੀ ਹੈ।

### ਆਸਟ੍ਰੇਲੀਆਈ ਫੌਜ ਨੇ ਰਚਿਆ ਇਤਿਹਾਸ

## 125 ਸਾਲਾਂ ਵਿੱਚ ਪਹਿਲੀ ਵਾਰ ਔਰਤ ਬਣੀ ਫੌਜ ਮੁਖੀ

ਸਿਡਨੀ : ਆਸਟ੍ਰੇਲੀਆ ਨੇ ਆਪਣੀ ਫੌਜੀ ਲੀਡਰਸ਼ਿਪ ਵਿੱਚ ਇੱਕ ਵੱਡਾ ਅਤੇ ਇਤਿਹਾਸਕ ਬਦਲਾਅ ਕੀਤਾ ਹੈ, ਪਹਿਲੀ ਵਾਰ ਇੱਕ ਔਰਤ ਨੂੰ ਫੌਜ ਮੁਖੀ ਨਿਯੁਕਤ ਕੀਤਾ ਹੈ। ਲੈਫਟੀਨੈਂਟ ਜਨਰਲ ਸੁਜ਼ਨ ਕੋਇਲ ਜੁਲਾਈ ਤੋਂ ਆਸਟ ?ਰੇਲੀਆਈ ਫੌਜ ਦੀ ਕਮਾਨ ਸੰਭਾਲਣਗੇ। ਉਹ ਦੇਸ਼ ਦੇ 125 ਸਾਲਾਂ ਦੇ ਫੌਜੀ ਇਤਿਹਾਸ ਵਿੱਚ ਇਸ ਅਹੁਦੇ 'ਤੇ ਕਾਬਜ਼ ਹੋਣ ਵਾਲੀ ਪਹਿਲੀ ਔਰਤ ਹੋਵੇਗੀ। ਇੱਕ ਸਰਕਾਰੀ ਬਿਆਨ ਦੇ ਅਨੁਸਾਰ, ਸੁਜ਼ਨ ਕੋਇਲ ਮੌਜੂਦਾ ਫੌਜ ਮੁਖੀ, ਲੈਫਟੀਨੈਂਟ ਜਨਰਲ ਸਾਈਮਨ ਸਟੂਅਰਟ ਦੀ ਜਗ੍ਹਾ ਲਵੇਗੀ। ਉਹ ਵਰਤਮਾਨ ਵਿੱਚ ਸਾਂਝੀ ਸਮਰੱਥਾਵਾਂ ਦੇ ਮੁਖੀ ਵਜੋਂ ਸੇਵਾ ਨਿਭਾਉਂਦੇ ਹਨ ਅਤੇ ਲੰਬੇ ਸਮੇਂ ਤੋਂ ਫੌਜੀ ਲੀਡਰਸ਼ਿਪ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਰਹੇ ਹਨ।

ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਇਸ ਨਿਯੁਕਤੀ ਨੂੰ 'ਇਤਿਹਾਸਕ ਪਲ' ਦੱਸਿਆ, ਕਿਹਾ ਕਿ ਇਹ ਨਾ ਸਿਰਫ਼ ਫੌਜ ਲਈ ਸਗੋਂ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਰੱਖਿਆ ਮੰਤਰੀ ਰਿਚਰਡ ਮਾਰਲਸ ਨੇ ਵੀ ਕੋਇਲ ਦੀ ਨਿਯੁਕਤੀ ਨੂੰ ਮਹਿਲਾ



ਲੀਡਰਸ਼ਿਪ ਲਈ ਪ੍ਰੇਰਨਾ ਵਜੋਂ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ, 'ਤੁਸੀਂ ਸਿਰਫ਼ ਉਹੀ ਬਣ ਸਕਦੇ ਹੋ ਜੋ ਤੁਸੀਂ ਦੇਖਦੇ ਹੋ' ਅਤੇ ਕੋਇਲ ਦੀਆਂ ਪ੍ਰਾਪਤੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਪੱਧਰਾ ਕਰਨਗੀਆਂ। 55 ਸਾਲਾ ਸੁਜ਼ਨ ਕੋਇਲ 1987 ਵਿੱਚ ਫੌਜ ਵਿੱਚ ਸ਼ਾਮਲ ਹੋਈ ਸੀ ਅਤੇ ਉਦੋਂ ਤੋਂ ਕਈ ਮਹੱਤਵਪੂਰਨ ਕਮਾਂਡ ਅਹੁਦਿਆਂ 'ਤੇ ਰਹਿ ਚੁੱਕੀ ਹੈ। ਉਹ ਆਸਟ੍ਰੇਲੀਆਈ ਰੱਖਿਆ ਬਲ (146) ਦੀ ਕਿਸੇ ਵੀ ਸ਼ਾਖਾ ਦੀ ਅਗਵਾਈ ਕਰਨ ਵਾਲੀ ਪਹਿਲੀ ਔਰਤ ਵੀ ਹੋਵੇਗੀ।

ਆਸਟ੍ਰੇਲੀਆਈ ਫੌਜ ਵਿੱਚ ਕਿੰਨੀਆਂ ਔਰਤਾਂ ਹਨ?

ਇਹ ਨਿਯੁਕਤੀ ਉਸ ਸਮੇਂ ਹੋਈ ਹੈ ਜਦੋਂ ਆਸਟ੍ਰੇਲੀਆਈ ਫੌਜ ਔਰਤਾਂ ਦੀ ਭਾਗੀਦਾਰੀ ਵਧਾਉਣ ਲਈ ਯਤਨਸ਼ੀਲ ਹੈ। ਵਰਤਮਾਨ ਵਿੱਚ, 146 ਵਿੱਚ ਔਰਤਾਂ ਦੀ ਗਿਣਤੀ ਲਗਭਗ 21% ਹੈ, ਜਦੋਂ ਕਿ ਸੀਨੀਅਰ ਲੀਡਰਸ਼ਿਪ ਵਿੱਚ ਇਹ ਅੰਕੜਾ 18.5% ਹੈ। ਫੌਜ ਨੇ 2030 ਤੱਕ ਇਸਨੂੰ 25% ਤੱਕ ਵਧਾਉਣ ਦਾ ਟੀਚਾ ਰੱਖਿਆ ਹੈ।

ਹਾਲ ਹੀ ਦੇ ਸਾਲਾਂ ਵਿੱਚ, 146 ਨੂੰ ਜਿਨਸੀ ਸ਼ੋਸ਼ਣ, ਵਿਤਕਰੇ ਅਤੇ ਸੁਰੱਖਿਆ ਖਾਮੀਆਂ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰਨਾ ਪਿਆ ਹੈ। ਪਿਛਲੇ ਅਕਤੂਬਰ ਵਿੱਚ, ਹਜ਼ਾਰਾਂ ਮਹਿਲਾ ਅਧਿਕਾਰੀਆਂ ਦੀ ਸੁਰੱਖਿਆ ਵਿੱਚ ਅਸਫਲਤਾ ਦਾ ਦੋਸ਼ ਲਗਾਉਂਦੇ ਹੋਏ ਇੱਕ ਕਲਾਸ-ਐਕਸ਼ਨ ਮੁਕੱਦਮਾ ਦਾਇਰ ਕੀਤਾ ਗਿਆ ਸੀ। ਕੋਇਲ ਦੀ ਨਿਯੁਕਤੀ ਨੂੰ ਸੁਧਾਰ ਅਤੇ ਤਬਦੀਲੀ ਵੱਲ ਇੱਕ ਮਹੱਤਵਪੂਰਨ ਕਦਮ ਮੰਨਿਆ ਜਾਂਦਾ ਹੈ।

# BASRA
## Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਗੁਰਬਾਣੀ ਅਨੁਸਾਰ ਮਾਇਆ ਕੀ ਹੈ?

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ॥
ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ॥੪॥ (ਧਨਾਸਰੀ ਮ: ੫, ਅੰਗ ੬੭੩)

ਅਤੇ ਹੁਕਮ ਕੀਤਾ ਹੈ ਕਿ :

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ॥
ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ॥
(ਵਡਹੰਸ ਮ: ੩, ਅੰਗ ੫੭੧)

ਨੌਵੇਂ ਗੁਰਦੇਵ ਜੀ ਇਸੇ ਦੀ ਹੀ ਪ੍ਰੋੜ੍ਹਤਾ ਕਰਦੇ ਹਨ ਕਿ ਜੇ ਮਨੁੱਖ ਪ੍ਰਭੂ ਜੀ ਦੀ ਭਗਤੀ ਦੇ ਰਸਤੇ ਨੂੰ ਫੜ ਲਵੇ ਅਤੇ ਭਗਤੀ ਕਰਨ ਲੱਗ ਜਾਵੇ, ਪ੍ਰਕਾਸ਼ ਸਰੂਪ ਪਰਮੇਸ਼ਰ ਦੇ ਗੁਣ ਗਾਵੇ ਤਾਂ ਇਸ ਜੀਵ ਦਾ ਭਟਕਦਾ ਮਨ ਟਿਕ ਸਕਦਾ ਹੈ। ਮਾਇਆ ਦੀ ਮਮਤਾ ਵੀ ਹਿਰਦੇ ਵਿੱਚੋਂ ਦੂਰ ਹੋ ਜਾਂਦੀ ਹੈ। ਹਿਰਦੇ ਵਿੱਚ ਬਿਬੇਕ-ਬੁੱਧੀ ਪ੍ਰਵੇਸ਼ ਕਰ ਜਾਂਦੀ ਹੈ। ਲੋਭ ਅਤੇ ਮੋਹ ਜੋ ਮਾਇਆ ਵਿੱਚ ਫਸਾਉਣ ਵਾਲੇ ਦੂਤ ਹਨ, ਉਹ ਨਜ਼ਦੀਕ ਨਹੀਂ ਆ ਸਕਦੇ। ਜਨਮ-ਜਨਮ ਦਾ ਜੋ ਸਹਿਸਾ ਬਣਿਆ ਹੋਇਆ ਸੀ, ਜਿਸ ਕਾਰਨ ਮਨ ਮਲੀਨ ਸੀ (ਸਹਸੈ ਜੀਉ ਮਲੀਣੁ ਹੈ), ਉਹ ਭੀ ਦੂਰ ਹੋ ਗਿਆ। ਮਨ ਵਿੱਚੋਂ ਸਾਰੀ ਤ੍ਰਿਸ਼ਨਾ ਮੁੱਕ ਗਈ। ਤ੍ਰਿਸ਼ਨਾ ਕਰਕੇ ਹੀ ਅਸ਼ਾਂਤੀ ਸੀ। ਜਦ ਤ੍ਰਿਸ਼ਨਾ ਖ਼ਤਮ ਹੋ ਗਈ, ਆਤਮਿਕ ਸੁੱਖ, ਸਦੀਵੀ ਸੁੱਖ ਪ੍ਰਾਪਤ ਹੋ ਗਿਆ ਪਰ ਇਹ ਨਾਮ-ਰੂਪੀ ਧਨ ਗੁਰੂ ਜੀ ਦੀ ਮਿਹਰ ਸਦਕਾ ਹੀ ਇਸ ਜੀਵ ਨੂੰ ਪ੍ਰਾਪਤ ਹੁੰਦਾ ਹੈ :

ਮਾਈ ਮੈ ਧਨੁ ਪਾਇਓ ਹਰਿ ਨਾਮੁ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥੧॥ ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥੩॥
(ਬਸੰਤ ਮ: ੯, ਅੰਗ ੧੧੮੬)

ਸਤਿਗੁਰੂ ਨਾਨਕ ਦੇਵ ਜੀ, ਮਨ ਦੇ ਉੱਪਰ ਜੋ ਮਾਇਆ ਦਾ ਭਰਮ ਭੁਲੇਖਾ ਪਿਆ ਹੋਇਆ ਹੈ, ਉਸ ਨੂੰ ਦੂਰ ਕਰਨ ਲਈ ਦੋ ਸਾਧਨ ਇਸ ਜੀਵ ਨੂੰ ਦੱਸਦੇ ਹਨ ਕਿ ਹੇ ਜੀਵ! ਜੇ ਆਤਮਾ ਸਾਫ਼ ਕਰਨੀ ਹੈ, ਅਸਲੀਅਤ ਨੂੰ ਪਛਾਣ ਕੇ ਆਤਮਿਕ ਅਨੰਦ ਮਾਨਣਾ ਚਾਹੁੰਦਾ ਹੈਂ ਤਾਂ ਇੰਝ ਕਰ ਕਿ ਮਨ ਨੂੰ ਉਸ ਪਰਮੇਸ਼ਰ ਦਾ ਵਪਾਰੀ (ਗੁਮਾਸ਼ਤਾ) ਬਣਾ ਕੇ ਉਸ ਵਾਹਿਗੁਰੂ ਜੀ ਨੂੰ ਆਪਣਾ ਮਾਲਕ ਜਾਣ ਕੇ ਅਰਦਾਸ ਕਰ ਅਤੇ ਜਸ (ਸਿਫ਼ਤ) ਰੂਪੀ ਨਾਮ ਦੀ ਰਾਸ ਨੂੰ ਇਕੱਠੀ ਕਰ। ਜੇ ਕਿਸੇ ਕਿਸਮ ਦੀ ਅੜਚਣ, ਨਾਮ ਦੀ ਰਾਸ ਵਿਹਾਝਣ ਲਈ ਪੈਂਦੀ ਹੈ ਤਦ ਵਾਹਿਗੁਰੂ ਜੀ ਨੂੰ ਆਪਾ ਸਮਰਪਿਤ ਕਰਕੇ ਅਰਦਾਸ ਕਰਿਆ ਕਰ ਕਿਉਂਕਿ ਅਰਦਾਸ ਵਿੱਚ ਬਹੁਤ ਵੱਡੀ ਤਾਕਤ ਹੈ। ਜਿੱਥੇ ਜੀਵ ਦਾ ਆਪਣਾ ਬਲ ਕੁਝ ਨਾ ਸਾਰੇ, ਉੱਥੇ ਪ੍ਰਭੂ ਪਰਾਇਣ ਹੋ ਕੇ ਕੀਤੀ ਅਰਦਾਸ ਰੰਗ ਲਿਆਉਂਦੀ ਹੈ:

ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥੪॥੧॥
(ਵਡਹੰਸ ਮ: ੧, ਅੰਗ ੫੫੭)

ਕਈ ਵਾਰੀ ਇਹ ਜੀਵ ਸਥੂਲ ਮਾਇਆ ਤੋਂ ਬਚਣ ਵਾਸਤੇ ਸ਼ੁਭ ਕਰਮ ਕਰਦੇ-ਕਰਦੇ ਸੂਖਮ ਮਾਇਆ ਦੀ ਲਪੇਟ 'ਚ ਆ ਜਾਂਦੇ ਹਨ ਜਿਵੇਂ ਬਾਬਾ ਕਬੀਰ ਜੀ ਨੇ ਫ਼ੁਰਮਾਨ ਕੀਤਾ ਹੈ ਕਿ :

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥




ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥
(ਸਲੋਕ ਕਬੀਰ ਜੀ, ਅੰਗ ੧੩੭੨)

ਜਪ-ਤਪ ਦਾ ਮਾਣ, ਨਿੱਤਨੇਮ ਦਾ ਮਾਣ, ਸ਼ੁਭ ਕਰਮਾਂ ਦਾ ਮਾਣ, ਨਾਮ-ਸਿਮਰਨ ਦਾ ਮਾਣ, ਦਾਨ-ਪੁੰਨ ਦਾ ਮਾਣ, ਤੀਰਥ-ਯਾਤਰਾ ਦਾ ਮਾਣ, ਪਰਉਪਕਾਰੀ ਹੋਣ ਦਾ ਮਾਣ ਅਤੇ ਹੋਰ ਬੇਅੰਤ ਸ਼ੁਭ ਕਰਮਾਂ ਦੇ ਮਾਣ ਕਰਨ ਨਾਲ ਆਤਮਾ ਉੱਪਰ ਸੂਖ਼ਮ ਮੈਲ ਲੱਗ ਜਾਂਦੀ ਹੈ, ਜਿਸ ਤੋਂ ਤਾਂ ਕੋਈ ਭਾਗਾਂ ਵਾਲਾ ਵਿਰਲਾ ਹੀ ਬਚਦਾ ਹੈ :

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥੨॥
(ਰਾਮਕਲੀ ਰਵਿਦਾਸ ਜੀ, ਅੰਗ ੯੭੪)

ਇਸ ਸੂਖਮ ਮਾਣ ਤੋਂ ਛੁਟਕਾਰਾ ਪੂਰੇ ਗੁਰੂ ਦੀ ਸ਼ਰਨ ਵਿੱਚ ਪੂਰਨ ਤੌਰ ਤੇ ਆਉਣ ਅਤੇ ਸ਼ਬਦ ਦੀ ਕਮਾਈ ਨਾਲ ਹੁੰਦਾ ਹੈ :

ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ॥੧॥
(ਸੂਹੀ ਛੰਤ ਮ: ੪, ਅੰਗ ੭੭੬)

ਅਰਦਾਸ ਕਿਵੇਂ ਕਰਨੀ ਹੈ? ਆਪਾ ਭਾਵ ਤਿਆਗ ਕੇ, ਪਰਮੇਸ਼ਰ ਪਰਾਇਣ ਹੋ ਕੇ। ਅਰਦਾਸ ਦਾ ਭੀ ਮਾਣ ਨਹੀਂ ਕਰਨਾ। ਇਸ ਦਰ ਤੋਂ ਤਾਂ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ, ਨਿਓਟਿਆਂ ਨੂੰ ਓਟ ਮਿਲਦੀ ਹੈ :

ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥ (ਸਵਯੇ ਮ: ੫, ਅੰਗ ੧੩੮੬)

ਅਤੇ ਦਾਤਾ!

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥
(ਵਾਰ ਸੂਹੀ ਕੀ, ਸਲੋਕ ਮ: ੨, ਅੰਗ ੭੯੧)

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ॥
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥
(ਬਿਹਾਗੜਾ ਮ: ੫, ਛੰਤ, ਅੰਗ ੫੪੭)

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥੧॥
ਜਿਹਵਾ ਏਕ ਕਵਨ ਗੁਨ ਕਹੀਐ॥
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥੧॥ ਰਹਾਉ॥
ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥
ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥੨॥
ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥
ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥੩॥੧੨॥
(ਧਨਾਸਰੀ ਮ: ੫, ਅੰਗ ੬੭੪)

ਆਪਣੇ ਆਪ ਨੂੰ ਗੁਨਹਗਾਰ ਮੰਨ ਕੇ ਢਹਿ ਕੇ ਬੇਨਤੀ ਕਰਨੀ ਹੈ :

ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥
ਕੇਤੇ ਗਨਉ ਅਸੰਖ ਅਵਗਣ ਮੇਰਿਆ॥
ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ॥
ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ॥
ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ॥
ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ॥੧॥
(ਜੈਤਸਰੀ ਮ: ੫, ਅੰਗ ੭੦੪)

ਅਤੇ

ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ॥
ਪਾਰਬ੍ਰਹਮ ਪਰਮੇਸਰ ਸਤਿਗੁਰ
ਹਮ ਬਾਰਿਕ ਤੁਮ੍ ਪਿਤਾ ਕਿਰਪਾਲ॥੧॥ ਰਹਾਉ॥
ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮ੍ਰੀ ਘਾਲ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ॥੧॥
ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ॥
ਤਨੁ ਮਨੁ ਸੀਤਲੁ ਹੋਇ ਹਮਾਰੋ ਨਾਨਕ ਪ੍ਰਭ ਜੀਉ ਨਦਰਿ ਨਿਹਾਲ॥੨॥
(ਬਿਲਾਵਲੁ ਮ: ੫, ਅੰਗ ੮੨੮)

ਤਥਾ

(ਚਲਦਾ)

# ਵਿਸਾਖੀ ਮੌਕੇ ਬਰੈਂਪਟਨ ਸਿਟੀ ਹਾਲ 'ਚ ਲਹਿਰਾਇਆ ਕੇਸਰੀ ਝੰਡਾ

## ਸਿੱਖ ਵਿਰਾਸਤੀ ਮਹੀਨੇ ਨੂੰ ਸਮਰਪਿਤ ਕਰਾਇਆ ਖਾਸ ਸਮਾਗਮ, ਸ਼ੁਰੂਆਤ ਬੱਚਿਆਂ ਵੱਲੋਂ ਕੀਤੇ ਰਸਭਰੇ ਸ਼ਬਦ ਕੀਰਤਨ ਨਾਲ ਹੋਈ











ਬਰੈਂਪਟਨ : ਬੀਤੇ ਦਿਨੀਂ ਬਰੈਂਪਟਨ ਸਿਟੀ ਹਾਲ ਵਿਖੇ ਸਿੱਖ ਵਿਰਾਸਤ ਅਤੇ ਏਕਤਾ ਨੂੰ ਦਰਸਾਉਂਦਾ ਇੱਕ ਸ਼ਾਨਦਾਰ ਕੇਸਰੀ ਝੰਡਾ ਲਹਿਰਾਉਣ ਦਾ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ। ਇਹ ਵਿਸ਼ੇਸ਼ ਸਮਾਗਮ ਅਪ੍ਰੈਲ ਮਹੀਨੇ ਦੌਰਾਨ ਮਨਾਏ ਜਾਂਦੇ ਸਿੱਖ ਵਿਰਾਸਤੀ ਮਹੀਨੇ ਦੇ ਤਹਿਤ ਕਰਵਾਇਆ ਗਿਆ, ਜਿਸ ਦਾ ਮਕਸਦ ਸਿੱਖ ਕੌਮ ਦੇ ਇਤਿਹਾਸ, ਸੰਸਕਾਰ ਅਤੇ ਯੋਗਦਾਨਾਂ ਨੂੰ ਮਾਣ ਦੇਣਾ ਸੀ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਅਤੇ ਸਥਾਨਕ ਨਿਵਾਸੀਆਂ ਨੇ ਹਾਜ਼ਰੀ ਲਵਾਈ। ਸਮਾਗਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਕੀਤੇ ਗਏ ਰਸਭਰੇ ਸ਼ਬਦ ਕੀਰਤਨ ਨਾਲ ਹੋਈ। ਇਸ ਤੋਂ ਬਾਅਦ ਵੱਖ-ਵੱਖ ਆਗੂਆਂ ਅਤੇ ਮਹਿਮਾਨਾਂ ਵੱਲੋਂ ਭਾਸ਼ਣ ਕੀਤੇ ਗਏ, ਜਿਨ੍ਹਾਂ ਵਿੱਚ ਸਿੱਖ ਕੌਮ ਦੇ ਇਤਿਹਾਸਕ ਯੋਗਦਾਨਾਂ ਅਤੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਦੀ ਮਹੱਤਵਪੂਰਨ ਭੂਮਿਕਾ ਬਾਰੇ ਚਰਚਾ ਕੀਤੀ ਗਈ। ਇਸ ਮੌਕੇ 'ਤੇ ਸ਼ਹਿਰ ਦੇ ਮੇਅਰ ਪੈਟਰਿਕ ਬਰਾਊਨ, ਕੌਂਸਲਰ ਗੁਰਪ੍ਰਤਾਪ ਸਿੰਘ ਤੂਰ ਅਤੇ ਐੱਮਪੀਪੀ ਅਮਰਜੋਤ ਸੰਧੂ ਸਮੇਤ ਸਿਟੀ ਕੌਂਸਲ ਦੇ ਹੋਰ ਮੈਂਬਰਾਂ ਦੀ ਵੀ ਖਾਸ ਹਾਜ਼ਰੀ ਰਹੀ। ਉਨ੍ਹਾਂ ਨੇ ਆਪਣੇ ਸੰਬੋਧਨਾਂ ਦੌਰਾਨ ਕਿਹਾ ਕਿ ਬਰੈਂਪਟਨ ਦੀ ਤਰੱਕੀ ਵਿੱਚ ਸਿੱਖ ਭਾਈਚਾਰੇ ਦਾ ਯੋਗਦਾਨ ਬੇਮਿਸਾਲ ਹੈ ਅਤੇ ਅਜਿਹੇ ਸਮਾਗਮ ਸੱਭਿਆਚਾਰਕ ਵਿਰਾਸਤ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਇਸ ਦੇ ਨਾਲ ਹੀ ਅਮਰਜੀਤ ਸਿੰਘ ਮਾਨ, ਜੋ ਓਨਟਾਰੀਓ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਨ, ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਸਿੱਖ ਮੋਟਰਸਾਈਕਲ ਕਲੱਬ ਦੇ ਕਈ ਮੈਂਬਰਾਂ ਨੇ ਵੀ ਆਪਣੀ ਹਾਜ਼ਰੀ ਨਾਲ ਸਮਾਗਮ ਦੀ ਸ਼ੋਭਾ ਵਧਾਈ। ਹਾਜ਼ਰ ਲੋਕਾਂ ਲਈ ਚਾਹ ਅਤੇ ਪਕੌੜਿਆਂ ਦਾ ਪ੍ਰਬੰਧ ਕੀਤਾ ਗਿਆ ਸੀ। ਬੁਲਾਰਿਆਂ ਨੇ ਇਹ ਵੀ ਉਜਾਗਰ ਕੀਤਾ ਕਿ ਸਿੱਖ ਵਿਰਾਸਤੀ ਮਹੀਨਾ ਸਿਰਫ਼ ਮਨਾਉਣ ਲਈ ਨਹੀਂ, ਸਗੋਂ ਸਿੱਖ ਇਤਿਹਾਸ ਦੀਆਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਨ ਅਤੇ ਉਨ੍ਹਾਂ ਤੋਂ ਪ੍ਰੇਰਣਾ ਲੈਣ ਦਾ ਸਮਾਂ ਹੈ। ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖੀ ਦੇ ਮੂਲ ਸਿਧਾਂਤਾਂ ਨਾਲ ਜੋੜਨ, ਤਾਂ ਜੋ ਅਗਲੀ ਪੀੜ੍ਹੀ ਆਪਣੇ ਧਰਮ ਅਤੇ ਸੰਸਕਾਰਾਂ ਨਾਲ ਜੁੜੀ ਰਹੇ।

# ਅਮਰੀਕਾ ਵਿਚ 12 ਪੰਜਾਬੀ ਡਰਾਈਵਰਾਂ 'ਤੇ ਦੂਹਰੀ ਮਾਰ

### ਅਮਰੀਕਾ ਵਿਚ ਚੁੱਪ-ਚਪੀਤੇ ਟਰੱਕ ਚਲਾ ਕੇ ਆਪਣਾ ਗੁਜ਼ਾਰਾ ਚਲਾ ਰਹੇ 12 ਪੰਜਾਬੀ ਡਰਾਈਵਰ ਲਾਅ ਐਨ.ਫੋਰਸਮੈਂਟ ਏਜੰਸੀਆਂ ਦੇ ਅੜਿੱਕੇ ਆ ਗਏ

ਫ਼ਲੋਰੀਡਾ : ਅਮਰੀਕਾ ਵਿਚ ਚੁੱਪ-ਚਪੀਤੇ ਟਰੱਕ ਚਲਾ ਕੇ ਆਪਣਾ ਗੁਜ਼ਾਰਾ ਚਲਾ ਰਹੇ 12 ਪੰਜਾਬੀ ਡਰਾਈਵਰ ਲਾਅ ਐਨਫ਼ੋਰਸਮੈਂਟ ਏਜੰਸੀਆਂ ਦੇ ਅੜਿੱਕੇ ਆ ਗਏ ਜਿਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਫ਼ਲੋਰੀਡਾ ਵਿਚ ਚਾਰ ਦਿਨ ਤੱਕ ਜਾਰੀ ਰਹੇ ਅਪ੍ਰੇਸ਼ਨ ਹਾਈਵੇਅ ਸ਼ੀਲਡ ਦੌਰਾਨ 3,300 ਤੋਂ ਵੱਧ ਕਮਰਸ਼ੀਅਲ ਵ ?ਹੀਕਲਜ਼ ਦੀ ਚੈਕਿੰਗ ਕੀਤੀ ਗਈ ਅਤੇ ਇਨ੍ਹਾਂ ਵਿਚੋਂ ਕਈ ਅੰਗਰੇਜ਼ੀ ਨਾ ਆਉਂਦੀ ਹੋਣ ਕਰ ਕੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਗਵਾ ਬੈਠੇ ਅਤੇ ਕੁਝ ਇੰਮੀਗ੍ਰੇਸ਼ਨ ਸ਼ਰਤਾਂ ਦੀ ਸਿੱਧੇ ਤੌਰ 'ਤੇ ਉਲੰਘਣਾ ਕਰਦੇ ਫੜੇ ਗਏ। 176 ਡਰਾਈਵਰਾਂ ਨੂੰ ਪੱਕੇ ਤੌਰ 'ਤੇ ਟਰੱਕ ਡਰਾਈਵਿੰਗ ਦੇ ਕਿੱਤੇ ਵਿਚੋਂ ਬਾਹਰ ਕੱਢ ਦਿਤਾ ਗਿਆ ਹੈ ਜਿਨ੍ਹਾਂ ਵਿਚੋਂ 54 ਅੰਗਰੇਜ਼ੀ ਦੀ ਮਾਰ ਹੇਠ ਆਏ।

**ਫ਼ਲੋਰੀਡਾ 'ਚ ਅਪ੍ਰੇਸ਼ਨ ਹਾਈਵੇਅ ਸ਼ੀਲਡ ਦੌਰਾਨ 176 ਡਰਾਈਵਰ ਟੰਗੇ :** ਇਸ ਤੋਂ ਇਲਾਵਾ 35 ਜਣਿਆਂ ਨੂੰ ਅਪਰਾਧਕ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਜਦਕਿ 42 ਜਣੇ ਇੰਮੀਗ੍ਰੇਸ਼ਨ ਪੱਖੋਂ ਕੱਚੇ ਸਾਬਤ ਹੋਏ। ਫ਼ਲੋਰੀਡਾ ਹਾਈਵੇ ਪੈਟਰੋਲ ਤੋਂ ਇਲਾਵਾ ਇਸ ਵੱਡੀ ਮੁਹਿੰਮ ਵਿਚ ਅਮਰੀਕਾ ਦੇ ਟਰਾਂਸਪੋਰਟੇਸ਼ਨ ਵਿਭਾਗ, ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਮਹਿਕਮੇ ਅਤੇ ਫਲੋਰੀਡਾ ਦੇ ਖੇਤੀ ਅਤੇ ਖਪਤਕਾਰ ਸੇਵਾਵਾਂ ਵਿਭਾਗ ਦੀਆਂ ਟੀਮਾਂ ਨੇ ਸ਼ਮੂਲੀਅਤ ਕੀਤੀ। ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਦੇ ਸਪੁਰਦ ਕੀਤੇ ਭਾਰਤੀ ਡਰਾਈਵਰਾਂ ਦੀ ਪਛਾਣ ਫ਼ਿਲਹਾਲ ਜਨਤਕ ਨਹੀਂ ਕੀਤੀ ਗਈ ਪਰ ਜਲਦ ਹੀ ਇਨ੍ਹਾਂ ਦੀਆਂ ਤਸਵੀਰਾਂ ਅਤੇ ਹੋਰ ਵੇਰਵੇ ਸਾਹਮਣੇ ਆ ਸਕਦੇ ਹਨ।

**ਕੋਈ ਗੈਰਕਾਨੂੰਨੀ ਪ੍ਰਵਾਸੀ ਅਤੇ ਕੋਈ ਅੰਗਰੇਜ਼ੀ ਪੱਖੋਂ ਸੱਖਣਾ ਸਾਬਤ :** ਇਥੇ ਦਸਣਾ ਬਣਦਾ ਹੈ ਕਿ ਹਰਜਿੰਦਰ ਸਿੰਘ ਦੇ ਯੂ-ਟਰਲ ਵਾਲਾ ਹਾਦਸਾ ਫਲੋਰੀਡਾ ਸੂਬੇ ਦੇ ਹਾਈਵੇਅ 'ਤੇ ਹੀ ਵਾਪਰਿਆ ਅਤੇ ਪਿਛਲੇ ਦਿਨੀਂ ਅਮਰੀਕਾ ਦੇ ਇੰਡਿਆਨਾ ਸੂਬੇ ਵਿਚ ਨੌਨ ਡੌਮੀਸਾਈਲ ਡਰਾਈਵਰਾਂ ਦੇ ਲਾਇਸੰਸ ਰੱਦ ਕਰ ਦਿਤੇ ਗਏ। ਨਵੇਂ ਕਾਨੂੰਨ ਤਹਿਤ ਤਕਰੀਬਨ 1,800 ਪ੍ਰਵਾਸੀਆਂ ਦੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਰੱਦ ਹੋਏ। ਇੰਡਿਆਨਾ ਵਿਚ ਟਰੱਕ ਡਰਾਈਵਰਾਂ ਦੀ ਸ਼ਮੂਲੀਅਤ ਵਾਲੇ ਕਈ ਜਾਨਲੇਵਾ ਹਾਦਸਿਆਂ ਮਗਰੋਂ ਸੂਬੇ ਅਸੈਂਬਲੀ ਵਿਚ ਹਾਊਸ ਐਨਰੋਲਡ ਐਕਟ 1200 ਪਾਸ ਕੀਤਾ ਗਿਆ ਜਿਸ ਤਹਿਤ ਐਚ-2 ਏ, ਐਚ-2ਬੀ ਅਤੇ ਈ-2 ਵੀਜ਼ਾ ਵਾਲੇ ਪ੍ਰਵਾਸੀ ਹੀ ਸੀ.ਡੀ.ਐਲ. ਵਾਸਤੇ ਅਧਿਕਾਰਤ ਹਨ। ਇੰਡਿਆਨਾ ਬਿਊਰੋ ਆਫ਼ ਮੋਟਰ ਵਹੀਕਲਜ਼ ਨੇ ਬੀਤੀ 16 ਮਾਰਚ ਨੂੰ 1,790 ਨੌਨ-ਡੌਮੀਸਾਈਲ ਡਰਾਈਵਰਾਂ ਨੂੰ ਨੋਟਿਸ ਜਾਰੀ ਕਰਦਿਆਂ ਸੁਚੇਤ ਕਰ ਦਿਤਾ ਕਿ 1 ਅਪ੍ਰੈਲ ਤੋਂ ਉਨ੍ਹਾਂ ਦੇ ਸੀ.ਡੀ.ਐਲ ਰੱਦ ਮੰਨੇ ਜਾਣਗੇ।

# ਖ਼ਾਲਸਾ ਸਾਜਨਾ ਦਿਹਾੜੇ ਮੌਕੇ ਵੈਨਕੂਵਰ ਵਿਖੇ ਸਜਾਇਆ ਅਲੌਕਿਕ ਨਗਰ ਕੀਰਤਨ



ਵੈਨਕੂਵਰ : ਖ਼ਾਲਸਾ ਸਾਜਨਾ ਦਿਹਾੜੇ ਅਤੇ ਵਿਸਾਖੀ ਮੌਕੇ ਵੈਨਕੂਵਰ ਵਿਖੇ ਸਜਾਏ ਅਲੌਕਿਕ ਨਗਰ ਕੀਰਤਨ ਦੌਰਾਨ ਲੱਖਾਂ ਦੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਭਰਦਿਆਂ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਸਜਾਏ ਨਗਰ ਕੀਰਤਨ ਵਿਚ ਹਰ ਧਰਮ ਅਤੇ ਤਬਕੇ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਪਿਛਲੇ ਵਰ੍ਹੇ ਲਾਪੂ ਲਾਪੂ ਫ਼ੈਸਟੀਵਲ ਦੌਰਾਨ ਵਾਪਰੀ ਤਰਾਸਦੀ ਦੇ ਮੱਦੇਨਜ਼ਰ ਸੁਰੱਖਿਆ ਦੇ ਕਰੜੇ ਇੰਤਜ਼ਾਮ ਕੀਤੇ ਗਏ। ਪੁਲਿਸ ਨੇ ਕਈ ਇੰਟਰਸੈਕਸ਼ਨਜ਼ 'ਤੇ ਸਾਧਾਰਣ ਆਵਾਜਾਈ ਰੋਕਣ ਵਾਸਤੇ ਡੰਪ ਟਰੱਕ ਖੜ੍ਹੇ ਕੀਤੇ ਅਤੇ ਵੱਡੀ ਗਿਣਤੀ ਵਿਚ ਪੁਲਿਸ ਮੁਲਾਜ਼ਮ ਨਗਰ ਕੀਰਤਨ ਦੌਰਾਨ ਨਜ਼ਰ ਆਏ।

ਖ਼ਾਲਸਾ ਦੀਵਾਨ ਸੋਸਾਇਟੀ ਦੇ ਮੀਤ ਪ੍ਰਧਾਨ ਜਗਦੀਪ ਸਿੰਘ ਸੰਘੇੜਾ ਨੇ ਦੱਸਿਆ ਕਿ 47 ਸਾਲ ਤੋਂ ਵੈਨਕੂਵਰ ਵਿਖੇ ਨਗਰ ਕੀਰਤਨ ਸਜਾਉਣ ਦਾ ਸਿਲਸਿਲਾ ਜਾਰੀ ਹੈ ਜਿਸ ਰਾਹੀਂ ਕੈਨੇਡੀਅਨਜ਼ ਨੂੰ ਇਕ-ਦੂਜੇ ਦੇ ਨੇੜੇ ਲਿਆਉਣ ਦਾ ਮੌਕਾ ਮਿਲਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨਗਰ ਕੀਰਤਨ ਦੇ ਰੂਟ ਬਾਰੇ ਪਿਛਲੇ 6 ਮਹੀਨੇ ਤੋਂ ਯੋਜਨਾਬੰਦੀ ਚੱਲ ਰਹੀ ਸੀ ਅਤੇ ਇਸ ਵਾਰ ਮਰੀਨ ਡਰਾਈਵ ਇਲਾਕਾ ਹਟਾ ਦਿਤਾ ਗਿਆ ਜਿਸ ਦੇ ਸਿੱਟੇ ਵਜੋਂ ਨਗਰ ਕੀਰਤਨ ਦਾ ਰੂਟ ਤਕਰੀਬਨ ਪੰਜ ਕਿਲੋਮੀਟਰ ਘਟਿਆ ਪਰ ਵਧੇਰੇ ਸੁਰੱਖਿਆ ਪ੍ਰਬੰਧਾਂ ਕਰ ਕੇ ਇਸ ਵਾਰ ਖਰਚੇ ਵਿਚ ਵਾਧਾ ਹੋਇਆ ਹੈ। ਨਿਊ ਵੈਸਟਮਿੰਸਟਰ ਤੋਂ ਪਰਵਾਰ ਸਣੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਪੁੱਜੇ ਬਿਕਰਮਦੀਪ ਸਿੰਘ ਦਾ ਕਹਿਣਾ ਸੀ ਕਿ ਨਵਾਂ ਰੂਟ ਜਿਥੇ ਟਰੈਫ਼ਿਕ ਦੇ ਨਜ਼ਰੀਏ ਤੋਂ ਬਿਹਤਰ ਰਿਹਾ, ਉਥੇ ਹੀ ਸੁਰੱਖਿਆ ਪ੍ਰਬੰਧ ਵੀ ਸਾਫ਼ ਨਜ਼ਰ ਆ ਰਹੇ ਸਨ।

ਦੂਜੇ ਪਾਸੇ ਸੰਗਤ ਲਈ ਲੰਗਰ ਦੀ ਸੇਵਾ ਕਰ ਰਹੇ ਹਰਜ ਸੰਘੇੜਾ ਨੇ ਦੱਸਿਆ ਕਿ ਉਨ੍ਹਾਂ ਦਾ ਸਾਰਾ ਪਰਵਾਰ ਅਤੇ ਰਿਸ਼ਤੇਦਾਰ ਸੇਵਾ ਵਿਚ ਜੁਟੇ ਹੋਏ ਹਨ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾ ਰਿਹਾ ਹੈ। ਇਕ ਅੰਦਾਜ਼ੇ ਮੁਤਾਬਕ ਨਗਰ ਕੀਰਤਨ ਦੌਰਾਨ ਢਾਈ ਤੋਂ ਤਿੰਨ ਲੱਖ ਸ਼ਰਧਾਲੂ ਸ਼ਾਮਲ ਹੋਏ। ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਖ਼ਾਸ ਤੌਰ 'ਤੇ ਨਗਰ ਕੀਰਤਨ ਵਿਚ ਸ਼ਾਮਲ ਹੋਏ ਅਤੇ ਸਿੱਖ ਭਾਈਚਾਰੇ ਵੱਲੋਂ ਸੂਬੇ ਅਤੇ ਮੁਲਕ ਵਿਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ। ਵੈਨਕੂਵਰ ਤੋਂ ਕੌਂਸਲਰ ਪੀਟ ਫਰਾਇ ਨੇ ਨਗਰ ਕੀਰਤਨ ਵਿਚ ਸ਼ਾਮਲ ਹੁੰਦਿਆਂ ਸਿੱਖ ਭਾਈਚਾਰੇ ਨੂੰ ਖ਼ਾਲਸਾ ਸਾਜਨਾ ਦਿਹਾੜੇ ਦੀਆਂ ਵਧਾਈਆਂ ਦਿਤੀਆਂ ਅਤੇ ਸਿੱਖੀ ਵਿਚ ਨਿਸ਼ਕਾਮ ਸੇਵਾ ਦੇ ਸਿਧਾਂਤ ਨੂੰ ਸਮੁੱਚੀ ਦੁਨੀਆਂ ਲਈ ਚਾਨਣ ਮੁਨਾਰਾ ਦੱਸਿਆ।

# ਕੈਨੇਡਾ ਵਿੱਚ ਸੁਣਵਾਈ ਦੌਰਾਨ ਬਿਸ਼ਨੋਈ ਗੈਂਗ ਦਾ ਮੈਂਬਰ ਲਾਪਤਾ

### ਡਿਪੋਰਟੇਸ਼ਨ ਦੀ ਕਾਰਵਾਈ ਰੁਕੀ



ਚੰਡੀਗੜ੍ਹ : ਕੈਨੇਡੀਅਨ ਅਧਿਕਾਰੀਆਂ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਕਥਿਤ ਗੁਰਗੇ ਅਭਿਜੀਤ ਕਿੰਗਰਾ ਦੇ ਦੇਸ਼ ਨਿਕਾਲੇ ਦੀ ਸੁਣਵਾਈ ਉਸ ਸਮੇਂ ਅਚਾਨਕ ਰੋਕ ਦਿੱਤੀ, ਜਦੋਂ ਉਹ ਵਰਚੁਅਲ ਕਾਰਵਾਈ ਦੌਰਾਨ ਉਸ ਦਾ ਪਤਾ ਲਗਾਉਣ ਵਿੱਚ ਅਸਫਲ ਰਹੇ। ਗਲੋਬਲ ਨਿਊਜ਼ ਦੀ ਰਿਪੋਰਟ ਅਨੁਸਾਰ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੇ ਮੈਂਬਰ ਨੇ ਸੁਣਵਾਈ ਬੰਦ ਕਰਨ ਤੋਂ ਪਹਿਲਾਂ ਕਿਹਾ, 'ਇਹ ਜਾਣੇ ਬਿਨਾਂ ਕਿ ਉਹ ਕਿੱਥੇ ਹੈ, ਅਸੀਂ ਹੋਰ ਬਹੁਤ ਕੁੱਝ ਨਹੀਂ ਕਰ ਸਕਦੇ।'

ਕਿੰਗਰਾ, ਜਿਸ ਨੇ 2024 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਕੋਲਵੁੱਡ ਵਿੱਚ ਪੰਜਾਬੀ ਗਾਇਕ ਏਪੀ ਢਿੱਲੋਂ ਦੀ ਰਿਹਾਇਸ਼ 'ਤੇ ਟਾਰਗੇਟਿਡ ਫਾਇਰਿੰਗ ਅਤੇ ਅਗਜ਼ਨੀ ਦਾ ਹਮਲਾ ਕੀਤਾ ਸੀ, ਹਿਰਾਸਤ ਵਿੱਚ ਹੈ। ਹਾਲਾਂਕਿ, ਅਧਿਕਾਰੀਆਂ ਨੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਜਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਸੂਚਿਤ ਕੀਤੇ ਬਿਨਾਂ ਉਸ ਨੂੰ ਇੱਕ ਜੇਲ੍ਹ ਤੋਂ ਦੂਜੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਸੀ।

ਪਰ ਅਧਿਕਾਰੀਆਂ ਨੇ ਕੁਝ ਹੀ ਮਿੰਟਾਂ ਵਿੱਚ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੀ ਸੁਣਵਾਈ ਰੋਕ ਦਿੱਤੀ ਕਿਉਂਕਿ ਕੋਈ ਵੀ ਕਿੰਗਰਾ ਦੀ ਲੋਕੇਸ਼ਨ ਦੀ ਪੁਸ਼ਟੀ ਨਹੀਂ ਕਰ ਸਕਿਆ। ਅਧਿਕਾਰੀਆਂ ਨੇ ਬਾਅਦ ਵਿੱਚ ਪੁਸ਼ਟੀ ਕੀਤੀ ਕਿ ਉਹ ਹਿਰਾਸਤ ਵਿੱਚ ਹੀ ਸੀ, ਪਰ ਇਸ ਦੇਰੀ ਲਈ ਮਾੜੇ ਤਾਲਮੇਲ ਨੂੰ ਜ਼ਿੰਮੇਵਾਰ ਠਹਿਰਾਇਆ।

ਜ਼ਿਕਰਯੋਗ ਹੈ ਕਿ ਗੈਂਗ ਦੇ ਹੁਕਮਾਂ 'ਤੇ ਕਿੰਗਰਾ ਨੇ ਏਪੀ ਢਿੱਲੋਂ ਦੇ ਘਰ 'ਤੇ ਕਈ ਰਾਉਂਡ ਫਾਇਰ ਕੀਤੇ ਅਤੇ ਦੋ ਵਾਹਨਾਂ ਨੂੰ ਅੱਗ ਲਾ ਦਿੱਤੀ ਸੀ। ਉਸ ਨੇ ਪੂਰੇ ਹਮਲੇ ਨੂੰ ਬਾਡੀ ਕੈਮਰੇ 'ਤੇ ਰਿਕਾਰਡ ਕੀਤਾ ਅਤੇ ਫੁਟੇਜ ਅਪਲੋਡ ਕੀਤੀ, ਜਿਸ ਨਾਲ ਬਿਸ਼ਨੋਈ ਗਰੁੱਪ ਨੂੰ ਜ਼ਿੰਮੇਵਾਰੀ ਲੈਣ ਵਿੱਚ ਮਦਦ ਮਿਲੀ। ਇਹ ਹਮਲਾ ਬਾਲੀਵੁੱਡ ਅਭਿਨੇਤਾ ਸਲਮਾਨ ਖਾਨ ਨਾਲ ਜੁੜੇ ਇੱਕ ਵੱਡੇ ਵਿਵਾਦ ਤੋਂ ਪੈਦਾ ਹੋਇਆ ਸੀ। ਕਿੰਗਰਾ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਦਾਖਲ ਹੋਇਆ ਸੀ ਜੋ ਬਾਅਦ ਵਿੱਚ ਸਮਾਪਤ ਹੋ ਗਿਆ। ਆਪਣਾ ਗੁਨਾਹ ਕਬੂਲ ਕੀਤੇ ਜਾਣ ਤੋਂ ਬਾਅਦ ਉਸ ਨੂੰ 2025 ਵਿੱਚ ਛੇ ਸਾਲ ਦੀ ਕੈਦ ਦੀ ਸਜ਼ਾ ਹੋਈ, ਅਤੇ ਹੁਣ ਇੱਕ ਅਪਰਾਧਿਕ ਸੰਗਠਨ ਦੇ ਮੈਂਬਰ ਵਜੋਂ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਿਹਾ ਹੈ।





CALL US: 209-637-0210 | 612-578-8078
925-495-0207
SAN RAMON
Lathrop & Main Street Manteca
URGENT CARE & CLINIC
CITIZENSHIP ELIGIBILITY AND GREEN CARD APPLICATION
DR. RAJESH MAHESHWARI, MD
VISIT US NOW!
San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959
Lathrop URGENT CARE
15810 Harlan Road #A
Lathrop, CA 95330
(209) 983-9000
Main Street URGENT CARE
1040 North Main Street
Manteca, CA 95336
(209) 825-5155
https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ – ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ – ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਕਲਗੀਧਰ ਜੀ ਦੇ ਕੀਤੇ ਕੰਮਾਂ ਵਿਚੋਂ ਇਕ ਮਸ਼ਹੂਰ ਤੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾ ਰਿਹਾ ਹੈ ਜਗ ਪਲਟਾਊ ਵਾਕਿਆ ਅਛੂਤ ਉਧਾਰ ਹੈ। ਆਪ ਨੇ ਅੰਮ੍ਰਿਤ ਛਕਾਉਣ ਸਮੇਂ ਛੂਤਛਾਤ ਦਾ ਭਰਮ ਤੇ ਭੇਦ ਮਿਟਾਉਣ ਲਈ ਇਕ ਬਾਟੇ ਵਿਚ ਅੰਮ੍ਰਿਤ ਛਕਾਇਆ, ਇਕ ਜਗ੍ਹਾ ਦਾ ਜਨਮ, ਇਕ ਜਗ੍ਹਾ ਦੀ ਵਸੋਂ, ਇਕ ਪਿਤਾ ਤੇ ਇਕ ਮਾਤਾ ਦੇ ਪੁੱਤਰ ਹੋਣ ਦੀ ਸਿੱਖਿਆ ਦਿੱਤੀ। ਤਖਤ ਸਾਹਿਬਾਂ ਦੇ ਪ੍ਰਬੰਧਕਾਂ ਦਾ ਫਰਜ਼ ਸੀ ਕਿ ਕਲਗੀਧਰ ਜੀ ਦੇ ਇਸ ਸਿਧਾਂਤ ਦੀ ਪੈਰਵੀ ਕਰਨ ਵਿਚ ਪੰਥ ਦੀ ਅਗਵਾਈ ਕਰਦੇ, ਪਰ ਪਿਛਲੇ ਤੇ ਪਿਛਲੇਰੇ ਹਫ਼ਤੇ ਵਿਚ ਕੁਝ ਅਜਿਹੇ ਵਾਕਿਆਤ ਪ੍ਰਗਟ ਹੋਏ ਹਨ ਜਿਹੜੇ ਦੱਸਦੇ ਹਨ ਕਿਤੇ ਕਿਤੇ ਪ੍ਰਬੰਧਕ ਗੁਰਮਤ ਦੇ ਮੋਟੇ ਮੋਟੇ ਸਿਧਾਂਤਾਂ ਨੂੰ ਵੀ ਉਲੰਘਣ ਕਰਦੇ ਹਨ।

ਸ੍ਰੀ ਅਕਾਲ ਤਖਤ ਪੁਰ ਵਿਸਾਖੀ 1936 ਵਾਲੇ ਦਿਨ ਜਿਨ੍ਹਾਂ ਸੱਜਣਾਂ ਨੇ ਅੰਮ੍ਰਿਤ ਛਕਿਆ ਹੈ ਉਨ੍ਹਾਂ ਵਿਚ ਕੁਝ ਆਦਮੀ ਪਟਨੇ ਦੇ ਇਲਾਕੇ ਦੇ ਅਖੌਤੀ ਅਛੂਤਾਂ ਵਿਚੋਂ ਸਨ। ਜਦ ਅਕਾਲ ਤਖਤ ਤੋਂ ਅੰਮ੍ਰਿਤ ਛਕਣ ਮਗਰੋਂ ਇਹ ਸਿੰਘ ਪਟਨੇ ਗਏ ਤਦ ਇਨ੍ਹਾਂ ਨੂੰ ਤਖਤ ਸਾਹਿਬ ਦੇ ਦਰਸ਼ਨਾਂ ਤੋਂ ਵੰਚਿਤ ਕਰ ਦਿੱਤਾ ਗਿਆ। ਇਹ ਖ਼ਬਰ ਅਖ਼ਬਰਾਂ ਵਿਚ ਛਪੀ। ਤਖਤ ਪਟਨਾ ਸਾਹਿਬ ਦੇ ਸਰਬਰਾਹ ਅੱਜ ਕੱਲ੍ਹ ਬੇਦੀ ਕਰਤਾਰ ਸਿੰਘ ਜੀ ਹਨ, ਆਪ ਨੇ ਅਖੌਤੀ ਅਛੂਤਾਂ ਵਿਚੋਂ ਸਜੇ ਨਵੇਂ ਸਿੰਘਾਂ ਦੇ ਨਾਲ ਹੋਏ ਅਨੁਚਿਤ ਤੇ ਅਯੋਗ ਸਲੂਕ ਦੀ ਪੁਸ਼ਟੀ ਵਿਚ ਲਿਖਿਆ ਹੈ ਕਿ ਜੇ ਅਸੀਂ ਇਨ੍ਹਾਂ ਨਵੇਂ ਸਜੇ ਸਿੰਘਾਂ ਨੂੰ ਤਖਤ 'ਤੇ ਚੜ੍ਹਾ ਲੈਂਦੇ ਹਾਂ ਤਾਂ ਜਿਥੇ ਪੰਜਾਬ ਦੇ ਚਾਲੀ ਲੱਖ ਸਿੰਘ ਖੁਸ਼ ਹੁੰਦੇ, ਉਥੇ ਯੂ.ਪੀ. ਤੇ ਸੀ.ਪੀ. ਆਦਿ ਦੇ ਚਾਲੀ ਲੱਖ ਨਾਨਕ ਪੰਥੀ ਨਾਰਾਜ਼ ਹੋ ਜਾਂਦੇ। ਸੋ ਇਨ੍ਹਾਂ ਚਾਲੀ ਲੱਖ ਨਾਨਕਪੰਥੀਆਂ ਦਾ ਪਹਿਲਾਂ ਸੁਧਾਰ ਕਰੋ।

ਬਾਬਾ ਜੀ ਦਾ ਉਤਰ ਦੱਸਦਾ ਹੈ ਕਿ ਆਪ ਨੂੰ ਪੰਜਾਬ ਦੇ ਸਿੰਘਾਂ ਤੇ ਸੀ.ਪੀ. ਤੇ ਯੂ.ਪੀ. ਦੀ ਨਾਨਕਪੰਥੀ ਵਸੋਂ ਦੇ ਖੁਸ਼ ਤੇ ਨਾ ਖੁਸ਼ ਹੋਣ ਦਾ ਖਿਆਲ ਮੁੱਖ ਹੈ ਤੇ ਗੁਰੂ ਸਾਹਿਬਾਨ ਦੇ ਸਿਧਾਂਤਾਂ ਦੀ ਨਿਧੜਕ ਪੈਰਵੀ ਗੌਣ ਵਸਤੂ ਹੈ। ਪਰ ਅਸੀਂ ਇਕ ਪੰਥ ਦਾ ਵਰਤਾਰਾ ਸ੍ਰੀ ਬਾਬਾ ਜੀ ਦੇ ਧਿਆਨ ਵਿਚ ਲਿਆ ਦੇਣਾ ਉਚਿਤ ਸਮਝਦੇ ਹਾਂ। ਧੁਰ ਤੋਂ ਅੱਜ ਤੱਕ ਚੌਂਹਾਂ ਤਖਤ ਸਾਹਿਬਾਨ ਦਾ ਇਕ ਮਤਾ ਚਲਾ ਆਇਆ ਹੈ ਜੋ ਗਲ ਇਕ ਤਖਤ




ਸਾਹਿਬ ਤੋਂ ਹੋ ਜਾਵੇ ਚਾਰੇ ਉਸ ਤੇ ਸਹਿਮਤ ਹੋ ਜਾਂਦੇ ਹਨ। ਮਸਲਨ ਕਿਸੇ ਵੇਲੇ ਤਖਤ ਹਜ਼ੂਰ ਸਾਹਿਬ ਪਰ ਨਿਰਮਲ ਵੀਰਾਂ ਨਾਲ ਅਜੋੜ ਹੋਇਆ। ਚਾਹੇ ਕੁਝ ਗੱਲ ਸੀ, ਤਖਤ ਸਾਹਿਬ ਨੇ ਅਰਦਾਸਾ ਬੰਦ ਕੀਤਾ ਫਿਲਹਾਲ ਬਾਕੀ ਤਿੰਨਾਂ ਤਖਤ ਸਾਹਿਬਾਨਾਂ ਅਰਦਾਸਾ ਬੰਦ ਕਰ ਦਿੱਤਾ। ਹੁਣ ਚੀਫ਼ ਖ਼ਾਲਸਾ ਦੀਵਾਨ ਦੇ ਯਤਨ ਨਾਲ ਅਰਦਾਸਾ ਇਕ ਤਖਤ ਸਾਹਿਬ ਤੇ ਖੁੱਲ੍ਹ ਗਿਆ ਸਾਰਿਆਂ ਤੇ ਖੁੱਲ੍ਹ ਗਿਆ। ਜਦ ਅਖੌਤੀ ਅਛੂਤਾਂ ਨੂੰ ਤਖਤ ਅਕਾਲ ਤਖਤ ਬੁੰਗੇ ਸਾਹਿਬ ਅੰਮ੍ਰਿਤ ਛਕਾ ਦਿੱਤਾ ਗਿਆ ਤੇ ਵਰਤਾ ਲਿੱਤਾ ਗਿਆ ਤਾਂ ਪ੍ਰੰਪਰਾ ਦੀ ਮਰਯਾਦਾ ਲਾਜ਼ਮੀ ਕਰਦੀ ਹੈ ਕਿ ਪਟਨੇ ਸਾਹਿਬ ਦੇ ਤਖਤ ਸਾਹਿਬ ਤੋਂ ਬੁੰਗੇ ਤਖਤ ਸਾਹਿਤ ਦੀ ਕੀਤੀ ਤੇ ਫੂਲ ਚੜ੍ਹਾਏ ਜਾਂਦੇ ਨੇ ਕਿ ਪ੍ਰੰਪਰਾ ਦੇ ਇਤਫ਼ਾਕ ਨੂੰ ਬੇਖ਼ਿਆਲ ਹੀ ਤੜ ਦਿੱਤਾ ਜਾਂਦਾ। ਹਾਂ ਜੇਕਰ ਸ੍ਰੀ ਬਾਬਾ ਜੀ ਦੀ ਕੋਈ ਵਿਚਾਰ ਹੋਵੇਂ ਸੀ ਤਾਂ ਅਕਾਲ ਤਖਤ ਪਰ ਛਕਾਏ ਜਾਣ ਤੋਂ ਪਹਿਲਾਂ ਵਿਚਾਰ ਕਰਦੇ ਕਿਉਂਕਿ ਇਹ ਗੱਲ ਬਹੁਤ ਪਹਿਲਾਂ ਪ੍ਰਗਟ ਹੋ ਚੁੱਕੀ ਸੀ। ਉਸ ਵਕਤ ਚਾਰੋਂ ਤਖਤ ਸਾਹਿਬਾਂ ਦਾ ਮਸ਼ਵਰਾ ਪੁਰਾਤਨ ਤਰੀਕੇ ਅਨੁਸਾਰ ਆਪੋ ਵਿਚ ਹੋ ਕੇ ਇਕ ਰਾਹ ਬੰਨ੍ਹ ਲਿਆ ਜਾਂਦਾ। ਜਦ ਐਸਾ ਨਹੀਂ ਕੀਤਾ ਗਿਆ ਤਾਂ ਹੁਣ ਵਕਤ ਬਾਵਾ ਜੀ ਲਈ ਅਕਾਲ ਤਖਤ ਦੀ ਪੈਰਵੀ ਦਾ ਸੀ ਮੁਖ਼ਾਲਫ਼ਤ ਦਾ ਨਹੀਂ ਸੀ। 40 ਲੱਖ ਨਾਨਕ ਪੰਥ ਦੀ ਪ੍ਰਵਾਹ ਦੇ ਸਾਹਮਣੇ ਢਾਈ ਸੌ ਬਰਸ ਦੀ ਤਖਤ ਸਾਹਿਬਾਨ ਦੀ ਏਕਤਾ ਨੂੰ ਭੰਨਣਾ ਪੰਥਕ ਚਲੀ ਆ ਰਹੀ ਜਥੇਬੰਦੀ ਨੂੰ ਉਹਸੱਟ ਮਾਰੇਗਾ ਕਿ ਜਿਸ ਨਾਲ ਜਥੇਬੰਦੀ ਦੀ ਮੂਲ ਜੜਾਂ ਦੇ ਹਿੱਲਣੇ ਦਾ ਡਰ ਹੈ। ਇਹੋ ਵਿਚਾਰ ਹਜ਼ੂਰ ਸਾਹਿਬ ਹੋ ਜਾਣੀ ਚਾਹੀਏ ਸੀ ਤੇ ਹੁਣ ਚਾਹੀਦੀ ਹੈ। ਗੁਰੂ ਕਲਗੀਧਰ ਦੇ ਵਾਸਤੇ ਹੇ ਪ੍ਰਬੰਧਕ ਸੱਜਣੋਂ ਹੁਣ ਤਖਤ ਸਾਹਿਬਾਂ ਦੇ ਆਪੋ ਵਿਚ ਪਾਟਕ ਦਾ ਨਜ਼ਰਾ ਨਾ ਪੈਦਾ ਕਰੋ ਹੁਣ ਸਾਰੀ ਦੂਰ ਦ੍ਰਿਸ਼ਟਤਾ ਨੂੰ ਅੱਗੇ ਰੱਖ ਕੇ ਇਕ ਹੋ ਜਾਓ। ਅੱਗੋਂ ਨੂੰ ਪਰਸਪਰ ਵਿਚਾਰ ਦਾ ਪ੍ਰਬੰਧ ਜਾਰੀ ਕਰੋ ਤੇ ਹਰ ਮਾਮਲੇ ਤੇ ਪਹਿਲੋਂ ਸਹਿਮਤ ਹੋ ਜਾਇਆ ਕਰੋ।

ਸ੍ਰੀ ਹਜ਼ੂਰ ਸਾਹਿਬ ਤੇ ਮੁਤੱਲਕ ਵੀ ਇਸ ਲਿਖਾ ਪੜ੍ਹੀ ਛਪੀ ਹੈ ਜਿਸ ਵਿਚ ਵੀ ਇਸ ਤਰ੍ਹਾਂ ਦੀ ਇਕ ਸ਼ਿਕਾਇਤ ਹੈ ਇਨ੍ਹਾਂ ਚਿੱਠੀਆਂ ਦਾ ਅਖ਼ਬਾਰਾਂ ਵਿਚ ਛਪਣਾ ਚੰਗਾ ਨਹੀਂ ਸੀ, ਜ਼ਿੰਮੇਵਾਰ ਹੱਥਾਂ ਨੂੰ ਚਾਹੀਦਾ ਸੀ ਕਿ ਪੁਰਾਤਨ ਮਰਿਆਦਾ ਮੂਜਬ ਆਪੋ ਵਿਚ ਚਾਰੇ ਤਖਤ ਪਹਿਲਾਂ ਸਹਿਮਤ ਹੋ ਜਾਂਦੇ ਚਾਹੇ ਸਮੇਂ ਦੀ ਸੂਰਤ ਨੂੰ ਅੱਖਾਂ ਦੇ ਸਾਹਮਣੇ ਰੱਖ ਕੇ ਆਪੋ ਵਿਚ ਚਿੱਠੀ ਰਾਹੀਂ ਮਾਮਲਾ ਨਜਿੱਠ ਲੈਂਦੇ। ਅਖ਼ਬਾਰਾਂ ਵਿਚ ਇਸ ਤਰ੍ਹਾਂ ਦੇ ਵਾਕਿਆਤ ਜਦੋਂ ਅਜੇ ਖੋਤ ਕਿਤਾਬਤ ਹੋ ਰਹੀ

(ਚਲਦਾ)

# ਮਾਪੇ ਧਿਆਨ ਦੇਣ ! ਕਿਤੇ 'ਸਰਟੀਫਿਕੇਟ' ਦੀ ਦੌੜ ਤੁਹਾਡੇ ਬੱਚੇ ਦਾ ਮਾਸੂਮ ਬਚਪਨ ਤਾਂ ਨਹੀਂ ਖੋਹ ਰਹੀ

ਨਵੀਂ ਦਿੱਲੀ: ਅੱਜ ਦੇ ਦੌਰ ਵਿੱਚ ਸਕੂਲ ਦਾਖ਼ਲੇ ਤੋਂ ਲੈ ਕੇ ਕਾਲਜ ਪ੍ਰੋਫਾਈਲ ਅਤੇ ਓਲੰਪੀਆਡ ਰੈਂਕਿੰਗ ਤੱਕ, ਹਰ ਪੱਧਰ 'ਤੇ ਮੁਕਾਬਲੇਬਾਜ਼ੀ ਦਾ ਇੱਕ ਨਵਾਂ ਜਾਲ ਵਿਛਿਆ ਹੋਇਆ ਹੈ। ਮਾਪਿਆਂ ਲਈ ਸਰਟੀਫਿਕੇਟ ਹੁਣ ਸਿਰਫ਼ ਪ੍ਰਾਪਤੀ ਨਹੀਂ, ਸਗੋਂ ਇੱਕ ਸੁਰੱਖਿਆ ਕਵਚ ਬਣ ਗਏ ਹਨ। ਉਹ ਇਹਨਾਂ ਕਾਗਜ਼ਾਂ ਰਾਹੀਂ ਖੁਦ ਨੂੰ ਇਹ ਤਸੱਲੀ ਦਿੰਦੇ ਹਨ ਕਿ ਉਹਨਾਂ ਦੇ ਬੱਚੇ ਦਾ ਭਵਿੱਖ ਸੁਰੱਖਿਅਤ ਹੈ, ਪਰ ਇਸ ਹੋੜ ਵਿੱਚ ਅਸੀਂ ਇਹ ਭੁੱਲ ਰਹੇ ਹਾਂ ਕਿ ਫੋਮੋ (FOMO – ਪਿੱਛੇ ਰਹਿ ਜਾਣ ਦਾ ਡਰ) ਅਤੇ ਫੋਲੋ (FOLO – ਹਾਰ ਜਾਣ ਦਾ ਡਰ) ਵਾਲੀ ਇਹ ਪਰਵਰਿਸ਼ ਬੱਚਿਆਂ ਦੇ ਮਾਸੂਮ ਬਚਪਨ ਨੂੰ ਨਿਗਲ ਰਹੀ ਹੈ।

**ਬ੍ਰਾਂਡ ਬਣ ਰਿਹਾ ਬਚਪਨ**

ਹੈਰਾਨੀ ਦੀ ਗੱਲ ਹੈ ਕਿ ਅੱਜ ਪੰਜ ਸਾਲ ਦੇ ਬੱਚਿਆਂ ਦੇ ਪੋਰਟਫੋਲੀਓ ਤਿਆਰ ਕੀਤੇ ਜਾ ਰਹੇ ਹਨ। ਸੱਚ ਤਾਂ ਇਹ ਹੈ ਕਿ ਬੱਚਿਆਂ ਨੂੰ ਸ਼ਾਇਦ 'ਮੁਕਾਬਲਾ' ਸ਼ਬਦ ਦਾ ਮਤਲਬ ਵੀ ਨਹੀਂ ਪਤਾ ਹੋਣਾ ਚਾਹੀਦਾ। ਮਾਪੇ ਅਕਸਰ ਸਮਾਜਿਕ ਦਬਾਅ ਵਿੱਚ ਆ ਕੇ ਇਸ ਦੌੜ ਦਾ ਹਿੱਸਾ ਬਣ ਜਾਂਦੇ ਹਨ—ਸਿਰਫ਼ ਇਸ ਲਈ ਕਿ 'ਸਾਡਾ ਬੱਚਾ ਪਿੱਛੇ ਨਾ ਰਹਿ ਜਾਵੇ'। ਅਸੀਂ ਬੱਚਿਆਂ ਨੂੰ ਇੱਕ ਬ੍ਰਾਂਡ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਜਦੋਂ ਕਿ ਉਹਨਾਂ ਨੂੰ ਅਜੇ ਇਹ ਵੀ ਨਹੀਂ ਪਤਾ ਕਿ ਉਹ ਖੁਦ ਕੌਣ ਹਨ।

ਸ਼ਖਸੀਅਤ ਦੇ ਵਿਕਾਸ ਤੋਂ ਪਹਿਲਾਂ ਹੀ ਉਹਨਾਂ 'ਤੇ ਪ੍ਰਾਪਤੀਆਂ ਦਾ ਬੋਝ ਲੱਦ ਦੇਣਾ ਉਹਨਾਂ ਦੇ ਖੁਦ ਨੂੰ ਜਾਣਨ-ਸਮਝਣ ਦੀ ਪ੍ਰਕਿਰਿਆ ਵਿੱਚ ਰੁਕਾਵਟ ਪਾ ਰਿਹਾ ਹੈ। ਵੱਡੇ-ਵੱਡੇ ਸਕੂਲਾਂ ਦੇ ਇਸ਼ਤਿਹਾਰ ਇਹ ਸਾਬਤ ਕਰਦੇ ਹਨ ਕਿ ਉਹ ਬੱਚਿਆਂ ਨੂੰ ਕੁਝ ਖਾਸ ਬਣਾ ਦੇਣਗੇ। ਸਮਾਜ ਵਿੱਚ ਫੈਲੀ ਮਾਨਤਾ ਦੇ ਚੱਕਰ ਵਿੱਚ ਮਾਪੇ ਇਸ ਤਣਾਅ ਵਿੱਚ ਰਹਿੰਦੇ ਹਨ ਕਿ ਬਸ ਕਿਸੇ ਤਰ੍ਹਾਂ ਬੱਚੇ ਦਾ ਦਾਖ਼ਲਾ ਵੱਡੇ ਤੋਂ ਵੱਡੇ ਸਕੂਲ ਵਿੱਚ ਹੋ ਜਾਵੇ।

**ਭਾਵਨਾਵਾਂ ਦੀ ਲੱਗ ਰਹੀ ਰੇਸ** : ਅੱਜ ਮਾਪੇ ਸਰਟੀਫਿਕੇਟਾਂ ਨੂੰ ਇੱਕ ਤਰ੍ਹਾਂ ਦੇ ਭਾਵਨਾਤਮਕ ਬੀਮੇ (Emotional Insurance) ਵਜੋਂ ਦੇਖ ਰਹੇ ਹਨ। ਜਦੋਂ ਕਿ ਜੇਕਰ ਕਿਸੇ ਬੱਚੇ ਦੀ ਸਫਲਤਾ ਸਿਰਫ਼ ਕਾਗਜ਼ੀ ਪ੍ਰਾਪਤੀਆਂ 'ਤੇ ਟਿਕੀ ਹੁੰਦੀ ਹੈ, ਤਾਂ ਉਸਦੇ ਜੀਵਨ ਦੀ ਅਸਲ ਕਹਾਣੀ ਵਿੱਚੋਂ ਸਹਿਜਤਾ ਅਤੇ ਜਗਿਆਸਾ ਗਾਇਬ ਹੋ ਜਾਂਦੀ ਹੈ। ਇੱਥੇ ਮੈਨੂੰ 'ਵਾਲਡੋਰਫ' ਵਰਗੀਆਂ ਪ੍ਰਣਾਲੀਆਂ ਸ਼ਲਾਘਾਯੋਗ ਲੱਗਦੀਆਂ ਹਨ, ਜਿੱਥੇ ਸ਼ੁਰੂਆਤੀ ਸਾਲਾਂ ਵਿੱਚ ਕਿਤਾਬੀ ਗਿਆਨ ਦੀ ਬਜਾਏ ਦੁਨੀਆ ਨੂੰ ਖੋਜਣ ਅਤੇ ਹੱਥਾਂ ਨਾਲ ਕੁਝ ਸਿਰਜਣ 'ਤੇ ਜ਼ੋਰ ਦਿੱਤਾ ਜਾਂਦਾ ਹੈ।

ਸਕੂਲਾਂ ਵਿੱਚ ਛੋਟੇ ਬੱਚਿਆਂ ਦੇ ਇੰਟਰਵਿਊ ਲੈਣਾ ਆਪਣੇ ਆਪ ਵਿੱਚ ਬੇਤੁਕਾ ਹੈ। ਇੰਟਰਵਿਊ ਤਾਂ ਅਧਿਆਪਕਾਂ ਦਾ ਹੋਣਾ ਚਾਹੀਦਾ ਹੈ ਕਿ ਕੀ ਉਹ ਸਾਡੇ ਬੱਚਿਆਂ ਦੇ ਭਵਿੱਖ ਨੂੰ ਸੰਵਾਰਨ ਦੇ ਯੋਗ ਹਨ? ਕੀ ਉਹ ਛੇ ਜਾਂ ਅੱਠ ਘੰਟੇ ਤੱਕ ਬੱਚੇ ਦੇ ਸ਼ਖਸੀਅਤ ਵਿਕਾਸ ਵਿੱਚ ਯੋਗਦਾਨ ਪਾ ਸਕਣਗੇ ਜਾਂ ਸਿਰਫ਼ ਉਸਨੂੰ ਇੱਕ ਮਸ਼ੀਨ ਬਣਾ ਦੇਣਗੇ!


**ਨਹੀਂ ਮਿਲਦੀ ਅਸਫਲ ਹੋਣ ਦੀ ਆਜ਼ਾਦੀ** : ਜਦੋਂ ਹਰ ਗਰਮੀ ਦੀਆਂ ਛੁੱਟੀਆਂ ਦਾ ਸਮਾਂ ਅਤੇ ਹਰ ਸ਼ੌਕ (hobby) ਨੂੰ ਕਾਲਜ ਪ੍ਰੋਫਾਈਲ ਦੇ ਨਜ਼ਰੀਏ ਨਾਲ ਤੈਅ ਕੀਤਾ ਜਾਂਦਾ ਹੈ, ਤਾਂ ਬੱਚਾ ਅਸਫਲ ਹੋਣ ਦੀ ਆਜ਼ਾਦੀ ਖੋਹ ਦਿੰਦਾ ਹੈ। ਸਿੱਖਣ ਦਾ ਅਸਲੀ ਮਤਲਬ ਹੀ ਇਹ ਹੈ ਕਿ ਤੁਸੀਂ ਕੁਝ ਗਲਤੀਆਂ ਕਰੋ, ਡਿੱਗੋ ਅਤੇ ਫਿਰ ਜਾਣੋ ਕਿ ਤੁਸੀਂ ਕਿਸ ਚੀਜ਼ ਵਿੱਚ ਚੰਗੇ ਹੋ।

ਜੇਕਰ ਤੁਸੀਂ ਇੱਕ ਮੱਛੀ ਨੂੰ ਰੁੱਖ 'ਤੇ ਚੜ੍ਹਨ ਦੀ ਉਸਦੀ ਸਮਰੱਥਾ ਨਾਲ ਪਰਖੋਗੇ, ਤਾਂ ਉਹ ਸਾਰੀ ਉਮਰ ਖੁਦ ਨੂੰ ਮੂਰਖ ਸਮਝਦੀ ਰਹੇਗੀ।

ਹਰ ਬੱਚਾ ਇੱਕੋ ਜਿਹਾ ਨਹੀਂ ਹੁੰਦਾ। ਬੱਚਿਆਂ ਨੂੰ ਸਕੂਲੋਂ ਆ ਕੇ ਬਾਹਰ ਖੇਡਣ, ਡਿੱਗਣ ਅਤੇ ਖੁਦ ਨੂੰ ਖੋਜਣ ਦਾ ਸਮਾਂ ਮਿਲਣਾ ਚਾਹੀਦਾ ਹੈ। ਇਹੀ ਸੰਘਰਸ਼ ਅਤੇ ਛੋਟੀਆਂ-ਛੋਟੀਆਂ ਅਸਫਲਤਾਵਾਂ ਭਵਿੱਖ ਵਿੱਚ ਉਹਨਾਂ ਦੀਆਂ ਯਾਦਾਂ ਬਣਦੀਆਂ ਹਨ ਅਤੇ ਉਹਨਾਂ ਨੂੰ ਬਿਹਤਰ ਇਨਸਾਨ ਬਣਨ ਵਿੱਚ ਮਦਦ ਕਰਦੀਆਂ ਹਨ।

**ਮਾਪਿਆਂ ਦੀ ਭੂਮਿਕਾ** : ਪਿੱਛੇ ਰਹਿ ਜਾਣ ਜਾਂ ਹਰ ਚੀਜ਼ ਵਿੱਚ ਆਪਣਾ ਨਾਮ ਰੋਸ਼ਨ ਕਰਨ ਦੀ ਚਿੰਤਾ ਮਾਪਿਆਂ ਵਿੱਚ ਇੱਕ ਛੂਤ ਦੀ ਬਿਮਾਰੀ ਵਾਂਗ ਫੈਲਦੀ ਹੈ। ਇਹ ਤਣਾਅ ਸਿੱਧਾ ਬੱਚਿਆਂ ਤੱਕ ਪਹੁੰਚਦਾ ਹੈ। ਇਸ਼ਤਿਹਾਰਾਂ ਅਤੇ ਹੋਰਡਿੰਗਾਂ 'ਤੇ ਬੱਚਿਆਂ ਦੇ 98-99 ਫੀਸਦੀ ਨੰਬਰਾਂ ਦੇ ਨਾਲ ਫੋਟੋਆਂ ਲਗਾਉਣਾ ਅਤੇ ਕੋਚਿੰਗ ਸੰਸਥਾਵਾਂ ਵੱਲੋਂ ਉਹਨਾਂ ਦਾ ਪ੍ਰਚਾਰ ਕਰਨਾ ਸਿੱਖਿਆ ਦਾ ਸਭ ਤੋਂ ਭਿਆਨਕ ਰੂਪ ਹੈ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ



ਸਮੂਹਾਂ ਨਾਲ ਜੁੜਨ, ਜੋ ਇਸ ਅੰਨ੍ਹੀ ਦੌੜ ਦਾ ਹਿੱਸਾ ਨਹੀਂ ਹਨ। ਸਕੂਲ ਕਾਉਂਸਲਰਾਂ ਨਾਲ ਅਤੇ PTM ਵਿੱਚ ਇਹਨਾਂ ਮੁੱਦਿਆਂ 'ਤੇ ਚਰਚਾ ਹੋਣੀ ਚਾਹੀਦੀ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਸਰਟੀਫਿਕੇਟਾਂ ਦਾ ਢੇਰ ਇਸ ਗੱਲ ਦੀ ਗਰੰਟੀ ਨਹੀਂ ਹੈ ਕਿ ਬੱਚਾ ਭਵਿੱਖ ਵਿੱਚ ਸਫਲ ਜਾਂ ਖੁਸ਼ ਹੋਵੇਗਾ!

**ਕਿਤਾਬਾਂ ਤੋਂ ਬਾਹਰ ਵੀ ਹੈ ਦੁਨੀਆ** : ਓਲੰਪੀਆਡ ਅਤੇ ਸਮਰ ਸਕੂਲ ਦੇ ਸਰਟੀਫਿਕੇਟ ਇਕੱਠੇ ਕਰਨ ਦੇ ਚੱਕਰ ਵਿੱਚ ਬੱਚੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਮੀਲ ਪੱਥਰ ਖੋਹ ਰਹੇ ਹਨ—ਜੋ ਹੈ ਉਹਨਾਂ ਦਾ ਬਚਪਨ। ਪੁਰਾਣੇ ਸਮੇਂ ਵਿੱਚ ਬੱਚੇ ਸੂਰਜ ਡੁੱਬਣ ਤੱਕ ਬਾਹਰ ਸਾਈਕਲ ਚਲਾਉਂਦੇ ਅਤੇ ਖੇਡਦੇ ਸਨ ਅਤੇ ਉਹ ਅੱਜ ਵੀ ਸਫਲ ਹਨ। ਅਸਲ ਵਿਕਾਸ ਕਿਤਾਬਾਂ ਵਿੱਚ ਨਹੀਂ, ਸਗੋਂ ਜੀਵਨ ਦੇ ਤਜ਼ਰਬਿਆਂ ਵਿੱਚ ਹੈ। ਸਮਰ ਸਕੂਲ ਦੀ ਬਜਾਏ ਬੱਚਿਆਂ ਨੂੰ ਸਮੁੰਦਰ ਦੇ ਕਿਨਾਰੇ ਲੈ ਕੇ ਜਾਓ।

ਉਹਨਾਂ ਨੂੰ ਕੁਦਰਤ ਦੇ ਨੇੜੇ ਰਹਿ ਕੇ ਯਾਦਾਂ ਬਣਾਉਣ ਦਿਓ। ਮਾਪਿਆਂ ਨੂੰ ਇਮਾਨਦਾਰੀ ਨਾਲ ਖੁਦ ਤੋਂ ਪੁੱਛਣਾ ਚਾਹੀਦਾ ਹੈ—ਜੇਕਰ ਤੁਸੀਂ ਆਪਣੇ ਬੱਚੇ ਨੂੰ ਪਿਆਰ ਕਰਦੇ ਹੋ, ਤਾਂ ਉਹਨਾਂ ਨੂੰ ਇਸ ਮਾਨਸਿਕ ਦਬਾਅ ਵਿੱਚ ਕਿਉਂ ਪਾ ਰਹੇ ਹੋ? ਸਰਟੀਫਿਕੇਟ ਸਿਰਫ਼ ਕਾਗਜ਼ ਦੇ ਟੁਕੜੇ ਹਨ, ਪਰ ਗੁਆਚਿਆ ਹੋਇਆ ਬਚਪਨ ਕਦੇ ਵਾਪਸ ਨਹੀਂ ਆਉਂਦਾ। ਬੱਚਿਆਂ ਨੂੰ ਆਪਣੀ ਰਫ਼ਤਾਰ ਨਾਲ ਵਧਣ ਦਿਓ, ਉਹਨਾਂ ਨੂੰ ਬ੍ਰਾਂਡ ਨਹੀਂ, ਇਨਸਾਨ ਬਣਨ ਦਿਓ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸਿਹਤਮੰਦ ਜੀਵਨ ਦੇ ਨੁਕਤੇ**

**(ਸਿਹਤਮੰਦ ਵਿਅਕਤੀ ਦੀਆਂ 7 ਆਦਤਾਂ)**


ਸਿਹਤਮੰਦ ਆਦਤਾਂ ਲੰਬੇ ਸਮੇਂ ਲਈ ਬਿਮਾਰੀਆਂ ਤੋਂ ਬਚਾਉਂਦੀਆਂ ਹਨ। ਹੇਠ ਲਿਖੇ ਸੱਤ ਨੁਕਤਿਆਂ ਤੋਂ ਅਸੀਂ ਆਸਾਨੀ ਨਾਲ ਸਿਹਤਮੰਦ ਜੀਵਨ ਬਣਾ ਸਕਦੇ ਹਾਂ :

1. **ਚੰਗੇ ਤਰੀਕੇ ਨਾਲ ਖਾਣਾ** : ਘੱਟ ਖਾਣਾ ਅਤੇ ਸੰਤੁਲਿਤ ਖਾਣਾ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ। ਪਾਣੀ ਅਤੇ ਜੂਸ ਵਗ਼ੈਰਾ ਜ਼ਿਆਦਾ ਮਾਤਰਾ ਵਿੱਚ ਪੀਓ। ਬਹੁਤ ਜ਼ਿਆਦਾ ਨਮਕ ਤੇ ਮਿੱਠੇ ਦੀ ਵਰਤੋਂ ਨਾ ਕਰੋ। ਉੱਚਿਤ ਸਮੇਂ ਦੇ ਅੰਤਰਾਲ ਵਿੱਚ ਖਾਵੋ। ਭੁੱਖੇ ਰਹਿਣ ਤੋਂ ਬਚੋ। ਸੌਣ ਤੋਂ ਤਕਰੀਬਨ ਦੋ ਘੰਟੇ ਪਹਿਲਾਂ ਆਪਣਾ ਰਾਤ ਦਾ ਖਾਣਾ ਖਾਓ।

2. **ਕਸਰਤ** : ਸਰੀਰਕ ਤੌਰ 'ਤੇ ਠੀਕ ਰਹਿਣਾ ਤੁਹਾਡੇ ਊਰਜਾ ਪੱਧਰ ਨੂੰ ਵਧਾਉਣ ਵਿੱਚ ਮਦਦ ਕਰਦਾ ਹੈ ਅਤੇ ਜੋ ਖਾਣਾ ਅਸੀਂ ਖਾਂਦੇ ਹਾਂ, ਉਸਦੀ ਪਾਚਣ ਕਿਰਿਆ ਨੂੰ ਵਧੀਆ ਕਰਦਾ ਹੈ। ਹਫ਼ਤੇ ਵਿੱਚ 4-5 ਵਾਰ ਤਕਰੀਬਨ 30 ਮਿੰਟ ਲਈ ਕੁਝ ਕਿਸਮਾਂ ਦੀਆਂ ਕਸਰਤਾਂ ਕਰਨ ਦੀ ਕੋਸ਼ਿਸ਼ ਕਰੋ। ਜੋ ਕਸਰਤ ਤੁਸੀਂ ਕਰਨਾ ਚਾਹੁੰਦੇ ਹੋ, ਉਸਦਾ ਚੁਣਾਓ ਕਰੋ ਅਤੇ ਹਫ਼ਤੇ ਦਰ ਹਫ਼ਤੇ ਲਗਾਤਾਰ ਤੁਸੀਂ ਇਸਨੂੰ ਕਰਦੇ ਰਹੋ। ਹੋਰ ਜਾਣਕਾਰੀ ਲਈ 'ਕਸਰਤ ਦੇ ਲਾਭ' ਦੇ ਅਧਿਆਇ ਨੂੰ ਦੇਖੋ।

3. **ਸਿਗਰਟਨੋਸ਼ੀ ਨੂੰ ਛੱਡੋ** : ਸਿਗਰਟਨੋਸ਼ੀ ਬਹੁਤ ਸਾਰੇ ਕੈਂਸਰ ਅਤੇ ਫੇਫੜਿਆਂ ਦੀਆਂ ਹੋਰ ਬਿਮਾਰੀਆਂ ਦਾ ਕਾਰਨ ਹੈ।

4. **ਸ਼ਰਾਬ ਨੂੰ ਛੱਡੋ** : ਸ਼ਰਾਬ ਇੱਕ ਸਮਾਜਿਕ ਅਤੇ ਮੈਡੀਕਲ ਸਮੱਸਿਆ ਹੈ। ਸ਼ਰਾਬ ਜਿਗਰ, ਪੇਟ, ਨਸਾਂ ਅਤੇ ਦਿਮਾਗ਼ ਨੂੰ ਪ੍ਰਭਾਵਿਤ ਕਰਦੀ ਹੈ।




5. **ਟੀਕਾਕਰਨ** : ਟੀਕਾਕਰਨ ਬਿਮਾਰੀਆਂ ਤੋਂ ਬਚਾਉਂਦਾ ਹੈ। ਡਾਕਟਰ ਦੀ ਸਲਾਹ ਨਾਲ ਬੱਚਿਆਂ ਨੂੰ ਅਤੇ ਆਪਣੇ ਆਪ ਨੂੰ ਟੀਕਾਕਰਨ ਕਰਵਾਉ। ਵਧੇਰੇ ਜਾਣਕਾਰੀ ਲਈ 'ਟੀਕਾਕਰਨ' ਅਧਿਆਇ ਨੂੰ ਦੇਖੋ।

6. **ਮਾਨਸਿਕ ਸਿਹਤ** : ਸਟ੍ਰੈੱਸ, ਚਿੰਤਾ ਅਤੇ ਮਾਨਸਿਕ ਤਣਾਓ ਬਹੁਤ ਸਾਰੀਆਂ ਹੋਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਆਪਣੀ ਮਾਨਸਿਕ ਸਿਹਤ ਦਾ ਧਿਆਨ ਰੱਖੋ। ਵਧੇਰੇ ਜਾਣਕਾਰੀ ਲਈ 'ਮਾਨਸਿਕ ਸਿਹਤ' ਅਧਿਆਇ ਨੂੰ ਦੇਖੋ।

7. **ਸੁਰੱਖਿਆ** : ਸੁਰੱਖਿਅਤਾ ਨੂੰ ਪਹਿਲ ਦੇਣ ਨਾਲ ਹੀ ਹਾਦਸਿਆਂ ਅਤੇ ਸੱਟਾਂ ਤੋਂ ਬਚਿਆ ਜਾ ਸਕਦਾ ਹੈ। ਗੱਡੀ ਚਲਾਉਂਦੇ ਹੋਏ ਸੜਕ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰੋ। ਸ਼ਰਾਬ ਪੀ ਕੇ ਗੱਡੀ ਨਾ ਚਲਾਓ। ਆਪਣੇ ਬੱਚਿਆਂ ਨੂੰ ਗੱਡੀ ਨਾ ਚਲਾਉਣ ਦੇਵੋ, ਜੇਕਰ ਉਹਨਾਂ ਕੋਲ ਡਰਾਇਵਿੰਗ ਲਾਈਸੈਂਸ ਨਹੀਂ ਹੈ।

ਸੰਭੋਗ ਤੋਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਸੁਰੱਖਿਅਤ ਸੰਭੋਗ ਕਰਨਾ ਚਾਹੀਦਾ ਹੈ। ਸਫ਼ਰ ਸਮੇਂ ਗ਼ੁੱਸੇ ਉੱਤੇ ਕਾਬੂ ਪਾ ਕੇ ਹਿੰਸਾ ਤੋਂ ਬਚਣਾ ਚਾਹੀਦਾ ਹੈ।

**ਕਸਰਤ ਦੇ ਲਾਭ** : ਹਰ ਰੋਜ਼ ਕਸਰਤ ਦੀ ਜ਼ਰੂਰਤ ਕਿਉਂ ਹੈ ?

ਰੋਜ਼ਾਨਾ ਕਸਰਤ, ਸਿਹਤਮੰਦ ਖਾਣਾ ਅਤੇ ਆਸ਼ਾਵਾਦੀ ਸੋਚ ਇੱਕ ਵਧੀਆ ਜ਼ਿੰਦਗੀ ਦੀ ਨੀਂਹ ਹੈ। ਕਸਰਤ ਦੇ ਕੁਝ ਲਾਭ ਹੇਠ ਲਿਖੇ ਅਨੁਸਾਰ ਹਨ :

1. ਸਿਹਤਮੰਦ ਭਾਰ ਨੂੰ ਕਾਇਮ ਰੱਖਣ ਲਈ ਮੱਦਦਗਾਰ।
2. ਦਿਮਾਗ਼ ਨੂੰ ਊਰਜਾ ਦੇਣਾ।
3. ਮਾਨਸਿਕ ਤਣਾਓ ਅਤੇ ਸਰੀਰਕ ਤਣਾਓ ਤੋਂ ਮੁਕਤੀ।
4. ਭੁੱਖ ਨੂੰ ਕਾਬੂ ਵਿੱਚ ਰੱਖਣਾ।
5. ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖਣਾ।
6. ਸ਼ੂਗਰ ਦੇ ਰੋਗ ਤੋਂ ਬਚਾਅ।
7. ਮਾਸਪੇਸ਼ੀਆਂ ਦੀ ਤਾਕਤ ਨੂੰ ਵਧਾਉਣਾ।
8. ਖ਼ੁਸ਼ੀ ਦੇਣਾ।
9. ਵਧੀਆ ਨੀਂਦਰ ਆਉਣ ਵਿੱਚ ਸਹਾਇਕ।
10. ਸਾਨੂੰ ਆਪਣੇ ਆਪ ਨੂੰ ਚੰਗਾ ਮਹਿਸੂਸ ਹੋਣਾ।
11. ਸਰੀਰ ਦਾ ਲਚਕੀਲਾਪਣ ਵਧਾਉਣਾ।
12. ਸਰੀਰ ਦੀ ਪਾਚਨ ਸ਼ਕਤੀ ਵਧਾਉਣਾ।

ਲੋਕ ਕਸਰਤ ਕਿਉਂ ਨਹੀਂ ਕਰਦੇ ?

1. ਸਮੇਂ ਦੀ ਘਾਟ : ਤੁਸੀਂ ਤਕਰੀਬਨ 5-10 ਮਿੰਟ ਲਈ ਵੀ ਕਸਰਤ ਕਰ ਸਕਦੇ ਹੋ।
2. ਜ਼ਿਆਦਾ ਥਕਾਵਟ : ਕਸਰਤ ਅਸਲ ਵਿੱਚ ਥਕਾਵਟ ਦੂਰ ਕਰਦੀ ਹੈ।
3. ਲੋਕ ਕੀ ਕਹਿਣਗੇ : ਤੁਹਾਨੂੰ ਆਪਣੀ ਸਿਹਤ ਦਾ ਧਿਆਨ ਰੱਖਣ ਵਿੱਚ ਮਾਣ ਮਹਿਸੂਸ ਹੋਵੇਗਾ।
4. ਮੌਸਮ ਦਾ ਖ਼ਰਾਬ ਹੋਣਾ : ਤੁਸੀਂ ਆਪਣੇ ਘਰ ਅੰਦਰ ਵੀ ਕਸਰਤ ਕਰ ਸਕਦੇ ਹੋ।
5. ਬਹੁਤ ਜ਼ਿਆਦਾ ਖ਼ਰਚਾ : ਬਹੁਤ ਸਾਰੀਆਂ ਕਸਰਤਾਂ ਲਈ ਕਿਸੇ ਵੀ ਸਾਜ਼ੋ-ਸਾਮਾਨ ਜਾਂ ਸਿਹਤ ਕਲੱਬ ਦੀ ਜ਼ਰੂਰਤ ਨਹੀਂ ਹੈ।
6. ਰੋਜ਼ਾਨਾ ਕਸਤਰ ਕਰਨ ਦੀ ਜ਼ਰੂਰਤ ਨੂੰ ਅਹਿਮੀਅਤ ਨਾ ਦੇਣਾ।

**ਕਿੰਨੇ ਸਮੇਂ ਲਈ ਅਤੇ ਕਿੰਨੀ ਵਾਰ ਕਸਰਤ ਦੀ ਲੋੜ ਹੈ ?**

ਹਫ਼ਤੇ ਵਿੱਚ ਚਾਰ-ਪੰਜ ਵਾਰੀ ਤਕਰੀਬਨ 30 ਮਿੰਟ ਕਸਰਤ ਕਰਨ ਨਾਲ ਵਧੀਆ ਸਿਹਤ ਕਾਇਮ ਰਹਿ ਸਕਦੀ ਹੈ। ਹਰ ਰੋਜ਼ ਕਸਰਤ ਕਰਨ ਦਾ ਹੋਰ ਵੀ ਜ਼ਿਆਦਾ ਲਾਭ ਹੋਵੇਗਾ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

HEALING HERBS & MASSAGE
ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।
ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।



ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

### ਵਾਤਾਵਰਣ ਦੀ ਸੰਭਾਲ ਲਈ ਵੱਡੀ ਪਹਿਲ

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਧਾਰਮਿਕ ਇਕੱਠਾਂ ਨੂੰ 'ਪਲਾਸਟਿਕ-ਮੁਕਤ' ਕਰਨ ਦਾ ਸੱਦਾ



ਪਟਿਆਲਾ: ਪੰਜਾਬ ਵਿੱਚ ਹੋਣ ਵਾਲੀਆਂ ਧਾਰਮਿਕ ਇਕੱਤਰਤਾਵਾਂ ਮੌਕੇ ਪਲਾਸਟਿਕ ਰਹਿਤ ਵਾਤਾਵਰਣ ਸਿਰਜਣ ਲਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈ ਇਸ ਬੈਠਕ ਦੌਰਾਨ ਪੰਜਾਬ ਦੇ ਲੋਕਾਂ ਨੂੰ ਧਾਰਮਿਕ ਅਤੇ ਸੱਭਿਆਚਾਰਕ ਇਕੱਠਾਂ ਦੌਰਾਨ ਵਾਤਾਵਰਣ ਪੱਖੀ ਅਭਿਆਸ ਅਪਣਾਉਣ ਲਈ ਇੱਕ ਸਾਂਝੀ ਅਪੀਲ ਜਾਰੀ ਕੀਤੀ ਗਈ ਹੈ।

ਰੀਨਾ ਗੁਪਤਾ ਨੇ ਦੱਸਿਆ ਕਿ ਇਸ ਅਪੀਲ ਵਿੱਚ ਸਮੁੱਚੀ ਸੰਗਤ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਸਿੰਗਲ-ਯੂਜ਼ ਪਲਾਸਟਿਕ ਅਤੇ ਥਰਮੋਕੋਲ-ਅਧਾਰਤ ਉਤਪਾਦਾਂ ਦੀ ਵਰਤੋਂ ਤੋਂ ਪਰਹੇਜ਼ ਕਰਨ, ਖਾਸ ਕਰਕੇ ਲੰਗਰ, ਪ੍ਰਸ਼ਾਦ ਅਤੇ ਹੋਰ ਸੇਵਾਵਾਂ ਵਿੱਚ, ਗੁਰੂ ਸਾਹਿਬਾਨਾਂ ਦੇ ਉਪਦੇਸ਼ ਮੁਤਾਬਕ ਸੇਵਾ ਅਤੇ ਕੁਦਰਤ ਦੇ ਸਤਿਕਾਰ ਦੀਆਂ ਸਿੱਖ ਪਰੰਪਰਾਵਾਂ ਦੇ ਅਨੁਸਾਰ ਮੁੜ ਵਰਤੋਂ ਯੋਗ ਸਟੀਲ ਦੇ ਭਾਂਡਿਆਂ ਨੂੰ ਹੀ ਵਰਤਿਆ ਜਾਵੇ।

ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜ਼ੋਰ ਦੇ ਕੇ ਕਿਹਾ ਕਿ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਨੂੰ ਸੁਰੱਖਿਅਤ ਰੱਖਣ ਵਿੱਚ ਵਾਤਾਵਰਣ ਦੀ ਦੇਖਭਾਲ ਸ਼ਾਮਲ ਹੈ। ਉਨ੍ਹਾਂ ਨੇ ਵਧਦੇ ਸ਼ਹਿਰੀਕਰਨ ਦੇ ਵਿਚਕਾਰ ਪੰਜਾਬ ਦੇ ਹਰੇ ਭਰੇ ਖੇਤਰ ਨੂੰ ਵਧਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ 'ਰੁੱਖਾਂ' ਦੀ ਮਹੱਤਤਾ ਤੇ ਕੁਦਰਤ ਨਾਲ ਇਕਸੁਰਤਾ ਵਿੱਚ ਰਹਿਣਾ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦਾ ਲੰਬੇ ਸਮੇਂ ਤੋਂ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਰਿਹਾ ਹੈ।

ਵਾਤਾਵਰਣ ਤੇ ਮਨੁੱਖੀ ਸਰੀਰ ਵਿੱਚ ਤੇਜ਼ੀ ਨਾਲ ਵੱਧ ਰਹੇ ਮਾਈਕ੍ਰੋਪਲਾਸਟਿਕਸ 'ਤੇ ਚਿੰਤਾ ਜਾਹਰ ਕਰਦਿਆਂ ਰੀਨਾ ਗੁਪਤਾ ਨੇ ਕਿਹਾ ਕਿ ਇਹ ਗੰਭੀਰ ਸਿਹਤ ਜੋਖਮ ਪੈਦਾ ਕਰ ਰਹੇ ਹਨ। ਉਨ੍ਹਾਂ ਨੇ ਨਾਗਰਿਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਵਾਤਾਵਰਨ ਪੱਖੀ ਅਭਿਆਸਾਂ ਨੂੰ ਅਪਣਾਉਣ ਦੀ ਅਪੀਲ ਕੀਤੀ, ਜਿਸ ਵਿੱਚ ਪਲਾਸਟਿਕ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਨਾ ਅਤੇ ਕੱਪੜੇ ਅਤੇ ਜੂਟ ਦੇ ਥੈਲਿਆਂ ਦੀ ਚੋਣ ਕਰਨਾ ਸ਼ਾਮਲ ਹੈ।

ਜਥੇਦਾਰ ਗੜਗੱਜ ਤੇ ਚੇਅਰਪਰਸਨ ਨੇ ਆਨੰਦਪੁਰ ਸਾਹਿਬ ਵਿਖੇ ਪਲਾਸਟਿਕ-ਮੁਕਤ ਹੋਲਾ ਮੁਹੱਲਾ ਪਹਿਲਕਦਮੀ ਦੀ ਸ਼ਲਾਘਾ ਕੀਤੀ, ਜਿਸਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਿੰਗਲ-ਯੂਜ਼ ਪਲਾਸਟਿਕ ਨੂੰ ਘਟਾਉਣ ਲਈ ਜ਼ਮੀਨੀ ਕਾਰਵਾਈ ਦੇ ਨਾਲ ਵੱਡੇ ਪੱਧਰ 'ਤੇ ਜਾਗਰੂਕਤਾ ਨੂੰ ਜੋੜਿਆ ਗਿਆ ਸੀ।

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਚੇਅਰਪਰਸਨ ਨੇ ਸਾਂਝੀ ਅਪੀਲ ਕਰਦਿਆਂ ਵਿਸਾਖੀ ਅਤੇ ਹੋਰ ਪ੍ਰਮੁੱਖ ਸਮਾਗਮਾਂ ਦੌਰਾਨ ਇਨ੍ਹਾਂ ਯਤਨਾਂ ਨੂੰ ਜਾਰੀ ਰੱਖਣ ਦਾ ਸੱਦਾ ਦਿੱਤਾ ਹੈ ਤਾਂ ਜੋ ਸਿੰਗਲ-ਯੂਜ਼ ਪਲਾਸਟਿਕ ਤੋਂ ਬਚਣਾ ਸਭ ਦਾ ਸੁਭਾਅ ਬਣ ਜਾਵੇ। ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੇ ਤਜਰਬੇ ਦੇ ਆਧਾਰ 'ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵਿਸਾਖੀ ਮੇਲੇ ਦੌਰਾਨ ਤਲਵੰਡੀ ਸਾਬੋ ਵਿਖੇ ਇੱਕ ਜਾਗਰੂਕਤਾ ਸਟਾਲ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ।

ਚੇਅਰਪਰਸਨ ਨੇ ਦੱਸਿਆ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਪ੍ਰਬੰਧ ਨਾਲ ਹਾਲ ਹੀ ਵਿੱਚ ਹੋਈ ਇੱਕ ਮੀਟਿੰਗ ਵਿੱਚ ਸਿੰਗਲ-ਯੂਜ਼ ਪਲਾਸਟਿਕ ਦੀ ਸਖ਼ਤ ਮਨਾਹੀ ਦੇ ਨਾਲ ਇੱਕ ਵਾਤਾਵਰਣ-ਅਨੁਕੂਲ ਮੇਲਾ ਆਯੋਜਿਤ ਕਰਨ ਦੀ ਸਾਂਝੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਗਈ, ਜੋ ਕਿ ਰਾਜ ਲਈ ਇੱਕ ਸਕਾਰਾਤਮਕ ਉਦਾਹਰਣ ਹੈ।

# ਹਰਿਆਣਾ ਸਰਕਾਰ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ : ਸੈਣੀ

ਕੁਰੂਕਸ਼ੇਤਰ : ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਸਿੱਖ ਗੁਰੂਆਂ ਦੇ ਸਿਧਾਂਤਾਂ ਅਤੇ ਸਿੱਖਿਆਵਾਂ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣ ਲਈ ਨਿਰੰਤਰ ਕੰਮ ਕਰ ਰਹੀਆਂ ਹਨ। ਕੁਰੂਕਸ਼ੇਤਰ ਵਿਖੇ ਕਲਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕਰਵਾਏ ਗਏ ਰਾਜ ਪੱਧਰੀ ਵਿਸਾਖੀ ਮਹਾਂਉਤਸਵ 2026 ਵਿਚ ਮੁੱਖ ਮਹਿਮਾਨ ਵਜੋਂ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਇਕ ਨਵੇਂ ਯੁੱਗ ਵੱਲ ਵਧ ਰਿਹਾ ਹੈ ਅਤੇ 'ਵਿਕਸਤ ਭਾਰਤ 2047' ਦੇ ਟੀਚੇ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਏਕਤਾ, ਸਮਰਪਣ, ਸੇਵਾ ਅਤੇ ਸਖ਼ਤ ਮਿਹਨਤ ਨੂੰ ਰੋਜ਼ਾਨਾ ਜੀਵਨ 'ਚ ਅਪਣਾਇਆ ਜਾਣਾ ਬਹੁਤ ਜ਼ਰੂਰ ਹੈ ਤਾਂ ਜੋ ਇਕ ਸਮਾਵੇਸ਼ੀ ਸਮਾਜ ਦੀ ਉਸਾਰੀ ਕੀਤੀ ਜਾ ਸਕੇ ਜਿੱਥੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਮੌਕੇ ਮਿਲਣ, ਕੋਈ ਭੇਦਭਾਵ ਨਾ ਹੋਵੇ ਅਤੇ ਹਰ ਵਿਅਕਤੀ ਸਨਮਾਨ ਨਾਲ ਰਹਿ ਸਕੇ। ਉਨ੍ਹਾਂ ਅੱਗੇ ਕਿਹਾ ਕਿ ਵਿਕਾਸ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ, ਸੱਭਿਆਚਾਰ ਨੂੰ ਸੰਭਾਲਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਦੇ ਸ਼ਾਨਦਾਰ ਇਤਿਹਾਸ ਤੋਂ ਜਾਣੂ ਕਰਵਾਉਂਦੇ ਹੋਏ ਨਾਲ-ਨਾਲ ਚੱਲਣਾ ਚਾਹੀਦਾ ਹੈ। ਉਨ੍ਹਾਂ ਇਸ ਦਿਨ ਦੀ ਇਤਿਹਾਸਕ ਮਹੱਤਤਾ ਨੂੰ ਯਾਦ ਕਰਦਿਆਂ ਕਿਹਾ ਕਿ ਸਾਲ 1699 ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ ਜਦੋਂ ਅਨਿਆਂ ਅਤੇ ਜ਼ੁਲਮ ਆਪਣੇ ਸਿਖਰ 'ਤੇ ਸਨ, ਜਿਸ ਨਾਲ ਹਿੰਮਤ, ਸਮਾਨਤਾ, ਸਵੈ-ਮਾਣ ਅਤੇ ਦੇਸ਼ ਭਗਤੀ 'ਤੇ ਅਧਾਰਤ ਸਮਾਜ ਨੂੰ ਇਕ ਨਵੀਂ ਦਿਸ਼ਾ ਮਿਲੀ।



# ਮੁਖ ਮੰਤਰੀ ਸ. ਭਗਵੰਤ ਸਿੰਘ ਮਾਨ ਬੁੱਢਾ ਦਲ ਦੀ ਛਾਉਣੀ ਵਿਖੇ ਹੋਏ ਨਤਮਸਤਕ

ਤਲਵੰਡੀ ਸਾਬੋ/ਦਮਦਮਾ ਸਾਹਿਬ : ਖਾਲਸਾ ਸਾਜਨਾ ਦਿਵਸ ਵਿਸਾਖੀ ਤਲਵੰਡੀ ਸਾਬੋ ਗੁਰਦੁਆਰਾ ਬੇਰ ਸਾਹਿਬ ਦੇਗਸਰ ਛਾਉਣੀ ਬੁੱਢਾ ਦਲ ਵਿਖੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਦੀ ਅਗਵਾਈ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣ ਉਪਰੰਤ ਪੰਜਾਬ ਦੇ ਮੁਖ ਮੰਤਰੀ ਸ. ਭਗਵੰਤ ਸਿੰਘ ਮਾਨ ਨਤਮਸਤਕ ਹੋਏ ਉਪਰੰਤ ਉਨ੍ਹਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨਾਲ ਮੁਲਾਕਾਤ ਕੀਤੀ। ਇਸ ਮਿਲਣੀ ਸਮੇਂ ਪੰਥਕ ਵਿਚਾਰਾਂ ਦੇ ਨਾਲ ਨਾਲ ਛਾਉਣੀ ਬਾਰੇ ਕੁੱਝ ਪ੍ਰਬੰਧਕੀ ਨੁਕਤੇ ਵੀ ਵਿਚਾਰੇ ਗਏ।



ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਉਨ੍ਹਾਂ ਨੂੰ ਬੁੱਢਾ ਦਲ ਦੇ ਜੁਝਾਰੂ ਸ਼ਾਨਾਮੱਤੇ ਇਤਿਹਾਸ ਬਾਰੇ ਵੀ ਚਾਨਣਾ ਪਾਇਆ ਅਤੇ ਬੁੱਢਾ ਦਲ ਦੇ ਇਤਿਹਾਸ ਬਾਰੇ ਵੀ ਭਰਪੂਰ ਜਾਣਕਾਰੀ ਦਿਤੀ। ਸ. ਭਗਵੰਤ ਸਿੰਘ ਮਾਨ ਨੂੰ ਬਾਬਾ ਬਲਬੀਰ ਸਿੰਘ 96 ਕਰੋੜੀ ਵੱਲੋਂ ਸਿਰਪਾਓ, ਸ੍ਰੀ ਸਾਹਿਬ, ਦੋਸ਼ਾਲਾ ਬਖਸ਼ਿਸ਼ ਕੀਤਾ ਗਿਆ। ਇਸ ਸਮੇਂ ਬੀਬੀ ਬਲਜਿੰਦਰ ਕੌਰ ਹਲਕਾ ਮੈ.ਐਲ.ਏ, ਸ. ਇੰਦਰਪਾਲ ਸਿੰਘ ਫੌਜੀ ਰਿਕੀ, ਬਾਬਾ ਜੱਸਾ ਸਿੰਘ, ਬਾਬਾ ਗੁਰਮੁਖ ਸਿੰਘ, ਬਾਬਾ ਸਰਵਨ ਸਿੰਘ ਮਝੈਲ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਮੇਜਰ ਸਿੰਘ, ਬਾਬਾ ਦਲੇਰ ਸਿੰਘ ਆਦਿ ਹਾਜ਼ਰ ਸਨ।

# ਵਿਸਾਖੀ ਤੋਂ ਪਰਤ ਰਹੇ ਸ਼ਰਧਾਲੂਆਂ ਦੀ ਬੱਸ ਪਲਟਣ ਕਾਰਨ 6 ਮੌਤਾਂ, 15 ਜ਼ਖ਼ਮੀ

ਪਟਿਆਲਾ/ਚੰਡੀਗੜ੍ਹ : ਆਨੰਦਪੁਰ ਸਾਹਿਬ ਤੋਂ ਵਾਪਸ ਆ ਰਹੀ ਸ਼ਰਧਾਲੂਆਂ ਨਾਲ ਭਰੀ ਇੱਕ ਬੱਸ ਦੇ ਪਲਟ ਜਾਣ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ 15 ਹੋਰ ਜ਼ਖ਼ਮੀ ਹੋ ਗਏ ਹਨ। ਇਹ ਘਟਨਾ ਮੰਗਲਵਾਰ ਰਾਤ ਕਰੀਬ 10 ਵਜੇ ਬੱਸੀ ਪਠਾਣਾ ਦੇ ਮੋਰਿੰਡਾ-ਚੁੰਨੀ ਰੋਡ ਇਲਾਕੇ ਵਿੱਚ ਹਿੰਮਤਪੁਰਾ ਦੇ ਨੇੜੇ ਵਾਪਰੀ, ਜਦੋਂ ਸ਼ਰਧਾਲੂ ਵਿਸਾਖੀ ਦੇ ਮੌਕੇ 'ਤੇ ਮੱਥਾ ਟੇਕਣ ਤੋਂ ਬਾਅਦ ਰੂਪਨਗਰ ਜ਼ਿਲ੍ਹੇ ਦੇ ਅਨੰਦਪੁਰ ਸਾਹਿਬ ਤੋਂ ਵਾਪਸ ਆ ਰਹੇ ਸਨ।



ਵੇਰਵਿਆਂ ਅਨੁਸਾਰ ਸਾਰੇ ਸ਼ਰਧਾਲੂ ਫਤਿਹਗੜ੍ਹ ਸਾਹਿਬ ਦੇ ਮੈਣ ਮਾਜਰੀ ਦੇ ਰਹਿਣ ਵਾਲੇ ਸਨ। ਮੁਢਲੀ ਜਾਣਕਾਰੀ ਅਨੁਸਾਰ ਕੁੱਝ ਤਕਨੀਕੀ ਖਰਾਬੀ ਤੋਂ ਬਾਅਦ ਡਰਾਈਵਰ ਨੇ ਵਾਹਨ ਤੋਂ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਬੱਸ ਪਲਟਣ ਤੋਂ ਪਹਿਲਾਂ ਬਿਜਲੀ ਦੇ ਖੰਭੇ ਨਾਲ ਜਾ ਟਕਰਾਈ। ਹਾਦਸੇ ਕਾਰਨ ਮੌਕੇ ਚੀਕ-ਚਿਹਾੜਾ ਮਚ ਗਿਆ ਅਤੇ ਕਈ ਸਵਾਰੀਆਂ ਬੱਸ ਦੇ ਅੰਦਰ ਫਸ ਗਈਆਂ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਾਦਸੇ ਦੌਰਾਨ ਬੱਸ ਵਿੱਚ 40 ਦੇ ਕਰੀਬ ਸ਼ਰਧਾਲੂ ਸਫਰ ਕਰ ਰਹੇ ਸਨ। ਮੌਕੇ 'ਤੇ ਮੌਜੂਦ ਲੋਕਾਂ ਅਤੇ ਸਥਾਨਕ ਪਿੰਡ ਵਾਸੀਆਂ ਨੇ ਜ਼ਖਮੀਆਂ ਨੂੰ ਬੱਸ ਵਿੱਚੋਂ ਕੱਢਣ ਦੀ ਕਾਰਵਾਈ ਸ਼ੁਰੂ ਕੀਤੀ। ਸੂਚਨਾ ਮਿਲਣ ਤੋਂ ਤੁਰੰਤ ਬਾਅਦ ਪੁਲੀਸ ਅਤੇ ਐਮਰਜੈਂਸੀ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਜ਼ਖਮੀਆਂ ਨੂੰ ਸ਼ੁਰੂ ਵਿੱਚ ਮੋਰਿੰਡਾ ਅਤੇ ਫਤਿਹਗੜ੍ਹ ਸਾਹਿਬ ਦੇ ਹਸਪਤਾਲਾਂ ਵਿੱਚ ਭੇਜਿਆ ਗਿਆ, ਜਦੋਂ ਕਿ ਗੰਭੀਰ ਰੂਪ ਵਿੱਚ ਜ਼ਖਮੀਆਂ ਨੂੰ ਇਲਾਜ ਲਈ ਚੰਡੀਗੜ੍ਹ ਪੀਜੀਆਈ ਰੈਫਰ ਕਰ ਦਿੱਤਾ ਗਿਆ ਹੈ। ਇਸ ਦੌਰਾਨ ਬਠਿੰਡਾ ਤੋਂ ਸੰਸਦ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਰਸਿਮਰਤ ਕੌਰ ਬਾਦਲ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸੋਸ਼ਲ ਮੀਡੀਆ ਪੋਸਟ ਵਿੱਚ ਬਾਦਲ ਨੇ ਕਿਹਾ ਕਿ ਉਹ ਜਾਨੀ ਨੁਕਸਾਨ ਤੋਂ ਦੁਖੀ ਹਨ ਅਤੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਲਈ ਅਰਦਾਸ ਕਰਦੇ ਹਨ।

ਫਤਿਹਗੜ੍ਹ ਸਾਹਿਬ ਦੇ ਡਿਪਟੀ ਸੁਪਰਡੈਂਟ ਆਫ਼ ਪੁਲੀਸ ਰਾਜ ਕੁਮਾਰ ਨੇ ਦੱਸਿਆ ਕਿ ਇਸ ਘਟਨਾ ਵਿੱਚ ਇੱਕ ਮਹਿਲਾ ਸਮੇਤ ਛੇ ਵਿਅਕਤੀਆ ਦੀ ਮੌਤ ਹੋ ਗਈ ਹੈ।

# ਕਣਕ ਦੇ ਖ਼ਰੀਦ ਮਾਪਦੰਡਾਂ ਤੋਂ ਕਿਸਾਨ ਔਖੇ

## ਮੰਡੀਆਂ ਵਿੱਚ ਹੀ ਰਾਤਾਂ ਕੱਟਣ ਲਈ ਮਜਬੂਰ

ਚੰਡੀਗੜ੍ਹ : ਪੰਜਾਬ ਦੇ ਖ਼ਰੀਦ ਕੇਂਦਰਾਂ 'ਚ ਕਿਸਾਨਾਂ ਨੂੰ ਸਖ਼ਤ ਖ਼ਰੀਦ ਮਾਪਦੰਡਾਂ ਨੇ ਰੋਲ ਦਿੱਤਾ ਹੈ। ਕਿਸਾਨਾਂ ਅਨੁਸਾਰ ਪਹਿਲਾਂ ਬੇਮੌਸਮੇ ਮੀਂਹ ਅਤੇ ਗੜਿਆਂ ਨੇ ਫ਼ਸਲ ਝੰਬ ਦਿੱਤੀ ਅਤੇ ਹੁਣ ਮੰਡੀਆਂ 'ਚ ਖ਼ਰੀਦ ਅਧਿਕਾਰੀ ਢੇਰੀਆਂ ਦੇ ਨੇੜੇ ਨਹੀਂ ਲੱਗ ਰਹੇ। ਅੱਜ ਵਿਸਾਖੀ ਮੌਕੇ ਵੀ ਕਿਸਾਨਾਂ ਨੂੰ ਮੰਡੀਆਂ 'ਚ ਖੱਜਲ ਹੋਣਾ ਪਿਆ। ਪੰਜਾਬ ਸਰਕਾਰ ਨੇ ਇਸ ਵਾਰ 122 ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਦਾ ਟੀਚਾ ਮਿਥਿਆ ਹੈ ਪਰ ਕਿਸਾਨਾਂ ਨੂੰ ਮੰਡੀਆਂ 'ਚ ਰਾਤਾਂ ਕੱਟਣੀਆਂ ਪੈ ਰਹੀਆਂ ਹਨ। ਅਧਿਕਾਰੀ ਖ਼ਰੀਦ ਮਾਪਦੰਡਾਂ ਨਾਲ ਸਮਝੌਤਾ ਕਰ ਕੇ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੇ।

13 ਅਪ੍ਰੈਲ ਤੱਕ ਸੂਬੇ ਦੀਆਂ ਮੰਡੀਆਂ ਵਿੱਚ 2.33 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋਈ ਜਿਸ 'ਚੋਂ ਸਿਰਫ਼ 33,930 ਮੀਟਰਿਕ ਟਨ (ਕਰੀਬ 15 ਫ਼ੀਸਦੀ) ਹੀ ਖ਼ਰੀਦੀ ਜਾ ਸਕੀ ਹੈ। ਬੋਰੀਆਂ ਦੀ ਗਿਣਤੀ ਅਨੁਸਾਰ 46.60 ਲੱਖ ਬੋਰੀਆਂ 'ਚੋਂ ਮਹਿਜ਼ 6.78 ਲੱਖ ਬੋਰੀਆਂ ਦੀ ਖ਼ਰੀਦ ਹੋਈ ਹੈ ਅਤੇ ਕਰੀਬ 40 ਲੱਖ ਬੋਰੀਆਂ ਹਾਲੇ ਵੀ ਖੁੱਲ੍ਹੇ ਅਸਮਾਨ ਹੇਠ ਪਈਆਂ ਹਨ।

ਪਤਾ ਲੱਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਫ਼ਸਲ ਦੀ ਫ਼ੌਰੀ ਖ਼ਰੀਦ ਲਈ ਤਾੜਨਾ ਕੀਤੀ ਹੈ। ਖ਼ਰੀਦ ਪ੍ਰਬੰਧਾਂ ਨੂੰ ਲੈ ਕੇ ਮੁੱਖ ਸਕੱਤਰ ਨੇ ਮੀਟਿੰਗ ਵੀ ਕੀਤੀ ਹੈ। ਖ਼ੁਰਾਕ ਤੇ ਸਪਲਾਈ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਡਿਪਟੀ ਕਮਿਸ਼ਨਰਾਂ ਨਾਲ ਵਰਚੁਅਲ ਮੀਟਿੰਗ ਕਰ ਕੇ ਖ਼ਰੀਦ ਬਾਰੇ ਹਦਾਇਤਾਂ ਜਾਰੀ ਕੀਤੀਆਂ ਹਨ। ਮੁੱਖ ਮੰਤਰੀ ਨੇ ਕੁੱਝ ਦਿਨ ਪਹਿਲਾਂ ਹੀ ਕੇਂਦਰੀ ਖ਼ੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਕੋਲ ਅਨਾਜ ਪ੍ਰਬੰਧਨ ਦਾ ਮੁੱਦਾ ਚੁੱਕਿਆ ਸੀ।

ਬਰਨਾਲਾ ਮੰਡੀ ਵਿੱਚ ਪਿੰਡ ਕਰਮਗੜ੍ਹ ਦੇ ਕਿਸਾਨ ਬਲਕੌਰ ਸਿੰਘ ਅਤੇ ਨਾਜਰ ਸਿੰਘ ਅਨੁਸਾਰ ਉਹ ਹਫ਼ਤੇ ਤੋਂ ਅਧਿਕਾਰੀਆਂ ਅਤੇ ਬਾਰਦਾਨੇ ਦੀ ਉਡੀਕ ਕਰ ਰਹੇ ਹਨ। ਫ਼ਰੀਦਕੋਟ ਦੇ ਪਿੰਡ ਰੋੜੀਕਪੂਰਾ ਦੀ ਮੰਡੀ ਫ਼ਸਲ ਨਾਲ ਭਰ ਜਾਣ ਕਾਰਨ ਕਿਸਾਨ ਗਲੀਆਂ ਅਤੇ ਕੱਚੇ ਥਾਵਾਂ 'ਤੇ ਕਣਕ ਉਤਾਰਨ ਲਈ ਮਜਬੂਰ ਹਨ। ਸੰਗਰੂਰ ਅਤੇ ਲੁਧਿਆਣਾ ਦੇ ਕਿਸਾਨਾਂ ਅਨੁਸਾਰ ਖ਼ਰੀਦ ਏਜੰਸੀਆਂ ਨਮੀ ਜ਼ਿਆਦਾ ਹੋਣ, ਦਾਣਾ ਸੁੰਗੜਨ ਜਾਂ ਕਾਲਾ ਪੈਣ ਦਾ ਬਹਾਨਾ ਬਣਾ ਕੇ ਬੋਲੀ ਨਹੀਂ ਲਾ ਰਹੀਆਂ। ਮੀਂਹ ਕਾਰਨ ਸੂਬੇ ਵਿੱਚ ਪਹਿਲਾਂ ਹੀ 1.30 ਲੱਖ ਏਕੜ ਫ਼ਸਲ ਨੁਕਸਾਨੀ ਜਾ ਚੁੱਕੀ ਹੈ। ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਦਾਦੂਮਾਜਰਾ ਦੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਮੀਂਹ ਕਾਰਨ ਫ਼ਸਲ ਦੀ ਵਾਢੀ ਲੇਟ ਹੋ ਗਈ ਹੈ। ਇਸ ਵਾਰ ਫ਼ਸਲ ਦਾ ਝਾੜ ਵੀ ਪ੍ਰਭਾਵਿਤ ਹੋਇਆ ਹੈ।



# ਦੁਨੀਆਂ ਦੇ ਸਿਰਫ਼ 9 ਦੇਸ਼ਾਂ ਕੋਲ ਹੀ ਕਿਉਂ ਹਨ ਪਰਮਾਣੂ ਬੰਬ ? ਬਾਕੀ ਦੇਸ਼ ਕਿਉਂ ਨਹੀਂ ਬਣਾ ਸਕਦੇ...

ਅਮਰੀਕਾ ਅਤੇ ਇਜ਼ਰਾਈਲ ਵਿਚਕਾਰ ਵਿਵਾਦ ਘੱਟ ਹੋਣ ਦੇ ਕੋਈ ਸੰਕੇਤ ਨਹੀਂ ਦਿਖ ਰਹੇ ਹਨ। ਹਾਲਾਂਕਿ ਪਾਕਿਸਤਾਨ ਵਿੱਚ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਹੋਈ, ਪਰ ਕੋਈ ਸਮਝੌਤਾ ਨਹੀਂ ਹੋ ਸਕਿਆ। ਕਈ ਕੋਸ਼ਿਸ਼ਾਂ ਦੇ ਬਾਵਜੂਦ, ਦੋਵਾਂ ਦੇਸ਼ਾਂ ਵਿਚਕਾਰ ਮਤਭੇਦ ਘੱਟ ਨਹੀਂ ਹੋ ਸਕੇ, ਇਹ ਗੱਲ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਸਪੱਸ਼ਟ ਕੀਤੀ। ਹਾਲਾਂਕਿ, ਉਨ੍ਹਾਂ ਨੇ ਇਸ ਮਾਮਲੇ ਵਿੱਚ ਪਾਕਿਸਤਾਨ ਦੀ ਭੂਮਿਕਾ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫੌਜ ਮੁਖੀ ਅਸੀਮ ਮੁਨੀਰ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।





(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਅਮਰੀਕਾ ਅਤੇ ਇਜ਼ਰਾਈਲ ਵਿਚਕਾਰ ਵਿਵਾਦ ਘੱਟ ਹੋਣ ਦੇ ਕੋਈ ਸੰਕੇਤ ਨਹੀਂ ਦਿਖ ਰਹੇ ਹਨ। ਹਾਲਾਂਕਿ ਪਾਕਿਸਤਾਨ ਵਿੱਚ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਹੋਈ, ਪਰ ਕੋਈ ਸਮਝੌਤਾ ਨਹੀਂ ਹੋ ਸਕਿਆ। ਕਈ ਕੋਸ਼ਿਸ਼ਾਂ ਦੇ ਬਾਵਜੂਦ, ਦੋਵਾਂ ਦੇਸ਼ਾਂ ਵਿਚਕਾਰ ਮਤਭੇਦ ਘੱਟ ਨਹੀਂ ਹੋ ਸਕੇ, ਇਹ ਗੱਲ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਐਤਵਾਰ ਨੂੰ ਸਪੱਸ਼ਟ ਕੀਤੀ। ਹਾਲਾਂਕਿ, ਉਨ੍ਹਾਂ ਨੇ ਇਸ ਮਾਮਲੇ ਵਿੱਚ ਪਾਕਿਸਤਾਨ ਦੀ ਭੂਮਿਕਾ ਅਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਫੌਜ ਮੁਖੀ ਅਸੀਮ ਮੁਨੀਰ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

1979 ਤੋਂ ਬਾਅਦ ਇਸ ਗੱਲਬਾਤ ਦੀ ਅਸਫਲਤਾ ਦੁਨੀਆ ਲਈ ਚਿੰਤਾ ਦਾ ਕਾਰਨ ਬਣੀ ਹੋਈ ਹੈ। ਪਰ, ਇਸ ਸਭ ਦੇ ਵਿਚਕਾਰ, ਅੱਜ ਇੱਕ ਮਹੱਤਵਪੂਰਨ ਸਵਾਲ ਉੱਠਿਆ ਹੈ। ਦੁਨੀਆ ਦੇ ਸਿਰਫ 9 ਦੇਸ਼ਾਂ ਕੋਲ ਪ੍ਰਮਾਣੂ ਹਥਿਆਰ ਹਨ ? ਬਾਕੀ ਦੇਸ਼ ਅਜੇ ਤੱਕ ਪ੍ਰਮਾਣੂ ਬੰਬ ਕਿਉਂ ਨਹੀਂ ਰੱਖ ਸਕੇ ? ਇਹ ਸਵਾਲ ਸਾਹਮਣੇ ਆਇਆ ਹੈ। ਇਸ ਵੇਲੇ ਦੁਨੀਆ ਦੇ ਸਿਰਫ 9 ਦੇਸ਼ਾਂ ਕੋਲ ਪ੍ਰਮਾਣੂ ਹਥਿਆਰ ਹਨ। ਇਨ੍ਹਾਂ ਦੇਸ਼ਾਂ ਵਿੱਚ ਅਮਰੀਕਾ, ਰੂਸ, ਇੰਗਲੈਂਡ, ਫਰਾਂਸ, ਚੀਨ, ਭਾਰਤ, ਪਾਕਿਸਤਾਨ, ਉੱਤਰੀ ਕੋਰੀਆ ਅਤੇ ਇਜ਼ਰਾਈਲ ਸ਼ਾਮਲ ਹਨ।

ਦਿਲਚਸਪ ਗੱਲ ਇਹ ਹੈ ਕਿ ਇਸ ਸਮੇਂ ਦੁਨੀਆ ਵਿੱਚ ਕੁੱਲ 12,121 ਪ੍ਰਮਾਣੂ ਹਥਿਆਰ ਹਨ। ਇਨ੍ਹਾਂ ਵਿੱਚੋਂ 90 ਪ੍ਰਤੀਸ਼ਤ ਰੂਸ ਅਤੇ ਅਮਰੀਕਾ ਦੇ ਹਨ। ਰੂਸ 5580 ਹਥਿਆਰਾਂ ਨਾਲ ਪਹਿਲੇ ਸਥਾਨ ’ਤੇ ਹੈ। ਅਮਰੀਕਾ 5044 ਹਥਿਆਰਾਂ ਨਾਲ ਦੂਜੇ ਸਥਾਨ ’ਤੇ ਹੈ। ਜਰਮਨੀ, ਜਾਪਾਨ ਅਤੇ ਆਸਟ੍ਰੇਲੀਆ ਵਰਗੇ ਵਿਕਸਤ ਅਤੇ ਸ਼ਕਤੀਸ਼ਾਲੀ ਦੇਸ਼ਾਂ ਕੋਲ ਪ੍ਰਮਾਣੂ ਬੰਬ ਨਹੀਂ ਹਨ, ਇਸ ਪਿੱਛੇ ਸਭ ਤੋਂ ਵੱਡਾ ਕਾਰਨ ਪ੍ਰਮਾਣੂ ਅਪ੍ਰਸਾਰ ਸੰਧੀ ਹੈ।

ਜਰਮਨੀ, ਜਾਪਾਨ ਅਤੇ ਆਸਟ੍ਰੇਲੀਆ ਵਰਗੇ ਵਿਕਸਤ ਅਤੇ ਸ਼ਕਤੀਸ਼ਾਲੀ ਦੇਸ਼ਾਂ ਕੋਲ ਪ੍ਰਮਾਣੂ ਬੰਬ ਨਾ ਹੋਣ ਦਾ ਮੁੱਖ ਕਾਰਨ NPT (ਪ੍ਰਮਾਣੂ ਅਪ੍ਰਸਾਰ ਸੰਧੀ) ਹੈ। 1968 ਵਿੱਚ ਅਪਣਾਇਆ ਗਿਆ ਅਤੇ 1970 ਵਿੱਚ ਲਾਗੂ ਹੋਇਆ, ਇਸ ਸੰਧੀ ਦਾ ਮੁੱਖ ਉਦੇਸ਼ ਦੁਨੀਆ ਨੂੰ ਪ੍ਰਮਾਣੂ ਯੁੱਧ ਦੇ ਖ਼ਤਰੇ ਤੋਂ ਬਚਾਉਣਾ ਸੀ। ਅੱਜ ਤੱਕ, 190 ਦੇਸ਼ਾਂ ਨੇ ਇਸ ’ਤੇ ਦਸਤਖਤ ਕੀਤੇ ਹਨ। ਇਹ ਸੰਧੀ ਨਵੇਂ ਦੇਸ਼ਾਂ ਨੂੰ ਪ੍ਰਮਾਣੂ ਹਥਿਆਰ ਬਣਾਉਣ ਤੋਂ ਰੋਕਦੀ ਹੈ ਅਤੇ ਸਿਰਫ਼ ਉਨ੍ਹਾਂ ਪੰਜ ਦੇਸ਼ਾਂ ਨੂੰ ਹੀ ਪ੍ਰਮਾਣੂ ਹਥਿਆਰ ਰੱਖਣ ਦੀ ਇਜਾਜ਼ਤ ਦਿੰਦੀ ਹੈ ਜਿਨ੍ਹਾਂ ਨੇ 1967 ਤੋਂ ਪਹਿਲਾਂ ਟੈਸਟ ਕਰ ਲਏ ਸਨ।

ਐਨਪੀਟੀ ਦੇ ਤਹਿਤ, ਸਿਰਫ ਸੰਯੁਕਤ ਰਾਜ, ਰੂਸ, ਯੂਨਾਈਟਿਡ ਕਿੰਗਡਮ, ਚੀਨ ਅਤੇ ਫਰਾਂਸ ਕੋਲ ਹੀ ਪ੍ਰਮਾਣੂ ਹਥਿਆਰ ਰੱਖਣ ਦਾ ਕਾਨੂੰਨੀ ਅਧਿਕਾਰ ਹੈ। ਇਨ੍ਹਾਂ ਦੇਸ਼ਾਂ ਨੂੰ ਪ੍ਰਮਾਣੂ-ਹਥਿਆਰ ਵਾਲੇ ਰਾਜਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ ਕਿਉਂਕਿ ਉਨ੍ਹਾਂ ਨੇ ਸੰਧੀ ਦੇ ਲਾਗੂ ਹੋਣ ਤੋਂ ਪਹਿਲਾਂ ਆਪਣੀਆਂ ਪ੍ਰਮਾਣੂ ਸਮਰੱਥਾਵਾਂ ਦਾ ਪ੍ਰਦਰਸ਼ਨ ਕੀਤਾ ਸੀ। ਬਾਕੀ 185 ਤੋਂ ਵੱਧ ਦੇਸ਼ ਜਿਨ੍ਹਾਂ ਨੇ ਸੰਧੀ ’ਤੇ ਦਸਤਖਤ ਕੀਤੇ ਹਨ - ਤਕਨੀਕੀ ਤੌਰ ’ਤੇ ਸਮਰੱਥ ਹੋਣ ਦੇ ਬਾਵਜੂਦ-ਪ੍ਰਮਾਣੂ ਹਥਿਆਰ ਨਹੀਂ ਬਣਾ ਸਕਦੇ ਕਿਉਂਕਿ ਇਹ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਮੰਨਿਆ ਜਾਵੇਗਾ।

ਇਹ ਸਵਾਲ ਉੱਠਣਾ ਸੁਭਾਵਿਕ ਹੈ: ਜੇਕਰ ਕੋਈ ਪ੍ਰਮਾਣੂ ਹਥਿਆਰਾਂ ਵਾਲਾ ਦੇਸ਼ ਕਿਸੇ ਨਿਹੱਥੇ ਦੇਸ਼ ’ਤੇ ਹਮਲਾ ਕਰਦਾ ਹੈ ਤਾਂ ਕੀ ਹੋਵੇਗਾ ? NPT ਦੇ ਤਹਿਤ, ਇੱਕ ਵਿਵਸਥਾ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਪ੍ਰਮਾਣੂ ਹਥਿਆਰਾਂ ਨੂੰ ਵਿਕਸਤ ਕਰਨ ਤੋਂ ਪਰਹੇਜ਼ ਕਰਨ ਵਾਲੇ ਦੇਸ਼ਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਪ੍ਰਮਾਣੂ ਹਥਿਆਰਬੰਦ ਸਹਿਯੋਗੀਆਂ ਦੁਆਰਾ ਲਈ ਜਾਵੇਗੀ। ਇਸ ਵਿਵਸਥਾ ਨੂੰ ‘ਨਿਊਕਲੀਅਰ ਅੰਬਰੇਲਾ ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਸੰਯੁਕਤ ਰਾਜ ਅਮਰੀਕਾ ਦੱਖਣੀ ਕੋਰੀਆ ਅਤੇ ਜਾਪਾਨ ਵਰਗੇ ਦੇਸ਼ਾਂ ਨੂੰ ਸੁਰੱਖਿਆ ਗਾਰੰਟੀ ਦਿੰਦਾ ਹੈ - ਇੱਕ ਵਚਨਬੱਧਤਾ ਜੋ ਇਸਨੇ 1950 ਦੇ ਦਹਾਕੇ ਵਿੱਚ ਯੁੱਧ ਦੌਰਾਨ ਫੌਜੀ ਦਖਲਅੰਦਾਜ਼ੀ ਦੁਆਰਾ ਦਿਖਾਈ ਸੀ।

ਭਾਰਤ ਅਤੇ ਪਾਕਿਸਤਾਨ ਨੇ ਕਿਵੇਂ ਬਣਾ ਲਏ ਪ੍ਰਮਾਣੂ ਬੰਬ ਜਦੋਂ ਸੰਧੀ ਸਿਰਫ਼ ਪੰਜ ਦੇਸ਼ਾਂ ਨੂੰ ਇਜਾਜ਼ਤ ਦਿੰਦੀ ਹੈ, ਤਾਂ ਭਾਰਤ ਅਤੇ ਪਾਕਿਸਤਾਨ ਨੇ ਪ੍ਰਮਾਣੂ ਬੰਬ ਕਿਵੇਂ ਬਣਾ ਲਏ ? ਇਸਦਾ ਸਿੱਧਾ ਜਵਾਬ ਇਹ ਹੈ ਕਿ ਭਾਰਤ ਅਤੇ ਪਾਕਿਸਤਾਨ ਨੇ ਕਦੇ ਵੀ NPT (ਗੈਰ-ਪ੍ਰਸਾਰ ਸੰਧੀ) ’ਤੇ ਦਸਤਖਤ ਨਹੀਂ ਕੀਤੇ। ਇਨ੍ਹਾਂ ਦੇਸ਼ਾਂ ਨੇ ਦਲੀਲ ਦਿੱਤੀ ਕਿ ਇਹ ਸੰਧੀ ਭੇਦਭਾਵਪੂਰਨ ਸੀ। ਭਾਰਤ ਨੇ ਆਪਣੀਆਂ ਸੁਰੱਖਿਆ ਜ਼ਰੂਰਤਾਂ ਨੂੰ ਦੇਖਦੇ ਹੋਏ ਪ੍ਰੀਖਣ ਕੀਤੇ, ਜਿਸ ਤੋਂ ਬਾਅਦ ਪਾਕਿਸਤਾਨ ਨੇ ਵੀ ਆਪਣੀਆਂ ਪ੍ਰਮਾਣੂ ਸਮਰੱਥਾਵਾਂ ਦਾ ਪ੍ਰਦਰਸ਼ਨ ਕੀਤਾ। ਕਿਉਂਕਿ ਇਹ ਦੇਸ਼ ਸੰਧੀ ’ਤੇ ਹਸਤਾਖਰ ਕਰਨ ਵਾਲੇ ਨਹੀਂ ਸਨ, ਇਸ ਲਈ ਇਸ ਦੀਆਂ ਪਾਬੰਦੀਆਂ ਤਕਨੀਕੀ ਤੌਰ ’ਤੇ ਉਨ੍ਹਾਂ ’ਤੇ ਲਾਗੂ ਨਹੀਂ ਹੁੰਦੀਆਂ ਸਨ। ਉੱਤਰੀ ਕੋਰੀਆ ਅਤੇ ਇਜ਼ਰਾਈਲ ਸੰਬੰਧੀ ਸਥਿਤੀ ਕੁਝ ਗੁੰਝਲਦਾਰ ਹੈ। ਉੱਤਰੀ ਕੋਰੀਆ ਸ਼ੁਰੂ ਵਿੱਚ NPT ਸੰਧੀ ਦਾ ਇੱਕ ਹਿੱਸਾ ਸੀ, ਪਰ ਬਾਅਦ ਵਿੱਚ ਪ੍ਰਮਾਣੂ ਪ੍ਰੀਖਣ ਕੀਤੇ ਅਤੇ ਸੰਧੀ ਤੋਂ ਬਾਹਰ ਨਿਕਲ ਗਏ। ਅੱਜ, ਇਹ ਇੱਕ ਘੋਸ਼ਿਤ ਪ੍ਰਮਾਣੂ ਸ਼ਕਤੀ ਹੈ। ਦੂਜੇ ਪਾਸੇ, ਇਜ਼ਰਾਈਲ ਨੇ ਕਦੇ ਵੀ ਆਪਣੇ ਪ੍ਰਮਾਣੂ ਪ੍ਰੋਗਰਾਮ ਦਾ ਖੁੱਲ੍ਹ ਕੇ ਐਲਾਨ ਨਹੀਂ ਕੀਤਾ, ਫਿਰ ਵੀ ਵਿਆਪਕ ਤੌਰ ’ਤੇ ਮੰਨਿਆ ਜਾਂਦਾ ਹੈ ਕਿ ਇਸਨੇ ਗੁਪਤ ਰੂਪ ਵਿੱਚ ਪ੍ਰਮਾਣੂ ਹਥਿਆਰ ਵਿਕਸਤ ਕਰ ਲਏ ਹਨ। ਦੋਵੇਂ ਦੇਸ਼ ਅੰਤਰਰਾਸ਼ਟਰੀ ਦਬਾਅ ਦੇ ਬਾਵਜੂਦ, ਆਪਣੀਆਂ ਪ੍ਰਮਾਣੂ ਨੀਤੀਆਂ ’ਤੇ ਕਾਇਮ ਹਨ।

ਪਰਮਾਣੂ ਬੰਬ ਨਾ ਬਣਾ ਪਾਉਣਾ ਦਾ ਕਰਨ ਸਿਰਫ਼ ਸੰਧੀ ਹੀ ਨਹੀਂ, ਸਗੋਂ ਭਾਰੀ ਖਰਚ ਅਤੇ ਵਿਗਿਆਨਕ ਚੁਣੌਤੀਆਂ ਵੀ ਹਨ। ਇਸ ਤੋਂ ਇਲਾਵਾ, ਜੇਕਰ ਕੋਈ ਨਵਾਂ ਦੇਸ਼ ਪਰਮਾਣੂ ਪ੍ਰੀਖਣ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ’ਤੇ ਗੰਭੀਰ ਆਰਥਿਕ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ - ਅਜਿਹੇ ਉਪਾਅ ਜੋ ਇਸਦੀ ਆਰਥਿਕਤਾ ਨੂੰ ਤਬਾਹ ਕਰ ਸਕਦੇ ਹਨ। ਈਰਾਨ ਦਾ ਮਾਮਲਾ ਸਾਡੇ ਸਾਹਮਣੇ ਇੱਕ ਪ੍ਰਮੁੱਖ ਉਦਾਹਰਣ ਵਜੋਂ ਖੜ੍ਹਾ ਹੈ, ਜਿਸਨੇ ਲੰਬੇ ਸਮੇਂ ਤੋਂ ਆਪਣੇ ਪਰਮਾਣੂ ਪ੍ਰੋਗਰਾਮ ਸੰਬੰਧੀ ਵਿਸ਼ਵਵਿਆਪੀ ਪਾਬੰਦੀਆਂ ਅਤੇ ਦਬਾਅ ਦਾ ਸਾਹਮਣਾ ਕੀਤਾ ਹੈ। ਇਹੀ ਕਾਰਨ ਹੈ ਕਿ ਜ਼ਿਆਦਾਤਰ ਦੇਸ਼ ਪ੍ਰਮਾਣੂ ਹਥਿਆਰਾਂ ਦੀ ਪ੍ਰਾਪਤੀ ਨਾਲੋਂ ਆਰਥਿਕ ਵਿਕਾਸ ਨੂੰ ਤਰਜੀਹ ਦੇਣਾ ਵਧੇਰੇ ਸਮਝਦਾਰੀ ਸਮਝਦੇ ਹਨ।

# ਭਾਰਤ ’ਚ 25 ਲੱਖ ਲੋਕਾਂ ਸਿਰ ਮੰਡਰਾ ਰਿਹਾ ਹੈ ਗਰੀਬੀ ਦਾ ਖਤਰਾ

ਸੰਯੁਕਤ ਰਾਸ਼ਟਰ : ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਅਤੇ ਫੌਜੀ ਤਣਾਅ ਕਾਰਨ ਭਾਰਤ ਵਿੱਚ 25 ਲੱਖ ਲੋਕਾਂ ਦੇ ਗਰੀਬੀ ਦੀ ਲਪੇਟ ਵਿੱਚ ਆਉਣ ਦਾ ਖਤਰਾ ਪੈਦਾ ਹੋ ਗਿਆ ਹੈ। ਸੰਯੁਕਤ ਰਾਸ਼ਟਰ ਦੇ ਅਨੁਮਾਨਾਂ ਅਨੁਸਾਰ ਦੇਸ਼ ਦੇ ਮਨੁੱਖੀ ਵਿਕਾਸ (human development) ਦੀ ਪ੍ਰਗਤੀ ਵਿੱਚ ਵੀ ਕੁਝ ਨੁਕਸਾਨ ਹੋਣ ਦੀ ਸੰਭਾਵਨਾ ਹੈ।

**ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (UNDP) ਨੇ ‘ਮਿਲਟਰੀ ਐਸਕੇਲੇਸ਼ਨ ਇਨ ਦ ਮਿਡਲ ਈਸਟ:** ਹਿਊਮਨ ਡਿਵੈਲਪਮੈਂਟ ਇਮਪੈਕਟਸ ਐਕਰੋਸ ਏਸ਼ੀਆ ਐਂਡ ਦ ਪੈਸੀਫਿਕ’ ਸਿਰਲੇਖ ਵਾਲੀ ਰਿਪੋਰਟ ਵਿੱਚ ਨੋਟ ਕੀਤਾ ਹੈ ਕਿ ਇਹ ਸੰਘਰਸ਼ ‘ਏਸ਼ੀਆ ਅਤੇ ਪ੍ਰਸ਼ਾਂਤ ਖੇਤਰ ਵਿੱਚ ਮਨੁੱਖੀ ਵਿਕਾਸ ਦੇ ਦਬਾਅ ਨੂੰ ਵਧਾ ਰਿਹਾ ਹੈ। ਤੇਲ, ਭਾੜੇ ਅਤੇ ਲਾਗਤਾਂ ਵਿੱਚ ਵਾਧੇ ਰਾਹੀਂ, ਇਹ ਝਟਕਾ ਘਰੇਲੂ ਖਰੀਦ ਸ਼ਕਤੀ ਨੂੰ ਘਟਾ ਰਿਹਾ ਹੈ, ਭੋਜਨ ਦੀ ਅਸੁਰੱਖਿਆ ਵਧਾ ਰਿਹਾ ਹੈ, ਸਰਕਾਰੀ ਬਜਟਾਂ ’ਤੇ ਬੋਝ ਪਾ ਰਿਹਾ ਹੈ ਅਤੇ ਰੋਜ਼ੀ-ਰੋਟੀ ਨੂੰ ਕਮਜ਼ੋਰ ਕਰ ਰਿਹਾ ਹੈ।’

ਜਾਰੀ ਕੀਤੇ ਗਏ ਮੁੱਢਲੇ ਮੁਲਾਂਕਣ ਅਨੁਸਾਰ ਵਿਸ਼ਵ ਪੱਧਰ ’ਤੇ 88 ਲੱਖ ਲੋਕਾਂ ਦੇ ਗਰੀਬੀ ਵਿੱਚ ਡਿੱਗਣ ਦਾ ਖਤਰਾ ਹੈ ਅਤੇ ਪੱਛਮੀ ਏਸ਼ੀਆ ਦੇ ਫੌਜੀ ਤਣਾਅ ਕਾਰਨ ਏਸ਼ੀਆ-ਪ੍ਰਸ਼ਾਂਤ ਖੇਤਰ ਨੂੰ 299 ਅਰਬ ਡਾਲਰ ਤੱਕ ਦਾ ਨੁਕਸਾਨ ਹੋ ਸਕਦਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਗਰੀਬੀ ਲਗਪਗ 4 ਲੱਖ ਤੋਂ ਵਧ ਕੇ 25 ਲੱਖ ਤੱਕ ਪਹੁੰਚਣ ਦੀ ਉਮੀਦ ਹੈ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਸੰਘਰਸ਼ ਦੇ ਨਤੀਜੇ ਵਜੋਂ ਦੁਨੀਆ ਵਿੱਚ ਗਰੀਬੀ ਵਿੱਚ ਧੱਕੇ ਜਾਣ ਵਾਲੇ ਲੋਕਾਂ ਦੀ ਸੰਖਿਆ ਵੱਖ-ਵੱਖ ਸਥਿਤੀਆਂ ਅਨੁਸਾਰ ਲਗਪਗ 19 ਲੱਖ ਤੋਂ ਵੱਧ ਕੇ ਲਗਭਗ 88 ਲੱਖ ਹੋ ਜਾਂਦੀ ਹੈ। ਦੱਖਣੀ ਏਸ਼ੀਆ ਦਾ ਇਸ ਵਿੱਚ ਸਭ ਤੋਂ ਵੱਡਾ ਹਿੱਸਾ ਹੈ, ਜੋ ਕਿ ਲਗਪਗ 17 ਲੱਖ ਤੋਂ ਲੈ ਕੇ 80 ਲੱਖ ਤੋਂ ਵੱਧ ਤੱਕ ਹੈ, ਜੋ ਕਿ ਇਸ ਉਪ-ਖੇਤਰ ਦੀ ਆਬਾਦੀ ਦੇ ਆਕਾਰ ਅਤੇ ਆਮਦਨ ਤੇ ਕੀਮਤਾਂ ਦੇ ਝਟਕਿਆਂ ਪ੍ਰਤੀ ਇਸਦੀ ਵਧੇਰੇ ਸੰਵੇਦਨਸ਼ੀਲਤਾ ਨੂੰ ਦਰਸਾਉਂਦਾ ਹੈ। ਚੀਨ ਵਿੱਚ ਗਰੀਬੀ ਦੇ ਖਤਰੇ ਵਾਲੇ ਲੋਕਾਂ ਦੀ ਗਿਣਤੀ ਵਿੱਚ ਲਗਪਗ 1,15,000 ਤੋਂ 6,20,000 ਤੱਕ ਦਾ ਮਾਮੂਲੀ ਵਾਧਾ ਹੋਣ ਦਾ ਅਨੁਮਾਨ ਹੈ।

ਫੌਜੀ ਤਣਾਅ ਦੇ ਅਨੁਮਾਨਿਤ ਗਰੀਬੀ ਪ੍ਰਭਾਵਾਂ ਨੂੰ ਉਜਾਗਰ ਕਰਦੇ ਹੋਏ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੀ ਗਰੀਬੀ ਦਰ ਸੰਕਟ ਤੋਂ ਬਾਅਦ 23.9 ਫੀਸਦੀ ਤੋਂ ਵਧ ਕੇ 24.2 ਫੀਸਦੀ ਹੋਣ ਦਾ ਅਨੁਮਾਨ ਹੈ, ਜਿਸ ਨਾਲ 2,464,698 ਲੋਕ ਗਰੀਬੀ ਵਿੱਚ ਚਲੇ ਜਾਣਗੇ।

ਯੂਐੱਨਡੀਪੀ (UNDP) ਦਾ ਸਿਮੂਲੇਸ਼ਨ ਖੇਤਰ ਦੇ ਦੇਸ਼ਾਂ ਲਈ ਮਨੁੱਖੀ ਵਿਕਾਸ ਸੂਚਕਾਂਕ (HDI) ’ਤੇ ਸੰਘਰਸ਼ ਦੇ ਪ੍ਰਭਾਵ ਦਾ ਅੰਦਾਜ਼ਾ ਲਗਾਉਂਦਾ ਹੈ। ਇਹ ਦਰਸਾਉਂਦਾ ਹੈ ਕਿ ਇਰਾਨ ਦਾ ਐਚਡੀਆਈ ਲਗਪਗ ਇੱਕ ਤੋਂ ਡੇਢ ਸਾਲ ਦੀ ਮਨੁੱਖੀ ਵਿਕਾਸ ਪ੍ਰਗਤੀ ਦੇ ਬਰਾਬਰ ਡਿੱਗ ਸਕਦਾ ਹੈ।

**ਤੇਲ, ਗੈਸ ਅਤੇ ਖਾਦਾਂ ਲਈ ਵਧੀ ਨਿਰਭਰਤਾ ਅਤੇ ਲਾਗਤ** : ਰਿਪੋਰਟ ਨੋਟ ਕਰਦੀ ਹੈ ਕਿ ਖੇਤਰ ਦੇ ਵੱਡੇ ਦਰਾਮਦਕਾਰਾਂ ਵਿੱਚੋਂ ਭਾਰਤ ਆਪਣੀਆਂ ਤੇਲ ਲੋੜਾਂ ਦਾ 90 ਫੀਸਦੀ ਤੋਂ ਵੱਧ ਦਰਾਮਦ ਰਾਹੀਂ ਪੂਰਾ ਕਰਦਾ ਹੈ, ਜਿਸ ਵਿੱਚ 40 ਫੀਸਦੀ ਤੋਂ ਵੱਧ ਕੱਚਾ ਤੇਲ ਅਤੇ 90 ਫੀਸਦੀ ਐੱਲਪੀਜੀ ਦਰਾਮਦ ਪੱਛਮੀ ਏਸ਼ੀਆ ਤੋਂ ਹੁੰਦੀ ਹੈ। ਇਸ ਤੋਂ ਇਲਾਵਾ, ਪੱਛਮੀ ਏਸ਼ੀਆਈ ਦੇਸ਼ ਭਾਰਤ ਦੀ ਖਾਦ ਦਰਾਮਦ ਦਾ 45 ਫੀਸਦੀ ਤੋਂ ਵੱਧ ਹਿੱਸਾ ਸਪਲਾਈ ਕਰਦੇ ਹਨ, ਜਦੋਂ ਕਿ ਦੇਸ਼ ਦੇ ਘਰੇਲੂ ਯੂਰੀਆ ਉਤਪਾਦਨ ਦਾ 85 ਫੀਸਦੀ ਹਿੱਸਾ ਦਰਾਮਦ ਕੀਤੀ ਗਈ ਰੀ-ਗੈਸੀਫਾਈਡ ਲਿਕੁਇਫਾਈਡ ਨੈਚੁਰਲ ਗੈਸ (LNG) ’ਤੇ ਨਿਰਭਰ ਕਰਦਾ ਹੈ।

**ਵਪਾਰਕ ਰੁਕਾਵਟਾਂ ਅਤੇ ਸਪਲਾਈ ਚੇਨ ’ਤੇ ਪੈਂਦਾ ਬੁਰਾ ਪ੍ਰਭਾਵ** : ਸੰਘਰਸ਼ ਦਾ ਝਟਕਾ ਕਈ ਦੇਸ਼ਾਂ ਵਿੱਚ ਊਰਜਾ ਵਿਕਲਪਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਐੱਲਐੱਨਜੀ ਦੀਆਂ ਕੀਮਤਾਂ ਵਧਣ ਨਾਲ ਭਾਰਤ, ਥਾਈਲੈਂਡ, ਫਿਲੀਪੀਨਜ਼ ਅਤੇ ਵੀਅਤਨਾਮ ਸਮੇਤ ਕੁਝ ਅਰਥਵਿਵਸਥਾਵਾਂ ਨੇ ਕੋਲੇ ਨਾਲ ਚੱਲਣ ਵਾਲੀ ਬਿਜਲੀ ’ਤੇ ਆਪਣੀ ਨਿਰਭਰਤਾ ਵਧਾ ਦਿੱਤੀ ਹੈ।

ਵਪਾਰ ਅਤੇ ਸਪਲਾਈ ਚੇਨ ਦੇ ਵਿਘਨ ’ਤੇ ਯੂਐੱਨਡੀਪੀ ਦੇ ਦੇਸ਼-ਪੱਧਰੀ ਵਿਸ਼ਲੇਸ਼ਣ ਨੇ 36 ਵਿੱਚੋਂ 25 ਦੇਸ਼ਾਂ ਵਿੱਚ ਮਾਲ ਭਾੜੇ ਦੇ ਸਰਚਾਰਜ, ਯੁੱਧ-ਜੋਖਮ ਬੀਮਾ ਪ੍ਰੀਮੀਅਮ, ਰੂਟ ਮੋੜਨ ਅਤੇ ਖਪਤਕਾਰ ਵਸਤੂਆਂ ਦੀ ਦੇਰੀ ਨਾਲ ਸਪਲਾਈ ਰਾਹੀਂ ਮਹੱਤਵਪੂਰਨ ਪ੍ਰਭਾਵਾਂ ਦਾ ਸੰਕੇਤ ਦਿੱਤਾ ਹੈ।

ਭਾਰਤ ਦਾ ਮੁਲਾਂਕਣ ਦਰਸਾਉਂਦਾ ਹੈ ਕਿ ਪੱਛਮੀ ਏਸ਼ੀਆਈ ਬਾਜ਼ਾਰ ਨਿਰਯਾਤ ਦਾ 14 ਫੀਸਦੀ ਅਤੇ ਦਰਾਮਦ ਦਾ 20.9 ਫੀਸਦੀ ਹਿੱਸਾ ਰੱਖਦੇ ਹਨ, ਜਿਸ ਵਿੱਚ ਲਗਪਗ 48 ਅਰਬ ਡਾਲਰ ਦਾ ਗੈਰ-ਤੇਲ ਨਿਰਯਾਤ, ਖਾਸ ਕਰਕੇ ਬਾਸਮਤੀ ਚਾਵਲ, ਚਾਹ, ਰਤਨ ਅਤੇ ਗਹਿਣਿਆਂ ਅਤੇ ਕੱਪੜਿਆਂ ਵਿੱਚ ਹੁੰਦਾ ਹੈ।

**ਖੇਤੀਬਾੜੀ ਅਤੇ ਖਰੀਫ ਸੀਜ਼ਨ ਲਈ ਵਧੀਆਂ ਚਿੰਤਾਵਾਂ** : ਇਸ ਵਿੱਚ ਕਿਹਾ ਗਿਆ ਹੈ, ‘ਭਾਰਤ ਵਿੱਚ ਇਹ ਸਮਾਂ ਖਾਸ ਤੌਰ ’ਤੇ ਸੰਵੇਦਨਸ਼ੀਲ ਹੈ: ਕੋਈ ਵੀ ਲੰਮਾ ਵਿਘਨ ਖਰੀਫ (ਮਾਨਸੂਨ ਫਸਲ ਸੀਜ਼ਨ) ਦੀਆਂ ਤਿਆਰੀਆਂ ਦੇ ਨਾਲ ਮੇਲ ਖਾਵੇਗਾ, ਜੋ ਜੂਨ ਵਿੱਚ ਸ਼ੁਰੂ ਹੁੰਦਾ ਹੈ। ਯੂਰੀਆ ਦਾ ਸਟਾਕ 61.14 ਲੱਖ ਟਨ ਸੀ, ਜੋ ਨੇੜਲੇ ਭਵਿੱਖ ਲਈ ਬਫਰ ਪ੍ਰਦਾਨ ਕਰਦਾ ਹੈ ਪਰ ਜੇ ਬਿਜਾਈ ਦੇ ਸੀਜ਼ਨ ਵਿੱਚ ਵਿਘਨ ਜਾਰੀ ਰਹਿੰਦਾ ਹੈ ਤਾਂ ਇਹ ਖੇਤਰ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਰੱਖ ਸਕੇਗਾ।’

ਰਿਪੋਰਟ ਰੈਮੀਟੈਂਸ ਅਤੇ ਪ੍ਰਵਾਸੀ ਮਜ਼ਦੂਰਾਂ ’ਤੇ ਸੰਘਰਸ਼ ਦੇ ਪ੍ਰਭਾਵ ਨੂੰ ਵੀ ਨੋਟ ਕਰਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ‘ਕਈ ਦੇਸ਼ਾਂ ਲਈ, ਖਾੜੀ ਲੇਬਰ



ਬਾਜ਼ਾਰਾਂ ਅਤੇ ਰੈਮੀਟੈਂਸ ਦੇ ਪ੍ਰਵਾਹ ਦਾ ਸਿੱਧਾ ਪ੍ਰਭਾਵ ਕਾਫ਼ੀ ਮਹੱਤਵਪੂਰਨ ਹੈ। ਭਾਰਤ ਦਾ ਇਸ ਵਿੱਚ ਸਭ ਤੋਂ ਵੱਡਾ ਹਿੱਸਾ ਹੈ।’ ਇਸ ਵਿੱਚ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਦਾ ਹਵਾਲਾ ਦਿੱਤਾ ਗਿਆ ਹੈ ਕਿ ਅਕਤੂਬਰ 2024 ਤੱਕ 93.7 ਲੱਖ ਭਾਰਤੀ ਖਾੜੀ ਸਹਿਯੋਗ ਕੌਂਸਲ (GCC) ਦੇਸ਼ਾਂ ਵਿੱਚ ਰਹਿ ਰਹੇ ਸਨ, ਜੋ ਭਾਰਤ ਦੇ ਕੁੱਲ ਰੈਮੀਟੈਂਸ ਦਾ ਲਗਪਗ 38-40 ਫੀਸਦੀ ਭੇਜਦੇ ਹਨ।

**ਵਿਦੇਸ਼ੀ ਕਮਾਈ (ਰੈਮੀਟੈਂਸ) ਅਤੇ ਪ੍ਰਵਾਸੀ ਮਜ਼ਦੂਰਾਂ ਦੇ ਰੁਜ਼ਗਾਰ ’ਤੇ ਸੰਕਟ** : ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫੌਜੀ ਤਣਾਅ ਆਰਥਿਕ ਗਤੀਵਿਧੀਆਂ, ਗਤੀਸ਼ੀਲਤਾ, ਵਪਾਰ ਅਤੇ ਸਪਲਾਈ ਚੇਨ ਵਿੱਚ ਵਿਘਨ ਪਾ ਕੇ ਪੂਰੇ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਰੁਜ਼ਗਾਰ ਅਤੇ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ‘ਭਾਰਤ ਵਿੱਚ, ਰੁਜ਼ਗਾਰ ਦੇ ਜੋਖਮ ਖਾਸ ਤੌਰ ’ਤੇ MSME (ਸੂਖਮ, ਲਘੂ ਅਤੇ ਦਰਮਿਆਨੇ ਉਦਯੋਗ) ਖੇਤਰਾਂ ਵਿੱਚ ਵਧੇਰੇ ਹੋਣ ਦੀ ਸੰਭਾਵਨਾ ਹੈ ਜੋ ਦਰਾਮਦ ਕੀਤੀ ਊਰਜਾ ਅਤੇ ਸਾਜ਼ੋ-ਸਾਮਾਨ ’ਤੇ ਨਿਰਭਰ ਕਰਦੇ ਹਨ ਜਾਂ ਖਾੜੀ ਨਾਲ ਜੁੜੇ ਵਪਾਰ ਨਾਲ ਸਬੰਧਤ ਹਨ। ਇਹ ਇੱਕ ਅਜਿਹੇ ਲੇਬਰ ਮਾਰਕੀਟ ਵਿੱਚ ਖਾਸ ਤੌਰ ’ਤੇ ਮਹੱਤਵਪੂਰਨ ਹੈ ਜਿੱਥੇ ਲਗਭਗ 90 ਫੀਸਦੀ ਰੁਜ਼ਗਾਰ ਗੈਰ-ਰਸਮੀ ਹੈ।’

**MSME ਖੇਤਰ ਅਤੇ ਗੈਰ-ਰਸਮੀ ਮਜ਼ਦੂਰਾਂ ਲਈ ਵਧਦੀਆਂ ਚੁਣੌਤੀਆਂ** : ਹੋਸਪਿਟੈਲਿਟੀ, ਫੂਡ ਪ੍ਰੋਸੈਸਿੰਗ, ਨਿਰਮਾਣ ਸਮੱਗਰੀ, ਸਟੀਲ ਅਧਾਰਤ ਨਿਰਮਾਣ ਅਤੇ ਰਤਨ ਤੇ ਹੀਰੇ ਦੇ ਖੇਤਰ ਵਿੱਚ ਛੋਟੀਆਂ ਫਰਮਾਂ ਨੂੰ ਉੱਚ ਲਾਗਤਾਂ, ਸਪਲਾਈ ਦੀ ਕਮੀ ਅਤੇ ਆਰਡਰਾਂ ਵਿੱਚ ਦੇਰੀ ਜਾਂ ਰੱਦ ਹੋਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਦਬਾਅ ਕੰਮ ਦੇ ਘੰਟਿਆਂ ਵਿੱਚ ਕਮੀ, ਨੌਕਰੀਆਂ ਦੇ ਨੁਕਸਾਨ ਅਤੇ ਕਾਰੋਬਾਰ ਵਿੱਚ ਰੁਕਾਵਟਾਂ ਦਾ ਕਾਰਨ ਬਣ ਸਕਦਾ ਹੈ, ਖਾਸ ਕਰਕੇ ਗੈਰ-ਰਸਮੀ ਤੇ ਪ੍ਰਵਾਸੀ ਮਜ਼ਦੂਰਾਂ ਅਤੇ ਸੀਮਤ ਵਿੱਤੀ ਬਫਰ ਵਾਲੇ MSMEs ਲਈ।

ਭਾਰਤ ਵਿੱਚ, ਹੋਰਮੁਜ਼ ਜਲਡਮਰੂ ਦੇ ਆਲੇ-ਦੁਆਲੇ ਵਿਘਨ ਕਾਰਨ ਮੈਡੀਕਲ ਉਪਕਰਣਾਂ ਲਈ ਕੱਚੇ ਮਾਲ ਦੀ ਲਾਗਤ ਵਿੱਚ ਵੀ ਲਗਪਗ 50 ਫੀਸਦੀ ਵਾਧੇ ਦੀ ਉਮੀਦ ਹੈ, ਜਦੋਂ ਕਿ ਦਵਾਈਆਂ ਦੀਆਂ ਥੋਕ ਕੀਮਤਾਂ ਪਹਿਲਾਂ ਹੀ 10-15 ਫੀਸਦੀ ਵਧ ਚੁੱਕੀਆਂ ਹਨ।




ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

ਰਾਸ਼ਟਰ ਕੀ ਹੈ ? ਸਾਂਝੀ ਯਾਦ, ਸਾਂਝਾ ਦਰਦ ਅਤੇ ਇੱਕ ਅਟੱਲ ਸਾਂਝਾ ਸੁਪਨਾ।

ਸਿੱਖਾਂ ਦੀ ਗੌਰਵਮਈ ਪਛਾਣ ਮਹਿਜ਼ ਇਤਿਹਾਸ ਦੇ ਪੰਨਿਆਂ 'ਤੇ ਉੱਕਰੀ ਕੋਈ ਇਬਾਰਤ ਨਹੀਂ, ਸਗੋਂ ਇਹ ਸਦੀਆਂ ਦੀਆਂ ਅਦੁੱਤੀ ਕੁਰਬਾਨੀਆਂ, ਇਲਾਹੀ ਗੁਰਬਾਣੀ ਦੀ ਸਰਵਉੱਚ ਅਗਵਾਈ ਅਤੇ ਪੰਜਾਬ ਦੀ ਪਵਿੱਤਰ ਧਰਤੀ ਦੇ ਅਥਾਹ ਮੋਹ ਦੀ ਪਾਣ ਚੜ੍ਹ ਕੇ ਨਿੱਕਲੀ ਇੱਕ ਜਿਊਂਦੀ-ਜਾਗਦੀ ਹਕੀਕਤ ਹੈ। 'ਰਾਸ਼ਟਰ' ਕੋਈ ਬੇਜਾਨ ਕਾਗਜ਼ੀ ਨਕਸ਼ਾ ਜਾਂ ਸਰਹੱਦਾਂ ਦੀ ਵਾੜ ਨਹੀਂ ਹੁੰਦੀ; ਇਹ ਤਾਂ ਕੌਮ ਦੀ ਰੂਹ ਵਿੱਚ ਧੜਕਦਾ ਇੱਕ ਅਜਿਹਾ ਅਧਿਆਤਮਿਕ ਅਤੇ ਰਾਜਨੀਤਿਕ ਸੰਕਲਪ ਹੈ, ਜੋ ਜਮਾਂਦਰੂ ਤੌਰ 'ਤੇ ਹਰ ਸਿੱਖ ਦੇ ਲਹੂ ਵਿੱਚ ਰਚਿਆ ਹੋਇਆ ਹੈ। ਕੈਲੀਫੋਰਨੀਆ ਦੇ ਉੱਘੇ ਸਿੱਖ ਚਿੰਤਕ ਡਾ. ਗੁਰਿੰਦਰ ਸਿੰਘ ਗਰੇਵਾਲ ਆਪਣੀ ਇਸ ਵਿਸ਼ੇਸ਼ ਲਿਖਤ ਰਾਹੀਂ 'ਸਿੱਖ ਰਾਸ਼ਟਰਵਾਦ' ਦੇ ਗੁੰਝਲਦਾਰ ਸੰਕਲਪ ਨੂੰ ਬੜੀ ਦਾਰਸ਼ਨਿਕ ਗੰਭੀਰਤਾ ਅਤੇ ਅਕੱਟ ਦਲੀਲਾਂ ਨਾਲ ਪਰਿਭਾਸ਼ਿਤ ਕਰ ਰਹੇ ਹਨ। ਲੇਖਕ ਨੇ ਬੜੀ ਦਲੇਰੀ ਨਾਲ ਇਹ ਤੱਥ ਸਥਾਪਿਤ ਕੀਤਾ ਹੈ ਕਿ ਸਿੱਖ ਪਛਾਣ ਸਿਰਫ਼ ਨਿੱਜੀ ਅਕੀਦੇ ਜਾਂ ਪੂਜਾ-ਪਾਠ ਤੱਕ ਸੀਮਤ ਨਹੀਂ ਹੈ; ਇਹ ਇੱਕ ਅਜਿਹੇ ਰਾਸ਼ਟਰ ਦਾ ਪ੍ਰਗਟਾਵਾ ਹੈ ਜਿਸ ਦੀਆਂ ਜੜ੍ਹਾਂ ਸ਼ਹਾਦਤਾਂ ਦੇ ਇਤਿਹਾਸ ਵਿੱਚ ਬਹੁਤ ਡੂੰਘੀਆਂ ਹਨ ਅਤੇ ਜਿਸ ਦੀ ਸੁਤੰਤਰ ਰਾਜਨੀਤਿਕ ਹੋਂਦ ਨੂੰ ਸੰਸਾਰ ਦੀ ਕੋਈ ਵੀ ਤਾਕਤ ਨਜ਼ਰਅੰਦਾਜ਼ ਨਹੀਂ ਕਰ ਸਕਦੀ। 'ਸਿੱਖਾਂ ਨੂੰ ਸਿਰਫ਼ ਇੱਕ ਧਰਮ ਵਜੋਂ ਸ਼੍ਰੇਣੀਬੱਧ ਕਰਨਾ, ਉਨ੍ਹਾਂ ਦੀ ਸ਼ਾਨਦਾਰ ਰਾਜਨੀਤਿਕ ਹਕੀਕਤ ਅਤੇ ਪ੍ਰਭੂਸੱਤਾ ਦੇ ਇਤਿਹਾਸ ਨੂੰ ਮਿਟਾਉਣ ਦੀ ਇੱਕ ਕੋਸ਼ਿਸ਼ ਹੈ। ਸੱਚਾ ਨਿਆਂ ਤਾਂ ਹੀ ਸੰਭਵ ਹੈ ਜੇਕਰ ਸਿੱਖਾਂ ਨੂੰ ਇੱਕ 'ਰਾਸ਼ਟਰ' ਵਜੋਂ ਮਾਨਤਾ ਦਿੱਤੀ ਜਾਵੇ।' - ਸਤਨਾਮ ਸਿੰਘ ਖਾਲਸਾ

# ਸਿੱਖ ਰਾਸ਼ਟਰਵਾਦ - ਇੱਕ ਇਤਿਹਾਸਕ ਹਕੀਕਤ




ਇੱਕ ਰਾਸ਼ਟਰ ਨੂੰ ਲੋਕਾਂ ਦੇ ਇੱਕ ਅਜਿਹੇ ਵੱਡੇ ਸਮੂਹ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਭਾਸ਼ਾ, ਸੱਭਿਆਚਾਰ, ਇਤਿਹਾਸ, ਖੇਤਰ ਅਤੇ ਅਕਸਰ ਸਾਂਝੀ ਹੋਣੀ (destiny) ਵਰਗੇ ਤੱਤਾਂ ਦੇ ਅਧਾਰ 'ਤੇ ਇੱਕ ਸਾਂਝੀ ਪਛਾਣ ਰੱਖਦੇ ਹਨ। ਇੱਕ 'ਰਾਜ' (State) ਦੇ ਉਲਟ, ਜੋ ਕਿ ਪਰਿਭਾਸ਼ਿਤ ਸਰਹੱਦਾਂ ਅਤੇ ਪ੍ਰਭੂਸੱਤਾ ਵਾਲੀ ਇੱਕ ਰਾਜਨੀਤਿਕ ਅਤੇ ਕਾਨੂੰਨੀ ਇਕਾਈ ਹੁੰਦਾ ਹੈ, ਇੱਕ ਰਾਸ਼ਟਰ ਮੁੱਖ ਤੌਰ 'ਤੇ ਇੱਕ ਸਮਾਜਿਕ-ਸੱਭਿਆਚਾਰਕ ਸੰਕਲਪ ਹੈ—ਜਿਸ ਦੀਆਂ ਜੜ੍ਹਾਂ ਆਪਸੀ ਸਾਂਝ ਅਤੇ ਇਕੱਠੇ ਹੋਣ ਦੀ ਭਾਵਨਾ ਵਿੱਚ ਹੁੰਦੀਆਂ ਹਨ।

**ਰਾਸ਼ਟਰ ਦੇ ਮੁੱਖ ਤੱਤ:**

**ਸਾਂਝੀ ਪਛਾਣ:** 'ਅਸੀਂ' ਦੀ ਇੱਕ ਸਮੂਹਿਕ ਭਾਵਨਾ, ਜੋ ਅਕਸਰ ਸਾਂਝੀਆਂ ਪ੍ਰੰਪਰਾਵਾਂ, ਰੀਤੀ-ਰਿਵਾਜਾਂ ਅਤੇ ਪਿਛੋਕੜ ਦੀਆਂ ਕਹਾਣੀਆਂ ਰਾਹੀਂ ਪ੍ਰਗਟ ਹੁੰਦੀ ਹੈ।

**ਭਾਸ਼ਾ ਅਤੇ ਸੱਭਿਆਚਾਰ:** ਇੱਕ ਸਾਂਝੀ ਭਾਸ਼ਾ ਜਾਂ ਸੱਭਿਆਚਾਰਕ ਪ੍ਰਗਟਾਵੇ (ਸਾਹਿਤ, ਸੰਗੀਤ, ਧਰਮ, ਲੋਕਧਾਰਾ) ਰਾਸ਼ਟਰੀ ਚੇਤਨਾ ਨੂੰ ਮਜ਼ਬੂਤ ਕਰਦੇ ਹਨ।

**ਇਤਿਹਾਸਕ ਯਾਦਾਂ:** ਇੱਕ ਸਾਂਝਾ ਇਤਿਹਾਸ, ਜਿਸ ਵਿੱਚ ਸੰਘਰਸ਼, ਪ੍ਰਾਪਤੀਆਂ ਅਤੇ ਸਮੂਹਿਕ ਦੁੱਖ (ਵਗ਼ਾਚੁਠ) ਸ਼ਾਮਲ ਹਨ, ਲੋਕਾਂ ਨੂੰ ਪੀੜ੍ਹੀ ਦਰ ਪੀੜ੍ਹੀ ਆਪਸ ਵਿੱਚ ਜੋੜਦਾ ਹੈ।

**ਖੇਤਰੀ ਸਬੰਧ:** ਰਾਸ਼ਟਰ ਅਕਸਰ ਆਪਣੀ ਪਛਾਣ ਇੱਕ ਵਿਸ਼ੇਸ਼ ਮਤਭੂਮੀ (homeland) ਨਾਲ ਜੋੜਦੇ ਹਨ, ਭਾਵੇਂ ਉਸ ਦੀਆਂ ਸਰਹੱਦਾਂ ਵਿਵਾਦਗ੍ਰਸਤ ਹੋਣ ਜਾਂ ਉਸ ਦੇ ਮੈਂਬਰ ਦੁਨੀਆ ਭਰ ਵਿੱਚ ਫੈਲੇ ਹੋਣ (ਡਾਇਸਪੋਰਾ)।

**ਰਾਜਨੀਤਿਕ ਇੱਛਾ:** ਬਹੁਤ ਸਾਰੇ ਰਾਸ਼ਟਰ ਸਵੈ-ਨਿਰਣੇ (self-determination) ਦੀ ਮੰਗ ਕਰਦੇ ਹਨ, ਜੋ ਕਿ ਖ਼ੁਦਮੁਖਤਿਆਰੀ, ਪ੍ਰਭੂਸੱਤਾ, ਜਾਂ ਕਿਸੇ ਰਾਜ ਦੇ ਅੰਦਰ ਜਾਂ ਬਾਹਰ ਮਾਨਤਾ ਦੀਆਂ ਮੰਗਾਂ ਦੇ ਰੂਪ ਵਿੱਚ ਪ੍ਰਗਟ ਹੋ ਸਕਦੀ ਹੈ।

**ਅੰਤਰ:**

**ਰਾਸ਼ਟਰ ਬਨਾਮ ਰਾਜ:** ਇੱਕ ਰਾਜ ਸਰਕਾਰ, ਕਾਨੂੰਨਾਂ ਅਤੇ ਖੇਤਰ ਵਾਲਾ ਇੱਕ ਰਾਜਨੀਤਿਕ ਢਾਂਚਾ ਹੈ; ਇੱਕ ਰਾਸ਼ਟਰ ਸਾਂਝੀ ਚੇਤਨਾ ਵਾਲੇ ਲੋਕ ਹੁੰਦੇ ਹਨ। ਕੁਝ ਰਾਜ 'ਰਾਸ਼ਟਰ-ਰਾਜ' (ਜਿਵੇਂ ਕਿ ਜਾਪਾਨ) ਹਨ, ਜਦੋਂ ਕਿ ਬਾਕੀ ਬਹੁ-ਰਾਸ਼ਟਰੀ ਰਾਜ (ਜਿਵੇਂ ਕਿ ਭਾਰਤ, ਕੈਨੇਡਾ) ਹਨ।

**ਰਾਸ਼ਟਰ ਬਨਾਮ ਨਸਲੀ ਸਮੂਹ:** ਇੱਕ ਨਸਲੀ ਸਮੂਹ ਦੀ ਸਾਂਝੀ ਵੰਸ਼ ਅਤੇ ਸੱਭਿਆਚਾਰ ਹੋ ਸਕਦਾ ਹੈ, ਪਰ ਇੱਕ ਰਾਸ਼ਟਰ ਵਿੱਚ ਅਕਸਰ ਰਾਜਨੀਤਿਕ ਜਾਂ ਖੇਤਰੀ ਇੱਛਾਵਾਂ ਸ਼ਾਮਲ ਹੁੰਦੀਆਂ ਹਨ।

**ਸਿੱਖ ਇੱਕ ਰਾਸ਼ਟਰ ਵਜੋਂ**

**ਜਾਣ-ਪਛਾਣ**

ਰਾਸ਼ਟਰ ਦਾ ਸੰਕਲਪ ਇੱਕ ਰਾਜਨੀਤਿਕ ਇਕਾਈ ਤੋਂ ਵੱਧ ਹੈ; ਇਹ ਸਾਂਝੀ ਪਛਾਣ, ਸੱਭਿਆਚਾਰ, ਇਤਿਹਾਸ ਅਤੇ ਇੱਛਾਵਾਂ ਦੁਆਰਾ ਸੰਗਠਿਤ ਇੱਕ ਭਾਈਚਾਰਾ ਹੈ। ਅਰਨੈਸਟ ਰੇਨਨ ਵਰਗੇ ਰਾਜਨੀਤਿਕ ਸਿਧਾਂਤਕਾਰਾਂ ਨੇ ਰਾਸ਼ਟਰ ਨੂੰ 'ਇੱਕ ਰੂਹ, ਇੱਕ ਅਧਿਆਤਮਿਕ ਸਿਧਾਂਤ... ਯਾਦਾਂ ਦੀ ਇੱਕ ਅਮੀਰ ਵਿਰਾਸਤ ਦੀ ਸਾਂਝੀ ਮਲਕੀਅਤ' ਵਜੋਂ ਪਰਿਭਾਸ਼ਿਤ ਕੀਤਾ ਹੈ (ਰੇਨਨ, 1882)। ਇਸੇ ਤਰ੍ਹਾਂ, ਬੈਨੇਡਿਕਟ ਐਂਡਰਸਨ ਰਾਸ਼ਟਰਾਂ ਨੂੰ ਸਾਂਝੀ ਚੇਤਨਾ ਦੁਆਰਾ ਬੰਨ੍ਹੇ ਹੋਏ 'ਕਲਪਿਤ ਭਾਈਚਾਰੇ' (imagined communities) ਵਜੋਂ ਦਰਸਾਉਂਦੇ ਹਨ (ਐਂਡਰਸਨ, 1983)। ਇਨ੍ਹਾਂ ਮਾਪਦੰਡਾਂ ਅਨੁਸਾਰ, ਸਿੱਖ ਸਪੱਸ਼ਟ ਤੌਰ 'ਤੇ ਇੱਕ ਰਾਸ਼ਟਰ ਵਜੋਂ ਯੋਗ ਹਨ। ਸਿੱਖ ਧਰਮ ਨਾ ਸਿਰਫ਼ ਇੱਕ ਮਜ਼੍ਹਬ ਹੈ, ਸਗੋਂ ਇੱਕ ਵਿਲੱਖਣ ਪਛਾਣ, ਮਤਭੂਮੀ ਅਤੇ ਰਾਜਨੀਤਿਕ ਚੇਤਨਾ ਵਾਲੇ ਲੋਕਾਂ ਦੀ ਨੀਂਹ ਵੀ ਹੈ। ਸਿੱਖਾਂ ਨੂੰ ਸਿਰਫ਼ ਇੱਕ ਧਾਰਮਿਕ ਭਾਈਚਾਰੇ ਵਜੋਂ ਸ਼੍ਰੇਣੀਬੱਧ ਕਰਨਾ ਉਨ੍ਹਾਂ ਦੇ ਪ੍ਰਭੂਸੱਤਾ ਸੰਪੰਨ ਇਤਿਹਾਸ, ਕੁਰਬਾਨੀਆਂ ਅਤੇ ਸਵੈ-ਨਿਰਣੇ ਲਈ ਚੱਲ ਰਹੇ ਸੰਘਰਸ਼ ਨੂੰ ਨਜ਼ਰਅੰਦਾਜ਼ ਕਰਨਾ ਹੈ।

**ਸਾਂਝੀ ਪਛਾਣ**

ਸਿੱਖ ਰਾਸ਼ਟਰ ਦੀ ਸਿਰਜਣਾ ਗੁਰੂ ਨਾਨਕ ਦੇਵ ਜੀ (1469-1539) ਦੀਆਂ ਸਿੱਖਿਆਵਾਂ ਦੁਆਰਾ ਕੀਤੀ ਗਈ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ (1666-1708) ਦੁਆਰਾ ਇਸ ਨੂੰ ਸੰਸਥਾਗਤ ਰੂਪ ਦਿੱਤਾ ਗਿਆ ਸੀ। ਗੁਰੂ ਨਾਨਕ ਦੇਵ ਜੀ ਦੇ ਬਰਾਬਰੀ, ਨਿਆਂ ਅਤੇ ਅਧਿਆਤਮਿਕ ਭਗਤੀ ਦੇ ਸਰਵਵਿਆਪਕ ਸੰਦੇਸ਼ ਨੇ ਸਿੱਖਾਂ ਨੂੰ ਆਲੇ-ਦੁਆਲੇ ਦੀਆਂ ਪਰੰਪਰਾਵਾਂ ਤੋਂ ਵੱਖਰਾ ਕੀਤਾ। 1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸੇ ਦੀ ਸਿਰਜਣਾ ਨੇ ਸਿੱਖਾਂ ਨੂੰ ਪੰਜ ਕਕਾਰਾਂ ਅਤੇ ਦਸਤਾਰ ਰਾਹੀਂ ਇੱਕ ਵਿਲੱਖਣ ਸਮਾਜਿਕ ਅਤੇ ਰਾਜਨੀਤਿਕ ਪਛਾਣ ਦਿੱਤੀ, ਜੋ ਬਹਾਦਰੀ, ਬਰਾਬਰੀ ਅਤੇ ਜ਼ੁਲਮ ਵਿਰੁੱਧ ਲਲਕਾਰ ਦੇ ਪ੍ਰਤੀਕ ਹਨ (ਮੈਕਲੋਡ, 1989)। ਇਹ ਸਮੂਹਿਕ ਪਛਾਣ ਸਿੱਖ ਰਾਸ਼ਟਰੀ ਚੇਤਨਾ ਦਾ ਕੇਂਦਰ ਹੈ।

**ਭਾਸ਼ਾ ਅਤੇ ਸੱਭਿਆਚਾਰ**

ਗੁਰਮੁਖੀ ਲਿਪੀ ਵਿੱਚ ਲਿਖੀ ਪੰਜਾਬੀ, ਸਿੱਖ ਰਾਸ਼ਟਰ ਦੀ ਭਾਸ਼ਾਈ ਨੀਂਹ ਹੈ। ਗੁਰੂ ਗ੍ਰੰਥ ਸਾਹਿਬ ਜੀ, ਜੋ ਗੁਰਮੁਖੀ ਵਿੱਚ ਰਚਿਤ ਹਨ, ਪਵਿੱਤਰ ਗ੍ਰੰਥ ਅਤੇ ਸੱਭਿਆਚਾਰਕ ਮੀਲ ਪੱਥਰ ਦੋਵਾਂ ਵਜੋਂ ਕੰਮ ਕਰਦੇ ਹਨ (ਸਿੰਘ, 2003)। ਸਿੱਖ ਸੱਭਿਆਚਾਰ ਅੱਗੇ ਕੀਰਤਨ, ਲੰਗਰ ਅਤੇ ਵਿਸਾਖੀ ਵਰਗੇ ਤਿਉਹਾਰਾਂ ਰਾਹੀਂ ਪ੍ਰਗਟ ਹੁੰਦਾ ਹੈ, ਜੋ ਖਾਲਸੇ ਦੇ ਜਨਮ ਦੀ ਯਾਦ ਦਿਵਾਉਂਦੇ ਹਨ। ਵਿਦੇਸ਼ਾਂ (ਡਾਇਸਪੋਰਾ) ਵਿੱਚ ਵੀ, ਸਿੱਖ ਭਾਈਚਾਰੇ ਇਨ੍ਹਾਂ ਸੱਭਿਆਚਾਰਕ ਰੀਤੀ-ਰਿਵਾਜਾਂ ਨੂੰ ਕਾਇਮ ਰੱਖਦੇ ਹਨ, ਜੋ ਕਿ ਲਚਕਤਾ ਅਤੇ ਏਕਤਾ ਦਾ ਪ੍ਰਦਰਸ਼ਨ ਕਰਦੇ ਹਨ—ਜੋ ਰਾਸ਼ਟਰ ਹੋਣ ਦੀਆਂ ਨਿਸ਼ਾਨੀਆਂ ਹਨ।

**ਇਤਿਹਾਸਕ ਯਾਦਾਂ**

ਰਾਸ਼ਟਰ ਸਮੂਹਿਕ ਯਾਦਾਂ 'ਤੇ ਬਣਦੇ ਹਨ, ਅਤੇ ਸਿੱਖ ਕੁਰਬਾਨੀ ਅਤੇ ਪ੍ਰਭੂਸੱਤਾ ਦੀ ਇੱਕ ਸ਼ਕਤੀਸ਼ਾਲੀ ਵਿਰਾਸਤ ਸਾਂਝੀ ਕਰਦੇ ਹਨ। ਗੁਰੂ ਅਰਜਨ ਦੇਵ ਜੀ (1606) ਅਤੇ ਗੁਰੂ ਤੇਗ ਬਹਾਦਰ ਜੀ (1675) ਦੀਆਂ ਸ਼ਹਾਦਤਾਂ, ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਅਤੇ ਮੁਗਲ ਤੇ ਅਫਗਾਨ ਸ਼ਾਸਕਾਂ ਵਿਰੁੱਧ ਖਾਲਸੇ ਦੇ ਫੌਜੀ ਸੰਘਰਸ਼ ਸਿੱਖ ਪਛਾਣ ਦੇ ਕੇਂਦਰ ਵਿੱਚ ਹਨ (ਗਰੇਵਾਲ, 1990)। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਸਾਮਰਾਜ (1799-1839) ਨੇ ਸੁਤੰਤਰ ਪ੍ਰਭੂਸੱਤਾ ਨੂੰ ਰੂਪਮਾਨ ਕੀਤਾ, ਜਿਸ ਨੇ ਸਿੱਖ ਰਾਸ਼ਟਰ ਨੂੰ ਹੋਰ ਮਜ਼ਬੂਤ ਕੀਤਾ (ਸਿੰਘ ਅਤੇ ਫੈਨਿਚ, 2014)। ਇਸ ਦੇ ਨਾਲ ਹੀ, ਮੁਗਲ ਜ਼ੁਲਮ ਤੋਂ ਲੈ ਕੇ 1984 ਦੇ ਸਿੱਖ ਵਿਰੋਧੀ ਕਤਲੇਆਮ ਤੱਕ—ਜ਼ੁਲਮ ਦੀਆਂ ਯਾਦਾਂ ਨੇ ਸਿੱਖਾਂ ਦੀ ਸਾਂਝੇ ਦੁੱਖਾਂ ਅਤੇ ਲਚਕਤਾ ਨਾਲ ਬੱਝੇ ਲੋਕਾਂ ਵਜੋਂ ਏਕਤਾ ਨੂੰ ਮਜ਼ਬੂਤ ਕੀਤਾ ਹੈ।

**ਮਤਭੂਮੀ ਅਤੇ ਖੇਤਰ**

ਪੰਜਾਬ ਸਿੱਖਾਂ ਦੀ ਇਤਿਹਾਸਕ ਮਤਭੂਮੀ ਹੈ। ਭਾਵੇਂ ਸਿੱਖ ਵਿਸ਼ਵ ਪੱਧਰ 'ਤੇ ਫੈਲੇ ਹੋਏ ਹਨ, ਪਰ ਉਨ੍ਹਾਂ ਦੀ ਅਧਿਆਤਮਿਕ ਅਤੇ ਸੱਭਿਆਚਾਰਕ ਪਛਾਣ ਪੰਜਾਬ, ਖਾਸ ਕਰਕੇ ਅੰਮ੍ਰਿਤਸਰ ਅਤੇ ਹਰਿਮੰਦਰ ਸਾਹਿਬ ਨਾਲ ਜੁੜੀ ਹੋਈ ਹੈ, ਜੋ ਧਾਰਮਿਕ ਅਤੇ ਰਾਸ਼ਟਰੀ ਪ੍ਰਤੀਕ ਵਜੋਂ ਕੰਮ ਕਰਦੇ ਹਨ (ਟਾਟਲਾ, 1999)। ਇਹ ਖੇਤਰੀ ਚੇਤਨਾ ਹੋਰ ਡਾਇਸਪੋਰਾ ਰਾਸ਼ਟਰਾਂ, ਜਿਵੇਂ ਕਿ ਯਹੂਦੀਆਂ ਜਾਂ ਆਰਮੀਨੀਅਨਾਂ ਦੇ ਸਮਾਨ ਹੈ, ਜਿਨ੍ਹਾਂ ਲਈ ਮਤਭੂਮੀ ਦੀ ਯਾਦ ਰਾਸ਼ਟਰ ਦਾ ਇੱਕ ਕੇਂਦਰੀ ਪਹਿਲੂ ਹੈ।

**ਰਾਜਨੀਤਿਕ ਇੱਛਾ**

ਸਿੱਖ ਰਾਸ਼ਟਰ ਦਾ ਰਾਜਨੀਤਿਕ ਪਹਿਲੂ ਨਾਕਾਰਿਆ ਨਹੀਂ ਜਾ ਸਕਦਾ। ਖਾਲਸਾ ਰਾਜ ਦੀ ਪ੍ਰਭੂਸੱਤਾ ਤੋਂ ਲੈ ਕੇ ਮਾਨਤਾ ਦੀਆਂ ਆਧੁਨਿਕ ਮੰਗਾਂ ਤੱਕ, ਸਿੱਖਾਂ ਨੇ ਲਗਾਤਾਰ ਸਵੈ-ਨਿਰਣੇ ਦੀ ਕੋਸ਼ਿਸ਼ ਕੀਤੀ ਹੈ। ਅਨੰਦਪੁਰ ਸਾਹਿਬ ਦੇ ਮਤੇ (1973) ਵਿੱਚ ਭਾਰਤ ਦੇ ਅੰਦਰ ਖੁਦਮੁਖਤਿਆਰੀ ਲਈ ਸਿੱਖ ਰਾਜਨੀਤਿਕ ਇੱਛਾਵਾਂ ਦੀ ਰੂਪ ਰੇਖਾ ਉਲੀਕੀ ਗਈ ਸੀ (ਪ੍ਰੀਤਮ ਸਿੰਘ, 2008)। 1984 ਵਿੱਚ ਹਰਿਮੰਦਰ ਸਾਹਿਬ 'ਤੇ ਭਾਰਤੀ ਰਾਜ ਦੇ ਫੌਜੀ ਹਮਲੇ ਅਤੇ ਦੇਸ਼ ਭਰ ਵਿੱਚ ਸਿੱਖਾਂ ਦੇ ਕਤਲੇਆਮ ਤੋਂ ਬਾਅਦ, ਖਾਲਿਸਤਾਨ—ਇੱਕ ਸੁਤੰਤਰ ਸਿੱਖ ਮਤਭੂਮੀ—ਦੀਆਂ ਮੰਗਾਂ ਤੇਜ਼ ਹੋ ਗਈਆਂ। ਇਹ ਇੱਛਾਵਾਂ ਸਿਰਫ਼ ਵੱਖਵਾਦ ਨੂੰ ਨਹੀਂ, ਸਗੋਂ ਸਿੱਖਾਂ ਦੀ ਡੂੰਘੀ ਜੜ੍ਹਾਂ ਵਾਲੀ ਰਾਸ਼ਟਰੀ ਚੇਤਨਾ ਨੂੰ ਦਰਸਾਉਂਦੀਆਂ ਹਨ।

**ਸਿਰਫ਼ ਧਰਮ ਤੋਂ ਵੱਖਰਾਪਨ**

ਬਹੁਤ ਸਾਰੇ ਧਾਰਮਿਕ ਸਮੂਹਾਂ ਦੇ ਉਲਟ, ਸਿੱਖ ਰਾਸ਼ਟਰ ਦੇ ਸਾਰੇ ਪਹਿਲੂਆਂ ਨੂੰ ਰੂਪਮਾਨ ਕਰਦੇ ਹਨ। ਸਿੱਖ ਧਰਮ ਇੱਕ ਅਧਿਆਤਮਿਕ ਢਾਂਚਾ ਪ੍ਰਦਾਨ ਕਰਦਾ ਹੈ, ਪਰ ਇਸ ਦੇ ਲੋਕ ਇੱਕ ਵਿਲੱਖਣ ਸੱਭਿਆਚਾਰ, ਭਾਸ਼ਾ, ਇਤਿਹਾਸ, ਮਤਭੂਮੀ ਅਤੇ ਰਾਜਨੀਤਿਕ ਇੱਛਾ ਸਾਂਝੀ ਕਰਦੇ ਹਨ। ਇਹ ਸਿੱਖ ਪਛਾਣ ਨੂੰ ਇੱਕ ਧਾਰਮਿਕ ਮਾਨਤਾ ਤੋਂ ਵੱਧ ਬਣਾਉਂਦਾ ਹੈ; ਇਹ ਇੱਕ ਰਾਸ਼ਟਰੀ ਪਛਾਣ ਹੈ। ਸਿੱਖਾਂ ਨੂੰ ਸਿਰਫ਼ ਇੱਕ ਧਰਮ ਵਜੋਂ ਸ਼੍ਰੇਣੀਬੱਧ ਕਰਨਾ ਉਨ੍ਹਾਂ ਦੀ ਪ੍ਰਭੂਸੱਤਾ, ਕੁਰਬਾਨੀਆਂ ਅਤੇ ਸਵੈ-ਨਿਰਣੇ ਨੂੰ ਮਿਟਾਉਣਾ ਹੈ।

**ਸਿੱਟਾ**

ਰਾਸ਼ਟਰ ਦੀ ਹਰ ਪ੍ਰਵਾਨਿਤ ਪਰਿਭਾਸ਼ਾ—ਸਾਂਝੀ ਪਛਾਣ, ਸੱਭਿਆਚਾਰ, ਭਾਸ਼ਾ, ਇਤਿਹਾਸਕ ਯਾਦ, ਮਤਭੂਮੀ ਅਤੇ ਰਾਜਨੀਤਿਕ ਇੱਛਾ—ਦੇ ਅਨੁਸਾਰ ਸਿੱਖ ਇੱਕ ਰਾਸ਼ਟਰ ਹਨ। ਉਨ੍ਹਾਂ ਦੀ ਵਿਲੱਖਣ ਹੋਂਦ ਸਦੀਆਂ ਦੀ ਪ੍ਰਭੂਸੱਤਾ, ਕੁਰਬਾਨੀ ਅਤੇ ਲਚਕਤਾ ਰਾਹੀਂ ਸੁਰੱਖਿਅਤ ਰਹੀ ਹੈ। ਸਿੱਖਾਂ ਨੂੰ ਮਹਿਜ਼ ਇੱਕ ਧਾਰਮਿਕ ਭਾਈਚਾਰੇ ਵਜੋਂ ਮਾਨਤਾ ਦੇਣਾ ਉਨ੍ਹਾਂ ਦੀ ਰਾਜਨੀਤਿਕ ਹਕੀਕਤ ਅਤੇ ਇਤਿਹਾਸਕ ਸੱਚਾਈ ਨੂੰ ਘਟਾਉਣਾ ਹੈ। ਸੱਚਾ ਨਿਆਂ ਸਿੱਖਾਂ ਨੂੰ ਇੱਕ ਰਾਸ਼ਟਰ ਵਜੋਂ ਮਾਨਤਾ ਦੇਣ ਦੀ ਮੰਗ ਕਰਦਾ ਹੈ—ਇੱਕ ਅਜਿਹੀ ਕੌਮ ਜਿਸ ਦੇ ਆਜ਼ਾਦੀ ਅਤੇ ਬਰਾਬਰੀ ਦੇ ਸੰਘਰਸ਼ ਅੱਜ ਵੀ ਮਨੁੱਖਤਾ ਦੇ ਦਿਲਾਂ ਵਿੱਚ ਗੂੰਜਦੇ ਹਨ।

**References**

• Anderson, B. (1983). Imagined Communities: Reflections on the Origin and Spread of Nationalism. Verso.
• Grewal, J. S. (1990). The Sikhs of the Punjab. Cambridge University Press.
• McLeod, W. H. (1989). Who is a Sikh? The Problem of Sikh Identity. Clarendon Press.
• Renan, E. (1882). What is a Nation? Lecture at the Sorbonne, Paris.
• Singh, Pritam. (2008). Federalism, Nationalism and Development: India and the Punjab Economy. Routledge.
• Singh, P., & Fenech, L. (2014). The Oxford Handbook of Sikh Studies. Oxford University Press.
• Singh, Nikky-Guninder Kaur. (2003). The Name of My Beloved: Verses of the Sikh Gurus. HarperCollins.
• Tatla, D. S. (1999). The Sikh Diaspora: The Search for Statehood. UCL Press.
• United Nations. (1966). International Covenant on Civil and Political Rights and International Covenant on Economic, Social and Cultural Rights.

# ਰਕਾਬਗੰਜ ਸਾਹਿਬ 'ਚ ਖ਼ਾਲਸਾ ਸਾਜਨਾ ਦਿਵਸ ਮਨਾਇਆ

## ਕਾਲਕਾ ਨੇ ਸੰਗਤ ਨੂੰ ਗੁਰੂ ਲੜ ਲੱਗਣ ਦਾ ਸੱਦਾ ਦਿੱਤਾ



ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 327ਵੇਂ ਖਾਲਸਾ ਸਾਜਨਾ ਦਿਵਸ ਮੌਕੇ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਸੰਗਤ ਨੂੰ ਵਿਸਾਖੀ ਦੀ ਵਧਾਈ ਦਿੰਦਿਆਂ ਖਾਲਸਾ ਪੰਥ ਦੀ ਵਿਲੱਖਣਤਾ ਅਤੇ ਮਹਾਨਤਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਬਖ਼ਸ਼ੀ ਅੰਮ੍ਰਿਤ ਦੀ ਦਾਤ ਮਨੁੱਖੀ ਜੀਵਨ ਨੂੰ ਰੂਹਾਨੀ ਉਚਾਈਆਂ 'ਤੇ ਲੈ ਕੇ ਜਾਂਦੀ ਹੈ। ਕਾਲਕਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਿੱਖ ਲਈ ਇਹ ਮਾਣ ਵਾਲੀ ਗੱਲ ਹੈ ਕਿ ਉਹ ਅੰਮ੍ਰਿਤ ਛਕ ਕੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਪਿਤਾ ਅਤੇ ਮਾਤਾ ਸਾਹਿਬ ਕੌਰ ਜੀ ਨੂੰ ਆਪਣੀ ਆਤਮਿਕ ਮਾਤਾ ਵਜੋਂ ਸਵੀਕਾਰ ਕਰਦਾ ਹੈ। ਇਹ ਰਿਸ਼ਤਾ ਦੁਨੀਆ ਦੇ ਹੋਰ ਸਾਰੇ ਰਿਸ਼ਤਿਆਂ ਨਾਲੋਂ ਨਿਆਰਾ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਕਮੇਟੀ ਵੱਲੋਂ ਧਰਮ ਪ੍ਰਚਾਰ ਦੀ ਲਹਿਰ ਤਹਿਤ ਲਗਾਤਾਰ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਗੁਰੂ ਦੀ ਰਹਿਤ ਨਾਲ ਜੁੜ ਸਕੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਮੌਕੇ ਲਏ ਗਏ ਪ੍ਰਣ ਤਹਿਤ ਹੁਣ ਤੱਕ ਹਜ਼ਾਰਾਂ ਪ੍ਰਾਣੀ ਗੁਰੂ ਵਾਲੇ ਬਣ ਚੁੱਕੇ ਹਨ ਅਤੇ ਅੱਜ ਵੀ ਸੈਂਕੜੇ ਸੰਗਤਾਂ ਨੇ ਅੰਮ੍ਰਿਤ ਪਾਨ ਕੀਤਾ ਹੈ।

ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ 14 ਅਪਰੈਲ ਨੂੰ ਵਿਸਾਖੀ ਦੇ ਦਿਹਾੜੇ ਮੌਕੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿੱਚ ਹੋਣ ਵਾਲੇ ਕੀਰਤਨ ਸਮਾਗਮ ਅਤੇ ਅੰਮ੍ਰਿਤ ਸੰਚਾਰ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਜਾਵੇ। ਅੰਮ੍ਰਿਤ ਪਾਨ ਕਰਨ ਦੇ ਇੱਛੁਕ ਪ੍ਰਾਣੀ ਸਵੇਰੇ 10 ਵਜੇ ਤੱਕ ਆਪਣਾ ਨਾਮ ਦਰਜ ਕਰਵਾਉਣ ਤਾਂ ਜੋ 11 ਵਜੇ ਸਮਾਗਮ ਸੁਚਾਰੂ ਢੰਗ ਨਾਲ ਸ਼ੁਰੂ ਹੋ ਸਕੇ। ਉਨ੍ਹਾਂ ਕਿਹਾ ਕਿ ਇਹ ਪਾਵਨ ਦਿਹਾੜਾ ਸਾਨੂੰ ਸਿੱਖੀ ਸਿਧਾਂਤਾਂ 'ਤੇ ਅਡਿੱਗ ਰਹਿਣ ਦੀ ਪ੍ਰੇਰਣਾ ਦਿੰਦਾ ਹੈ। ਅੰਤ ਵਿੱਚ ਉਨ੍ਹਾਂ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਮੁੜ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ।

# ਖ਼ਾਲਸੇ ਸਾਜਨਾ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ

## ਕਲਾ ਪ੍ਰਦਰਸ਼ਨੀਆਂ ਸੰਗਤ ਲਈ ਖਿੱਚ ਦਾ ਕੇਂਦਰ ਬਣੀਆਂ




ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡਾਇਰੈਕਟੋਰੇਟ ਆਫ ਐਜੂਕੇਸ਼ਨ ਵੱਲੋਂ ਖ਼ਾਲਸੇ ਦੇ ਸਾਜਨਾ ਦਿਵਸ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸ਼ ?ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚਲਦੇ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਕਵੀਸ਼ਰੀ ਅਤੇ ਕਵਿਤਾਵਾ ਦਾ ਗਾਇਨ ਕੀਤਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਵਿਦਿਅਕ ਸੰਸਥਾਵਾਂ ਵੱਲੋਂ ਵਿਸ਼ੇਸ਼ ਤੌਰ 'ਤੇ ਕਲਾ ਪ੍ਰਦਰਸ਼ਨੀਆਂ ਲਗਾਈਆਂ ਗਈਆਂ, ਜੋ ਸੰਗਤ ਲਈ ਖਿੱਚ ਦਾ ਕੇਂਦਰ ਰਹੀਆਂ। ਇਸ ਦੌਰਾਨ ਵਿਦਿਆਰਥੀਆਂ ਦੇ ਗਤਕਾ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਤੇ ਗੁਰਿੰਦਰ ਸਿੰਘ ਮਥਰੇਵਾਲ ਨੇ ਕਿਹਾ ਕਿ ਇਸ ਸਮਾਗਮ ਦਾ ਮੰਤਵ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨਾ ਅਤੇ ਇਤਿਹਾਸ ਦੀ ਜਾਣਕਾਰੀ ਦੇਣਾ ਹੈ। ਇਸੇ ਦੌਰਾਨ ਘੰਟਾ ਘਰ ਪਲਾਜਾ ਵਿੱਚ ਵਿਸ਼ੇਸ਼ ਤੌਰ 'ਤੇ ਸਿੱਖ ਜੰਗਜੂ ਕਲਾ ਗਤਕਾ ਦੇ ਮੁਕਾਬਲੇ ਕਰਵਾਏ ਗਏ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਭਲਾਈਪੁਰ, ਮੀਤ ਸਕੱਤਰ ਗੁਰਦਿਆਲ ਸਿੰਘ, ਡਿਪਟੀ ਡਾਇਰੈਕਟਰ ਬੀਬੀ ਸਤਵੰਤ ਕੌਰ, ਸੁਪਰਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਗੁਰਮੀਤ ਸਿੰਘ ਮੁਕਤਸਰੀ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਯੁਵਰਾਜ ਸਿੰਘ, ਸਹਾਇਕ ਸੁਪਰਡੈਂਟ ਪ੍ਰਭਜੋਤ ਸਿੰਘ, ਕਥਾਵਾਚਕ ਗਿਆਨੀ ਹਰਮਿੰਤਰ ਸਿੰਘ ਹਾਜ਼ਰ ਸਨ।

# ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

## ਸ਼ਹਿਰ ਕੇਸਰੀ ਰੰਗ ਵਿੱਚ ਰੰਗਿਆ; ਸੰਗਤ ਵੱਲੋਂ ਨਿੱਘਾ ਸਵਾਗਤ



ਲੁਧਿਆਣਾ : ਸਰਬ ਸਾਂਝੀ ਸੇਵਾ ਸੁਸਾਇਟੀ ਵੱਲੋਂ ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ ਜਿਸ ਦਾ ਥਾਂ ਥਾਂ ਜੈਕਾਰਿਆਂ ਦੀ ਗੂੰਜ ਵਿੱਚ ਸਵਾਗਤ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਗੁਰਦੁਆਰਾ ਸ੍ਰੀ ਕਲਗੀਧਰ ਸਿੰਘ ਸਭਾ ਤੋਂ ਸ਼ੁਰੂ ਹੋ ਕੇ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਮੰਜੀ ਸਾਹਿਬ ਆਲਮਗੀਰ ਵਿੱਖੇ ਸਮਾਪਤ ਹੋਇਆ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚਰਨ ਸਿੰਘ ਆਲਮਗੀਰ ਦੀ ਅਗਵਾਈ ਹੇਠ ਸਵਾਗਤ ਕੀਤਾ ਗਿਆ।

ਨਗਰ ਕੀਰਤਨ ਦੇ ਸਵਾਗਤ ਵਿੱਚ ਕਈ ਜਥੇਬੰਦੀਆਂ ਵੱਲੋਂ ਫੀਲਡ ਗੰਜ, ਜਗਰਾਉਂ ਪੁਲ, ਗੁਰਦੁਆਰਾ ਰਾਮਗੜ੍ਹੀਆ ਸਾਹਿਬ, ਵਿਸ਼ਵਕਰਮਾ ਚੌਂਕ, ਸਾਈਕਲ ਮਾਰਕੀਟ, ਗਿੱਲ ਰੋਡ, ਜਨਤਾ ਨਗਰ ਚੌਂਕ, ਗਿੱਲ ਨਹਿਰ, ਜੀਐਨਈ ਕਾਲਜ, ਸ਼ਹੀਦਾਂ ਵਾਲਾ ਚੌਂਕ, ਪਿੰਡ ਗਿੱਲ, ਰਣਜੀਤ ਐਵੀਨਿਊ, ਰਣੀਆਂ ਚੌਂਕ ਵਿੱਖੇ ਚਾਹ ਪਕੌੜਿਆਂ ਦੇ ਲੰਗਰ ਅਤੇ ਛਬੀਲਾਂ ਲਗਾਈਆਂ ਗਈਆਂ। ਨਗਰ ਕੀਰਤਨ ਦੇ ਮੁੱਖ ਪ੍ਰਬੰਧਕਾਂ ਹਰਪ੍ਰੀਤ ਸਿੰਘ ਡੰਗ, ਹਰਪਾਲ ਸਿੰਘ ਖਾਲਸਾ, ਸਰਬਜੀਤ ਸਿੰਘ ਛਾਪਾ ਅਤੇ ਬਲਵਿੰਦਰ ਸਿੰਘ ਭੁੱਲਰ ਨੇ ਆਏ ਜੱਥਿਆਂ, ਪਤਵੰਤੇ ਸੱਜਣਾਂ ਅਤੇ ਲੰਗਰ ਲਗਾਉਣ ਵਾਲੀਆਂ ਕਮੇਟੀਆਂ ਦਾ ਸਨਮਾਨ ਕੀਤਾ। ਨਗਰ ਕੀਰਤਨ ਵਿੱਚ ਸਾਬਕਾ ਮੰਤਰੀ ਜਥੇਦਾਰ ਹੀਰਾ ਸਿੰਘ ਗਾਬੜੀਆ, ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਗੁਰਦੀਪ ਸਿੰਘ ਲੀਲ, ਜਸਦੀਪ ਸਿੰਘ ਕਾਉਂਕੇ, ਐਡਵੋਕੇਟ ਗਗਨਪ੍ਰੀਤ ਸਿੰਘ, ਕਵਲਦੀਪ ਸਿੰਘ ਬਹਿਲ, ਇੰਦਰਜੀਤ ਸਿੰਘ ਗੋਲਾ ਅਤੇ ਜਸਬੀਰ ਸਿੰਘ ਦੂਆ ਸਮੇਤ ਕਈ ਆਗੂ ਹਾਜ਼ਰ ਸਨ।

# ਸਿੱਖ ਕੌਂਸਲ ਵੱਲੋਂ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ

## ਕਵੀਆਂ ਨੇ ਵਿਸਾਖੀ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਕਵਿਤਾਵਾਂ ਸੁਣਾਈਆਂ



ਨਵੀਂ ਦਿੱਲੀ : ਇੱਥੇ ਕੌਮਾਂਤਰੀ ਸਿੱਖ ਕੌਂਸਲ, ਦਿੱਲੀ ਵੱਲੋਂ ਬੀਬੀ ਤਰਵਿੰਦਰ ਕੌਰ ਖਾਲਸਾ ਦੀ ਅਗਵਾਈ ਹੇਠ ਗੁਰਦੁਆਰਾ ਅਸ਼ੋਕ ਨਗਰ, ਨਵੀਂ ਦਿੱਲੀ ਵਿੱਚ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਤਰਵਿੰਦਰ ਕੌਰ ਖਾਲਸਾ ਨੇ ਕੀਤੀ ਅਤੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਲਵਿੰਦਰ ਕੌਰ ਖੁਰਾਣਾ ਨੇ ਨਿਭਾਈ। ਆਰੰਭ 'ਚ ਬੀਬੀ ਖਾਲਸਾ ਨੇ ਕਵੀ ਦਰਬਾਰ ਦੇ ਉਦੇਸ਼ ਬਾਰੇ ਦੱਸਦਿਆਂ ਕਿਹਾ ਕਿ ਇਸ ਕਵੀ ਦਰਬਾਰ ਨੂੰ ਕਰਨ ਦਾ ਮੁੱਖ ਮਕਸਦ ਇਹ ਹੈ ਕਿ ਕਵੀ ਸਾਹਿਬਾਨ ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਕਵਿਤਾਵਾਂ ਲਿਖਣ ਤਾਂ ਜੋ ਬੱਚਿਆਂ ਨੂੰ ਆਪਣੇ ਵਿਰਸੇ, ਬੋਲੀ ਅਤੇ ਧਰਮ ਨਾਲ ਜੋੜਿਆ ਜਾ ਸਕੇ। ਨਾਲ ਹੀ ਉਨ੍ਹਾਂ ਨੇ ਆਪਣੀ ਛੋਟੀ ਜਿਹੀ ਕਵਿਤਾ ਸੁਣਾ ਕੇ ਕਵੀ ਦਰਬਾਰ ਦਾ ਸ਼ੁਭ ਆਰੰਭ ਕੀਤਾ। ਉਪਰੰਤ ਦੋ ਛੋਟੀਆਂ ਬੱਚੀਆਂ ਜਪਸਿਮਰਨ ਕੌਰ (ਉਮਰ ਸੱਤ ਸਾਲ) ਅਤੇ ਜਸਮਿਹਰ ਕੌਰ (ਉਮਰ ਚਾਰ ਸਾਲ) ਨੇ ਰਸਭਿੰਨੀ ਆਵਾਜ਼ ਵਿੱਚ ਕਵਿਤਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਕਵੀ ਦਰਬਾਰ ਵਿੱਚ ਜਗਜੀਤ ਕੌਰ ਭੋਲੀ, ਡਾ. ਸਤਪਾਲ ਕੌਰ, ਕੁਲਵਿੰਦਰ ਕੌਰ ਸੈਣੀ, ਜਸਮੀਤ ਕੌਰ, ਡਾ. ਰਾਜਵੰਤ ਕੌਰ 'ਰਾਜ', ਇੰਦਰਜੀਤ ਕੌਰ, ਰਮਨਪ੍ਰੀਤ ਕੌਰ (ਪਟਿਆਲਾ), ਮਨਿੰਦਰ ਕੌਰ, ਰਾਜ ਸਿੰਘ ਅਤੇ ਬਲਵਿੰਦਰ ਕੌਰ ਖੁਰਾਣਾ ਨੇ ਵਿਸਾਖੀ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਕਵਿਤਾਵਾਂ ਨਾਲ ਸਾਂਝ ਪਾ ਕੇ ਮਾਹੌਲ ਨੂੰ ਅਨੰਦਮਈ ਅਤੇ ਜੋਸ਼ ਭਰਪੂਰ ਬਣਾ ਦਿੱਤਾ। ਸੰਗਤਾਂ ਨੇ ਵੀ ਜੈਕਾਰਿਆਂ ਨਾਲ ਕਵੀਆਂ ਅਤੇ ਕਵਿੱਤਰੀਆਂ ਦਾ ਹੌਸਲਾ ਵਧਾਇਆ। ਇਸ ਮੌਕੇ ਅਸ਼ੋਕ ਨਗਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਸ ਮਹਾਨ ਉਪਰਾਲੇ ਲਈ ਬੀਬੀ ਖਾਲਸਾ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਅਜਿਹੇ ਹੋਰ ਪ੍ਰੋਗਰਾਮ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਅੰਤ ਵਿੱਚ ਬੀਬੀ ਤਰਵਿੰਦਰ ਕੌਰ ਖਾਲਸਾ ਨੇ ਸਭ ਕਵੀਆਂ ਅਤੇ ਕਵਿੱਤਰੀਆਂ ਨੂੰ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ।

# ਵਿਸ਼ਵ ਪੰਜਾਬੀ ਸੰਸਥਾ ਵੱਲੋਂ ਸੁਪਰ ਸਿੱਖ ਵਿਸਾਖੀ ਮੈਰਾਥਨ

## ਨਸ਼ਿਆਂ ਤੋਂ ਦੂਰ ਰਹਿਣ ਅਤੇ ਤੰਦਰੁਸਤੀ ਦਾ ਸੁਨੇਹਾ; ਪੁਰਸ਼ਾਂ 'ਚੋਂ ਅਭਿਸ਼ੇਕ ਤੇ ਔਰਤਾਂ 'ਚੋਂ ਭਾਰਤੀ ਅੱਵਲ

ਨਵੀਂ ਦਿੱਲੀ : ਦਿੱਲੀ ਵਿੱਚ ਸਿਹਤ, ਜਸ਼ਨ ਅਤੇ ਸਮਾਜਿਕ ਵਚਨਬੱਧਤਾ ਲਈ ਵਿਸ਼ਵ ਪੰਜਾਬੀ ਸੰਸਥਾ ਅਤੇ ਸੰਨ ਫਾਊਂਡੇਸ਼ਨ ਨੇ ਰਾਜ ਸਭਾ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਦੀ ਸਰਪ੍ਰਸਤੀ ਹੇਠ, ਕਨਾਟ ਪਲੇਸ ਵਿੱਚ ਚੌਥੀ 'ਵਿਸ਼ਵ ਪੰਜਾਬੀ ਸੰਸਥਾ ਵਿਸਾਖੀ ਸੁਪਰ ਸਿੱਖ 5ਕੇ ਮੈਰਾਥਨ' ਕਰਵਾਈ।

ਵਿਸਾਖੀ ਦੇ ਸਬੰਧ 'ਚ ਮੈਰਾਥਨ ਮੌਕੇ ਵੱਖ-ਵੱਖ ਉਮਰ ਵਰਗ ਦੇ 3,000 ਤੋਂ ਵੱਧ ਲੋਕਾਂ ਨੇ ਨਸ਼ਿਆਂ ਨੂੰ 'ਨਾਂਹ ਕਹੋ ਅਤੇ ਫਿੱਟ ਇੰਡੀਆ' ਥੀਮ ਨਾਲ ਦੌੜ ਵਿੱਚ ਹਿੱਸਾ ਲਿਆ, ਜੋ ਸਿਹਤਮੰਦ ਅਤੇ ਨਸ਼ਾ ਮੁਕਤ ਭਾਰਤ ਦੇ ਉਦੇਸ਼ ਨਾਲ ਕਰਵਾਈ ਗਈ। ਅਭਿਸ਼ੇਕ ਨੇ ਪੁਰਸ਼ ਵਰਗ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਜਦੋਂ ਕਿ ਸ੍ਰੀਮਤੀ ਭਾਰਤੀ ਔਰਤਾਂ ਵਰਗ ਵਿੱਚ ਜੇਤੂ ਰਹੀ। ਇਸ ਦੌਰਾਨ 86 ਸਾਲਾਂ ਦੇ ਜਗਦੀਪ ਸਿੰਘ ਨੇ ਸਿਰਫ਼ 46 ਮਿੰਟਾਂ ਵਿੱਚ 5 ਕਿਲੋਮੀਟਰ ਮੈਰਾਥਨ ਪੂਰੀ ਕਰਕੇ ਸਾਰਿਆਂ ਦਾ ਦਿਲ ਜਿੱਤ ਲਿਆ। ਵਿਕਰਮਜੀਤ ਸਿੰਘ ਸਾਹਨੀ ਨੇ ਦੱਸਿਆ ਕਿ ਇਸ ਸਾਲ ਦੀ ਮੈਰਾਥਨ ਉੱਘੇ ਦੌੜਾਕ 'ਟਰਬਨ ਟੋਰਨਾਡੋ' ਸਰਦਾਰ ਫੌਜਾ ਸਿੰਘ ਦੀ ਯਾਦ ਨੂੰ ਸਮਰਪਿਤ ਸੀ, ਜਿਨ੍ਹਾਂ ਦੀ ਪਿਛਲੇ ਸਾਲ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਉਹ ਇਸ ਮੈਰਾਥਨ ਦੇ ਦੇ ਰੈਗੂਲਰ ਅਤੇ ਪ੍ਰੇਰਨਾਦਾਇਕ ਭਾਗੀਦਾਰ ਰਹੇ ਹਨ। ਉਨ੍ਹਾਂ ਕਿਹਾ ਕਿ ਭੰਗੜਾ, ਗਿੱਧਾ ਅਤੇ ਗਤਕੇ ਦੇ ਊਰਜਾ ਭਰਪੂਰ ਪ੍ਰਦਰਸ਼ਨਾਂ ਨੇ ਪ੍ਰੋਗਰਾਮ ਨੂੰ ਜੀਵੰਤ ਬਣਾ ਦਿੱਤਾ, ਜੋ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਦੀ ਤੰਦਰੁਸਤੀ ਅਤੇ ਨਸ਼ੇ ਤੋਂ ਦੂਰ ਰਹਿਣ ਪ੍ਰਤੀ ਸਮੂਹਿਕ ਵਚਨਬੱਧਤਾ ਨੂੰ ਦਰਸਾਉਂਦੇ ਹਨ। ਸ੍ਰੀ ਸਾਹਨੀ ਮੁਤਾਬਕ, "ਨਵੀਂ ਸ਼ੁਰੂਆਤ ਅਤੇ ਲਗਨ ਦਾ ਪ੍ਰਤੀਕ, ਵਿਸਾਖੀ ਸਰੀਰਕ ਸਿਹਤ ਅਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਸਾਡੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ।"




ਸਰਦਾਰ ਫੌਜਾ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਅਨੁਸ਼ਾਸਨ ਅਤੇ ਦ੍ਰਿੜਤਾ ਨਾਲ ਸਿਹਤ ਨੂੰ ਅਪਣਾਉਣ ਲਈ ਅਮਿਟ ਪ੍ਰੇਰਨਾ ਹੈ। ਉਨ੍ਹਾਂ ਨੌਜਵਾਨਾਂ ਨੂੰ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਦੀ ਵੀ ਅਪੀਲ ਕੀਤੀ। ਇਸ ਮੌਕੇ ਭਾਗੀਦਾਰਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਵੀ ਸਨਮਾਨ ਕੀਤਾ ਗਿਆ।

# ਜੱਲਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

## ਪੁਲਿਸ ਦੇ ਜਵਾਨਾਂ ਨੇ ਸ਼ਹੀਦਾਂ ਨੂੰ ਸਲਾਮੀ ਦਿੱਤੀ; ਸ਼ਹੀਦਾਂ ਦੀ ਯਾਦ 'ਚ ਦੋ ਮਿੰਟ ਲਈ ਮੌਨ ਧਾਰਿਆ



ਅੰਮ੍ਰਿਤਸਰ : ਜੱਲਿਆਂਵਾਲਾ ਬਾਗ ਸਾਕੇ ਦੀ 107ਵੀਂ ਵਰ੍ਹੇਗੰਢ ਮੌਕੇ ਵੱਖ ਵੱਖ ਸਿਆਸੀ ਪਾਰਟੀਆਂ, ਸਮਾਜਿਕ ਸੰਸਥਾਵਾਂ, ਜ਼ਿਲ੍ਹਾ ਪ੍ਰਸ਼ਾਸਨ ਤੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਤੇ ਹੋਰਨਾਂ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪੰਜਾਬ ਪੁਲੀਸ ਦੇ ਜਵਾਨਾਂ ਨੇ ਸ਼ਹੀਦਾਂ ਨੂੰ ਸਲਾਮੀ ਦਿੱਤੀ ਅਤੇ ਸ਼ਹੀਦਾਂ ਦੀ ਯਾਦ ਵਿੱਚ 2 ਮਿੰਟ ਦਾ ਮੌਨ ਵੀ ਧਾਰਨ ਕੀਤਾ। ਇਸ ਦੌਰਾਨ ਸ਼ਹੀਦਾਂ ਦੇ ਪਰਿਵਾਰਾਂ ਦੇ ਪਰਿਵਾਰਕ ਮੈਂਬਰਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰੱਖੇ ਗਏ ਸ਼ਰਧਾਂਜਲੀ ਸਮਾਗਮ ਤੋਂ ਦੂਰੀ ਬਣਾ ਕੇ ਰੱਖੀ ਹੈ ਅਤੇ ਵੱਖਰੇ ਤੌਰ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਬਾਅਦ ਦੁਪਹਿਰ ਕਰਵਾਏ ਸ਼ਰਧਾਂਜਲੀ ਸਮਾਗਮ ਵਿੱਚ ਜੱਲਿਆਂਵਾਲਾ ਬਾਗ ਸ਼ਹੀਦੀ ਯਾਦਗਾਰੀ ਟਰੱਸਟ ਦੇ ਮੈਂਬਰ ਅਤੇ ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਆਰ ਐੱਸ ਐੱਸ ਦੇ ਕੁੱਲ ਹਿੰਦ ਜਨਰਲ ਸਕੱਤਰ ਡਾਕਟਰ ਕਿਸ਼ਨ ਗੋਪਾਲ , ਕਾਂਗਰਸ ਆਗੂ ਰਾਜ ਕੁਮਾਰ ਵੇਰਕਾ, ਭਾਜਪਾ ਆਗੂ ਡਾ. ਰਾਮ ਚਾਵਲਾ, ਹਰਜਿੰਦਰ ਸਿੰਘ ਠੇਕੇਦਾਰ, ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਤੇ ਹੋਰ ਸ਼ਾਮਲ ਸਨ। ਇਸ ਮੌਕੇ ਵੱਖ ਵੱਖ ਆਗੂਆਂ ਨੇ ਸ਼ਹੀਦੀ ਯਾਦਗਾਰ ਵਿਖੇ ਫੁੱਲ ਮਾਲਾ ਭੇਟ ਕੀਤੀਆਂ ਅਤੇ ਸ਼ਹੀਦਾਂ ਨੂੰ ਯਾਦ ਕੀਤਾ।

ਡੀ ਸੀ ਦਲਵਿੰਦਰਜੀਤ ਸਿੰਘ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਬਣੀ ਯਾਦਗਾਰ ਅਤੇ ਵਿਰਾਸਤੀ ਖ਼ੂਹ ਵਿੱਚ ਫੁੱਲ ਮਾਲਾ ਚੜ੍ਹਾ ਕੇ ਸ਼ਹੀਦਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਸਾਕਾ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੇ ਆਪਣੀਆਂ ਜਾਨਾਂ ਵਾਰ ਕੇ ਭਾਰਤ ਦੀ ਆਜ਼ਾਦੀ ਦਾ ਬੀਜ ਬੀਜਿਆ। ਇਸ ਮੌਕੇ ਸਾਕਾ ਜੱਲਿਆਂਵਾਲਾ ਬਾਗ ਸਬੰਧੀ ਵੱਖ-ਵੱਖ ਸਕੂਲੀ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਵਾਏ ਗਏ।

# ਐੱਨ ਐੱਨ ਵੋਹਰਾ ਨੂੰ ਪੰਜਾਬ ਰਤਨ ਐਵਾਰਡ

## ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸੰਧੂ ਨੇ ਪੁਰਸਕਾਰ ਕੀਤਾ ਭੇਟ



ਨਵੀਂ ਦਿੱਲੀ : ਦਿੱਲੀ ਦੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੇ ਅੱਜ ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਤੇ ਪਦਮ ਵਿਭੂਸ਼ਣ ਐੱਨ ਐੱਨ ਵੋਹਰਾ ਦਾ ਇੰਟਰਨੈਸ਼ਨਲ ਪੰਜਾਬੀ ਸੁਸਾਇਟੀ ਦੇ 'ਪੰਜਾਬ ਰਤਨ ਐਵਾਰਡ' ਨਾਲ ਸਨਮਾਨ ਕੀਤਾ। ਸ਼ਾਨਦਾਰ ਅਤੇ ਤਾਉਮਰ ਪ੍ਰਾਪਤੀਆਂ ਲਈ ਇਹ ਪੁਰਸਕਾਰ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ 'ਚ ਸੁਸਾਇਟੀ ਦੇ ਵਿਸਾਖੀ ਜਸ਼ਨਾਂ ਦੇ ਮੌਕੇ ਦਿੱਤਾ ਗਿਆ। ਇਹ ਪੁਰਸਕਾਰ ਹੀਰੋ ਮੋਟੋਕਾਰਪ ਦੇ ਪਵਨ ਮੁੰਜਾਲ, ਮੈਨਕਾਈਂਡ ਫਾਰਮਾ ਦੇ ਆਰ ਸੀ ਜੁਨੇਜਾ ਅਤੇ ਪੰਜਾਬ ਕੇਸਰੀ ਗਰੁੱਪ ਦੀ ਕਿਰਨ ਚੋਪੜਾ ਨੂੰ ਵੀ ਦਿੱਤੇ ਗਏ।

ਸੁਸਾਇਟੀ ਦੇ ਸਰਪ੍ਰਸਤ ਅਤੇ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਅਤੇ ਸੁਸਾਇਟੀ ਦੇ ਪ੍ਰਧਾਨ ਅਨਿਲ ਕੋਹਲੀ ਵੱਲੋਂ ਵੱਖ ਵੱਖ ਸ਼ਖਸੀਅਤਾਂ ਨੂੰ ਸਨਮਾਨਿਤ ਕੀਤੇ ਜਾਣ ਮਗਰੋਂ ਤਰਨਜੀਤ ਸੰਧੂ ਨੇ ਆਪਣੇ ਸੰਬੋਧਨ ਵਿੱਚ ਪੰਜਾਬੀਆਂ ਦੇ ਜਜ਼ਬੇ ਅਤੇ ਉੱਦਮ ਦੀ ਸ਼ਲਾਘਾ ਕੀਤੀ। ਸ੍ਰੀ ਸੰਧੂ ਨੇ ਕਿਹਾ ਕਿ ਪੰਜਾਬੀ ਚਾਹੇ ਦੁਨੀਆ ਵਿੱਚ ਕਿਤੇ ਵੀ ਜਾਣ, ਉਹ ਆਪਣੇ ਨਾਲ ਦੋ ਚੀਜ਼ਾਂ, ਸਖ਼ਤ ਮਿਹਨਤ ਕਰਨ ਦੀ ਯੋਗਤਾ ਅਤੇ ਭਾਈਚਾਰਾ ਬਣਾਉਣ ਦਾ ਜਜ਼ਬਾ ਲਿਜਾਂਦੇ ਹਨ। ਦਿੱਲੀ ਦੇ ਉਪ ਰਾਜਪਾਲ ਨੇ ਕਿਹਾ ਕਿ ਪੰਜਾਬੀਆਂ ਨੇ ਬੇਸ਼ੱਕ ਆਲਮੀ ਪੱਧਰ 'ਤੇ ਸਫਲ ਵਿਅਕਤੀਗਤ ਸਫਰ ਤੈਅ ਕੀਤੇ ਹਨ, ਪਰ ਹੁਣ ਉਨ੍ਹਾਂ ਨੂੰ ਇਸ ਨੂੰ ਮਜ਼ਬੂਤ ਸਮੂਹਿਕ ਸ਼ਕਤੀ ਵਿੱਚ ਬਦਲਣਾ ਚਾਹੀਦਾ ਹੈ। ਨਵੀਂ ਦਿੱਲੀ ਦੇ ਵਿਕਾਸ ਵਿੱਚ ਸਿੱਖਾਂ ਅਤੇ ਪੰਜਾਬੀਆਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀ ਅਸਲ ਤਾਕਤ ਕਦੇ ਵੀ ਸਿਰਫ਼ ਉਨ੍ਹਾਂ ਦੀਆਂ ਪ੍ਰਾਪਤੀਆਂ ਵਿੱਚ ਨਹੀਂ ਰਹੀ, ਸਗੋਂ ਇਸ ਵਿੱਚ ਰਹੀ ਹੈ ਕਿ ਉਹ ਰਸਤੇ ਵਿੱਚ ਦੂਜਿਆਂ ਨੂੰ ਕਿਵੇਂ ਉੱਚਾ ਚੁੱਕਦੇ ਹਨ। ਇਸ ਤੋਂ ਪਹਿਲਾਂ ਤਰਲੋਚਨ ਸਿੰਘ ਨੇ ਵੀ ਇਕੱਠ ਨੂੰ ਸੰਬੋਧਨ ਕੀਤਾ। ਸਮਾਗਮ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ।

# ਪੰਜਾਬ ਨੇ ਡੈਮਾਂ ਦੀ ਲਾਗਤ ਦਾ ਮੁੱਦਾ ਉਠਾਇਆ

## ਸਰਕਾਰ ਨੇ 973 ਕਰੋੜ ਦੀ ਅਦਾਇਗੀ ਲਈ ਜੰਮੂ ਕਸ਼ਮੀਰ ਨੂੰ ਪੱਤਰ ਲਿਖਿਆ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਡੈਮਾਂ ਦੀ ਉਸਾਰੀ ਦੇ ਮਾਮਲੇ 'ਚ ਜੰਮੂ ਕਸ਼ਮੀਰ ਵੱਲ 973 ਕਰੋੜ ਰੁਪਏ ਕੱਢੇ ਹਨ। ਪੰਜਾਬ ਨੇ ਜੰਮੂ ਕਸ਼ਮੀਰ ਤੋਂ ਰਣਜੀਤ ਸਾਗਰ ਡੈਮ ਅਤੇ ਸ਼ਾਹਪੁਰ ਕੰਢੀ ਡੈਮਾਂ ਦੀ ਉਸਾਰੀ ਦੀ ਲਾਗਤ 'ਚੋਂ ਆਪਣੀ ਹਿੱਸੇਦਾਰੀ ਮੰਗੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੁੱਝ ਦਿਨ ਪਹਿਲਾਂ ਰਾਜਸਥਾਨ ਤੋਂ ਵੀ ਪਾਣੀਆਂ ਦੀ ਰਾਇਲਟੀ ਦੇ ਬਕਾਏ ਮੰਗੇ ਸਨ। ਪੰਜਾਬ ਦੇ ਜਲ ਸਰੋਤ ਵਿਭਾਗ ਨੇ ਇਸ ਮਾਮਲੇ ਦੇ ਜਲਦ ਨਿਬੇੜੇ ਲਈ ਜੰਮੂ ਕਸ਼ਮੀਰ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਮੰਗ ਕੀਤੀ ਹੈ।



ਪੰਜਾਬ ਸਰਕਾਰ ਨੇ ਰਣਜੀਤ ਸਾਗਰ ਡੈਮ ਵਿੱਚ ਜੰਮੂ ਕਸ਼ਮੀਰ ਦੇ ਹਿੱਸੇ ਵਜੋਂ 301.02 ਕਰੋੜ ਰੁਪਏ ਅਤੇ ਸ਼ਾਹਪੁਰ ਕੰਢੀ ਡੈਮ ਪ੍ਰਾਜੈਕਟ ਦੇ ਨਿਰਮਾਣ 'ਤੇ ਆਏ ਖ਼ਰਚੇ ਦੇ ਹਿੱਸੇ ਵਜੋਂ 672.42 ਕਰੋੜ ਰੁਪਏ ਮੰਗੇ ਹਨ। ਦੋਵਾਂ ਦੇ ਕੁੱਲ ਬਕਾਏ ਕਰੀਬ 973 ਕਰੋੜ ਰੁਪਏ ਦੇ ਬਣਦੇ ਹਨ। ਥੀਨ ਡੈਮ ਵਜੋਂ ਜਾਣੇ ਜਾਂਦੇ ਰਣਜੀਤ ਸਾਗਰ ਡੈਮ ਬਾਰੇ ਪੰਜਾਬ ਸਰਕਾਰ ਨੇ ਦਲੀਲ ਪੇਸ਼ ਕੀਤੀ ਹੈ ਕਿ 20 ਜਨਵਰੀ, 1979 ਨੂੰ ਪੰਜਾਬ ਅਤੇ ਜੰਮੂ ਕਸ਼ਮੀਰ ਵਿਚਾਲੇ ਦੁਵੱਲਾ ਸਮਝੌਤਾ ਹੋਇਆ ਸੀ ਅਤੇ ਇਸ ਸਮਝੌਤੇ ਦੀ ਧਾਰਾ 1 ਮੁਤਾਬਿਕ ਡੈਮਾਂ ਦੀ ਉਸਾਰੀ ਮੌਕੇ ਸਿੰਜਾਈ ਹਿੱਸੇ ਦੀ ਕੁੱਲ ਲਾਗਤ ਦਾ 10 ਫ਼ੀਸਦ ਜੰਮੂ ਕਸ਼ਮੀਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਦੇਣਾ ਸੀ।

ਪੰਜਾਬ ਸਰਕਾਰ ਨੇ ਜੰਮੂ ਕਸ਼ਮੀਰ ਦੇ ਜਲ ਸ਼ਕਤੀ ਵਿਭਾਗ ਨੂੰ ਭੇਜੇ ਪੱਤਰ ਵਿੱਚ ਜੰਮੂ ਕਸ਼ਮੀਰ ਵੱਲ ਕੱਢੇ ਗਏ ਬਕਾਏ ਬਾਰੇ ਰਣਜੀਤ ਸਾਗਰ ਡੈਮ ਦੇ ਵਿੱਤੀ ਸਲਾਹਕਾਰ ਅਤੇ ਮੁੱਖ ਲੇਖਾ ਅਧਿਕਾਰੀ ਦੇ ਲੇਖੇ ਜੋਖੇ ਦਾ ਹਵਾਲਾ ਦਿੱਤਾ ਹੈ। ਥੀਨ ਡੈਮ ਦੇ ਮਾਮਲੇ 'ਚ 300.13 ਕਰੋੜ ਰੁਪਏ ਦੀ ਰਕਮ ਕੱਢੀ ਗਈ ਹੈ, ਜਿਸ ਵਿੱਚ 28 ਫਰਵਰੀ 2026 ਤੱਕ ਅਦਾ ਨਾ ਕੀਤੀ ਗਈ ਰਕਮ 'ਤੇ ਵਿਆਜ ਵੀ ਸ਼ਾਮਲ ਹੈ। ਰਣਜੀਤ ਸਾਗਰ ਡੈਮ ਦੀ ਉਸਾਰੀ ਦੀ ਕੁੱਲ ਲਾਗਤ 5755.54 ਕਰੋੜ ਰੁਪਏ ਦਰਸਾਈ ਗਈ ਹੈ ਜਿਸ 'ਚੋਂ ਸਿੰਜਾਈ ਕੰਪੋਨੈਂਟ 'ਤੇ 656.13 ਕਰੋੜ ਰੁਪਏ ਦੀ ਲਾਗਤ ਆਈ ਹੈ। ਇਸ 656.13 ਕਰੋੜ ਦੀ ਰਕਮ ਦਾ ਮੂਲ ਭੁਗਤਾਨ 65.61 ਕਰੋੜ ਰੁਪਏ ਹੈ ਅਤੇ ਅਦਾ ਨਾ ਕੀਤੇ ਗਏ ਬਕਾਏ 'ਤੇ ਵਿਆਜ 235.41 ਕਰੋੜ ਰੁਪਏ ਬਣਾਇਆ ਗਿਆ ਹੈ, ਜੋ ਪਹਿਲੀ ਅਪਰੈਲ 2002 ਤੋਂ 28 ਫਰਵਰੀ 2026 ਤੱਕ ਦਾ ਹੈ।

ਪੰਜਾਬ ਸਰਕਾਰ ਨੇ ਸ਼ਾਹਪੁਰ ਕੰਢੀ ਡੈਮ ਬਾਰੇ ਕਿਹਾ ਕਿ 1979 ਵਿੱਚ ਪੰਜਾਬ ਅਤੇ ਜੰਮੂ ਕਸ਼ਮੀਰ ਵਿਚਾਲੇ ਹੋਏ ਦੁਵੱਲੇ ਸਮਝੌਤੇ ਦੀ ਧਾਰਾ 6 ਅਨੁਸਾਰ ਸ਼ਾਹਪੁਰ ਕੰਢੀ ਬੈਰਾਜ ਤੋਂ ਰਾਵੀ ਨਹਿਰ ਕੱਢਣੀ ਸੀ ਅਤੇ ਬੈਰਾਜ ਦੀ ਲਾਗਤ 'ਚ ਯੋਗਦਾਨ ਪਾਇਆ ਜਾਣਾ ਸੀ। ਜੰਮੂ ਕਸ਼ਮੀਰ ਸਰਕਾਰ ਨੇ ਮਾਰਚ 2011 ਦੀਆਂ ਕੀਮਤਾਂ ਦੇ ਆਧਾਰ 'ਤੇ ਥੀਨ ਡੈਮ ਤੋਂ ਰਾਵੀ ਨਹਿਰ ਦੇ ਵਿਸਥਾਰ ਲਈ 410.29 ਕਰੋੜ ਰੁਪਏ ਦਾ ਅਨੁਮਾਨ ਜਮ ?ਹਾਂ ਕਰਵਾਇਆ ਹੈ। 6 ਫ਼ੀਸਦ ਸਾਲਾਨਾ ਲਾਗਤ ਵਾਧੇ ਦਾ ਹਿਸਾਬ ਲਾਉਣ ਤੋਂ ਬਾਅਦ ਇਹ ਰਕਮ 28 ਫਰਵਰੀ 2026 ਤੱਕ ਵਧ ਕੇ 777.58 ਕਰੋੜ ਰੁਪਏ ਬਣ ਜਾਂਦੀ ਹੈ। ਪੰਜਾਬ ਪਹਿਲਾਂ ਹੀ ਸ਼ਾਹਪੁਰਕੰਡੀ ਡੈਮ ਤੋਂ ਰਾਵੀ ਨਹਿਰ ਦੇ ਬਾਕੀ ਹਿੱਸੇ ਦੀ ਉਸਾਰੀ ਲਈ 105.16 ਕਰੋੜ ਰੁਪਏ ਖ਼ਰਚ ਕਰ ਚੁੱਕਾ ਹੈ। ਇਸ ਤਰ੍ਹਾਂ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਲਾਗਤ ਵਿੱਚ ਆਏ ਅੰਤਰ ਨੂੰ ਦੇਖਦਿਆਂ ਹੁਣ ਜੰਮੂ ਕਸ਼ਮੀਰ ਵੱਲ ਕੁੱਲ 672.42 ਕਰੋੜ ਰੁਪਏ ਦੀ ਦੇਣਦਾਰੀ ਬਣਦੀ ਹੈ।

# ਅਟਲ ਟਨਲ ਨੇੜੇ ਤਾਜ਼ਾ ਬਰ.ਫਬਾਰੀ ਨੇ ਖੇੜੇ ਸੈਲਾਨੀਆਂ ਦੇ ਚਿਹਰੇ

## ਰੋਹਤਾਂਗ ਦੇ ਰਸਤੇ 'ਤੇ ਦਿਖੇ ਮਨਮੋਹਕ ਨਜ਼ਾਰੇ

ਮਨਾਲੀ : ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਸੈਰ-ਸਪਾਟਾ ਸਥਾਨ ਮਨਾਲੀ ਵਿੱਚ ਮੌਸਮ ਨੇ ਇੱਕ ਵਾਰ ਫਿਰ ਕਰਵਟ ਲਈ ਹੈ। ਕੁਲੂ ਜ਼ਿਲ੍ਹੇ ਵਿੱਚ ਸਥਿਤ ਅਟਲ ਟਨਲ ਰੋਹਤਾਂਗ ਦੇ ਆਲੇ-ਦੁਆਲੇ ਐਤਵਾਰ ਨੂੰ ਹੋਈ ਤਾਜ਼ਾ ਬਰਫ਼ਬਾਰੀ ਨੇ ਸੈਲਾਨੀਆਂ ਲਈ ਖੁਸ਼ੀ ਦਾ ਮਾਹੌਲ ਪੈਦਾ ਕਰ ਦਿੱਤਾ ਹੈ।



ਸੈਲਾਨੀਆਂ ਦੀ ਮੌਜ-ਮਸਤੀ ਅਤੇ ਫੋਟੋਗ੍ਰਾਫੀ

ਬਰਫ਼ਬਾਰੀ ਦੀ ਖ਼ਬਰ ਮਿਲਦੇ ਹੀ ਵੱਡੀ ਸੰਖਿਆ ਵਿੱਚ ਸੈਲਾਨੀ ਅਟਲ ਟਨਲ ਦੇ ਉੱਤਰੀ ਅਤੇ ਦੱਖਣੀ ਪੋਰਟਲ ਵੱਲ ਉਮੜ ਪਏ:

ਬਰਫ਼ ਦਾ ਆਨੰਦ: ਸੈਲਾਨੀਆਂ ਨੇ ਬਰਫ਼ ਦੇ ਗੋਲੇ ਬਣਾ ਕੇ ਇੱਕ-ਦੂਜੇ 'ਤੇ ਸੁੱਟੇ ਅਤੇ ਇਸ ਕੁਦਰਤੀ ਨਜ਼ਾਰੇ ਦਾ ਭਰਪੂਰ ਆਨੰਦ ਲਿਆ।

ਯਾਦਗਾਰੀ ਪਲ: ਚਿੱਟੀ ਚਾਦਰ ਵਿੱਚ ਲਪੇਟੇ ਪਹਾੜਾਂ ਦੇ ਵਿਚਕਾਰ ਸੈਲਾਨੀ ਆਪਣੀਆਂ ਫੋਟੋਆਂ ਖਿਚਵਾਉਂਦੇ ਅਤੇ ਵੀਡੀਓਜ਼ ਬਣਾਉਂਦੇ ਨਜ਼ਰ ਆਏ।

ਖੁਸ਼ਗਵਾਰ ਮੌਸਮ: ਅਪ੍ਰੈਲ ਦੇ ਮਹੀਨੇ ਵਿੱਚ ਹੋਈ ਇਸ ਬਰਫ਼ਬਾਰੀ ਨੇ ਮੈਦਾਨੀ ਇਲਾਕਿਆਂ ਦੀ ਗਰਮੀ ਤੋਂ ਬਚ ਕੇ ਆਏ ਲੋਕਾਂ ਨੂੰ ਸਰਦੀ ਦਾ ਅਹਿਸਾਸ ਕਰਵਾ ਦਿੱਤਾ।

ਸੈਰ-ਸਪਾਟਾ ਉਦਯੋਗ ਵਿੱਚ ਉਤਸ਼ਾਹ

ਇਸ ਬੇਮੌਸਮੀ ਬਰਫ਼ਬਾਰੀ ਨੇ ਮਨਾਲੀ ਦੇ ਹੋਟਲ ਮਾਲਕਾਂ ਅਤੇ ਟੈਕਸੀ ਚਾਲਕਾਂ ਦੇ ਚਿਹਰਿਆਂ 'ਤੇ ਵੀ ਰੌਣਕ ਲਿਆ ਦਿੱਤੀ ਹੈ:

ਵਧਦੀ ਆਮਦ: ਬਰਫ਼ਬਾਰੀ ਦੇ ਕਾਰਨ ਆਉਣ ਵਾਲੇ ਦਿਨਾਂ ਵਿੱਚ ਸੈਲਾਨੀਆਂ ਦੀ ਗਿਣਤੀ ਹੋਰ ਵਧਣ ਦੀ ਉਮੀਦ ਹੈ।

ਕਾਰੋਬਾਰ ਨੂੰ ਹੁਲਾਰਾ: ਸਥਾਨਕ ਦੁਕਾਨਦਾਰਾਂ ਅਤੇ ਸਕੀਇੰਗ/ਐਡਵੈਂਚਰ ਸਪੋਰਟਸ ਨਾਲ ਜੁੜੇ ਲੋਕਾਂ ਲਈ ਇਹ ਬਰਫ਼ਬਾਰੀ ਕਿਸੇ ਤੋਹਫ਼ੇ ਤੋਂ ਘੱਟ ਨਹੀਂ ਹੈ।

ਪ੍ਰਸ਼ਾਸਨ ਦੀ ਸਲਾਹ

ਹਾਲਾਂਕਿ ਸੈਲਾਨੀ ਬਰਫ਼ਬਾਰੀ ਦਾ ਆਨੰਦ ਲੈ ਰਹੇ ਹਨ, ਪਰ ਪ੍ਰਸ਼ਾਸਨ ਨੇ ਕੁਝ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ:

ਸੁਰੱਖਿਅਤ ਡਰਾਈਵਿੰਗ: ਸੜਕਾਂ 'ਤੇ ਫਿਸਲਣ ਹੋਣ ਕਾਰਨ ਡਰਾਈਵਰਾਂ ਨੂੰ ਸਾਵਧਾਨੀ ਨਾਲ ਵਾਹਨ ਚਲਾਉਣ ਲਈ ਕਿਹਾ ਗਿਆ ਹੈ।

ਮੌਸਮ 'ਤੇ ਨਜ਼ਰ: ਸੈਲਾਨੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਉੱਚਾਈ ਵਾਲੇ ਇਲਾਕਿਆਂ ਵਿੱਚ ਜਾਣ ਤੋਂ ਪਹਿਲਾਂ ਮੌਸਮ ਦੀ ਤਾਜ਼ਾ ਜਾਣਕਾਰੀ ਜ਼ਰੂਰ ਲੈਣ।

ਅਟਲ ਟਨਲ ਰੋਹਤਾਂਗ ਦੇ ਨੇੜੇ ਹੋਈ ਇਹ ਬਰਫ਼ਬਾਰੀ ਕਸ਼ਮੀਰ ਅਤੇ ਹਿਮਾਚਲ ਦੀਆਂ ਵਾਦੀਆਂ ਵਿੱਚ ਸੈਰ-ਸਪਾਟੇ ਲਈ ਇੱਕ ਨਵੀਂ ਊਰਜਾ ਲੈ ਕੇ ਆਈ ਹੈ। ਅਪ੍ਰੈਲ ਦੀ ਧੁੱਪ ਵਿੱਚ ਬਰਫ਼ ਦਾ ਇਹ ਸੁਮੇਲ ਸੈਲਾਨੀਆਂ ਲਈ ਇੱਕ ਸੁਖਦ ਅਨੁਭਵ ਸਾਬਤ ਹੋ ਰਿਹਾ ਹੈ।

# ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿੱਲ ਪਾਸ

## • ਬੇਅਦਬੀ ਦੇ ਦੋਸ਼ੀ ਨੂੰ ਉਮਰ ਕੈਦ ਤੱਕ ਦੀ ਹੋਵੇਗੀ ਸਜ਼ਾ • ਹੁਣ ਬੇਅਦਬੀ ਗੈਰ ਜ਼ਮਾਨਤੀ ਅਪਰਾਧ ਹੋਵੇਗਾ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਨੇ ਵਿਸ਼ੇਸ਼ ਸੈਸ਼ਨ 'ਚ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਜੈਕਾਰਿਆਂ ਦੀ ਗੂੰਜ 'ਚ 'ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਪਾਸ ਕਰ ਦਿੱਤਾ। ਸੋਧ ਬਿੱਲ 'ਚ ਪਵਿੱਤਰ ਗਰੰਥ ਦੀ ਬੇਅਦਬੀ ਕਰਨ 'ਤੇ 7 ਤੋਂ 20 ਸਾਲ ਦੀ ਕੈਦ ਅਤੇ ਦੋ ਤੋਂ ਦਸ ਲੱਖ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ। ਸਮਾਜਿਕ/ਧਾਰਮਿਕ ਸਦਭਾਵਨਾ ਭੰਗ ਕਰਨ ਦੇ ਇਰਾਦੇ ਨਾਲ ਬੇਅਦਬੀ ਕਰਨ 'ਤੇ 10 ਸਾਲ ਤੋਂ ਲੈ ਕੇ ਉਮਰ ਕੈਦ ਦੀ ਸਜ਼ਾ ਅਤੇ ਪੰਜ ਤੋਂ 25 ਲੱਖ ਰੁਪਏ ਦਾ ਜੁਰਮਾਨਾ ਲੱਗੇਗਾ। ਅਜਿਹੀ ਕੋਸ਼ਿਸ਼ ਕਰਨ 'ਤੇ ਤਿੰਨ ਤੋਂ ਪੰਜ ਸਾਲ ਦੀ ਕੈਦ ਅਤੇ ਇੱਕ ਲੱਖ ਤੋਂ ਤਿੰਨ ਲੱਖ ਤੱਕ ਦਾ ਜੁਰਮਾਨਾ ਲੱਗੇਗਾ। ਬੇਅਦਬੀ 'ਚ ਮਦਦ ਕਰਨ ਵਾਲਿਆਂ ਨੂੰ ਵੀ ਸਜ਼ਾ 'ਚ ਬਰਾਬਰ ਦਾ ਭਾਗੀਦਾਰ ਮੰਨਿਆ ਜਾਵੇਗਾ। ਸੋਧ ਬਿੱਲ ਅਨੁਸਾਰ ਡੀ ਐੱਸ ਪੀ ਜਾਂ ਏ ਸੀ ਪੀ ਅਜਿਹੇ ਮਾਮਲਿਆਂ ਦੀ ਜਾਂਚ ਕਰੇਗਾ ਅਤੇ ਇਹ ਅਪਰਾਧ ਗੈਰ-ਜ਼ਮਾਨਤਯੋਗ ਹੋਵੇਗਾ।

ਪੰਜਾਬ ਵਿਧਾਨ ਸਭਾ 'ਚ ਅੱਜ ਚੌਥਾ ਮੌਕਾ ਸੀ ਕਿ ਜਦੋਂ ਬੇਅਦਬੀ ਖ਼ ?ਲਾਫ਼ ਬਿੱਲ ਪੇਸ਼ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸ਼ ?ਰੋਮਣੀ ਅਕਾਲੀ ਦਲ ਸਾਲ 2016 'ਚ ਅਤੇ ਕਾਂਗਰਸ ਸਰਕਾਰ ਸਾਲ 2018 'ਚ ਬਿੱਲ ਪਾਸ ਕਰ ਚੁੱਕੀ ਹੈ ਜਦੋਂ ਕਿ 'ਆਪ' ਸਰਕਾਰ ਵੀ ਪਿਛਲੇ ਸਾਲ ਬਿੱਲ ਪੇਸ਼ ਕਰ ਚੁੱਕੀ ਹੈ।

ਵਿਸ਼ੇਸ਼ ਸੈਸ਼ਨ ਅੱਜ ਸ਼ਰਧਾਮਈ ਮਾਹੌਲ 'ਚ ਸ਼ੁਰੂ ਹੋਇਆ ਜਿਸ ਨੇ ਜਲਦੀ ਸਿਆਸੀ ਰੰਗ ਫੜ ਗਿਆ। ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕ ਗੁਨੀਵ ਕੌਰ ਸਦਨ 'ਚੋਂ ਗ਼ੈਰਹਾਜ਼ਰ ਰਹੀ ਜਦੋਂ ਕਿ ਦੋਵੇਂ ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਅਤੇ ਜੰਗੀ ਲਾਲ ਮਹਾਜਨ ਪੂਰਾ ਸਮਾਂ ਸਦਨ 'ਚ ਮੌਜੂਦ ਸਨ।

ਸੱਤਾਧਾਰੀ ਧਿਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ 1986 ਦੇ ਨਕੋਦਰ ਕਾਂਡ ਅਤੇ ਸਾਲ 2015 'ਚ ਵਾਪਰੇ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਹਵਾਲੇ ਦੇ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਘੇਰਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ 'ਚ ਬਿੱਲ ਪੇਸ਼ ਕੀਤਾ ਅਤੇ ਲੰਮੀ ਬਹਿਸ ਮਗਰੋਂ ਜੈਕਾਰਿਆਂ ਦੀ ਗੂੰਜ 'ਚ ਬਿੱਲ ਸਰਬਸੰਮਤੀ ਨਾਲ ਪਾਸ ਹੋ ਗਿਆ।

ਸੱਤਾਧਾਰੀ ਧਿਰ ਨੇ 'ਚਾਚਾ ਭਤੀਜਾਵਾਦ' ਦੇ ਹਵਾਲੇ ਨਾਲ ਕਿਹਾ ਕਿ ਬੇਅਦਬੀ ਮਾਮਲਿਆਂ 'ਚ ਸ਼ਾਮਲ ਇੱਕ ਪਾਰਟੀ ਜ਼ਿੰਮੇਵਾਰ ਅਫ਼ਸਰਾਂ ਨੂੰ ਅਹਿਮ ਪੋਸਟਾਂ 'ਤੇ ਤਾਇਨਾਤ ਕਰਦੀ ਅਤੇ ਚੋਣਾਂ ਮੌਕੇ ਉਤਾਰਦੀ ਸੀ। ਦੂਜੀ ਪਾਰਟੀ (ਕਾਂਗਰਸ) ਹਕੂਮਤ 'ਚ ਆਉਣ 'ਤੇ ਸਭ ਕੁਝ ਨਜ਼ਰਅੰਦਾਜ਼ ਕਰ ਦਿੰਦੀ ਸੀ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਪਰਗਟ ਸਿੰਘ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਦੌਰਾਨ ਹੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਬਾਦਲਾਂ ਅਤੇ ਡੇਰਾ ਸਿਰਸਾ ਮੁਖੀ ਨੂੰ ਬੇਅਦਬੀ ਅਤੇ ਗੋਲੀ ਕਾਂਡ ਮਾਮਲਿਆਂ 'ਚ ਦੋਸ਼ੀ ਠਹਿਰਾਇਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਬਹਿਸ ਸਮੇਟਦਿਆਂ ਕਿਹਾ ਕਿ ਇਹ ਬਿੱਲ ਹੁਣ ਬੇਅਦਬੀ ਦਾ ਅੰਤ ਕਰੇਗਾ ਅਤੇ ਸਖ਼ਤ ਸਜ਼ਾਵਾਂ ਦੇ ਡਰੋਂ ਹੁਣ ਕੋਈ ਅਜਿਹਾ ਅਪਰਾਧ ਕਰਨ ਦੀ ਹਿੰਮਤ ਨਹੀਂ ਕਰੇਗਾ। ਪਿਛਲੀਆਂ ਸਰਕਾਰਾਂ ਨੇ ਬਿੱਲਾਂ 'ਚ ਕਮੀਆਂ ਰੱਖੀਆਂ ਜਦੋਂ ਕਿ ਉਨ੍ਹਾਂ ਨੇ ਹਰ ਚੋਰਮੋਰੀ ਬੰਦ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਗੁਰੂ ਗਰੰਥ ਸਾਹਿਬ ਪੰਜਾਬ 'ਚ ਸੁਰੱਖਿਅਤ ਨਹੀਂ ਤਾਂ ਫਿਰ ਹੋਰ ਕਿਤੇ ਨਹੀਂ ਹੋ ਸਕਦੇ। ਮੁੱਖ ਮੰਤਰੀ ਨੇ ਸੋਧ ਬਿੱਲ ਦੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਇਹ ਸਟੇਟ ਬਿੱਲ ਹੈ ਜਿਸ ਵਾਸਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਦੀ ਲੋੜ ਨਹੀਂ। ਉਹ ਰਾਜਪਾਲ ਤੋਂ ਵੀ ਜਲਦੀ ਸਹਿਮਤੀ ਲੈਣ ਦੀ ਕੋਸ਼ਿਸ਼ ਕਰਨਗੇ ਅਤੇ ਇਸ ਕੰਮ 'ਚ ਵਿਰੋਧੀ ਧਿਰਾਂ ਵੀ ਸਾਥ ਦੇ ਸਕਦੀਆਂ ਹਨ। ਪੰਜਾਬ ਵਿਧਾਨ ਸਭਾ ਵੱਲੋਂ ਗੁਰਬਾਣੀ ਦੇ ਪ੍ਰਸਾਰਨ 'ਤੇ ਏਕਾਧਿਕਾਰ ਖ਼ਤਮ ਕਰਨ ਲਈ ਪਾਸ ਕੀਤੇ ਬਿੱਲ ਦੇ ਰਾਸ਼ਟਰਪਤੀ ਕੋਲ ਲੰਬਿਤ ਪਏ ਹੋਣ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਇਸ ਬਿੱਲ ਬਾਰੇ ਸਰਬ ਪਾਰਟੀ ਮੀਟਿੰਗ ਕਰ ਸਕਦੇ ਹਨ ਤਾਂ ਜੋ ਬਕਾਇਆ ਬਿੱਲ ਪਾਸ ਕਰਾਇਆ ਜਾ ਸਕੇ।



ਇਸ ਤੋਂ ਪਹਿਲਾਂ ਸੋਧ ਬਿੱਲ 'ਤੇ ਸਦਨ ਵਿੱਚ ਲੰਮੀ ਬਹਿਸ ਹੋਈ ਅਤੇ ਹਾਕਮ ਧਿਰ ਦੇ ਮੈਂਬਰਾਂ ਨੇ ਬਿੱਲ ਬਾਰੇ ਵਿਚਾਰ ਰੱਖੇ। ਸੱਤਾਧਾਰੀ ਧਿਰ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਹਰਜੋਤ ਸਿੰਘ ਬੈਂਸ, ਇੰਦਰਵੀਰ ਸਿੰਘ ਨਿੱਝਰ ਅਤੇ ਬਲਜਿੰਦਰ ਕੌਰ ਆਦਿ ਨੇ ਬਹਿਸ 'ਚ ਹਿੱਸਾ ਲਿਆ। ਕਾਂਗਰਸੀ ਵਿਧਾਇਕ ਤ੍ਰਿਪਤ ਰਜਿੰਦਰ ਬਾਜਵਾ ਨੇ ਸਵਾਲ ਕੀਤਾ ਕਿ ਜੇਕਰ ਬੇਅਦਬੀ ਮਾਮਲਿਆਂ 'ਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਕੇਸ ਪ੍ਰਾਪਰਟੀ ਬਣਾਇਆ ਜਾਂਦਾ ਹੈ ਤਾਂ ਪਵਿੱਤਰ ਗਰੰਥ ਨੂੰ ਕਿੱਥੇ ਰੱਖਿਆ ਜਾਵੇਗਾ ਜਿਸ ਨਾਲ ਮਰਿਆਦਾ ਭੰਗ ਨਾ ਹੋਵੇ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਬੇਅਦਬੀ ਮਾਮਲਿਆਂ ਦੇ ਇਨਸਾਫ਼ ਲਈ ਮੁਕੱਦਮੇ ਨੂੰ ਸਮਾਂਬੱਧ ਕੀਤਾ ਜਾਵੇ। ਸੋਧ ਬਿੱਲ 'ਚ ਗੁੰਜਾਇਸ਼ ਰੱਖੀ ਜਾਵੇ ਕਿ ਜੇ ਇਸ ਕਾਨੂੰਨ ਦੀ ਦੁਰਵਰਤੋਂ ਹੋਵੇ ਤਾਂ ਨਵੀਂ ਸੋਧ ਕੀਤੀ ਜਾ ਸਕੇ। ਬਸਪਾ ਵਿਧਾਇਕ ਡਾ. ਨਛੱਤਰਪਾਲ ਨੇ ਬਿੱਲ ਦੀ ਹਮਾਇਤ ਕਰਦਿਆਂ ਡਾ. ਅੰਬੇਦਕਰ ਦੇ ਬੁੱਤਾਂ ਦੀ ਬੇਅਦਬੀ ਨੂੰ ਵੀ ਦਾਇਰੇ 'ਚ ਲਿਆਉਣ ਦੀ ਗੱਲ ਕਹੀ। ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਸਵਾਲ ਕੀਤਾ ਕਿ ਜੇਕਰ ਪੰਜਾਬ ਤੋਂ ਬਾਹਰ ਬੇਅਦਬੀ ਹੁੰਦੀ ਹੈ ਤਾਂ ਕਿਵੇਂ ਨਜਿੱਠਿਆ ਜਾਵੇਗਾ। ਉਨ੍ਹਾਂ ਸਵਾਲ ਕੀਤਾ ਕਿ ਕੀ ਸਿਲੈਕਟ ਕਮੇਟੀ ਨੇ ਸ਼ ?ਰੋਮਣੀ ਕਮੇਟੀ ਦਾ ਸਲਾਹ ਮਸ਼ਵਰਾ ਲਿਆ ਹੈ।

# ਕਈ ਅਣਸੁਲਝੇ ਸਵਾਲ ਛੱਡ ਗਿਆ ਸੋਧ ਬਿੱਲ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ 'ਚ ਅੱਜ ਸਰਬਸੰਮਤੀ ਨਾਲ ਪਾਸ ਹੋਇਆ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ-2026' ਕਈ ਅਣਸੁਲਝੇ ਸਵਾਲ ਛੱਡ ਗਿਆ ਹੈ। ਵਿਧਾਨ ਸਭਾ 'ਚ ਚੌਥੀ ਵਾਰ ਬੇਅਦਬੀ ਵਿਰੁੱਧ ਬਿੱਲ ਪੇਸ਼ ਹੋਇਆ ਹੈ। ਸਦਨ 'ਚ ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮਸ਼ਵਰਾ ਦਿੱਤਾ ਕਿ ਇਸ ਸਬੰਧੀ ਸੰਵਿਧਾਨਿਕ ਮਾਹਿਰਾਂ ਦੀ ਰਾਇ ਲੈਣੀ ਬਹੁਤ ਜ਼ਰੂਰੀ ਹੈ ਕਿਉਂਕਿ ਪਹਿਲਾਂ ਵੀ ਦੋ ਵਾਰ ਅਜਿਹੇ ਬਿੱਲ ਰਾਸ਼ਟਰਪਤੀ ਵੱਲੋਂ ਵਾਪਸ ਭੇਜੇ ਜਾ ਚੁੱਕੇ ਹਨ।

ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਸਾਲ 2008 ਵਾਲਾ ਬਿੱਲ ਰੈਗੂਲੇਟਰੀ ਬਿੱਲ ਸੀ ਅਤੇ ਹੁਣ ਜਦੋਂ ਸੋਧ ਬਿੱਲ 'ਚ ਉਮਰ ਕੈਦ ਦੀ ਵਿਵਸਥਾ ਹੋ ਜਾਣੀ ਹੈ ਤਾਂ ਇਸ ਬਿੱਲ ਦੀ ਸਰੂਪ ਹੀ ਬਦਲ ਜਾਣਾ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਦਨ 'ਚ ਸਪੱਸ਼ਟ ਕੀਤਾ ਕਿ ਸਾਲ 2018 'ਚ ਕਾਂਗਰਸ ਸਰਕਾਰ ਵੇਲੇ ਜੋ ਬੇਅਦਬੀ ਖ਼ ?ਲਾਫ਼ ਬਿੱਲ ਪਾਸ ਹੋਇਆ ਸੀ, ਉਸ 'ਚ ਆਈ ਪੀ ਸੀ ਦੀ ਧਾਰਾ 'ਚ ਸੋਧ ਕੀਤੀ ਗਈ ਸੀ, ਜੋ ਕੇਂਦਰੀ ਕਾਨੂੰਨ 'ਚ ਦਖਲ ਸੀ। ਸ਼ ?ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸਾਲ 2008 ਦੇ ਬਿੱਲ 'ਚ ਬੇਅਦਬੀ ਖ਼ ?ਲਾਫ਼ ਧਾਰਾ ਨਹੀਂ ਪਾਈ ਸੀ ਜੋ ਹੁਣ ਸੋਧ ਬਿੱਲ ਜ਼ਰੀਏ ਸ਼ਾਮਲ ਕੀਤੀ ਜਾ ਰਹੀ ਹੈ। ਕਾਨੂੰਨੀ ਮਾਹਿਰ ਆਖਦੇ ਹਨ ਕਿ ਬੀ ਐੱਨ ਐੱਸ ਦੀ ਧਾਰਾ 299 ਤਹਿਤ ਤਿੰਨ ਸਾਲ ਦੀ ਸਜ਼ਾ ਦੀ ਵਿਵਸਥਾ ਹੈ ਅਤੇ ਹੁਣ ਜਦੋਂ ਸੋਧ ਬਿੱਲ 'ਚ ਉਮਰ ਕੈਦ ਦੀ ਸਜ਼ਾ ਦੀ ਵਿਵਸਥਾ ਕੀਤੀ ਜਾ ਰਹੀ ਹੈ ਤਾਂ ਇਹ ਬਿੱਲ ਸਮਵਰਤੀ ਸੂਚੀ ਵਿੱਚ ਆਉਣ ਕਰਕੇ ਰਾਸ਼ਟਰਪਤੀ ਦੇ ਅਧਿਕਾਰ ਖੇਤਰ 'ਚ ਚਲਾ ਜਾਵੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕਿਹਾ ਕਿ ਇਹ ਸਟੇਟ ਐਕਟ ਹੈ, ਜਿਸ ਨੂੰ ਮਨਜ਼ੂਰੀ ਲਈ ਰਾਸ਼ਟਰਪਤੀ ਕੋਲ ਭੇਜਣ ਦੀ ਲੋੜ ਨਹੀਂ ਹੈ ਅਤੇ ਸਿਰਫ਼ ਰਾਜਪਾਲ ਦੀ ਸਹਿਮਤੀ ਦੀ ਹੀ ਜ਼ਰੂਰਤ ਹੈ। ਮਾਹਿਰਾਂ ਅਨੁਸਾਰ ਮੌਜੂਦਾ ਸੋਧ ਬਿੱਲ ਵਿੱਚ ਹੋਰ ਧਰਮ ਸ਼ਾਮਲ ਨਹੀਂ ਕੀਤੇ ਗਏ, ਜਦਕਿ ਸਾਲ 2016 ਵਿੱਚ ਰਾਸ਼ਟਰਪਤੀ ਨੇ ਅਜਿਹੇ ਬਿੱਲ ਵਿੱਚ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥ ਸ਼ਾਮਲ ਕਰਨ ਦੀ ਸਲਾਹ ਦਿੱਤੀ ਸੀ। ਹੁਣ ਸੁਆਲ ਇਹ ਵੀ ਉੱਠ ਰਿਹਾ ਹੈ ਕਿ ਜੇ ਇਹ ਬਿੱਲ ਕਾਨੂੰਨ ਬਣਦਾ ਹੈ, ਤਾਂ ਸਰਕਾਰ ਵੱਲੋਂ 2025 ਵਿੱਚ ਪੇਸ਼ ਕੀਤੇ ਗਏ ਬੇਅਦਬੀ ਵਿਰੁੱਧ ਬਿੱਲ ਦਾ ਕੀ ਬਣੇਗਾ।

**ਕੇਸ ਤਬਦੀਲ ਹੋਣ 'ਤੇ ਸਰਕਾਰ ਦੀ ਘੇਰਾਬੰਦੀ** : ਵਿਰੋਧੀ ਧਿਰਾਂ ਨੇ ਅੱਜ ਬੇਅਦਬੀ ਅਤੇ ਗੋਲੀ ਕਾਂਡ ਨਾਲ ਸਬੰਧਤ ਪੰਜ ਕੇਸਾਂ ਦੀ ਸੁਣਵਾਈ ਪੰਜਾਬ ਤੋਂ ਬਾਹਰ ਤਬਦੀਲ ਹੋਣ 'ਤੇ ਵੀ ਸਰਕਾਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਹੁਣ ਤੱਕ ਪੰਜ ਕੇਸਾਂ ਦੀ ਸੁਣਵਾਈ ਪੰਜਾਬ ਤੋਂ ਬਾਹਰ ਤਬਦੀਲ ਹੋ ਗਈ ਹੈ ਪਰ 'ਆਪ' ਸਰਕਾਰ ਨੇ ਇਸ ਦਾ ਕਦੇ ਵਿਰੋਧ ਨਹੀਂ ਕੀਤਾ। ਪਰਗਟ ਸਿੰਘ ਨੇ ਪੰਜ ਕੇਸਾਂ ਦੇ ਤਬਦੀਲ ਹੋਣ ਦਾ ਜ਼ਿਕਰ ਕਰਦਿਆਂ ਕਿਹਾ ਕਿ ਡੇਰਾ ਸਿਰਸਾ ਮੁਖੀ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚੇ ਜਾਣ ਤੋਂ ਬੇਅਦਬੀ ਮਾਮਲਿਆਂ ਦਾ ਮੁੱਢ ਬੱਝਿਆ ਸੀ ਅਤੇ ਹੁਣ 'ਆਪ' ਸਰਕਾਰ ਡੇਰਾ ਮੁਖੀ ਦਾ ਨਾਮ ਲੈਣ ਤੋਂ ਵੀ ਡਰਨ ਲੱਗੀ ਹੈ।

# ਵਿਧਾਨ ਸਭਾ 'ਚ ਨਕੋਦਰ ਕਾਂਡ ਤੇ ਮੌੜ ਧਮਾਕੇ ਦੀ ਗੂੰਜ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਅੱਜ ਨਕੋਦਰ ਕਾਂਡ ਅਤੇ ਮੌੜ ਬੰਬ ਧਮਾਕੇ ਦੀ ਗੂੰਜ ਪਈ। ਪੰਜਾਬ ਵਿਧਾਨ ਸਭਾ ਦੀ ਵਿਧਾਇਕ ਇੰਦਰਬੀਰ ਸਿੰਘ ਨਿੱਝਰ ਦੀ ਅਗਵਾਈ 'ਚ ਬਣੀ ਸਿਲੈਕਟ ਕਮੇਟੀ ਦੇ ਦਾਇਰੇ 'ਚ ਨਕੋਦਰ ਕਾਂਡ ਦੀ ਜਾਂਚ ਨੂੰ ਵੀ ਸ਼ਾਮਲ ਕਰ ਦਿੱਤਾ ਗਿਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਦਨ ਵਿੱਚ ਕਿਹਾ ਕਿ 4 ਫਰਵਰੀ 1979 ਨੂੰ ਨਕੋਦਰ 'ਚ ਵਾਪਰੇ ਕਾਂਡ 'ਚ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਅਤੇ ਪੰਜ ਪਾਵਨ ਸਰੂਪ ਅਗਨ ਭੇਟ ਹੋਏ। ਜਸਟਿਸ ਗੁਰਨਾਮ ਸਿੰਘ ਦੀ ਜਾਂਚ ਰਿਪੋਰਟ ਦਾ ਅੱਧਾ ਹਿੱਸਾ ਅੱਜ ਵੀ ਗ਼ਾਇਬ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਹ ਚਾਰ ਵਰ੍ਹਿਆਂ 'ਚ ਤਿੰਨ ਵਾਰ ਸਪੀਕਰ ਨੂੰ ਨਕੋਦਰ ਕਾਂਡ ਬਾਰੇ ਚਿੱਠੀਆਂ ਲਿਖ ਚੁੱਕੇ ਹਨ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਨਕੋਦਰ ਕਾਂਡ ਦੇ ਹਵਾਲੇ ਨਾਲ ਕਿਹਾ ਕਿ ਸ਼ ?ਰੋਮਣੀ ਅਕਾਲੀ ਦਲ ਨੇ ਪੁਲੀਸ ਅਧਿਕਾਰੀ ਇਜ਼ਹਾਰ ਆਲਮ ਅਤੇ ਦਰਬਾਰਾ ਸਿੰਘ ਗੁਰੂ ਨੂੰ ਅਹਿਮ ਪੋਸਟਾਂ ਹੀ ਨਹੀਂ ਦਿੱਤੀਆਂ, ਬਲਕਿ ਚੋਣਾਂ ਮੌਕੇ ਟਿਕਟਾਂ ਨਾਲ ਵੀ ਨਿਵਾਜਿਆ। ਗੁਰਮੀਤ ਸਿੰਘ ਖੁੱਡੀਆਂ ਨੇ ਦਰਬਾਰਾ ਸਿੰਘ ਗੁਰੂ ਤੇ ਇਜ਼ਹਾਰ ਆਲਮ ਦਾ ਜ਼ਿਕਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਨੂੰ ਨਿਸ਼ਾਨੇ 'ਤੇ ਲਿਆ। ਪਰਗਟ ਸਿੰਘ ਨੇ ਮੌੜ ਬੰਬ ਕਾਂਡ ਦਾ ਮੁੱਦਾ ਚੁੱਕਿਆ।



**ਸਿਲੈਕਟ ਕਮੇਟੀ ਦੀ ਰਿਪੋਰਟ ਨਸ਼ਰ ਕਰਨ ਦੀ ਮੰਗ** : ਵਿਰੋਧੀ ਧਿਰ ਨੇ ਅੱਜ ਸਦਨ 'ਚ ਵਾਰ-ਵਾਰ ਪੰਜਾਬ ਵਿਧਾਨ ਸਭਾ ਵੱਲੋਂ ਬਣਾਈ ਸਿਲੈਕਟ ਕਮੇਟੀ ਦੀ ਰਿਪੋਰਟ ਨੂੰ ਸਦਨ 'ਚ ਰੱਖਣ ਅਤੇ ਬਹਿਸ ਕਰਾਉਣ ਦੀ ਮੰਗ ਕੀਤੀ। ਸ੍ਰੀ ਬਾਜਵਾ ਨੇ ਕਿਹਾ ਕਿ ਸਿਲੈਕਟ ਕਮੇਟੀ ਬਣੀ ਨੂੰ ਸਾਢੇ ਨੌਂ ਮਹੀਨੇ ਹੋ ਗਏ ਹਨ ਅਤੇ ਸੋਧ ਬਿੱਲ 'ਤੇ ਬਹਿਸ ਤੋਂ ਪਹਿਲਾਂ ਸਿਲੈਕਟ ਕਮੇਟੀ ਦੀ ਰਿਪੋਰਟ ਸਦਨ 'ਚ ਲਿਆਂਦੀ ਜਾਵੇ ਅਤੇ ਵਿਚਾਰ ਕੀਤਾ ਜਾਵੇ। ਸੁਖਪਾਲ ਸਿੰਘ ਖਹਿਰਾ ਅਤੇ ਭਾਜਪਾ ਦੇ ਜੰਗੀ ਲਾਲ ਮਹਾਜਨ ਤੋਂ ਇਲਾਵਾ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਵੀ ਸਿਲੈਕਟ ਕਮੇਟੀ ਦੀ ਰਿਪੋਰਟ ਸਦਨ 'ਚ ਰੱਖਣ ਦੀ ਗੱਲ ਕੀਤੀ।

**ਅਸ਼ਵਨੀ ਸ਼ਰਮਾ ਨੇ ਸਰਕਾਰ ਦੀ ਨੀਅਤ 'ਤੇ ਸਵਾਲ ਚੁੱਕੇ** : ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਰਕਾਰ ਦੀ ਨੀਅਤ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਸੁਪਰੀਮ ਕੋਰਟ ਵਿੱਚ ਸਰਕਾਰ ਦੀ ਢਿੱਲੀ ਕਾਰਵਾਈ ਕਾਰਨ ਹੀ ਟਰਾਇਲ ਕੋਰਟ ਦੀ ਪ੍ਰਕਿਰਿਆ 'ਤੇ ਰੋਕ ਲੱਗੀ ਹੈ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ, ਇਤਰਾਜ਼ਯੋਗ ਪੋਸਟਰ ਲਾਉਣ ਅਤੇ ਫਟੇ ਅੰਗ ਮਿਲਣ ਦੇ ਟਰਾਇਲ ਨੂੰ ਪ੍ਰਭਾਵਿਤ ਕੀਤਾ ਗਿਆ ਅਤੇ 29 ਅਪਰੈਲ 2025 ਨੂੰ ਸੁਪਰੀਮ ਕੋਰਟ ਵੱਲੋਂ ਟਰਾਇਲ ਕੋਰਟ ਦੀ ਕਾਰਵਾਈ 'ਤੇ ਰੋਕ ਲਾ ਦਿੱਤੀ ਗਈ।

# ਬਿੱਲ ਪਾਸ ਹੋਣ ਮਗਰੋਂ ਸਿੱਖਾਂ ਵਿੱਚ ਖ਼ੁਸ਼ੀ ਦੀ ਲਹਿਰ

ਸਮਾਣਾ : ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸੋਧ ਬਿੱਲ 2026' ਪਾਸ ਹੋਣ ਨਾਲ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਦੀ ਮੰਗ ਕਰ ਰਹੇ ਭਾਈ ਗੁਰਜੀਤ ਸਿੰਘ ਖ਼ਾਲਸਾ ਦੀ ਮੁੱਖ ਮੰਗ ਪੂਰੀ ਹੋ ਗਈ ਹੈ। ਇਸ ਇਤਿਹਾਸਕ ਬਿੱਲ ਦੇ ਪਾਸ ਹੋਣ ਦੀ ਖ਼ਬਰ ਮਿਲਦਿਆਂ ਹੀ ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿੱਚ ਪਿਛਲੇ ਲੰਮੇ ਸਮੇਂ ਤੋਂ ਧਰਨੇ 'ਤੇ ਬੈਠੇ ਸਿੱਖਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ ਅਤੇ ਪੂਰਾ ਪੰਡਾਲ ਜੈਕਾਰਿਆਂ ਨਾਲ ਗੂੰਜ ਉੱਠਿਆ।




ਟਾਵਰ ਮੋਰਚਾ ਸੰਚਾਲਨ ਸੰਘਰਸ਼ ਕਮੇਟੀ ਦੇ ਮੈਂਬਰਾਂ ਤਲਵਿੰਦਰ ਸਿੰਘ ਔਲਖ ਅਤੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ 'ਧਰਮ ਯੁੱਧ ਮੋਰਚਾ ਕਮੇਟੀ' ਵੱਲੋਂ ਦਿੱਤੇ ਮੰਗ ਪੱਤਰ ਦੀਆਂ ਤਕਰੀਬਨ ਸਾਰੀਆਂ ਸ਼ਰਤਾਂ ਮੰਨ ਲਈਆਂ ਹਨ। ਹਾਲਾਂਕਿ, ਫਾਸਟ ਟਰੈਕ ਅਦਾਲਤਾਂ ਦੇ ਗਠਨ ਅਤੇ ਅਧਿਕਾਰਤ ਨੋਟੀਫਿਕੇਸ਼ਨ ਵਰਗੇ ਅਹਿਮ ਮੁੱਦਿਆਂ 'ਤੇ ਹਾਲੇ ਅੰਤਿਮ ਫ਼ੈਸਲਾ ਬਾਕੀ ਹੈ।

570 ਦਿਨਾਂ ਤੋਂ 400 ਫੁੱਟ ਉੱਚੇ ਟਾਵਰ 'ਤੇ ਡਟੇ ਭਾਈ ਗੁਰਜੀਤ ਸਿੰਘ ਖ਼ਾਲਸਾ ਨੇ ਵੀ ਸਰਕਾਰ ਦੀ ਕਾਰਵਾਈ 'ਤੇ ਸਹਿਮਤੀ ਜਤਾਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਿਸ ਦਿਨ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਖ਼ੁਦ ਕਾਨੂੰਨ ਦੀਆਂ ਕਾਪੀਆਂ ਲੈ ਕੇ ਮੋਰਚੇ 'ਤੇ ਪਹੁੰਚਣਗੇ, ਉਸ ਤੋਂ ਬਾਅਦ ਹੀ ਉਹ ਟਾਵਰ ਤੋਂ ਉਤਰਨਗੇ।

ਦੂਜੇ ਪਾਸੇ ਸੰਘਰਸ਼ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ, ਜਿਸ ਵਿੱਚ ਸਰਕਾਰ ਨਾਲ ਸਹਿਮਤੀ ਨਾ ਹੋਣ ਦੀ ਗੱਲ ਕਹੀ ਗਈ ਸੀ। ਕਮੇਟੀ ਆਗੂਆਂ ਨੇ ਇਸ ਨੂੰ ਮੰਦਭਾਗੀ ਰਾਜਨੀਤੀ ਕਰਾਰ ਦਿੱਤਾ।

# ਸੰਤ ਸਮਾਜ ਵਲੋਂ ਪੰਜਾਬ ਸਰਕਾਰ ਦੇ ਕਦਮ ਦੀ ਸ਼ਲਾਘਾ

## ਪੰਜਾਬ ਸਰਕਾਰ ਵਲੋਂ ਚੁੱਕਿਆ ਗਿਆ ਇਤਿਹਾਸਕ ਕਦਮ : ਭਾਈ ਬਲਦੇਵ ਸਿੰਘ ਵਡਾਲਾ








ਪੰਜਾਬ ਵਿਧਾਨ ਸਭਾ ਵਿੱਚ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿੱਲ-2026' ਪਾਸ ਕੀਤਾ ਗਿਆ। ਸਾਡੀ ਸਰਕਾਰ ਦਾ ਇਹ ਸਪੱਸ਼ਟ ਸੰਕਲਪ ਹੈ ਕਿ ਗੁਰੂ ਸਾਹਿਬ ਦੀ ਬੇਅਦਬੀ ਵਰਗੀ ਘਿਨੌਣੀ ਹਰਕਤ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ ਅਤੇ ਇਨਸਾਫ਼ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਨਹੀਂ ਹੋਵੇਗੀ। ਇਸ ਇਤਿਹਾਸਕ ਫੈਸਲੇ ਉਪਰੰਤ ਸਿੱਖ ਪੰਥ ਦੇ ਬੁੱਧੀਜੀਵੀਆਂ ਅਤੇ ਸੰਤ ਸਮਾਜ ਦੇ ਮਹਾਂਪੁਰਖਾਂ ਨਾਲ ਮੁਲਾਕਾਤ ਹੋਈ। ਇਸ ਕਾਰਜ ਲਈ ਬੁੱਧੀਜੀਵੀਆਂ ਅਤੇ ਮਹਾਂਪੁਰਖਾਂ ਨੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਗੁਰੂ ਸਾਹਿਬ ਦੇ ਅਦਬ ਅਤੇ ਸਤਿਕਾਰ ਨੂੰ ਬਰਕਰਾਰ ਰੱਖਣ ਲਈ ਅਸੀਂ ਹਮੇਸ਼ਾ ਵਚਨਬੱਧ ਹਾਂ।

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਵਿਚ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ 2026' ਪਾਸ ਕਰਨ ਦੀ ਸੰਤ ਸਮਾਜ ਵਲੋਂ ਸ਼ਲਾਘਾ ਕਰਦਿਆਂ ਪੰਜਾਬ ਸਰਕਾਰ ਦਾ ਇਹ ਬੇਅਦਬੀਆਂ ਖਿਲਾਫ ਸਖਤ ਕਦਮ ਦੱਸਿਆ ਗਿਆ ਹੈ। ਬਿੱਲ ਪੇਸ਼ ਹੋਣ ਮਗਰੋਂ ਸਦਨ ਦੀ ਕਾਰਵਾਈ ਦੇਖਣ ਆਏ ਗਿਆਨੀ ਰਘਬੀਰ ਸਿੰਘ ਨੇ ਬਾਹਰ ਆ ਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੇਅਦਬੀਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾ ਕੇ ਪੰਜਾਬ ਸਰਕਾਰ ਵਲੋਂ ਸ਼ਲਾਘਾਯੋਗ ਕੰਮ ਕੀਤਾ ਗਿਆ ਹੈ ਕਿਉਂਕਿ ਹਰ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਨੂੰ ਜੀਵਤ ਗੁਰੂ ਦਾ ਦਰਜਾ ਦੇ ਕੇ ਆਪਣਾ ਇਸ਼ਟ, ਆਪਣਾ ਗੁਰਦੇਵ, ਆਪਣਾ ਮਾਲਕ, ਆਪਣਾ ਸਭ ਕੁਛ ਮੰਨਦਾ ਹੈ ਪਰ ਪਿਛਲੇ ਕੁਝ ਦਹਾਕਿਆਂ ਤੋਂ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ, ਥਾਂ-ਥਾਂ ਬੇਅਦਬੀਆਂ ਹੋਈਆਂ, ਜਿਨ੍ਹਾਂ ਦਾ ਦੌਰ ਖਾਸ ਕਰਕੇ 2015 ਤੋਂ ਸ਼ੁਰੂ ਹੋਇਆ ਅਤੇ ਹੁਣ ਤੱਕ 600 ਦੇ ਕਰੀਬ ਬੇਅਦਬੀਆਂ ਹੋ ਚੁੱਕੀਆਂ ਹਨ ਪਰ ਸਰਕਾਰਾਂ ਤੇ ਪ੍ਰਸ਼ਾਸਨ ਵਲੋਂ ਇਸ ਮਾਮਲੇ ਵਿਚ ਬਹੁਤ ਵੱਡੀ ਢਿੱਲ ਮੱਠ ਵਰਤੀ ਗਈ। ਉੱਧਰ ਸਦਨ ਤੋਂ ਬਾਹਰ ਆ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੇਅਦਬੀਆਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਸਜ਼ਾਵਾਂ ਵਾਲਾ ਬਿੱਲ ਲਿਆਂਦਾ ਗਿਆ ਹੈ ਤੇ ਹੁਣ ਕੋਈ ਪੱਥਰ ਦਿਲ ਹੋਊਗਾ ਜਿਹੜਾ ਇਸ ਤਰ੍ਹਾਂ ਦੀ ਘਟਨਾ ਕਰਨ ਬਾਰੇ ਸੋਚੇਗਾ ਵੀ। ਉਨ੍ਹਾਂ ਕਿਹਾ ਕਿ ਬਿੱਲ ਸਰਬ ਸੰਮਤੀ ਨਾਲ ਪਾਸ ਹੋਇਆ ਪਰ ਵਿਰੋਧੀ ਧਿਰਾਂ ਦੀ ਆਦਤ ਹੁੰਦੀ ਹੈ ਕਿ ਉਨ੍ਹਾਂ ਨੇ ਹਾਜ਼ਰੀ ਪਾਉਣੀ ਹੁੰਦੀ ਹੈ ਅਤੇ ਹਾਈ ਕਮਾਨ ਕੋਲ ਕਹਿਣਾ ਹੁੰਦਾ ਹੈ ਕਿ ਅਸੀਂ ਦੇਖੋ ਥੋੜ੍ਹਾ ਜਿਹਾ ਵਿਰੋਧ ਵਿਚ ਬੋਲੇ ਸੀ ਪਰ ਵਿਰੋਧ ਕਰਨ ਲਈ ਵਿਰੋਧ ਕਰਨਾ ਚੰਗੀ ਗੱਲ ਨਹੀਂ ਹੈ।

ਵਿਧਾਨ ਸਭਾ 'ਚ ਬੇਅਦਬੀਆਂ ਖਿਲਾਫ ਸਖ਼ਤ ਸਜ਼ਾਵਾਂ ਵਾਲੇ ਕਾਨੂੰਨ ਪਾਸ ਹੋਣ ਤੋਂ ਬਾਅਦ ਸੰਤ ਸਮਾਜ ਤੋਂ ਭਾਈ ਬਲਦੇਵ ਸਿੰਘ ਵਡਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਸਰਕਾਰ ਦੇ ਇਸ ਕਦਮ ਨੂੰ ਇਤਿਹਾਸਕ ਕਰਾਰ ਦਿੰਦਿਆਂ ਇਸ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਬਿੱਲ ਦਾ ਖਰੜਾ ਤਿਆਰ ਕਰਨ ਵਿਚ ਸਿੱਖ ਸਮਾਜ, ਸਿੱਖ ਜਥੇਬੰਦੀਆਂ, ਸੰਤ ਬਾਬਾ ਸੇਵਾ ਸਿੰਘ, ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਜਗਜੀਤ ਸਿੰਘ ਡੱਲੇਵਾਲ, ਭਾਈ ਬਲਦੇਵ ਸਿੰਘ ਸਿਰਸਾ ਦੇ ਕਾਨੂੰਨੀ ਮਾਹਰ, ਡਾ ਪਰਮਜੀਤ ਸਿੰਘ ਐਡਵੋਕੇਟ, ਭਾਈ ਗੁਰਮੀਤ ਸਿੰਘ ਥੋਹੀ, ਭਾਈ ਗੁਰਬਚਨ ਸਿੰਘ, ਭਾਈ ਸੁਖਜੀਤ ਸਿੰਘ ਖੋਸੇ ਇਨ੍ਹਾਂ ਸਾਰਿਆਂ ਨੇ ਵੱਡੇ ਸਹਿਯੋਗ ਪਏ ਹਨ।

# ਸਪੀਕਰ ਨੇ ਸਮਾਣਾ ਮੋਰਚੇ ਨੂੰ ਗੁਰੂ ਗ੍ਰੰਥ ਸਾਹਿਬ ਸਤਿਕਾਰ ਬਿੱਲ ਦੀ ਕਾਪੀ ਸੌਂਪੀ

## ਰਾਜਪਾਲ ਤੋਂ ਬਿੱਲ ਪਾਸ ਕਰਵਾਉਣ 'ਚ ਕੋਈ ਕਸਰ ਨਹੀਂ ਛੱਡਾਂਗੇ: ਸੰਧਵਾਂ

ਸਮਾਣਾ : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਪਣੇ ਵਾਅਦੇ ਮੁਤਾਬਕ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿੱਲ 2026 ਦੀ ਕਾਪੀ ਅੱਜ ਇਥੇ ਟਾਵਰ ਮੋਰਚੇ ਦੀ ਸੰਗਤ ਨੂੰ ਸੌਂਪੀ। ਇਸ ਦੌਰਾਨ ਮੋਰਚੇ ਦੇ ਮੰਚ ਤੋਂ ਜੈਕਾਰਿਆਂ ਦੀ ਗੂੰਜ ਵਿੱਚ ਪੰਜਾਬ ਸਰਕਾਰ ਵੱਲੋਂ ਬਿੱਲ ਪਾਸ ਕਰਨ ਨੂੰ ਸ਼ਲਾਘਾਯੋਗ ਤੇ ਸਵਾਗਤਯੋਗ ਕਦਮ ਦੱਸਿਆ। ਸਪੀਕਰ ਨੇ ਅਪੀਲ ਕੀਤੀ ਕਿ ਵਡੇਰੇ ਹਿਤਾਂ ਲਈ ਭਾਈ ਗੁਰਜੀਤ ਸਿੰਘ ਖਾਲਸਾ ਨੂੰ ਹੁਣ ਟਾਵਰ ਤੋਂ ਹੇਠਾਂ ਆ ਜਾਣਾ ਚਾਹੀਦਾ ਹੈ।

ਇਸ ਮੌਕੇ ਧਰਮ ਯੁੱਧ ਮੋਰਚਾ ਕਮੇਟੀ ਨੇ ਸਪੀਕਰ ਦੀ ਅਪੀਲ ਨੂੰ ਠੁਕਰਾਉਂਦਿਆਂ ਐਲਾਨ ਕੀਤਾ ਕਿ ਜਿੰਨੀ ਦੇਰ ਵਿਧਾਨ ਸਭਾ ਵਿਚ ਪਾਸ ਹੋਇਆ ਬਿੱਲ ਕਾਨੂੰਨ ਵਜੋਂ ਲਾਗੂ ਨਹੀਂ ਹੋ ਜਾਂਦਾ, ਉਦੋਂ ਤੱਕ ਮੋਰਚਾ ਜਾਰੀ ਰਹੇਗਾ। ਧਰਮ ਯੁੱਧ ਮੋਰਚੇ 'ਚ ਸੰਗਤਾਂ ਨੂੰ ਸ੍ਰੀ ਸੰਧਵਾਂ ਨੇ ਕਿਹਾ ਕਿ ਹੁਣ ਇਸ ਨੂੰ ਕਾਨੂੰਨ ਬਣਾਉਣ ਲਈ ਰਾਜਪਾਲ ਦੀ ਮਨਜ਼ੂਰੀ ਮਿਲਣ ਤੱਕ ਉਹ ਚੈਨ ਨਾਲ ਨਹੀਂ ਬੈਠਣਗੇ। ਉਨ੍ਹਾਂ ਉਮੀਦ ਜਤਾਈ ਕਿ ਇਸ ਬਿੱਲ ਨੂੰ ਰਾਜਪਾਲ ਮਨਜ਼ੂਰੀ ਜ਼ਰੂਰ ਦੇਣਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋ ਵਾਅਦਾ ਕੀਤਾ ਸੀ ਉਸ ਮੁਤਾਬਕ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਤਿਹਾਸਕ ਬਿੱਲ ਪਾਸ ਕਰਕੇ ਉਸ ਨੂੰ ਪੂਰਾ ਕਰ ਦਿੱਤਾ ਹੈ।



ਸਰਕਾਰ ਵੱਲੋਂ ਇਸ ਕਾਨੂੰਨ 'ਚ ਹੁਣ ਕੋਈ ਗਲਤੀ ਨਹੀਂ ਛੱਡੀ ਗਈ ਅਤੇ ਇਹ ਸੰਗਤ ਦੀ ਉਮੀਦ ਤੋਂ ਵੀ ਜ਼ਿਆਦਾ ਸਖ਼ਤ ਕਾਨੂੰਨ ਹੈ। ਇਸ ਬਿੱਲ ਰਾਹੀਂ ਇਹ ਯਕੀਨੀ ਬਣਾਏਗਾ ਕਿ ਜੋ ਬੇਅਦਬੀ ਵਿੱਚ ਸ਼ਾਮਲ ਹੋਵੇਗਾ, ਉਸ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਦੀਆਂ ਆਉਣ ਵਾਲੀਆਂ ਪੁਸ਼ਤਾਂ ਵੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਦਿੱਤੀ ਗਈ ਸਜ਼ਾ ਨੂੰ ਯਾਦ ਰੱਖਣਗੀਆਂ। ਇਸ ਦੌਰਾਨ ਮੰਚ ਤੋਂ ਮੋਰਚੇ ਦੇ ਆਗੂਆਂ ਨੇ ਸੰਗਤ ਤੇ ਭਾਈ ਗੁਰਜੀਤ ਸਿੰਘ ਦੇ ਪਰਿਵਾਰ ਵੱਲੋਂ ਪੰਜਾਬ ਸਰਕਾਰ ਤੇ ਸਪੀਕਰ ਦਾ ਧੰਨਵਾਦ ਕੀਤਾ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ, ਐੱਸ ਪੀ ਗੁਰਬੰਸ ਸਿੰਘ ਬੈਂਸ, ਐੱਸ ਡੀ ਐੱਮ ਰਿਚਾ ਗੋਇਲ, ਡੀ ਐੱਸ ਪੀ ਫ਼ਤਿਹ ਸਿੰਘ ਬਰਾੜ, ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਅਤੇ ਵੱਡੀ ਗਿਣਤੀ ਸੰਗਤ ਮੌਜੂਦ ਸੀ।

# ਕਾਂਗਰਸ ਅਤੇ ਅਕਾਲੀਆਂ ਨੇ ਅੰਬੇਡਕਰ ਦੀ ਪਿੱਠ 'ਚ ਛੁਰਾ ਮਾਰਿਆ : ਮਾਨ

## ਦਲਿਤ ਨੌਜਵਾਨਾਂ ਦਾ ਭਵਿੱਖ ਤਬਾਹ ਕਰਨ ਅਤੇ ਸਕਾਲਰਸ਼ਿਪ ਹੜੱਪਣ ਦੇ ਦੋਸ਼ ਲਾਏ

ਜਲੰਧਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀਆਂ ਨੇ ਦਹਾਕਿਆਂ ਤੱਕ ਗ਼ਰੀਬਾਂ ਨੂੰ ਸਿੱਖਿਆ ਤੋਂ ਲਾਂਭੇ ਕਰਨ ਲਈ ਰਾਜਨੀਤਿਕ ਫ਼ੈਸਲਾ ਕੀਤਾ ਸੀ। ਇਹ ਪਛੜੇ ਵਰਗਾਂ ਨੂੰ ਖ਼ ?ਲਾਫ਼ ਸਾਜ਼ਿਸ਼ ਸੀ। ਇਸ ਨੇ ਦਲਿਤ ਨੌਜਵਾਨਾਂ ਦੀਆਂ ਪੀੜ੍ਹੀਆਂ ਦਾ ਭਵਿੱਖ ਤਬਾਹ ਕਰ ਦਿੱਤਾ। ਇਨ੍ਹਾਂ ਪਾਰਟੀਆਂ ਨੇ ਦਲਿਤਾਂ ਦੇ ਵਿਕਾਸ ਲਈ ਦਿੱਤੇ ਸਕਾਲਰਸ਼ਿਪ ਫੰਡ ਹੜੱਪ ਲਏ। ਮੁੱਖ ਮੰਤਰੀ ਅੱਜ ਆਦਮਪੁਰ ਵਿੱਚ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਮੌਕੇ ਕਰਵਾਏ ਸੂਬਾ ਪੱਧਰੀ ਸਮਾਗਮ ਦੌਰਾਨ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਸਮਾਜ ਦੇ ਕਮਜ਼ੋਰ ਅਤੇ ਪਛੜੇ ਵਰਗਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਮਿਹਨਤ ਕਰ ਰਹੀ ਹੈ। ਕੋਈ ਵੀ ਮੁਫ਼ਤ ਸਹੂਲਤ ਜਾਂ ਰਿਆਇਤ ਗ਼ਰੀਬੀ ਜਾਂ ਸਮਾਜਿਕ ਬੁਰਾਈਆਂ ਖ਼ਤਮ ਨਹੀਂ ਕਰ ਸਕਦੀ ਪਰ ਸਿੱਖਿਆ ਹੀ ਉਹ ਕੁੰਜੀ ਹੈ, ਜੋ ਲੋਕਾਂ ਨੂੰ ਗ਼ਰੀਬੀ ਵਿੱਚੋਂ ਬਾਹਰ ਕੱਢ ਸਕਦੀ ਹੈ। ਪਿਛਲੀਆਂ ਸਰਕਾਰਾਂ ਦੇ ਆਗੂਆਂ ਨੇ ਡਾ. ਅੰਬੇਡਕਰ ਦੀ ਪਿੱਠ ਵਿੱਚ ਛੁਰਾ ਮਾਰਿਆ ਅਤੇ ਉਨ੍ਹਾਂ ਦੇ ਸੁਫਨਿਆਂ ਨੂੰ ਚਕਨਾਚੂਰ ਕੀਤਾ। 'ਆਪ' ਸਰਕਾਰ ਦੀ ਪਹੁੰਚ ਪਿਛਲੀਆਂ ਸਰਕਾਰਾਂ ਤੋਂ ਬਿਲਕੁੱਲ ਵੱਖਰੀ ਹੈ। 'ਆਪ' ਸਰਕਾਰ ਬਾਬਾ ਸਾਹਿਬ ਦੇ ਸਮਾਜਿਕ ਨਿਆਂ ਅਤੇ ਸਮਾਨਤਾ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਸਿੱਖਿਆ ਅਤੇ ਔਰਤਾਂ ਦੇ ਵਿੱਤੀ ਸ਼ਸ਼ਕਤੀਕਰਨ




ਨੂੰ ਤਰਜੀਹ ਦੇ ਕੇ ਪਛੜੇ ਵਰਗਾਂ ਨੂੰ ਅਣਗੌਲਿਆਂ ਕਰਨ ਦੀ ਸੋਚ ਨੂੰ ਬਦਲ ਰਹੀ ਹੈ। ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦਾ ਲੋਕਾਂ ਪ੍ਰਤੀ ਨਜ਼ਰੀਆ ਇਸ ਤੱਥ ਤੋਂ ਜ਼ਾਹਿਰ ਹੁੰਦਾ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਨੌਵੀਂ ਜਮਾਤ ਤੱਕ ਕਿਸੇ ਵੀ ਵਿਦਿਆਰਥੀ ਨੂੰ ਸਕੂਲ ਵਿੱਚ ਫੇਲ੍ਹ ਨਹੀਂ ਕੀਤਾ ਜਾਂਦਾ ਸੀ, ਜਿਸ ਦੇ ਨਤੀਜੇ ਵਜੋਂ ਵਿਦਿਆਰਥੀ ਆਪਣੀਆਂ ਕਮਜ਼ੋਰੀਆਂ ਤੋਂ ਅਣਜਾਣ ਰਹਿ ਗਏ ਅਤੇ ਬਾਅਦ ਵਿੱਚ ਮੈਟ੍ਰਿਕ ਵਿੱਚ ਫੇਲ੍ਹ ਹੋ ਗਏ। ਇਸ ਨਾਲ ਉਨ੍ਹਾਂ ਦੀ ਪੂਰੀ ਜ਼ਿੰਦਗੀ ਬਰਬਾਦ ਹੋ ਗਈ। 'ਆਪ' ਦੀ ਸਟੇਜ ਤੋਂ ਸਿੱਖਿਆ, ਸਿਹਤ, ਬਿਜਲੀ, ਖੇਤੀਬਾੜੀ ਅਤੇ ਹੋਰ ਖੇਤਰਾਂ 'ਤੇ ਗੱਲਬਾਤ ਹੋ ਰਹੀ ਹੈ, ਜਦੋਂਕਿ ਦੂਜੀਆਂ ਪਾਰਟੀਆਂ ਦੀਆਂ ਸਟੇਜਾਂ 'ਤੇ ਸੱਤਾ ਹਥਿਆਉਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਹ ਮੌਕਾਪ੍ਰਸਤ ਆਗੂ ਹੈਰਾਨ ਹਨ ਕਿਉਂਕਿ ਲੋਕ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਸਮਰਥਨ ਨਹੀਂ ਦੇ ਰਹੇ। ਕਾਂਗਰਸ ਲੀਡਰਸ਼ਿਪ ਫੁੱਟ ਦਾ ਸ਼ਿਕਾਰ ਹੈ ਅਤੇ ਇਨ੍ਹਾਂ ਦੀਆਂ ਰੈਲੀਆਂ ਵਿੱਚ ਵਰਕਰਾਂ ਦੀ ਬਜਾਇ ਜ਼ਿਆਦਾ ਆਗੂ ਸਟੇਜ 'ਤੇ ਮੌਜੂਦ ਹੁੰਦੇ ਹਨ।

ਵਿਸਾਖੀ ਦੀਆਂ ਵਧਾਈਆਂ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਪਵਿੱਤਰ ਤਿਉਹਾਰ ਲੋਕਾਂ ਨੂੰ ਸਦੀਆਂ ਪੁਰਾਣੀ ਅਮੀਰ ਅਤੇ ਸ਼ਾਨਦਾਰ ਸੱਭਿਆਚਾਰਕ ਵਿਰਾਸਤ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਪਰਿਵਾਰ ਨੇ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ਼ ਕਤਲੇਆਮ ਦੇ ਦੋਸ਼ੀ ਜਨਰਲ ਡਾਇਰ ਨੂੰ ਇਸ ਘਟਨਾ ਤੋਂ ਬਾਅਦ ਰਾਤ ਦੇ ਖਾਣੇ ਦਾ ਪ੍ਰਬੰਧ ਕਰ ਕੇ ਸਨਮਾਨਿਤ ਕੀਤਾ ਸੀ।


# ਅਭੀ ਨਾ ਜਾਓ ਛੋੜ ਕਰ ਕਿ ਦਿਲ ਅਭੀ.. ਪੰਜ ਤੱਤਾਂ 'ਚ ਵਿਲੀਨ ਹੋਈ ਸੁਰਾਂ ਦੀ ਮਲਿਕਾ

## ਆਸ਼ਾ ਭੋਂਸਲੇ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ

## ਦਿਲ ਚੀਜ਼ ਕਿਆ ਹੈ ਆਪ ਮੇਰੀ ਜਾਨ ਲੀਜੀਏ..ਮੇਰਾ ਕੁਛ ਸਾਮਾਨ ਤੁਮਾਹਰੇ ਪਾਸ ਹੈ ਲੋਟਾਦੋ...





ਮੁੰਬਈ : ਸੁਰਾਂ ਦੀ ਮਲਿਕਾ ਅਤੇ ਭਾਰਤੀ ਸੰਗੀਤ ਜਗਤ ਦਾ ਇਕ ਚਮਕਦਾ ਸਿਤਾਰਾ ਆਸ਼ਾ ਭੋਂਸਲੇ ਹਮੇਸ਼ਾ ਲਈ ਚਲੀ ਗਈ ਹੈ। ਉਸ ਦੀ ਆਵਾਜ਼ ਜਿਸਨੇ ਦਹਾਕਿਆਂ ਤੱਕ ਲੱਖਾਂ ਦਿਲਾਂ 'ਤੇ ਰਾਜ ਕੀਤਾ, ਹੁਣ ਸਿਰਫ਼ ਇਕ ਯਾਦ ਬਣ ਕੇ ਰਹਿ ਗਈ ਹੈ। ਉਸ ਦੀ ਅੰਤਿਮ ਯਾਤਰਾ ਦੌਰਾਨ ਸਾਹਮਣੇ ਆਈਆਂ ਤਸਵੀਰਾਂ ਨੇ ਹਰ ਸੰਗੀਤ ਪ੍ਰੇਮੀ ਦੀਆਂ ਅੱਖਾਂ ਨੂੰ ਹੰਝੂਆਂ ਨਾਲ ਭਰ ਦਿੱਤਾ। ਮਹਾਨ ਗਾਇਕਾ ਆਸ਼ਾ ਭੋਂਸਲੇ ਦਾ ਅੰਤਿਮ ਸੰਸਕਾਰ ਮੁੰਬਈ ਦੇ ਸ਼ਿਵਾਜੀ ਪਾਰਕ ਸ਼ਮਸ਼ਾਨਘਾਟ ਵਿਖੇ ਪੂਰੇ ਸਰਕਾਰੀ ਸਨਮਾਨਾਂ ਨਾਲ ਕਰ ਦਿੱਤਾ ਗਿਆ। ਮਹਾਰਾਸ਼ਟਰ ਪੁਲਿਸ ਨੇ ਉਨ੍ਹਾਂ ਨੂੰ ਗਾਰਡ ਆਫ਼ ਆਨਰ ਪੇਸ਼ ਕੀਤਾ। ਆਸ਼ਾ ਦੇ ਬਾਲੀਵੁੱਡ ਦੇ ਸਾਥੀ ਗਾਇਕਾਂ ਨੇ ਉਨ੍ਹਾਂ ਦੇ ਪ੍ਰਸਿੱਧ ਗੀਤ, 'ਅਭੀ ਨਾ ਜਾਓ ਛੋੜ ਕਰ' ਗੀਤ ਗਾ ਕੇ ਉਨ੍ਹਾਂ ਨੂੰ ਅਲਵਿਦਾ ਕਿਹਾ। ਅੱਜ ਸਵੇਰੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਅੰਤਿਮ ਦਰਸ਼ਨਾਂ ਲਈ ਉਨ੍ਹਾਂ ਦੇ ਮੁੰਬਈ ਸਥਿਤ ਨਿਵਾਸ ਸਥਾਨ 'ਕਾਸਾ ਗ੍ਰਾਂਡੇ' ਵਿਖੇ ਰੱਖਿਆ ਗਿਆ, ਜਿਥੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਤਿਰੰਗੇ ਵਿਚ ਲਪੇਟਿਆ ਗਿਆ ਸੀ ਅਤੇ ਰਸਮੀ ਸਲਾਮੀ ਵੀ ਦਿੱਤੀ ਗਈ। ਸ਼ਿਵਾਜੀ ਪਾਰਕ ਸ਼ਮਸ਼ਾਨਘਾਟ ਦੇ ਅੰਦਰ ਅਤੇ ਬਾਹਰ ਸੈਂਕੜੇ ਲੋਕ ਮਹਾਨ ਸੰਗੀਤ ਕਲਾਕਾਰ ਆਸ਼ਾ ਭੋਂਸਲੇ ਨੂੰ ਅੰਤਿਮ ਵਿਦਾਇਗੀ ਦੇਣ ਲਈ ਇਕੱਠੇ ਹੋਏ। ਇਸ ਸਮੇਂ ਦੌਰਾਨ ਉਸ ਦਾ ਰੂਹਾਨੀ ਗੀਤ 'ਅਭੀ ਨਾ ਜਾਓ ਛੋੜਕਰ...' ਦੀ ਧੁਨ ਹਵਾ ਵਿਚ ਗੂੰਜਦੀ ਰਹੀ। ਭੋਂਸਲੇ ਦਾ ਅੰਤਿਮ ਸੰਸਕਾਰ ਹਿੰਦੂ ਰੀਤੀ-ਰਿਵਾਜਾਂ ਅਨੁਸਾਰ ਅਤੇ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਉਸ ਦੇ ਪੁੱਤਰ ਆਨੰਦ ਨੇ ਅੰਤਿਮ ਸੰਸਕਾਰ ਦੀਆਂ ਰਸਮਾਂ ਨਿਭਾਈਆਂ। ਆਸ਼ਾ ਦੇ ਅੰਤਿਮ ਸੰਸਕਾਰ ਮੌਕੇ ਉਨ੍ਹਾਂ ਦੀ ਪੋਤੀ ਜ਼ਨਾਈ, ਭੈਣ ਊਸ਼ਾ ਮੰਗੇਸ਼ਕਰ ਅਤੇ ਭਰਾ ਹਿਰਦੇਨਾਥ ਮੰਗੇਸ਼ਕਰ ਵੀ ਉਥੇ ਮੌਜੂਦ ਸਨ। ਭਾਰਤ ਦੇ ਇਸ ਮਹਾਨ ਗਾਇਕਾ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ, ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ, ਸੁਨੇਤਰਾ ਪਵਾਰ, ਨਿਰਦੇਸ਼ਕ ਰਮੇਸ਼ ਸਿੱਪੀ, ਅਦਾਕਾਰ ਆਮਿਰ ਖਾਨ, ਵਿੱਕੀ ਕੌਸ਼ਲ, ਬਾਲੀਵੁੱਡ ਦੀ ਦਿੱਗਜ਼ ਅਦਾਕਾਰਾ ਆਸ਼ਾ ਪਾਰੇਖ, ਹੈਲਨ, ਰਣਵੀਰ ਸਿੰਘ, ਤੱਬੂ, ਸੰਗੀਤਕਾਰ ਏ.ਆਰ. ਰਹਿਮਾਨ, ਕ੍ਰਿਕਟ ਸਚਿਨ ਤੇਂਦੁਲਕਰ ਅਤੇ ਸਿਆਸੀ ਨੇਤਾ ਊਧਵ ਠਾਕਰੇ, ਪ੍ਰਫੁੱਲ ਪਟੇਲ ਅਤੇ ਸੁਪ੍ਰੀਆ ਸੁਲੇ ਤੋਂ ਇਲਾਵਾ ਵੱਡੀ ਗਿਣਤੀ ਬਾਲੀਵੁੱਡ ਅਤੇ ਸਿਆਸੀ ਆਗੂ ਪੁੱਜੇ ਹੋਏ ਸਨ। ਇਸ ਤੋਂ ਪਹਿਲਾਂ ਉੱਘੀ ਮਹਾਨ ਗਾਇਕਾ ਆਸ਼ਾ ਭੋਂਸਲੇ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਪਸੰਦੀਦਾ ਚਿੱਟੇ ਅਤੇ ਪੀਲੇ ਫੁੱਲਾਂ ਨਾਲ ਸਜਾ ਕੇ ਸ਼ਿਵਾਜੀ ਪਾਰਕ ਲਿਜਾਇਆ ਗਿਆ। ਹਜ਼ਾਰਾਂ ਲੋਕਾਂ ਨੇ ਸੜਕਾਂ 'ਤੇ ਖੜ੍ਹੇ ਹੋ ਕੇ ਇਸ ਮਹਾਨ ਗਾਇਕਾ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਆਸ਼ਾ ਨੇ ਅੱਠ ਦਹਾਕਿਆਂ ਤੱਕ ਭਾਰਤੀ ਸੰਗੀਤ ਨੂੰ ਇਕ ਨਵੀਂ ਪਹਿਚਾਣ ਦਿੱਤੀ। ਇਕ ਚਿੱਟਾ ਵਾਹਨ ਜੋ ਕਿ ਗਾਇਕਾ ਦੇ ਮਨਪਸੰਦ ਚਿੱਟੇ ਅਤੇ ਪੀਲੇ ਫੁੱਲਾਂ ਨਾਲ ਸਜਿਆ ਹੋਇਆ ਸੀ ਅਤੇ ਉਸ ਦੀ ਇਕ ਵੱਡੀ ਤਸਵੀਰ ਲਗਾ ਕੇ ਉਸ ਦੀ ਮ੍ਰਿਤਕ ਦੇਹ ਨੂੰ ਉਸਦੇ ਲੋਅਰ ਪਰੇਲ ਨਿਵਾਸ ਤੋਂ ਲਗਭਗ ਪੰਜ ਕਿਲੋਮੀਟਰ ਦੂਰ ਦਾਦਰ ਦੇ ਸ਼ਿਵਾਜੀ ਪਾਰਕ ਲੈ ਗਈ। ਜਦੋਂ ਤਾਬੂਤ ਨੂੰ ਗੱਡੀ ਦੇ ਅੰਦਰ ਰੱਖਿਆ ਗਿਆ ਸੀ ਤਾਂ ਪੁਲਿਸ ਬੈਂਡ ਨੇ ਇਕ ਉਦਾਸ ਧੁਨ ਵਜਾਈ। ਅੰਤਿਮ ਯਾਤਰਾ ਦੌਰਾਨ ਸਥਾਨਕ ਲੋਕ ਆਪਣੀ ਇਸ ਮਹਾਨ ਗਾਇਕਾ ਦੀ ਅੰਤਿਮ ਝਲਕ ਦੇਖਣ ਲਈ ਵੱਡੀ ਗਿਣਤੀ ਵਿਚ ਇਕੱਠੇ ਹੋਏ ਅਤੇ ਭਾਰੀ ਪੁਲਿਸ ਦੀ ਮੌਜੂਦਗੀ ਦੌਰਾਨ ਤੰਗ ਗਲੀ 'ਚੋਂ ਲੰਘਦੇ ਸਮੇਂ ਉਸਦੀ ਗੱਡੀ 'ਤੇ ਫੁੱਲਾਂ ਦੀ ਵਰਖਾ ਕੀਤੀ। ਆਪਣੀ ਬਹੁਪੱਖੀ ਪ੍ਰਤਿਭਾ ਲਈ ਮਸ਼ਹੂਰ, ਉਸ ਨੇ ਦੁਨੀਆ ਨੂੰ ਅਣਗਿਣਤ ਕਲਾਸਿਕ ਗੀਤ ਦਿੱਤੇ, ਜਿਨ੍ਹਾਂ 'ਚ 'ਅਭੀ ਨਾ ਜਾਓ ਛੋੜ ਕਰ', 'ਇਨ ਆਂਖੋਂ ਕੀ ਮਸਤੀ', 'ਦਿਲ ਚੀਜ਼ ਕਿਆ ਹੈ', 'ਪੀਆ ਤੂ ਅਬ ਤੋ ਆਜਾ', 'ਦੁਨੀਆ ਮੈਂ ਲੋਗੋਂ ਕੋ' ਅਤੇ 'ਜ਼ਰਾ ਸਾ ਝੂਮ ਲੂਨ ਮੈਂ' ਸ਼ਾਮਿਲ ਹਨ।

# ਯਾਦਾਂ 'ਚ ਰਹੇਗੀ ਅਮਰ ਆਵਾਜ਼, ਸੁਰਾਂ ਦੀ ਮਹਾਰਾਣੀ ਆਸ਼ਾ ਭੋਸਲੇ ਨੇ ਕਰੋੜਾਂ ਲੋਕਾਂ ਨੂੰ ਆਪਣੇ ਨਾਲ ਜੋੜਿਆ



12 ਅਪ੍ਰੈਲ ਭਾਰਤੀ ਸੰਗੀਤ ਦੀ ਦੁਨੀਆ ਵਿਚ ਉਹ ਦਿਨ ਹੈ ਜਦੋਂ ਭਾਰਤੀ ਸੰਗੀਤ ਦੀ ਅਮਰ ਵਿਰਾਸਤ ਦਾ ਇਕ ਅਜਿਹਾ ਸਿਤਾਰਾ ਬੁਝ ਗਿਆ ਜਿਸ ਦੀ ਸੰਗੀਤਮਈ ਰਵਾਨਗੀ ਨੇ ਦੁਨੀਆ ਵਿਚ ਇਕ ਨਵਾਂ ਇਤਿਹਾਸ ਸਿਰਜਿਆ ਹੈ। ਆਸ਼ਾ ਭੋਂਸਲੇ ਭਾਰਤੀ ਫਿਲਮੀ ਸੰਗੀਤ ਦੀ ਅਜਿਹੀ ਆਵਾਜ਼ ਦਾ ਨਾਂ ਸੀ, ਜੋ ਸੱਤ ਦਹਾਕਿਆਂ ਦੀ ਮਿਹਨਤ ਤੇ ਸੰਘਰਸ਼ ਨਾਲ ਇਕ ਅਦਭੁਤ ਸੰਗੀਤ ਦੀ ਦੁਨੀਆ ਦੀ ਮਾਲਕ ਬਣੀ। ਇਹ ਆਵਾਜ਼ ਹੁਣ ਇਸ ਦੁਨੀਆ ਤੋਂ ਵਿਦਾ ਹੋ ਗਈ ਹੈ।

92 ਸਾਲ ਦੇ ਆਪਣੇ ਜੀਵਨ ਵਿਚ ਉਨ੍ਹਾਂ ਨੇ ਬਹੁਤ ਕੁਝ ਦੇਖਿਆ ਤੇ ਬਹੁਤ ਕੁਝ ਸਿਰਜਿਆ। ਭਾਰਤੀ ਸੰਗੀਤ ਵਿਚ ਸੁਰਾਂ ਦੀ ਇਸ ਮਹਾਰਾਣੀ ਨੇ ਕਰੋੜਾਂ ਲੋਕਾਂ ਨੂੰ ਆਪਣੇ ਨਾਲ ਜੋੜਿਆ। ਇਹ ਆਸ਼ਾ ਭੋਂਸਲੇ ਦੇ ਸੰਗੀਤ ਤੇ ਗਾਇਕੀ ਦੀ ਤਾਕਤ ਤੇ ਉਨ੍ਹਾਂ ਦਾ ਜਨੂੰਨ ਸੀ ਜਿਸ ਨਾਲ ਉਨ੍ਹਾਂ ਨੇ ਕਰੋੜਾਂ ਭਾਰਤੀਆਂ ਦੇ ਦਿਲਾਂ 'ਤੇ ਰਾਜ ਕੀਤਾ। ਉਨ੍ਹਾਂ ਦੀ ਗਾਇਕੀ ਹਮੇਸ਼ਾ ਦਿਲਾਂ 'ਚ ਜ਼ਿੰਦਾ ਰਹੇਗੀ। ਉਹ ਕਰੋੜਾਂ ਲੋਕਾਂ ਵਾਂਗ ਮੇਰੀਆਂ ਯਾਦਾਂ ਵਿਚ ਵੀ ਹਮੇਸ਼ਾ ਵਸੇ ਰਹਿਣਗੇ। ਮੇਰੀ ਉਨ੍ਹਾਂ ਨਾਲ ਪਹਿਲੀ ਵਾਰ 1986 ਵਿਚ ਮੁਲਾਕਾਤ ਹੋਈ ਸੀ। ਉਸ ਤੋਂ ਬਾਅਦ ਉਨ੍ਹਾਂ ਨਾਲ ਯਾਦਾਂ ਦਾ ਸਿਲਸਿਲਾ ਸਦਾ ਬਣਿਆ ਰਿਹਾ। ਉਹ ਇਕ ਮਿਸਾਲੀ ਕਲਾਕਾਰ ਸਨ ਜਿਨ੍ਹਾਂ ਨੇ 12 ਹਜ਼ਾਰ ਤੋਂ ਜ਼ਿਆਦਾ ਗੀਤ ਭਾਰਤੀ ਫਿਲਮ ਇੰਡਸਟਰੀ ਲਈ ਗਾਏ। ਇਹ ਦੁਨੀਆ ਵਿਚ ਉਨ੍ਹਾਂ ਦਾ ਰਿਕਾਰਡ ਸੀ । ਇਸ ਨੂੰ ਗਿਨੀਜ਼ ਬੁੱਕ ਵਿਚ ਵੀ ਦਰਜ ਕੀਤਾ ਗਿਆ ਹੈ।

ਉਨ੍ਹਾਂ ਨਾਲ ਮੁਲਾਕਾਤਾਂ ਤੋਂ ਬਾਅਦ ਹਮੇਸ਼ਾ ਇਹ ਲੱਗਦਾ ਸੀ ਕਿ ਜ਼ਿੰਦਗੀ ਵਿਚ ਹਮੇਸ਼ਾ ਕੁਝ ਅਜਿਹਾ ਹੁੰਦਾ ਹੈ, ਜਿਸ ਨੂੰ ਸਿੱਖਿਆ ਜਾ ਸਕਦਾ ਹੈ। ਅਸਲ ਵਿਚ ਸੰਗੀਤ ਦੀਆਂ ਬਰੀਕੀਆਂ ਨਾਲ ਜਨੂੰਨ ਤੇ ਜ਼ਿਦ ਨਾਲ ਗਾਉਣਾ ਉਨ੍ਹਾਂ ਦੀ ਹਿੰਮਤ ਸੀ ਜਿਸ ਨੂੰ ਉਨ੍ਹਾਂ ਨੇ ਆਪਣੇ ਆਖ਼ਰੀ ਸਾਹਾਂ, 92 ਸਾਲ ਦੀ ਉਮਰ ਤੱਕ ਨਿਭਾਇਆ ਹੈ । ਅੱਜ ਜਦੋਂ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ ਤਾਂ ਮੇਰੀਆਂ

**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**

ਯਾਦਾਂ ਵਿਚ ਆਸ਼ਾ ਜੀ ਦੀਆਂ ਯਾਦਾਂ, ਜੀਵਨ ਦੀ ਰਫ਼ਤਾਰ ਤੇ ਸੰਗੀਤ ਦੇ ਪ੍ਰਤੀ ਉਹ ਸਨਮਾਨ ਹਨ ਜਿਸ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਸੁਰਾਂ ਦੀ ਅਮਰ ਦੁਨੀਆ ਵਿਚ ਜਦੋਂ ਵੀ ਆਵਾਜ਼ ਦੀ ਰੰਗਤ, ਲਚਕ ਤੇ ਅਨੋਖੀ ਅਦਾਕਾਰੀ ਦੀ ਗੱਲ ਹੁੰਦੀ ਹੈ, ਤਾਂ ਆਸ਼ਾ ਜੀ ਦਾ ਨਾਂ ਸਭ ਤੋਂ ਉੱਚੀ ਧੁਨ ਵਾਂਗ ਗੂੰਜਦਾ ਹੈ। ਉਹ ਇਕ ਅਜਿਹੀ ਗਾਇਕਾ ਹਨ, ਜਿਨ੍ਹਾਂ ਦੀ ਆਵਾਜ਼ ਸਿਰਫ਼ ਸੁਣੀ ਨਹੀਂ ਜਾਂਦੀ, ਮਹਿਸੂਸ ਕੀਤੀ ਜਾਂਦੀ ਹੈ। ਆਸ਼ਾ ਭੋਂਸਲੇ ਦਾ ਜਨਮ 8 ਸਤੰਬਰ 1933 ਨੂੰ ਸਾਂਗਲੀ ਵਿਚ ਹੋਇਆ। ਉਹ ਇਕ ਸੰਗੀਤਕ ਪਰਿਵਾਰ ਵਿਚ ਪੈਦਾ ਹੋਏ। ਉਨ੍ਹਾਂ ਦੇ ਪਿਤਾ ਦਿਨਾਨਾਥ ਮੰਗੇਸ਼ਕਰ ਇਕ ਮਸ਼ਹੂਰ ਗਾਇਕ ਤੇ ਰੰਗਮੰਚ ਕਲਾਕਾਰ ਸਨ। ਉਨ੍ਹਾਂ ਦੀ ਵੱਡੀ ਭੈਣ ਲਤਾ ਜੀ ਨੇ ਜਿੱਥੇ ਕਲਾਸਿਕਲ ਅਤੇ ਭਾਵਪੂਰਨ ਗਾਇਕੀ ਨਾਲ ਨਾਂ ਕਮਾਇਆ, ਉੱਥੇ ਆਸ਼ਾ ਜੀ ਨੇ ਆਪਣੇ ਅੰਦਾਜ਼ ਨਾਲ ਹਰ ਕਿਸਮ ਦੇ ਗੀਤਾਂ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ।

ਅਸਲ ਵਿਚ ਆਸ਼ਾ ਜੀ ਦੀ ਆਵਾਜ਼ ਵਿਚ ਇਕ ਅਜਿਹਾ ਜਾਦੂ ਹੈ ਜੋ ਹਰ ਮੌਕੇ ਲਈ ਸੁਹਾਵਣਾ ਹੈ। ਕੁਝ ਪ੍ਰਸਿੱਧ ਗੀਤਾਂ ਦੇ ਮੁਖੜੇ ਅੱਜ ਵੀ ਲੋਕਾਂ ਦੀ ਜੁਬਾਨ 'ਤੇ ਹਨ ਜਿਵੇਂ "ਪੀਆ ਤੂ ਅਬ ਤੋ ਆਜਾ", "ਦਮ ਮਾਰੋ ਦਮ", "ਚੁਰਾ ਲਿਆ ਹੈ ਤੁਮਨੇ ਜੋ ਦਿਲ ਕੋ", "ਇਨ ਆਂਖੋਂ ਕੀ ਮਸਤੀ ਕੇ" ਇਹ ਸਿਰਫ਼ ਗੀਤ ਨਹੀਂ, ਸਗੋਂ ਸਮੇਂ ਦੀਆਂ ਧੜਕਣਾਂ ਹਨ, ਜੋ ਅੱਜ ਵੀ ਹਰ ਦਿਲ ਵਿਚ ਵਸਦੀਆਂ ਹਨ। ਆਰਡੀ ਬਰਮਨ ਨਾਲ ਉਨ੍ਹਾਂ ਦੀ ਜੋੜੀ ਨੇ ਸੰਗੀਤ ਦੇ ਇਤਿਹਾਸ ਵਿਚ ਨਵਾਂ ਅਧਿਆਇ ਲਿਖਿਆ। ਦੋਹਾਂ ਦੀ ਸਾਂਝ ਨੇ ਅਜਿਹੇ ਅਮਰ ਗੀਤਾਂ ਨੂੰ ਜਨਮ ਦਿੱਤਾ, ਜੋ ਅੱਜ ਦੀ ਪੀੜ੍ਹੀ ਨੂੰ ਜੋੜਦੇ ਹਨ ਤੇ ਆਉਣ ਵਾਲੀਆਂ ਪੀੜ੍ਹੀਆਂ ਵੱਲੋਂ ਵੀ ਪਸੰਦ ਕੀਤੇ ਜਾਣਗੇ।

ਆਸ਼ਾ ਭੋਂਸਲੇ ਦੀ ਕਲਾ ਨੂੰ ਦੇਸ਼ ਅਤੇ ਵਿਦੇਸ਼ ਵਿਚ ਬੇਹੱਦ ਸਨਮਾਨ ਮਿਲਿਆ। ਉਨ੍ਹਾਂ ਨੂੰ ਕੁੱਝ ਪ੍ਰਮੁੱਖ ਐਵਾਰਡ ਮਿਲੇ ਹਨ। ਉਹ ਭਾਰਤ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਨਾਲ ਸਨਮਾਨਿਤ ਹਨ। ਇਸ ਤੋਂ ਇਲਾਵਾ ਉਹ ਭਾਰਤੀ ਸਿਨੇਮਾ ਦੇ ਸਭ ਤੋਂ ਵੱਡੇ ਸਨਮਾਨ ਦਾਦਾ ਸਾਹਿਬ ਫਾਲਕੇ ਅਤੇ ਕਈ ਵਾਰ ਫ਼ਿਲਮ ਫੇਅਰ ਐਵਾਰਡ ਜੇਤੂ ਰਹੇ ਹਨ। ਇਹ ਸਨਮਾਨ ਸਿਰਫ਼ ਇਨਾਮ ਨਹੀਂ, ਉਨ੍ਹਾਂ ਦੀ ਸੰਗੀਤਕ ਸਾਧਨਾ ਦਾ ਪ੍ਰਮਾਣ ਹਨ। ਉਨ੍ਹਾਂ ਦੀਆਂ ਮੁਲਾਕਾਤਾਂ ਤੇ ਯਾਦਾਂ ਦੀ ਮਿਠਾਸ ਹਮੇਸ਼ਾ ਯਾਦ ਆਉਂਦੀ ਰਹੇਗੀ।

ਉਨ੍ਹਾਂ ਦੀ ਸਾਦਗੀ ਅਤੇ ਖ਼ੁਸ਼ਮਿਜ਼ਾਜ ਸੁਭਾਅ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਿਹਾ ਜਾ ਸਕਦਾ ਸੀ । ਉਨ੍ਹਾਂ ਦੀਆਂ ਗੱਲਾਂ ਵਿਚ



ਜੀਵਨ ਦੇ ਤਜਰਬੇ ਅਤੇ ਹਾਸੇ ਦੀ ਮਿਠਾਸ ਹੁੰਦੀ ਸੀ। ਆਸ਼ਾ ਜੀ ਗੱਲ ਕਰਦੇ ਸਨ ਤਾਂ ਲੱਗਦਾ ਸੀ ਜਿਵੇਂ ਕੋਈ ਧੁਨ ਚਲ ਰਹੀ ਹੋਵੇ, ਉਹ ਹੱਸਦੇ ਸਨ ਤਾਂ ਲੱਗਦਾ ਸੀ ਜਿਵੇਂ ਘੰਟੀਆਂ ਵੱਜ ਪਈਆਂ ਹੋਣ। ਭਾਰਤੀ ਫਿਲਮ ਸੰਗੀਤ ਤੇ ਭਾਰਤੀ ਫਿਲਮਾਂ ਵਿਚ ਉਨ੍ਹਾਂ ਦਾ ਯੋਗਦਾਨ ਅਮਿੱਟ ਹੈ। ਉਨ੍ਹਾਂ ਨੇ ਹਰ ਕਿਸਮ ਦੇ ਗੀਤਾਂ ਵਿਚ ਆਪਣੀ ਅਵਾਜ਼ ਦੇ ਰੰਗ ਭਰੇ, ਚਾਹੇ ਉਹ ਗ਼ਜ਼ਲਾਂ ਹੋਣ ਜਾਂ ਮਾਡਰਨ ਧੁਨਾਂ। ਉਨ੍ਹਾਂ ਦੀ ਆਵਾਜ਼ ਨੇ ਫਿਲਮਾਂ ਨੂੰ ਜ਼ਿੰਦਗੀ ਦਿੱਤੀ ਅਤੇ ਕਹਾਣੀਆਂ ਨੂੰ ਅਹਿਸਾਸਾਂ ਨਾਲ ਜੋੜਿਆ।

ਆਪਣੀਆਂ ਮੁਲਾਕਾਤਾਂ ਵਿਚ ਮੈਨੂੰ ਅਕਸਰ ਯਾਦ ਆਉਂਦਾ ਹੈ ਕਿ ਉਨ੍ਹਾਂ ਨੇ ਹਮੇਸ਼ਾ ਚੰਗੇ ਸੰਗੀਤ, ਚੰਗੀ ਜ਼ਿੰਦਗੀ ਤੋਂ ਇਲਾਵਾ ਚੰਗੇ ਖਾਣ-ਪੀਣ ਨੂੰ ਪਹਿਲ ਦਿੱਤੀ। ਉਹ ਅਦਭੁਤ ਖਾਣਾ ਬਣਾਉਣ ਦੇ ਵੀ ਮਾਹਿਰ ਸਨ। ਕਾਰੋਬਾਰੀ ਜ਼ਿੰਦਗੀ ਦੀ ਗੱਲ ਕਰੀਏ ਤਾਂ ਅੱਜ ਵੀ ਉਨ੍ਹਾਂ ਦੇ ਕਈ ਰੈਸਟੋਰੈਂਟ ਦੁਬਈ ਤੋਂ ਲੈ ਕੇ ਭਾਰਤ ਵਿਚ ਚੱਲ ਰਹੇ ਹਨ। ਇਹ ਉਨ੍ਹਾਂ ਦੀ ਸ਼ਖ਼ਸੀਅਤ ਦਾ ਇਕ ਦੂਸਰਾ ਪਹਿਲੂ ਸੀ। ਭਾਰਤੀ ਸੰਗੀਤ ਵਿਚ ਜਿਸ ਤਰ੍ਹਾਂ ਦੇ ਤਜਰਬੇ ਤੇ ਜਿਸ ਤਰ੍ਹਾਂ ਦੀਆਂ ਸੰਗੀਤ ਧੁਨਾਂ ਤੇ ਗਾਇਕੀ ਦੀ ਧੂਮ ਉਨ੍ਹਾਂ ਨੇ ਮਚਾਈ, ਉਸ ਵਿਚ ਜੌਨ ਜੀ ਤੋਂ ਲੈ ਕੇ ਸਭ ਤਰ੍ਹਾਂ ਦੇ ਲੋਕਾਂ ਦਾ ਐਸਾ ਸੁਮੇਲ ਹੈ ਕਿ ਉਹ ਕਰੋੜਾਂ ਲੋਕਾਂ ਦੇ ਦਿਲਾਂ ਦੀ ਆਵਾਜ਼ ਤੇ ਧੜਕਣ ਬਣੇ ਰਹੇ ਹਨ। ਉਹ ਸਿਰਫ਼ ਇਕ ਗਾਇਕਾ ਨਹੀਂ, ਇਕ ਯੁੱਗ ਹਨ, ਇਕ ਅਹਿਸਾਸ ਹਨ, ਇਕ ਯਾਦ ਹਨ ਜੋ ਕਦੇ ਮਿਟ ਨਹੀਂ ਸਕਦੀ। ਅੱਜ ਉਹ ਭਾਵੇਂ ਚਲੇ ਗਏ ਹਨ ਪਰ ਸਾਡੀਆਂ ਯਾਦਾਂ ਵਿਚ ਹਮੇਸ਼ਾ ਤਾਜ਼ਾ ਰਹਿਣਗੇ।

# ਬਹੁਤ ਹੋ ਚੁੱਕੀ ਤਬਾਹੀ, ਹੁਣ ਰੁਕਣੀ ਚਾਹੀਦੀ ਹੈ ਜੰਗ

## 17 ਦੇਸ਼ਾਂ ਨੇ ਲੇਬਨਾਨ ਦੇ ਹੱਕ 'ਚ ਬੁਲੰਦ ਕੀਤੀ ਆਵਾਜ਼



ਮਾਸਕੋ : ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਦੇ ਵਿਚਕਾਰ ਬ੍ਰਿਟੇਨ, ਆਸਟ੍ਰੇਲੀਆ ਅਤੇ ਫਰਾਂਸ ਸਮੇਤ 17 ਦੇਸ਼ਾਂ ਨੇ ਇੱਕ ਸਾਂਝਾ ਬਿਆਨ ਜਾਰੀ ਕਰਕੇ ਲੇਬਨਾਨ 'ਤੇ ਇਜ਼ਰਾਈਲ ਦੁਆਰਾ ਕੀਤੇ ਜਾ ਰਹੇ ਵੱਡੇ ਪੱਧਰ ਦੇ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਹੈ। ਇਹਨਾਂ ਦੇਸ਼ਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਖੇਤਰੀ ਤਣਾਅ ਨੂੰ ਘਟਾਉਣ ਦੀ ਕਿਸੇ ਵੀ ਪ੍ਰਕਿਰਿਆ ਵਿੱਚ ਲੇਬਨਾਨ ਨੂੰ ਲਾਜ਼ਮੀ ਤੌਰ 'ਤੇ ਸ਼ਾਮਲ ਕੀਤਾ ਜਾਵੇ।

**ਹਿਜ਼ਬੁੱਲਾ ਅਤੇ ਇਜ਼ਰਾਈਲ ਦੋਵਾਂ ਨੂੰ ਚੇਤਾਵਨੀ** : ਬ੍ਰਿਟਿਸ਼ ਵਿਦੇਸ਼ ਦਫਤਰ ਦੁਆਰਾ ਜਾਰੀ ਕੀਤੇ ਗਏ ਇਸ ਅਧਿਕਾਰਤ ਦਸਤਾਵੇਜ਼ 'ਤੇ ਬੈਲਜੀਅਮ, ਡੈਨਮਾਰਕ, ਫਿਨਲੈਂਡ, ਨਾਰਵੇ, ਸਪੇਨ ਅਤੇ ਸਵੀਡਨ ਵਰਗੇ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਹਸਤਾਖਰ ਕੀਤੇ ਹਨ। 17 ਦੇਸ਼ਾਂ ਦੇ ਇਸ ਸਮੂਹ ਨੇ ਲੇਬਨਾਨ ਵੱਲੋਂ ਇਜ਼ਰਾਈਲ ਨਾਲ ਸਿੱਧੀ ਗੱਲਬਾਤ ਦੀ ਪਹਿਲ ਦਾ ਸਵਾਗਤ ਕੀਤਾ ਹੈ। ਬਿਆਨ ਵਿੱਚ ਜਿੱਥੇ ਇੱਕ ਪਾਸੇ ਹਿਜ਼ਬੁੱਲਾ ਦੁਆਰਾ ਇਜ਼ਰਾਈਲ 'ਤੇ ਕੀਤੇ ਜਾ ਰਹੇ ਰਾਕੇਟ ਹਮਲਿਆਂ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਗਈ ਹੈ, ਉੱਥੇ ਹੀ ਦੂਜੇ ਪਾਸੇ ਲੇਬਨਾਨ ਦੀ ਖੇਤਰੀ ਅਖੰਡਤਾ ਨੂੰ ਬਣਾਈ ਰੱਖਣ 'ਤੇ ਜ਼ੋਰ ਦਿੱਤਾ ਗਿਆ ਹੈ। ਸਰੋਤਾਂ ਅਨੁਸਾਰ, ਇਹਨਾਂ ਦੇਸ਼ਾਂ ਨੇ ਦੋਵਾਂ ਪਾਸਿਆਂ ਦੀ ਹਿੰਸਾ ਦੀ ਨਿੰਦਾ ਕੀਤੀ ਹੈ ਅਤੇ ਇੱਕ ਸਥਾਈ ਰਾਜਨੀਤਿਕ ਹੱਲ ਦੀ ਦਿਸ਼ਾ ਵਿੱਚ ਕੰਮ ਕਰਨ ਦਾ ਸੱਦਾ ਦਿੱਤਾ ਹੈ।

ਸਰੋਤਾਂ ਦੇ ਅਨੁਸਾਰ ਇਸ ਤਾਜ਼ਾ ਤਣਾਅ ਦੀ ਸ਼ੁਰੂਆਤ 2 ਮਾਰਚ ਨੂੰ ਹੋਈ ਸੀ, ਜਦੋਂ ਲੇਬਨਾਨੀ ਅੰਦੋਲਨ ਨੇ ਇਜ਼ਰਾਈਲੀ ਖੇਤਰ 'ਤੇ ਹਮਲੇ ਫਿਰ ਤੋਂ ਸ਼ੁਰੂ ਕੀਤੇ ਸਨ। ਇਸ ਦੇ ਜਵਾਬ ਵਿੱਚ ਇਜ਼ਰਾਈਲ ਨੇ ਬੇਕਾ ਘਾਟੀ ਅਤੇ ਬੇਰੂਤ ਸਮੇਤ ਦੱਖਣੀ ਲੇਬਨਾਨ ਦੇ ਇਲਾਕਿਆਂ ਵਿੱਚ ਭਾਰੀ ਬੰਬਾਰੀ ਕੀਤੀ ਅਤੇ 16 ਮਾਰਚ ਨੂੰ ਅਧਿਕਾਰਤ ਤੌਰ 'ਤੇ ਜ਼ਮੀਨੀ ਫੌਜੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ। ਹਾਲਾਂਕਿ, ਪਿਛਲੇ ਹਫਤੇ ਈਰਾਨ ਅਤੇ ਅਮਰੀਕਾ ਦੇ ਯਤਨਾਂ ਸਦਕਾ ਦੋ ਹਫਤਿਆਂ ਦੀ ਜੰਗਬੰਦੀ ਦੀ ਉਮੀਦ ਜਗੀ ਸੀ, ਪਰ 8 ਅਪ੍ਰੈਲ ਨੂੰ ਇਜ਼ਰਾਈਲ ਦੁਆਰਾ ਬੇਰੂਤ 'ਤੇ ਕੀਤੇ ਗਏ ਭਿਆਨਕ ਹਮਲਿਆਂ ਨੇ ਇਸ ਸ਼ਾਂਤੀ ਨੂੰ ਭੰਗ ਕਰ ਦਿੱਤਾ। ਇਸ ਦੇ ਜਵਾਬ ਵਿੱਚ 9 ਅਪ੍ਰੈਲ ਤੋਂ ਹਿਜ਼ਬੁੱਲਾ ਨੇ ਵੀ ਆਪਣੀਆਂ ਕਾਰਵਾਈਆਂ ਮੁੜ ਸ਼ੁਰੂ ਕਰ ਦਿੱਤੀਆਂ ਹਨ, ਜਿਸ ਨਾਲ ਪੂਰੇ ਖੇਤਰ ਵਿੱਚ ਯੁੱਧ ਦਾ ਖਤਰਾ ਹੋਰ ਗੰਭੀਰ ਹੋ ਗਿਆ ਹੈ।

# 'ਆਪ' ਦੇ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਨਾਲ ਸਬੰਧਤ Lovely Group ਦੇ ਟਿਕਾਣਿਆਂ 'ਤੇ 54 ਵੱਲੋਂ ਛਾਪੇਮਾਰੀ

## ED Raids Lovely Group: ਦਿੱਲੀ ਦੀ ਟੀਮ ਵੱਲੋਂ ਫੇਮਾ (FEMA) ਉਲੰਘਣਾਵਾਂ ਦੀ ਕੀਤੀ ਜਾ ਰਹੀ ਹੈ ਜਾਂਚ




ਜਲੰਧਰ : ਐਨਫੋਰਸਮੈਂਟ ਡਾਇਰੈਕਟੋਰੇਟ (ED) ਦੀ ਦਿੱਲੀ ਟੀਮ ਵੱਲੋਂ ਅੱਜ ਸਵੇਰ ਤੋਂ ਜਲੰਧਰ ਅਤੇ ਫਗਵਾੜਾ ਵਿੱਚ ਲਵਲੀ ਗਰੁੱਪ ਦੇ ਸਾਰੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਅਸ਼ੋਕ ਮਿੱਤਲ ਇਸ ਗਰੁੱਪ ਦੇ ਪ੍ਰਧਾਨ ਹਨ ਅਤੇ ਉਨ੍ਹਾਂ ਨੂੰ ਹਾਲ ਹੀ ਵਿੱਚ ਰਾਜ ਸਭਾ ਦੇ ਡਿਪਟੀ ਲੀਡਰ ਦੇ ਅਹੁਦੇ 'ਤੇ ਤਾਇਨਾਤ ਕੀਤਾ ਗਿਆ ਸੀ।

ਇਹ ਛਾਪੇਮਾਰੀ ਗਰੁੱਪ ਦੇ ਲਗਪਗ ਸਾਰੇ ਟਿਕਾਣਿਆਂ 'ਤੇ ਚੱਲ ਰਹੀ ਹੈ, ਜਿਸ ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (LPU), ਲਵਲੀ ਆਟੋਜ਼, ਲਵਲੀ ਸਵੀਟਸ ਅਤੇ ਲਵਲੀ ਡਿਸਟੈਂਸ ਐਜੂਕੇਸ਼ਨ ਸੈਂਟਰ ਸ਼ਾਮਲ ਹਨ। ਅਸ਼ੋਕ ਮਿੱਤਲ ਦੇ ਭਰਾਵਾਂ ਰਮੇਸ਼ ਮਿੱਤਲ ਅਤੇ ਨਰੇਸ਼ ਮਿੱਤਲ ਸਮੇਤ ਪਰਿਵਾਰ ਦੇ ਵੱਖ-ਵੱਖ ਰਿਹਾਇਸ਼ੀ ਸਥਾਨਾਂ ਅਤੇ ਦਫ਼ਤਰਾਂ ਦੀ ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ (FEMA) ਦੀਆਂ ਕਥਿਤ ਉਲੰਘਣਾਵਾਂ ਲਈ ਤਲਾਸ਼ੀ ਲਈ ਜਾ ਰਹੀ ਹੈ।

ਮਿੱਤਲ ਐੱਲ ਪੀ ਯੂ (LPU) ਦੇ ਸੰਸਥਾਪਕ ਚਾਂਸਲਰ ਵੀ ਹਨ। ਈਡੀ ਦੇ ਅਧਿਕਾਰੀ ਕੇਂਦਰੀ ਬਲਾਂ ਦੇ ਨਾਲ ਦਿੱਲੀ ਤੋਂ ਇੱਥੇ ਪਹੁੰਚੇ ਅਤੇ ਸਾਰੇ ਸਥਾਨਾਂ 'ਤੇ ਇੱਕੋ ਸਮੇਂ ਜਾਂਚ ਸ਼ੁਰੂ ਕਰ ਦਿੱਤੀ।

### ਅਮਰੀਕਾ 'ਚ ਜੰਗ ਖ਼ਿਲਾਫ਼ ਪ੍ਰਦਰਸ਼ਨ !

# ਪੁਲਸ ਨੇ 90 ਪ੍ਰਦਰਸ਼ਨਕਾਰੀਆਂ ਨੂੰ ਕੀਤਾ ਗ੍ਰਿਫ਼ਤਾਰ



ਨਿਊਯਾਰਕ : ਅਮਰੀਕਾ ਵਿਚ ਇਰਾਨ ਜੰਗ ਅਤੇ ਇਜ਼ਰਾਈਲ ਨੂੰ ਹਥਿਆਰ ਦੇਣ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ 90 ਲੋਕਾਂ ਨੂੰ ਨਿਊਯਾਰਕ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ। ਪ੍ਰਦਰਸ਼ਨਕਾਰੀਆਂ ਨੇ ਮੈਨਹਟਨ ਵਿਚ ਸੜਕਾਂ 'ਤੇ ਉਤਰ ਕੇ ਨਾਅਰੇਬਾਜ਼ੀ ਕੀਤੀ ਅਤੇ ਆਵਾਜਾਈ ਵਿਚ ਰੁਕਾਵਟ ਪਾਈ, ਜਿਸ ਤੋਂ ਬਾਅਦ ਪੁਲਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ।

'ਜਿਊਇਸ਼ ਵਾਇਸ ਫਾਰ ਪੀਸ' ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿਚ ਚੈਲਸੀ ਮੈਨਿੰਗ, ਐਕਟਰ ਹਰੀ ਨੇਫ ਅਤੇ ਨਿਊਯਾਰਕ ਸਿਟੀ ਕੌਂਸਲ ਦੀ ਮੈਂਬਰ ਅਲੈਕਸਾ ਅਵਿਲੇਸ ਵੀ ਸ਼ਾਮਲ ਹਨ। ਇਸ ਤੋਂ ਪਹਿਲਾਂ ਪ੍ਰਦਰਸ਼ਨਕਾਰੀਆਂ ਨੇ ਚੱਕ ਸ਼ੂਮਰ ਅਤੇ ਕ੍ਰਿਸਟਨ ਗਿਲੀਬ੍ਰੈਂਡ ਦੇ ਦਫ਼ਤਰਾਂ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਪਰ ਰੋਕੇ ਜਾਣ 'ਤੇ ਉਨ੍ਹਾਂ ਨੇ ਸੜਕ 'ਤੇ ਵਿਰੋਧ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਪੁਲਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।

### ਇਜ਼ਰਾਇਲੀ ਵੱਲੋਂ ਹਿਜ਼ਬੁੱਲਾ ਦੇ ਫੌਜੀ ਟਿਕਾਣਿਆਂ ਦੀ ਘੇਰਾਬੰਦੀ


# 100 ਤੋਂ ਵੱਧ ਹਿਜ਼ਬੁੱਲ ਲੜਾਕਿਆਂ ਨੂੰ ਮਾਰ ਮੁਕਾਉਣ ਦਾ ਦਾਅਵਾ



ਯੇਰੂਸ਼ਲਮ : ਇਜ਼ਰਾਇਲੀ ਫੌਜ ਨੇ ਦੱਖਣੀ ਲੈਬਨਾਨ ਵਿੱਚ ਹਿਜ਼ਬੁੱਲਾ ਦੇ ਫੌਜੀ ਟਿਕਾਣਿਆਂ ਦੀ ਘੇਰਾਬੰਦੀ ਕੀਤੀ ਹੈ। ਥਲ ਸੈਨਾ ਨੇ ਰਣਨੀਤਕ ਪੱਖੋਂ ਅਹਿਮ ਦੱਖਣੀ ਲੈਬਨਾਨ ਦੇ ਕਸਬੇ ਬਿੰਟ ਜਬੇਲ ਤੇ ਨਾਲ ਲੱਗਦੇ ਇਲਾਕਿਆਂ ਵਿੱਚ ਜ਼ਮੀਨੀ ਕਾਰਵਾਈ ਤੇਜ਼ ਕਰਦਿਆਂ 100 ਤੋਂ ਵੱਧ ਹਿਜ਼ਬੁੱਲ ਲੜਾਕਿਆਂ ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਹਿਜ਼ਬੁੱਲਾ ਨੇ ਹਾਲਾਂਕਿ ਇਜ਼ਰਾਇਲ ਦੇ ਇਸ ਦਾਅਵੇ ਬਾਰੇ ਫੌਰੀ ਕੋਈ ਟਿੱਪਣੀ ਨਹੀਂ ਕੀਤੀ ਹੈ। ਹਿਜ਼ਬੁੱਲਾ ਨੇ ਕਸਬੇ ਤੇ ਇਸ ਦੇ ਬਾਹਰਵਾਰ ਇਜ਼ਰਾਇਲੀ ਫੌਜ ਉੱਤੇ ਰਾਕੇਟਾਂ ਤੇ ਡਰੋਨਾਂ ਨਾਲ ਘੱਟੋ ਘੱਟ ਪੰਜ ਹਮਲਿਆਂ ਦਾ ਦਾਅਵਾ ਕੀਤਾ ਹੈ। ਸਮੂਹ ਮੁਤਾਬਕ ਇਜ਼ਰਾਇਲੀ ਫੌਜ ਸਕੂਲ, ਹਸਪਤਾਲ ਤੇ ਕਸਬੇ ਦੇ ਐਨ ਵਿਚਾਲੇ ਤਾਇਨਾਤ ਹੈ। ਲੈਬਨਾਨ ਦੀ ਸਰਕਾਰੀ ਖ਼ਬਰ ਏਜੰਸੀ ਨੇ ਟਾਇਰ ਵਿੱਚ ਲੈਬਨਾਨੀ ਰੈੱਡ ਕਰਾਸ ਦਫ਼ਤਰ 'ਤੇ ਡਰੋਨ ਹਮਲੇ ਦਾ ਦਾਅਵਾ ਕੀਤਾ ਹੈ।

# ਚੰਡੀਗੜ੍ਹ ਦੀ ਦਲੇਰ ਧੀ ਦਾ ਵੱਡਾ ਧਮਾਕਾ: ਪਹਿਲੇ ਹੀ ਦਿਨ ਛੱਡੀ ਡਾਕਟਰੀ ਦੀ ਨੌਕਰੀ

## ਪ੍ਰਾਈਵੇਟ ਹਸਪਤਾਲਾਂ ਦੇ 'ਮੌਤ ਦੇ ਵਪਾਰ' ਦਾ ਖੋਲ੍ਹਿਆ ਕਾਲਾ ਚਿੱਠਾ !



ਚੰਡੀਗੜ੍ਹ: ਮੈਡੀਕਲ ਜਗਤ ਵਿੱਚ ਉਸ ਵੇਲੇ ਭੂਚਾਲ ਆ ਗਿਆ ਜਦੋਂ ਚੰਡੀਗੜ੍ਹ ਦੀ ਇੱਕ ਨੌਜਵਾਨ ਮਹਿਲਾ ਡਾਕਟਰ, ਡਾ. ਪ੍ਰਭਲੀਨ ਕੌਰ, ਨੇ ਨਿੱਜੀ ਹਸਪਤਾਲਾਂ ਦੀ ਲੁੱਟ-ਖਸੁੱਟ ਵਿਰੁੱਧ ਬਗਾਵਤ ਦਾ ਝੰਡਾ ਬੁਲੰਦ ਕਰ ਦਿੱਤਾ। ਮੋਟੀ ਤਨਖਾਹ ਅਤੇ ਵੱਕਾਰੀ ਨੌਕਰੀ ਨੂੰ ਲੱਤ ਮਾਰਦਿਆਂ ਪ੍ਰਭਲੀਨ ਨੇ ਪਹਿਲੇ ਹੀ ਦਿਨ ਅਸਤੀਫਾ ਦੇ ਕੇ ਇਹ ਸਾਬਤ ਕਰ ਦਿੱਤਾ ਕਿ ਉਸ ਲਈ ਮਰੀਜ਼ ਦੀ ਜਾਨ ਅਤੇ ਡਾਕਟਰੀ ਨੈਤਿਕਤਾ ਪੈਸਿਆਂ ਤੋਂ ਉੱਪਰ ਹੈ।

**'ਮਰੀਜ਼ ਨਹੀਂ, ਸਿਰਫ਼ ਨੋਟਾਂ ਦੀ ਮਸ਼ੀਨ ਚਾਹੀਦੀ ਸੀ': ਡਾ. ਪ੍ਰਭਲੀਨ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਖੁਲਾਸੇ**

ਡਾ. ਪ੍ਰਭਲੀਨ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕਰਦਿਆਂ ਹਸਪਤਾਲ ਮਾਫੀਆ ਦੀਆਂ ਅੰਦਰੂਨੀ ਪਰਤਾਂ ਉਧੇੜ ਕੇ ਰੱਖ ਦਿੱਤੀਆਂ। ਉਨ੍ਹਾਂ ਦੇ ਮੁੱਖ ਦੋਸ਼ ਹੇਠ ਲਿਖੇ ਹਨ:

**ਜਬਰੀ ICU ਦਾਖਲਾ:** ਹਸਪਤਾਲ ਦੀ ਮਾਲਕਣ (ਜੋ ਕਿ ਖੁਦ ਫਿਜੀਸ਼ੀਅਨ ਨਹੀਂ ਸੀ) ਇਹ ਤੈਅ ਕਰਦੀ ਸੀ ਕਿ ਕਿਸ ਮਰੀਜ਼ ਨੂੰ ਕਿੰਨੇ ਦਿਨ ਜਬਰਦਸਤੀ ICU ਵਿੱਚ ਰੱਖ ਕੇ ਬਿੱਲ ਵਧਾਉਣਾ ਹੈ।

**ਕਾਰਪੋਰੇਟ ਟਾਰਗੇਟ:** ਡਾਕਟਰਾਂ ਨੂੰ ਮਰੀਜ਼ਾਂ ਦੇ ਇਲਾਜ ਲਈ ਨਹੀਂ, ਸਗੋਂ ਕੰਪਨੀਆਂ ਵਾਂਗ ਪੈਸੇ ਇਕੱਠੇ ਕਰਨ ਦੇ 'ਟਾਰਗੇਟ' ਦਿੱਤੇ ਜਾਂਦੇ ਸਨ।

**ਨਾਮ ਡਾਕਟਰ ਦਾ, ਕੰਮ ਮਾਫੀਆ ਦਾ:** ਡਾ. ਪ੍ਰਭਲੀਨ ਨੇ ਕਿਹਾ, 'ਉਨ੍ਹਾਂ ਨੂੰ ਸਿਰਫ਼ ਮੇਰੇ ਨਾਮ ਦੀ ਵਰਤੋਂ ਕਰਨੀ ਸੀ ਤਾਂ ਜੋ ਗਲਤ ਕੰਮ ਕੀਤੇ ਜਾ ਸਕਣ, ਜੋ ਮੇਰੀ ਜ਼ਮੀਰ ਨੇ ਪ੍ਰਵਾਨ ਨਹੀਂ ਕੀਤਾ।'

**ਮਨੁੱਖੀ ਅਧਿਕਾਰ ਕਮਿਸ਼ਨ ਨੇ ਦਿੱਤੀ 'ਥਾਪੀ'**

ਇਸ ਬਹਾਦਰ ਡਾਕਟਰ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ, ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪਦਮਸ਼੍ਰੀ ਜਤਿੰਦਰ ਸਿੰਘ ਸ਼ਾਂਤੀ ਨੇ ਡਾ. ਪ੍ਰਭਲੀਨ ਦੀ ਪਿੱਠ ਥਾਪੜੀ ਹੈ। ਉਨ੍ਹਾਂ ਕਿਹਾ:

'ਇਸ ਧੀ ਨੇ ਹਸਪਤਾਲ ਮਾਫੀਆ ਦੇ ਜਾਲ ਨੂੰ ਤੋੜ ਕੇ ਪੂਰੇ ਦੇਸ਼ ਨੂੰ ਜਗਾ ਦਿੱਤਾ ਹੈ। ਕਮਿਸ਼ਨ ਇਸ ਬਹਾਦਰ ਲੜਕੀ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਇਹ ਲੜਾਈ ਸਿਰਫ਼ ਇੱਕ ਨੌਕਰੀ ਦੀ ਨਹੀਂ, ਸਗੋਂ ਇਨਸਾਨੀਅਤ ਦੀ ਹੈ।'

**ਖ਼ਬਰ ਦਾ ਪ੍ਰਭਾਵ (The Impact):**

ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਪੂਰੇ ਦੇਸ਼ ਵਿੱਚ ਨਿੱਜੀ ਹਸਪਤਾਲਾਂ ਦੀਆਂ ਮਨਮਾਨੀਆਂ ਖ਼ਿਲਾਫ਼ ਗੁੱਸਾ ਪਾਇਆ ਜਾ ਰਿਹਾ ਹੈ। ਡਾ. ਪ੍ਰਭਲੀਨ ਕੌਰ ਅੱਜ ਲੱਖਾਂ ਲੋਕਾਂ ਲਈ ਇੱਕ ਮਿਸਾਲ ਬਣ ਚੁੱਕੀ ਹੈ, ਜਿਸ ਨੇ ਚਿੱਟੇ ਕੋਟ ਦੀ ਮਰਿਆਦਾ ਨੂੰ ਦਾਗਦਾਰ ਹੋਣ ਤੋਂ ਬਚਾ ਲਿਆ।

**ਸੁਨੇਹਾ:** 'ਜੇਕਰ ਡਾਕਟਰ ਹੀ ਵਪਾਰੀ ਬਣ ਗਏ, ਤਾਂ ਮਰੀਜ਼ ਕਿੱਥੇ ਜਾਣਗੇ?' — ਇਹ ਸਵਾਲ ਅੱਜ ਪੂਰੇ ਮੈਡੀਕਲ ਸਿਸਟਮ ਦੇ ਸਾਹਮਣੇ ਖੜ੍ਹਾ ਹੈ।

**ਜ਼ਰੂਰੀ ਸੂਚਨਾ / ਡਿਸਕਲੇਮਰ**

'ਇਹ ਰਿਪੋਰਟ ਸੋਸ਼ਲ ਮੀਡੀਆ 'ਤੇ ਚੱਲ ਰਹੇ ਦਾਅਵਿਆਂ ਅਤੇ ਵੱਖ-ਵੱਖ ਆਨਲਾਈਨ ਖਾਤਿਆਂ ਤੋਂ ਮਿਲੀ ਜਾਣਕਾਰੀ 'ਤੇ ਆਧਾਰਿਤ ਹੈ। ਇਨ੍ਹਾਂ ਵੇਰਵਿਆਂ ਦੀ ਅਜੇ ਤੱਕ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ ਹੈ। ਇਸ ਮਾਮਲੇ ਵਿੱਚ ਹਸਪਤਾਲ ਪ੍ਰਸ਼ਾਸਨ ਜਾਂ ਸਬੰਧਤ ਅਧਿਕਾਰੀਆਂ ਵੱਲੋਂ ਅਧਿਕਾਰਤ ਬਿਆਨ ਆਉਣੇ ਅਜੇ ਬਾਕੀ ਹਨ।'

(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

# ਸ੍ਰੀ ਹਰਿਮੰਦਰ ਸਾਹਿਬ ਵਿਖੇ ਵਿਸਾਖੀ ਦੀਆਂ ਰੌਣਕਾਂ: ਨਤਮਸਤਕ ਹੋਣ ਲਈ ਸ਼ਰਧਾਲੂਆਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ

## ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸੁੰਦਰ ਦੀਪਮਾਲਾ ਅਤੇ ਆਤਿਸ਼ਬਾਜ਼ੀ ਦਾ ਅਲੌਕਿਕ ਨਜ਼ਾਰਾ







ਅੰਮ੍ਰਿਤਸਰ : ਖ਼ਾਲਸਾ ਪੰਥ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੇ ਪਵਿੱਤਰ ਦਿਹਾੜੇ ’ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਥਾਹ ਸ਼ਰਧਾ ਦਾ ਸੈਲਾਬ ਉਮੜਿਆ। ਮੰਗਲਵਾਰ ਨੂੰ ਦੇਸ਼-ਵਿਦੇਸ਼ ਤੋਂ ਪਹੁੰਚੀਆਂ ਲੱਖਾਂ ਸੰਗਤਾਂ ਨੇ ਗੁਰੂ ਘਰ ਵਿੱਚ ਸੀਸ ਨਿਵਾ ਕੇ ਅਸ਼ੀਰਵਾਦ ਪ੍ਰਾਪਤ ਕੀਤਾ।

ਸਰਧਾ ਅਤੇ ਸਬਰ ਦਾ ਸੰਗਮ

ਵਿਸਾਖੀ ਦੇ ਮੌਕੇ ’ਤੇ ਸ਼ਰਧਾਲੂਆਂ ਵਿੱਚ ਇੰਨਾ ਉਤਸ਼ਾਹ ਸੀ ਕਿ ਸਵੇਰ ਤੋਂ ਹੀ ਦਰਬਾਰ ਸਾਹਿਬ ਦੇ ਅੰਦਰ ਨਤਮਸਤਕ ਹੋਣ ਲਈ ਮੀਲਾਂ ਲੰਮੀਆਂ ਕਤਾਰਾਂ ਲੱਗ ਗਈਆਂ। ਸੰਗਤਾਂ ਨੇ ਘੰਟਿਆਂ ਬੱਧੀ ਸਬਰ ਅਤੇ ਸਰਧਾ ਨਾਲ ਕਤਾਰਾਂ ਵਿੱਚ ਖੜ੍ਹੇ ਹੋ ਕੇ ਆਪਣੀ ਵਾਰੀ ਦੀ ਉਡੀਕ ਕੀਤੀ ਅਤੇ ÷ਵਾਹਿਗੁਰੂ÷ ਦਾ ਜਾਪ ਕਰਦਿਆਂ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ।

ਮੁੱਖ ਝਲਕੀਆਂ:

ਪਵਿੱਤਰ ਇਸ਼ਨਾਨ: ਸ਼ਰਧਾਲੂਆਂ ਨੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਆਪਣੇ ਮਨਾਂ ਨੂੰ ਨਿਰਮਲ ਕੀਤਾ।

ਗੁਰਬਾਣੀ ਦਾ ਪ੍ਰਵਾਹ: ਪਵਿੱਤਰ ਅਸਥਾਨ ’ਤੇ ਚੱਲ ਰਹੇ ਇਲਾਹੀ ਬਾਣੀ ਦੇ ਕੀਰਤਨ ਨੇ ਸੰਗਤਾਂ ਨੂੰ ਅਧਿਆਤਮਿਕ ਰੰਗ ਵਿੱਚ ਰੰਗ ਦਿੱਤਾ।

ਸੁਰੱਖਿਆ ਤੇ ਸੇਵਾ: ਸ਼ਰਧਾਲੂਆਂ ਦੀ ਭਾਰੀ ਭੀੜ ਨੂੰ ਦੇਖਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਖ਼ਾਸ ਪ੍ਰਬੰਧ ਕੀਤੇ ਗਏ ਸਨ ਤਾਂ ਜੋ ਸੰਗਤਾਂ ਨੂੰ ਕੋਈ ਮੁਸ਼ਕਲ ਨਾ ਆਵੇ।

ਵਿਸਾਖੀ ਦੇ ਇਸ ਸ਼ੁਭ ਅਵਸਰ ’ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਰੌਣਕ ਦੇਖਣਯੋਗ ਸੀ, ਜਿੱਥੇ ਹਰ ਚਿਹਰੇ ’ਤੇ ਖ਼ਾਲਸਈ ਜਜ਼ਬਾ ਅਤੇ ਗੁਰੂ ਪ੍ਰਤੀ ਅਥਾਹ ਪਿਆਰ ਝਲਕ ਰਿਹਾ ਸੀ।







## ਵਿਸਾਖੀ ਦੇ ਸ਼ੁਭ ਦਿਹਾੜੇ ’ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਦਾ ਸੈਲਾਬ

### ਸੇਵਾਦਾਰਾਂ ਨੇ ਇਕੱਤਰ ਕੀਤਾ ਪਵਿੱਤਰ ਜਲ

ਅੰਮ੍ਰਿਤਸਰ: ਵਿਸਾਖੀ ਅਤੇ ਖ਼ਾਲਸਾ ਪੰਥ ਦੇ ਸਿਰਜਣਾ ਦਿਵਸ ਦੇ ਮੌਕੇ ’ਤੇ ਅੰਮ੍ਰਿਤਸਰ ਸਥਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਈਆਂ। ਮੰਗਲਵਾਰ ਨੂੰ ਇਸ ਪਵਿੱਤਰ ਦਿਹਾੜੇ ’ਤੇ ਗੁਰੂ ਘਰ ਦੇ ਵਿਹੜੇ ਵਿੱਚ ਅਦਭੁਤ ਰੌਣਕਾਂ ਦੇਖਣ ਨੂੰ ਮਿਲੀਆਂ।



**ਸਰੋਵਰ ਦੀ ਸੇਵਾ ਅਤੇ ਸ਼ਰਧਾ**

ਵਿਸਾਖੀ ਦੇ ਮੌਕੇ ’ਤੇ ਵੱਡੀ ਗਿਣਤੀ ਵਿੱਚ ਸੇਵਾਦਾਰਾਂ ਅਤੇ ਵਲੰਟੀਅਰਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਵਿੱਚੋਂ ਸ਼ਰਧਾ ਅਤੇ ਸਤਿਕਾਰ ਸਹਿਤ ਜਲ ਇਕੱਤਰ ਕਰਨ ਦੀ ਸੇਵਾ ਨਿਭਾਈ। ਸੰਗਤਾਂ ਲਈ ਇਸ ਪਵਿੱਤਰ ਅੰਮ੍ਰਿਤ ਰੂਪੀ ਜਲ ਦੀ ਬਹੁਤ ਮਹੱਤਤਾ ਹੈ, ਜਿਸ ਨੂੰ ਸ਼ਰਧਾਲੂ ਆਪਣੇ ਘਰਾਂ ਵਿੱਚ ਬਖਸ਼ਿਸ਼ ਵਜੋਂ ਲੈ ਕੇ ਜਾਂਦੇ ਹਨ।

ਸ਼ਰਧਾਲੂਆਂ ਦੀ ਆਮਦ: ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਨੇ ਸਰੋਵਰ ਵਿੱਚ ਇਸ਼ਨਾਨ ਕਰਕੇ ਅਤੇ ਗੁਰਬਾਣੀ ਦਾ ਕੀਰਤਨ ਸੁਣ ਕੇ ਜੀਵਨ ਸਫਲ ਕੀਤਾ।

ਸੇਵਾ ਭਾਵਨਾ: ਵਿਸਾਖੀ ਦੇ ਮੱਦੇਨਜ਼ਰ ਗੁਰੂ ਘਰ ਵਿੱਚ ਸੇਵਾਦਾਰਾਂ ਵੱਲੋਂ ਲੰਗਰ, ਜਲ ਅਤੇ ਸਫਾਈ ਦੀ ਸੇਵਾ ਬੜੇ ਉਤਸ਼ਾਹ ਨਾਲ ਕੀਤੀ ਗਈ।

ਧਾਰਮਿਕ ਮਾਹੌਲ: ਪੂਰਾ ਦਰਬਾਰ ਸਾਹਿਬ ਕੰਪਲੈਕਸ ਵਾਹਿਗੁਰੂ ਦੇ ਜਾਪ ਅਤੇ ਅਧਿਆਤਮਿਕ ਰੰਗ ਵਿੱਚ ਰੰਗਿਆ ਹੋਇਆ ਸੀ।

ਵਿਸਾਖੀ ਦਾ ਇਹ ਦਿਹਾੜਾ ਸਿੱਖ ਇਤਿਹਾਸ ਵਿੱਚ ਬਹੁਤ ਅਹਿਮੀਅਤ ਰੱਖਦਾ ਹੈ ਅਤੇ ਹਰ ਸਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਸ ਨੂੰ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਮਨਾਇਆ ਜਾਂਦਾ ਹੈ।

## ਸ੍ਰੀ ਹਰਿਮੰਦਰ ਸਾਹਿਬ ਵਿਖੇ ਵਿਸਾਖੀ ਦੇ ਜਸ਼ਨ

### ਲੰਗਰ ਵਿੱਚ ਸੰਗਤਾਂ ਲਈ ਤਿਆਰ ਕੀਤੇ ਗਏ ਵਿਸ਼ੇਸ਼ ਪਕਵਾਨ ਅਤੇ ਮਿੱਠੇ ਪ੍ਰਸਾਦ

ਅੰਮ੍ਰਿਤਸਰ : ਵਿਸਾਖੀ ਦੇ ਪਵਿੱਤਰ ਦਿਹਾੜੇ ਅਤੇ ਖ਼ਾਲਸਾ ਪੰਥ ਦੇ ਸਿਰਜਣਾ ਦਿਵਸ ਨੂੰ ਮੁੱਖ ਰੱਖਦਿਆਂ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਅਤੇ ਸੇਵਾ ਦਾ ਅਦਭੁਤ ਨਜ਼ਾਰਾ ਦੇਖਣ ਨੂੰ ਮਿਲ ਰਿਹਾ ਹੈ। ਮੰਗਲਵਾਰ ਨੂੰ ਵਿਸਾਖੀ ਦੇ ਸਬੰਧ ਵਿੱਚ ਦੁਨੀਆ ਦੀ ਸਭ ਤੋਂ ਵੱਡੀ ਰਸੋਈ ’ਸ੍ਰੀ ਗੁਰੂ ਰਾਮਦਾਸ ਲੰਗਰ’ ਵਿਖੇ ਸੇਵਾਦਾਰਾਂ ਵੱਲੋਂ ਵੱਡੇ ਪੱਧਰ ’ਤੇ ਤਿਆਰੀਆਂ ਕੀਤੀਆਂ ਗਈਆਂ।



ਮਿਠਿਆਈਆਂ ਅਤੇ ਪਕਵਾਨਾਂ ਦੀ ਸੇਵਾ

ਇਸ ਖ਼ਾਸ ਮੌਕੇ ’ਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਲੱਖਾਂ ਸੰਗਤਾਂ ਲਈ ਲੰਗਰ ਵਿੱਚ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਸੈਂਕੜੇ ਵਲੰਟੀਅਰਾਂ ਅਤੇ ਸੇਵਾਦਾਰਾਂ ਨੇ ਮਿਲ ਕੇ ਬੜੇ ਉਤਸ਼ਾਹ ਨਾਲ ਮਿੱਠੇ ਪਕਵਾਨ (ਜਿਵੇਂ ਕਿ ਜਲੇਬੀਆਂ, ਖੀਰ ਅਤੇ ਹੋਰ ਮਿਠਿਆਈਆਂ) ਤਿਆਰ ਕੀਤੇ।

ਮੁੱਖ ਨੁਕਤੇ:

ਸੇਵਾ ਭਾਵਨਾ: ਬੱਚੇ, ਨੌਜਵਾਨ ਅਤੇ ਬਜ਼ੁਰਗ ਸੇਵਾਦਾਰਾਂ ਨੇ ਮਿਲ ਕੇ ਕਈ ਕੁਇੰਟਲ ਮਿਠਿਆਈਆਂ ਤਿਆਰ ਕਰਨ ਵਿੱਚ ਆਪਣਾ ਯੋਗਦਾਨ ਪਾਇਆ।

ਸਾਂਝੀਵਾਲਤਾ ਦਾ ਪ੍ਰਤੀਕ: ਵਿਸਾਖੀ ਦੇ ਦਿਨ ਗੁਰੂ ਘਰ ਪਹੁੰਚੇ ਹਰ ਸ਼ਰਧਾਲੂ ਨੇ ਪੰਗਤ ਵਿੱਚ ਬੈਠ ਕੇ ਬੜੀ ਸ਼ਰਧਾ ਨਾਲ ਲੰਗਰ ਛਕਿਆ।

ਪ੍ਰਬੰਧ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੀ ਭਾਰੀ ਆਮਦ ਨੂੰ ਦੇਖਦੇ ਹੋਏ ਲੰਗਰ ਹਾਲ ਵਿੱਚ ਚੌਵੀ ਘੰਟੇ ਨਿਰੰਤਰ ਸੇਵਾ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

ਗੁਰੂ ਘਰ ਦੀ ਇਸ ਰਸੋਈ ਵਿੱਚ ਤਿਆਰ ਹੋ ਰਿਹਾ ਪ੍ਰਸਾਦ ਅਤੇ ਸੇਵਾਦਾਰਾਂ ਦਾ ਅਥਾਹ ਪਿਆਰ ਵਿਸਾਖੀ ਦੀਆਂ ਖ਼ੁਸ਼ੀਆਂ ਨੂੰ ਹੋਰ ਵੀ ਦੂਣਾ ਕਰ ਰਿਹਾ ਹੈ।

# ਵਿਸਾਖੀ ਮੌਕੇ ਵੱਡੀ ਗਿਣਤੀ ’ਚ ਸੰਗਤ ਤਖ਼ਤ ਸ੍ਰੀ ਦਮਦਮਾ ਸਾਹਿਬ ਨਤਮਸਤਕ





ਤਲਵੰਡੀ ਸਾਬੋ : ਖ਼ਾਲਸਾ ਸਾਜਨਾ ਦਿਵਸ ਵਿਸਾਖੀ ਜੋੜ ਮੇਲ ਦੇ ਤੀਜੇ ਦਿਨ ਅੱਜ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਿਸ਼ਾਲ ਗੁਰਮਤਿ ਸਮਾਗਮ ਕਰਵਾਏ ਗਏ। ਉਥੇ (1 ਵਿਸਾਖ ਨੂੰ ) ਲੱਖਾਂ ਦੀ ਗਿਣਤੀ ’ਚ ਸੰਗਤ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਹੋਰਨਾਂ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ-ਦੀਦਾਰੇ ਕੀਤੇ। ਸਵੇਰ ਤੋਂ ਹੀ ਵੱਡੀ ਗਿਣਤੀ ’ਚ ਸੰਗਤ ਦਮਦਮਾ ਸਾਹਿਬ ਪੁੱਜਣੀ ਸ਼ੁਰੂ ਹੋ ਗਈ ਸੀ ਅਤੇ ਸੰਗਤ ਨੇ ਪਾਵਨ ਸਰੋਵਰਾਂ ’ਚ ਇਸ਼ਨਾਨ ਕੀਤੇ। ਉੱਧਰ ਤਖ਼ਤ ਸਾਹਿਬ ਦੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਅਰਦਾਸ ਕੀਤੀ। ਭੋਗ ਉਪਰੰਤ ਤਖ਼ਤ ਸਾਹਿਬ ਵਿਖੇ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਤੋਂ ਇਲਾਵਾ ਨਾਮੀ ਧਾਰਮਿਕ ਸ਼ਖ਼ਸੀਅਤਾਂ ਨੇ ਹਾਜ਼ਰੀਆਂ ਭਰੀਆਂ। ਭਾਈ ਲਖਵਿੰਦਰ ਸਿੰਘ ਦੇ ਰਾਗੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਜਦੋਂਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਕਥਾ ਵਿਚਾਰਾਂ ਰਾਹੀਂ ਸੰਗਤ ਨੂੰ ਖ਼ਾਲਸਾ ਸਾਜਨਾ ਦੇ ਸਮੁੱਚੇ ਇਤਿਹਾਸ ਨਾਲ ਜੋੜਿਆ। ਆਪਣੇ ਸੰਬੋਧਨ ’ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਮੁੱਚੀ ਸਿੱਖ ਕੌਮ ਨੂੰ ਖ਼ਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਅਪੀਲ ਕੀਤੀ ਕਿ ਸੰਗਤ ਆਪਣੇ ਬੱਚਿਆਂ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕੀਤੀਆਂ ਕੁਰਬਾਨੀਆਂ ਤੋਂ ਜਾਣੂੰ ਕਰਵਾਏ ਤਾਂ ਕਿ ਅੱਗੇ ਜਾ ਕੇ ਉਹ ਸਾਬਤ ਸੂਰਤ ਰਹਿ ਕੇ ਸਿੱਖੀ ਜੀਵਨ ਜਾਂਚ ਅਪਣਾ ਸਕਣ। ਇਸ ਮੌਕੇ ਜਥੇਦਾਰ ਬਾਬਾ ਟੇਕ ਸਿੰਘ ਨੇ ਸੰਗਤ ਨੂੰ ਖੰਡੇ ਬਾਟੇ ਦੀ ਪਾਹੁਲ ਛਕ ਕੇ ਬਾਣੀ ਅਤੇ ਬਾਣੇ ਦੇ ਧਾਰਣੀ ਬਣਨ ਦੀ ਅਪੀਲ ਕੀਤੀ। ਤਖ਼ਤ ਸਾਹਿਬ ਪ੍ਰਬੰਧਕਾਂ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ, ਸਿੰਘ ਸਾਹਿਬ ਤੇ ਹੋਰਨਾਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ



# ਨਸ਼ਾ ਮੁਕਤ ਭਾਰਤ ਲਈ ਜਨਤਕ ਲਹਿਰ; ਪ੍ਰਸ਼ਾਸਨ ਅਤੇ ਲੋਕਾਂ ਨੇ ਰਲ ਕੇ ਕੱਢੀ ਵਿਸ਼ਾਲ ਨਸ਼ਾ ਵਿਰੋਧੀ ਰੈਲੀ

ਭਲੇਸਾ (ਜੰਮੂ ਅਤੇ ਕਸ਼ਮੀਰ) : ਜੰਮੂ-ਕਸ਼ਮੀਰ ਦੇ ਭਲੇਸਾ ਖੇਤਰ ਵਿੱਚ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣ ਲਈ ਅੱਜ ਇੱਕ ਵਿਸ਼ਾਲ ‘ਨਸ਼ਾ ਵਿਰੋਧੀ ਰੈਲੀ’ ਕੱਢੀ ਗਈ। ਇਸ ਰੈਲੀ ਵਿੱਚ ਸਰਕਾਰੀ ਅਧਿਕਾਰੀਆਂ, ਸਕੂਲੀ ਬੱਚਿਆਂ ਅਤੇ ਸਥਾਨਕ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਨਸ਼ਾ ਮੁਕਤ ਸਮਾਜ ਦਾ ਸੁਨੇਹਾ ਦਿੱਤਾ।





**ਪ੍ਰਸ਼ਾਸਨ ਦਾ ਸਖ਼ਤ ਸੁਨੇਹਾ: ਤਹਿਸੀਲਦਾਰ ਅਤੇ DSP ਦੇ ਤੇਵਰ :** ਰੈਲੀ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ:

ਉਮਰ ਮੁਨੀਬ (ਤਹਿਸੀਲਦਾਰ, ਭਲੇਸਾ): ਉਨ੍ਹਾਂ ਕਿਹਾ ਕਿ ਨਸ਼ਾ ਸਿਰਫ਼ ਇੱਕ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਪਰਿਵਾਰ ਅਤੇ ਦੇਸ਼ ਦੇ ਭਵਿੱਖ ਨੂੰ ਬਰਬਾਦ ਕਰਦਾ ਹੈ। ਉਨ੍ਹਾਂ ਅਪੀਲ ਕੀਤੀ ਕਿ ਨਸ਼ਾ ਮੁਕਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹਰ ਨਾਗਰਿਕ ਨੂੰ ਅੱਗੇ ਆਉਣਾ ਚਾਹੀਦਾ ਹੈ।

ਲਵ ਕਰਨ ਤਨੇਜਾ (DSP, ਭਲੇਸਾ): ਡਿਪਟੀ ਸੁਪਰਡੈਂਟ ਆਫ਼ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਵੇਚਣ ਵਾਲਿਆਂ ਅਤੇ ਇਸ ਦੇ ਆਦੀ ਲੋਕਾਂ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕਰਨ। ਉਨ੍ਹਾਂ ਕਿਹਾ, ‘ਸਾਡਾ ਮਕਸਦ ਸਿਰਫ਼ ਸਜ਼ਾ ਦੇਣਾ ਨਹੀਂ, ਸਗੋਂ ਪੀੜਤਾਂ ਨੂੰ ਨਸ਼ਾ ਛਡਾਊ ਕੇਂਦਰਾਂ ਰਾਹੀਂ ਮੁੱਖ ਧਾਰਾ ਵਿੱਚ ਵਾਪਸ ਲਿਆਉਣਾ ਹੈ।’

ਜਨਤਕ ਜਾਗਰੂਕਤਾ: ਰੈਲੀ ਰਾਹੀਂ ਨਸ਼ੇ ਨਾਲ ਜੁੜੇ ਸਮਾਜਿਕ ਕਲੰਕ (Stigma) ਨੂੰ ਖ਼ਤਮ ਕਰਨ ਅਤੇ ਪੀੜਤਾਂ ਨੂੰ ਮਾਨਸਿਕ ਸਹਾਇਤਾ ਪ੍ਰਦਾਨ ਕਰਨ ’ਤੇ ਜ਼ੋਰ ਦਿੱਤਾ ਗਿਆ।

ਨੌਜਵਾਨਾਂ ਦੀ ਭੂਮਿਕਾ: ਵਿਦਿਆਰਥੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜ ਕੇ ‘ਨਸ਼ਾ ਛੱਡੋ, ਜੀਵਨ ਚੁਣੋ’ ਦੇ ਨਾਅਰੇ ਲਗਾਏ।

ਮੁਹਿੰਮ ਦਾ ਉਦੇਸ਼: ਭਲੇਸਾ ਵਿੱਚ ਨਸ਼ਾ ਮੁਕਤੀ ਕਾਉਂਸਲਿੰਗ ਅਤੇ ਇਲਾਜ ਕੇਂਦਰਾਂ ਦੀ ਸਥਾਪਨਾ ਵੱਲ ਤੇਜ਼ੀ ਨਾਲ ਕੰਮ ਕਰਨ ਦਾ ਅਹਿਦ ਲਿਆ ਗਿਆ।

‘ਇਹ ਸਿਰਫ਼ ਇੱਕ ਦਿਨ ਦੀ ਰੈਲੀ ਨਹੀਂ, ਸਗੋਂ ਇੱਕ ਨਿਰੰਤਰ ਮੁਹਿੰਮ ਹੈ। ਜਦੋਂ ਤੱਕ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਦੇ ਜਾਲ ਵਿੱਚੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਜਾਂਦੀ, ਸਾਡਾ ਸੰਘਰਸ਼ ਜਾਰੀ ਰਹੇਗਾ।’

ਵਿਜ਼ੂਅਲਸ: ਭਲੇਸਾ ਦੀਆਂ ਸੜਕਾਂ ’ਤੇ ਨਾਅਰੇਬਾਜ਼ੀ ਕਰਦੇ ਲੋਕ, ਤਹਿਸੀਲਦਾਰ ਉਮਰ ਮੁਨੀਬ ਅਤੇ DSP ਲਵ ਕਰਨ ਤਨੇਜਾ ਦਾ ਭਾਸ਼ਣ ਅਤੇ ਰੈਲੀ ਵਿੱਚ ਸ਼ਾਮਲ ਉਤਸ਼ਾਹੀ ਨੌਜਵਾਨ।

BhalesaNews, AntiDrugsRally, DrugFreeIndia, JammuKashmir, SayNoToDrugs, PublicAwareness, UmarMuneeb, LovKaranTaneja

ਇੱਕ ਸਵਾਲ: ਤੁਹਾਡੇ ਅਨੁਸਾਰ, ਨਸ਼ਿਆਂ ਵਿਰੁੱਧ ਇਸ ਲੜਾਈ ਵਿੱਚ ਪੁਲਿਸ ਕਾਰਵਾਈ ਦੇ ਨਾਲ-ਨਾਲ ਸਮਾਜਿਕ ਅਤੇ ਪਰਿਵਾਰਕ ਸਹਿਯੋਗ ਕਿੰਨਾ ਕੁ ਅਹਿਮ ਭੂਮਿਕਾ ਨਿਭਾ ਸਕਦਾ ਹੈ?

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ IRS (ਇਨਕਮ ਟੈਕਸ) ਦੇ 78ਵੇਂ ਬੈਚ ਦੇ ਅਧਿਕਾਰੀਆਂ ਨੂੰ ਦਿੱਤੀ ਮੁਬਾਰਕਬਾਦ

ਨਾਗਪੁਰ : ਭਾਰਤ ਦੇ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਬੁੱਧਵਾਰ ਨੂੰ ਨਾਗਪੁਰ ਸਥਿਤ ਨੈਸ਼ਨਲ ਅਕੈਡਮੀ ਆਫ ਡਾਇਰੈਕਟ ਟੈਕਸਿਸ (NADT) ਵਿਖੇ ਪਹੁੰਚੇ। ਉਨ੍ਹਾਂ ਨੇ ਭਾਰਤੀ ਮਾਲ ਸੇਵਾ (IRS - ਇਨਕਮ ਟੈਕਸ) ਦੇ 78ਵੇਂ ਬੈਚ ਦੇ ਅਧਿਕਾਰੀ ਸਿਖਲਾਈ ਪ੍ਰਾਪਤ ਕਰਨ ਵਾਲਿਆਂ (Officer Trainees) ਦੇ ਵਿਦਾਇਗੀ ਸਮਾਗਮ (Valediction Ceremony) ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।





ਸਮਾਗਮ ਦੀਆਂ ਮੁੱਖ ਝਲਕੀਆਂ:

ਯਾਦਗਾਰੀ ਤਸਵੀਰ: ਰਾਸ਼ਟਰਪਤੀ ਨੇ ਸਿਖਲਾਈ ਪੂਰੀ ਕਰਨ ਵਾਲੇ ਨੌਜਵਾਨ ਅਧਿਕਾਰੀਆਂ ਨਾਲ ਇੱਕ ਯਾਦਗਾਰੀ ਗਰੁੱਪ ਫੋਟੋ ਖਿਚਵਾਈ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਪਤਵੰਤੇ ਸੱਜਣ: ਇਸ ਮੌਕੇ ਮਹਾਰਾਸ਼ਟਰ ਦੇ ਰਾਜਪਾਲ ਜਿਸ਼ਨੂ ਦੇਵ ਵਰਮਾ ਅਤੇ ਹੋਰ ਉੱਚ ਅਧਿਕਾਰੀ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।

ਅਧਿਕਾਰੀਆਂ ਨੂੰ ਸੰਬੋਧਨ: ਰਾਸ਼ਟਰਪਤੀ ਨੇ ਨਵੇਂ ਅਧਿਕਾਰੀਆਂ ਨੂੰ ਦੇਸ਼ ਦੇ ਵਿਕਾਸ ਵਿੱਚ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

ਇਹ ਸਮਾਗਮ ਨਵੇਂ ਅਧਿਕਾਰੀਆਂ ਲਈ ਇੱਕ ਇਤਿਹਾਸਕ ਪਲ ਸੀ, ਜਿੱਥੇ ਉਨ੍ਹਾਂ ਨੇ ਦੇਸ਼ ਦੀ ਸਰਵਉੱਚ ਸ਼ਖ਼ਸੀਅਤ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਆਪਣੀ ਪੇਸ਼ੇਵਰ ਜ਼ਿੰਦਗੀ ਦੀ ਸ਼ੁਰੂਆਤ ਕੀਤੀ।

# ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਵਿਖੇ ਖ਼ਾਲਸਾ ਪੰਥ ਦਾ ਸਿਰਜਣਾ ਦਿਵਸ 'ਵਿਸਾਖੀ' ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ










ਸਿਲੀਕਾਨ ਵੈਲੀ, ਕੈਲੀਫੋਰਨੀਆ (ਅਮਰੀਕਾ): ਕੈਲੀਫੋਰਨੀਆ ਦੇ ਮਸ਼ਹੂਰ ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ (2356 Walsh Ave, Santa Clara) ਵਿਖੇ ਖ਼ਾਲਸਾ ਪੰਥ ਦਾ ਜਨਮ ਦਿਹਾੜਾ ਅਤੇ ਪਵਿੱਤਰ ਵਿਸਾਖੀ ਦਾ ਪਰਵ ਬਹੁਤ ਹੀ ਉਤਸ਼ਾਹ, ਸੇਵਾ ਭਾਵਨਾ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

**ਧਾਰਮਿਕ ਸਮਾਗਮ ਅਤੇ ਰੌਣਕਾਂ**

ਸਮਾਗਮ ਦੌਰਾਨ ਇਲਾਹੀ ਬਾਣੀ ਦੇ ਜਾਪ ਕੀਤੇ ਗਏ ਅਤੇ ਸਿੱਖ ਵਿਰਸੇ ਦੀ ਪ੍ਰਤੀਕ ਗਤਕਾ ਖੇਡਾਂ ਦੇ ਜੌਹਰ ਦਿਖਾਏ ਗਏ। ਬੱਚਿਆਂ ਲਈ ਵਿਸ਼ੇਸ਼ ਖੇਡਾਂ ਦਾ ਪ੍ਰਬੰਧ ਵੀ ਕੀਤਾ ਗਿਆ ਸੀ, ਜਿਸ ਨੇ ਮਾਹੌਲ ਨੂੰ ਹੋਰ ਵੀ ਖ਼ੁਸ਼ਗਵਾਰ ਬਣਾ ਦਿੱਤਾ। ਸੰਗਤਾਂ ਨੇ ਘੰਟਿਆਂਬੱਧੀ ਕਤਾਰਾਂ ਵਿੱਚ ਖੜ੍ਹੇ ਹੋ ਕੇ ਮੱਥਾ ਟੇਕਿਆ ਅਤੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

**ਮੁੱਖ ਸੇਵਾਦਾਰਾਂ ਦੇ ਵਿਚਾਰ**

ਕੈਲੀਫੋਰਨੀਆ ਦੇ ਨੌਜਵਾਨ ਸਿੱਖ ਆਗੂ ਅਤੇ ਬਾਬਾ ਫ਼ਤਿਹ ਸਿੰਘ ਜ਼ੋਰਾਵਰ ਸਿੰਘ ਫ਼ਤਿਹਗੜ੍ਹ ਸੇਵਾ ਸੁਸਾਇਟੀ ਦੇ ਸੀਨੀਅਰ ਸੇਵਾਦਾਰ ਭਾਈ ਸੁਖਵਿੰਦਰ ਸਿੰਘ ਗੋਗੀ ਨੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਿਸਾਖੀ ਦਾ ਪਵਿੱਤਰ ਦਿਹਾੜਾ ਸਮੁੱਚੀ ਮਾਨਵਤਾ ਦੇ ਭਲੇ ਦਾ ਪ੍ਰਤੀਕ ਹੈ।'

ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸਮੁੱਚੇ







## ਇਸ ਮਹਾਨ ਸਮਾਗਮ ਦੀਆਂ ਝਲਕੀਆਂ ਤਸਵੀਰਾਂ ਦੀ ਜੁਬਾਨੀ
















# ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ ਵਿਖੇ ਖ਼ਾਲਸਾ ਪੰਥ ਦਾ ਸਿਰਜਣਾ ਦਿਵਸ 'ਵਿਸਾਖੀ' ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਗਿਆ















ਸਿੱਖ ਭਾਈਚਾਰੇ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

**ਸੇਵਾ ਵਿੱਚ ਯੋਗਦਾਨ ਪਾਉਣ ਵਾਲੇ ਮੁੱਖ ਸੇਵਾਦਾਰ**

ਇਸ ਮੌਕੇ ਅਨੇਕਾਂ ਸੇਵਾਦਾਰਾਂ ਨੇ ਤਨ-ਮਨ ਨਾਲ ਸੇਵਾ ਨਿਭਾਈ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸ਼ਾਮਲ ਸਨ:

ਸ. ਬਲਕਾਰ ਸਿੰਘ, ਸ. ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਸ. ਪਰਦੁਮਣ ਸਿੰਘ, ਸ. ਗੁਰਪ੍ਰੀਤ ਸਿੰਘ ਗੋਪੀ, ਹਰਮਿੰਦਰ ਪੁਰੀ, ਸ. ਗੁਰਦਿਆਲ ਸਿੰਘ, ਸ. ਅਮਰਜੀਤ ਸਿੰਘ, ਸ. ਸੁਖਵਿੰਦਰ ਸਿੰਘ, ਸ. ਦਵਿੰਦਰ ਸਿੰਘ, ਸ. ਪਰਮਿੰਦਰ ਸਿੰਘ, ਸ. ਸਰਵਨ ਸਿੰਘ, ਸ. ਅੰਮ੍ਰਿਤਪਾਲ ਸਿੰਘ, ਸ. ਪਰਵੀਰ ਸਿੰਘ, ਸ. ਅਜੈ ਸਿੰਘ, ਸ. ਅਮਰਿੰਦਰ ਸਿੰਘ, ਸ. ਮਨਪ੍ਰੀਤ ਸਿੰਘ, ਸ. ਹਰਵੀਰ ਭਾਟੀਆ।

ਬੀਬੀਆਂ: ਜਸਵੀਰ ਕੌਰ, ਰਾਜਿੰਦਰ ਕੌਰ, ਗੁਰਿੰਦਰ ਕੌਰ, ਸੁਖਵਿੰਦਰ ਕੌਰ, ਅਰਵਿੰਦਰ ਕੌਰ, ਕਿਰਨਦੀਪ ਕੌਰ।

ਭਾਈ ਸਾਹਿਬਾਨ: ਦਵਿੰਦਰ ਸਿੰਘ, ਜੀਵਨਜੋਤ ਸਿੰਘ, ਗੁਰਜੀਤ ਸਿੰਘ, ਹਰਵਿੰਦਰ ਸਿੰਘ, ਜੋਤਸਰੂਪ ਸਿੰਘ, ਨਿਰਮਲ ਸਿੰਘ, ਅਵਤਾਰ ਸਿੰਘ, ਹਰਜਿੰਦਰ ਸਿੰਘ, ਇੰਦਰਜੀਤ ਸਿੰਘ, ਹਰਪ੍ਰੀਤ ਸਿੰਘ, ਸ਼ੇਰ ਸਿੰਘ।

ਹੋਰ ਪਤਵੰਤੇ ਸੱਜਣ: ਬਾਪੂ ਪਿਆਰਾ ਸਿੰਘ, ਜਗਤ ਸਿੰਘ, ਹਰਦਿਆਲ ਸਿੰਘ, ਜਗਜੀਤ ਸਿੰਘ, ਮਨੀਤ ਸਿੰਘ, ਸਿਮਰਨਜੀਤ ਸਿੰਘ ਅਤੇ ਅੰਮ੍ਰਿਤ ਸਿੰਘ।

























# ਇਨਸਾਫ਼ ਮਿਲਣ ਤੱਕ ਅੰਤਿਮ ਸੰਸਕਾਰ ਨਹੀਂ! ਮਾਨਾਮਦੁਰੈ 'ਚ 29 ਦਿਨਾਂ ਤੋਂ ਇਤਿਹਾਸਕ ਅੰਦੋਲਨ ਜਾਰੀ

## ਅਕਾਸ਼ ਦੀ ਕਸਟੋਡੀਅਲ ਮੌਤ ਵਿਰੁੱਧ ਪੰਜਾਬ ਤੋਂ ਪਹੁੰਚੇ ਸਿੰਘ





ਮਾਨਾਮਦੁਰੈ, ਸ਼ਿਵਗੰਗਾ (ਤਾਮਿਲਨਾਡੂ): (ਸਾਡੇ ਲੋਕ ਅਮਰੀਕਾਂ ਤੋਂ) ਤਾਮਿਲਨਾਡੂ ਦਾ ਮਾਨਾਮਦੁਰੈ ਸ਼ਹਿਰ ਅੱਜਕੱਲ੍ਹ ਇਨਸਾਫ਼ ਦੀ ਲੜਾਈ ਦਾ ਇੱਕ ਅਜਿਹਾ ਕੇਂਦਰ ਬਣ ਚੁੱਕਾ ਹੈ, ਜਿਸ ਨੇ ਪੂਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਪੁਲਿਸ ਹਿਰਾਸਤ ਵਿੱਚ ਨੌਜਵਾਨ ਅਕਾਸ਼ ਦੀ ਹੋਈ ਕਥਿਤ ਹੱਤਿਆ ਦੇ ਵਿਰੋਧ ਵਿੱਚ ਲਗਾਤਾਰ 29ਵੇਂ ਦਿਨ ਵੀ ਲੋਕਾਂ ਦਾ ਗੁੱਸਾ ਸ਼ਾਂਤ ਨਹੀਂ ਹੋਇਆ। ਪਰਿਵਾਰ ਅਤੇ ਇਲਾਕਾ ਨਿਵਾਸੀਆਂ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ, ਉਹ ਅਕਾਸ਼ ਦੀ ਮ੍ਰਿਤਕ ਦੇਹ ਸਵੀਕਾਰ ਨਹੀਂ ਕਰਨਗੇ।

**ਪੰਜਾਬ ਤੋਂ ਤਾਮਿਲਨਾਡੂ ਤੱਕ ਗੂੰਜੀ 'ਬਹੁਜਨ ਏਕਤਾ'** : ਇਸ ਸੰਘਰਸ਼ ਨੂੰ ਕੌਮੀ ਪੱਧਰ 'ਤੇ ਮਜ਼ਬੂਤੀ ਦੇਣ ਲਈ ਬਹੁਜਨ ਦ੍ਰਾਵਿੜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਰਦਾਰ ਜੀਵਨ ਸਿੰਘ ਖੁਦ ਮੈਦਾਨ ਵਿੱਚ ਉਤਰੇ ਹਨ। ਉਨ੍ਹਾਂ ਦੇ ਨਾਲ ਪੰਜਾਬ ਤੋਂ ਪਾਰਟੀ ਦੇ ਸੂਬਾ ਜਨਰਲ ਸਕੱਤਰ ਸ੍ਰੀ ਜਗਦੀਸ਼ ਸਿੰਘ ਅਤੇ ਵਿਦਿਆਰਥੀ ਵਿੰਗ ਦੇ ਆਗੂ ਮਸੀਹਾ ਸਿੰਘ ਵੀ ਪਹੁੰਚੇ।

ਸਰਦਾਰ ਜੀਵਨ ਸਿੰਘ ਦਾ ਲਲਕਾਰਾ: 'ਰਾਜਨੀਤਿਕ ਤਾਕਤ ਹੀ ਹਰ ਤਾਲੇ ਦੀ ਚਾਬੀ'

ਧਰਨੇ ਨੂੰ ਸੰਬੋਧਨ ਕਰਦਿਆਂ ਸਰਦਾਰ ਜੀਵਨ ਸਿੰਘ ਨੇ ਕਿਹਾ: 'ਇਹ ਲੜਾਈ ਸਿਰਫ਼ ਅਕਾਸ਼ ਲਈ ਨਹੀਂ, ਸਗੋਂ ਸਿਸਟਮ ਦੇ ਜ਼ੁਲਮ ਵਿਰੁੱਧ ਹੈ। ਮਾਨਯਵਰ ਕਾਂਸ਼ੀ ਰਾਮ ਜੀ ਨੇ ਸਿਖਾਇਆ ਸੀ ਕਿ ਰਾਜਨੀਤਿਕ ਤਾਕਤ ਹੀ ਉਹ ਮਾਸਟਰ-ਕੀਅ ਹੈ ਜੋ ਸਮਾਜਿਕ ਤਬਦੀਲੀ ਲਿਆ ਸਕਦੀ ਹੈ। ਜਦੋਂ ਤੱਕ ਅਸੀਂ ਸੰਗਠਿਤ ਨਹੀਂ ਹੋਵਾਂਗੇ, ਅਜਿਹੇ ਜ਼ੁਲਮ ਹੁੰਦੇ ਰਹਿਣਗੇ।'



29 ਦਿਨਾਂ ਦੀ ਜੰਗ: ਅਕਾਸ਼ ਦੀ ਦੇਹ ਅਜੇ ਵੀ ਸਰਕਾਰੀ ਹਸਪਤਾਲ ਵਿੱਚ ਹੈ, ਜੋ ਸਿਸਟਮ ਦੀ ਅਸਫਲਤਾ ਅਤੇ ਲੋਕਾਂ ਦੀ ਦ੍ਰਿੜਤਾ ਦੀ ਗਵਾਹੀ ਭਰ ਰਹੀ ਹੈ।

ਪੀੜਤ ਪਰਿਵਾਰ ਨਾਲ ਮੁਲਾਕਾਤ: ਸਰਦਾਰ ਜੀਵਨ ਸਿੰਘ ਨੇ ਅਕਾਸ਼ ਦੇ ਮਾਤਾ-ਪਿਤਾ ਅਤੇ ਭੈਣ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਹਰ ਸੰਭਵ ਮਦਦ ਅਤੇ ਸੰਘਰਸ਼ ਜਾਰੀ ਰੱਖਣ ਦਾ ਭਰੋਸਾ ਦਿੱਤਾ।

ਵਿਦਿਆਰਥੀ ਸ਼ਕਤੀ: ਤਾਮਿਲਨਾਡੂ ਅਤੇ ਪੰਜਾਬ ਦੇ ਵਿਦਿਆਰਥੀ ਆਗੂਆਂ ਨੇ ਇਕੱਠੇ ਹੋ ਕੇ ਇਸ ਅੰਦੋਲਨ ਨੂੰ ਨੌਜਵਾਨਾਂ ਦੀ ਲਹਿਰ ਵਿੱਚ ਬਦਲ ਦਿੱਤਾ ਹੈ।

'ਮਾਨਾਮਦੁਰੈ ਦਾ ਇਹ ਸੰਘਰਸ਼ ਇੱਕ ਚੰਗਿਆੜੀ ਹੈ, ਜੋ ਪੂਰੇ ਦੇਸ਼ ਦੇ ਦੱਬੇ-ਕੁਚਲੇ ਲੋਕਾਂ ਨੂੰ ਜਗਾਏਗੀ। ਅਸੀਂ ਹੁਣ ਚੁੱਪ ਰਹਿਣ ਵਾਲੇ ਪੀੜਤ ਨਹੀਂ, ਸਗੋਂ ਆਪਣੇ ਹੱਕਾਂ ਲਈ ਲੜਨ ਵਾਲੇ ਜਾਗਰੂਕ ਨਾਗਰਿਕ ਹਾਂ।'

ਵਿਜ਼ੂਅਲਸ: 29 ਦਿਨਾਂ ਤੋਂ ਜਾਰੀ ਧਰਨੇ ਵਿੱਚ ਨੀਲੇ ਅਤੇ ਕੇਸਰੀ ਝੰਡਿਆਂ ਦਾ ਸੁਮੇਲ, ਸਰਦਾਰ ਜੀਵਨ ਸਿੰਘ ਦਾ ਜੋਸ਼ੀਲਾ ਭਾਸ਼ਣ ਅਤੇ ਪੀੜਤ ਪਰਿਵਾਰ ਦੀਆਂ ਭਾਵੁਕ ਤਸਵੀਰਾਂ।

# ਤਾਮਿਲਨਾਡੂ: ਵਾਲਮੀਕਿ ਭਾਈਚਾਰੇ ਦੀ ਸਿਆਸੀ ਜਾਗ੍ਰਿਤੀ

## ਜੈਰਾਮ ਨੇ ਤਿੱਤਾਕੁੜੀ ਤੋਂ ਬਹੁਜਨ ਦ੍ਰਾਵਿੜ ਪਾਰਟੀ ਦੇ ਉਮੀਦਵਾਰ ਵਜੋਂ ਭਰਿਆ ਨਾਮਜ਼ਦਗੀ ਪੱਤਰ

ਕੁੱਡਾਲੋਰ (ਤਾਮਿਲਨਾਡੂ) : ਤਾਮਿਲਨਾਡੂ ਦੀ ਸਿਆਸਤ ਵਿੱਚ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਦੀ ਨੁਮਾਇੰਦਗੀ ਵਧਾਉਣ ਵੱਲ ਇੱਕ ਵੱਡਾ ਕਦਮ ਚੁੱਕਦਿਆਂ, ਵਾਲਮੀਕਿ ਭਾਈਚਾਰੇ ਨਾਲ ਸਬੰਧਤ ਸ੍ਰੀ ਜੈਰਾਮ ਨੇ ਅੱਜ ਤਿੱਤਾਕੁੜੀ ਵਿਧਾਨ ਸਭਾ ਹਲਕੇ ਤੋਂ ਬਹੁਜਨ ਦ੍ਰਾਵਿੜ ਪਾਰਟੀ (BDP) ਦੇ ਉਮੀਦਵਾਰ ਵਜੋਂ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਘਟਨਾ ਨੂੰ ਵਾਲਮੀਕਿ ਭਾਈਚਾਰੇ ਦੇ ਸਿਆਸੀ ਵਿਕਾਸ ਵਿੱਚ ਇੱਕ ਮਹੱਤਵਪੂਰਨ ਮੋੜ ਮੰਨਿਆ ਜਾ ਰਿਹਾ ਹੈ।

**ਡਰ ਦੇ ਮਾਹੌਲ ਨੂੰ 'ਸਿਆਸੀ ਚੇਤਨਾ' 'ਚ ਬਦਲਣ ਦਾ ਅਹਿਦ** : ਪਾਰਟੀ ਵੱਲੋਂ ਕੀਤੇ ਗਏ ਇੱਕ ਹਫ਼ਤੇ ਦੇ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਗਰੀਬੀ ਅਤੇ ਡਰ ਅਜੇ ਵੀ ਵਾਲਮੀਕਿ ਭਾਈਚਾਰੇ ਦੀ ਤਰੱਕੀ ਵਿੱਚ ਵੱਡੀ ਰੁਕਾਵਟ ਹਨ। ਬਹੁਜਨ ਦ੍ਰਾਵਿੜ ਪਾਰਟੀ ਦਾ ਮੰਨਣਾ ਹੈ ਕਿ ਇਸ 'ਡਰ ਦੇ ਸੱਭਿਆਚਾਰ' ਨੂੰ ਸਿਰਫ਼ ਸਿਆਸੀ ਜਾਗ੍ਰਿਤੀ ਅਤੇ ਜਮਹੂਰੀ ਪ੍ਰਕਿਰਿਆ ਵਿੱਚ ਹਿੱਸਾ ਲੈ ਕੇ ਹੀ ਖ਼ਤਮ ਕੀਤਾ ਜਾ ਸਕਦਾ ਹੈ।

**ਰਾਸ਼ਟਰੀ ਲੀਡਰਸ਼ਿਪ ਦੀ ਮੌਜੂਦਗੀ 'ਚ ਸ਼ਕਤੀ ਪ੍ਰਦਰਸ਼ਨ** : ਨਾਮਜ਼ਦਗੀ ਭਰਨ ਸਮੇਂ ਪਾਰਟੀ ਦੀ ਉੱਚ ਲੀਡਰਸ਼ਿਪ ਨੇ ਜੈਰਾਮ ਦੇ ਸਮਰਥਨ ਵਿੱਚ ਵੱਡਾ ਇਕੱਠ ਕੀਤਾ। ਇਸ ਮੌਕੇ ਮੌਜੂਦ ਪ੍ਰਮੁੱਖ ਸ਼ਖਸੀਅਤਾਂ:

ਸਰਦਾਰ ਜੀਵਨ ਸਿੰਘ (ਰਾਸ਼ਟਰੀ ਪ੍ਰਧਾਨ, BDP), ਐਡਵੋਕੇਟ ਸੇਲਵਾ ਸਿੰਘ (ਰਾਸ਼ਟਰੀ ਬੁਲਾਰੇ), ਮਸੀਹਾ ਸਿੰਘ (ਰਾਸ਼ਟਰੀ ਕਨਵੀਨਰ, ਵਿਦਿਆਰਥੀ ਵਿੰਗ), ਜਗਦੇਵ ਸਿੰਘ (ਸੂਬਾ ਜਨਰਲ ਸਕੱਤਰ, ਪੰਜਾਬ), ਦੇਵਾ ਸੁਭਾਸ਼ (ਸੂਬਾ ਕਨਵੀਨਰ, ਵਿਦਿਆਰਥੀ ਵਿੰਗ, ਤਾਮਿਲਨਾਡੂ), ਇਨ੍ਹਾਂ ਦੇ ਨਾਲ ਕਿਰਪਾਲ ਸਿੰਘ, ਗੁਰਜੋਤ ਸਿੰਘ ਅਤੇ ਮਾਰੀਸੇਲਵਮ ਸਮੇਤ ਵਾਲਮੀਕਿ ਜਥੇਬੰਦੀਆਂ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

ਸਰਦਾਰ ਜੀਵਨ ਸਿੰਘ ਦਾ ਸੁਨੇਹਾ: 'ਨਿਰਭੈ ਸਮਾਜ ਹੀ ਲੋਕਤੰਤਰ ਦੀ ਨੀਂਹ'

ਮੀਡੀਆ ਨਾਲ ਗੱਲਬਾਤ ਕਰਦਿਆਂ ਬਹੁਜਨ ਦ੍ਰਾਵਿੜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਰਦਾਰ ਜੀਵਨ ਸਿੰਘ ਨੇ ਕਿਹਾ: 'ਇੱਕ ਨਿਰਭੈ ਸਮਾਜ ਹੀ ਅਸਲ ਲੋਕਤੰਤਰ ਦੀ ਬੁਨਿਆਦ ਹੁੰਦਾ ਹੈ। ਸਾਡੀ ਪਾਰਟੀ ਵਾਲਮੀਕਿ ਭਾਈਚਾਰੇ ਨੂੰ ਸਿਆਸੀ ਤੌਰ 'ਤੇ ਮਜ਼ਬੂਤ ਕਰਨ ਲਈ ਵਚਨਬੱਧ ਹੈ ਤਾਂ ਜੋ ਉਹ ਸਮਾਜ ਦੇ ਹਾਸ਼ੀਏ ਤੋਂ ਨਿਕਲ ਕੇ ਫੈਸਲੇ ਲੈਣ ਵਾਲੀ ਮੁੱਖ ਧਾਰਾ ਦਾ ਹਿੱਸਾ ਬਣ ਸਕਣ।'

**ਜ਼ਮੀਨੀ ਪੱਧਰ ਦੀ ਲੜਾਈ:** ਤਿੱਤਾਕੁੜੀ ਵਿੱਚ ਪਾਰਟੀ ਦੀ ਮੁਹਿੰਮ ਮੁੱਖ ਤੌਰ 'ਤੇ ਦੱਬੇ-ਕੁਚਲੇ ਲੋਕਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ 'ਤੇ ਕੇਂਦਰਿਤ ਹੋਵੇਗੀ।

**ਏਕਤਾ ਦਾ ਪ੍ਰਤੀਕ:** ਪੰਜਾਬ ਅਤੇ ਤਾਮਿਲਨਾਡੂ ਦੀ ਲੀਡਰਸ਼ਿਪ ਦਾ ਇਕੱਠੇ ਹੋਣਾ ਬਹੁਜਨ ਰਾਜਨੀਤੀ ਵਿੱਚ ਇੱਕ ਨਵੀਂ ਏਕਤਾ ਨੂੰ ਦਰਸਾਉਂਦਾ ਹੈ।



**ਸਵੈ-ਵਿਸ਼ਵਾਸ ਦੀ ਉਮੀਦ:** ਜੈਰਾਮ ਦੀ ਉਮੀਦਵਾਰੀ ਨੇ ਵਾਲਮੀਕਿ ਭਾਈਚਾਰੇ ਦੇ ਨੌਜਵਾਨਾਂ ਵਿੱਚ ਇੱਕ ਨਵਾਂ ਉਤਸ਼ਾਹ ਅਤੇ ਸਵੈ-ਮਾਣ ਪੈਦਾ ਕੀਤਾ ਹੈ।

**ਵਿਜ਼ੂਅਲਸ:** ਕੁੱਡਾਲੋਰ ਵਿੱਚ ਨਾਮਜ਼ਦਗੀ ਕੇਂਦਰ ਦੇ ਬਾਹਰ ਨੀਲੇ ਅਤੇ ਕੇਸਰੀ ਪਟਕਿਆਂ ਵਿੱਚ ਸਜੇ ਪਾਰਟੀ ਵਰਕਰ, ਸਰਦਾਰ ਜੀਵਨ ਸਿੰਘ ਅਤੇ ਜੈਰਾਮ ਵੱਲੋਂ ਵਿਕਟਰੀ ਸਾਈਨ ਅਤੇ ਪੀੜਤ ਭਾਈਚਾਰਿਆਂ ਦੀਆਂ ਬਸਤੀਆਂ ਵਿੱਚ ਚੋਣ ਪ੍ਰਚਾਰ ਦੀਆਂ ਝਲਕੀਆਂ।

# ਭਾਰਤ ਵਿੱਚ ਅਸਲੀ ਸਵੇਰਾ ਉਦੋਂ ਹੋਵੇਗਾ ਜਦੋਂ ਬ੍ਰਾਹਮਣਕਲੀ ਰਾਜਨੀਤੀ 'ਜਾਤ-ਮੁਕਤ' ਹੋਵੇਗੀ।

## ਅਸੀਂ ਤਾਂ ਹੁਣ ਜਾਤੀਵਾਦ ਦੇ ਹਨੇਰੇ ਨੂੰ ਸਦਾ ਲਈ ਖ਼ਤਮ ਕਰਨ ਲਈ ਮੈਦਾਨ ਵਿੱਚ ਉਤਰੇ ਹਾਂ : ਸਰਦਾਰ ਜੀਵਨ ਸਿੰਘ

ਤਿਰੂਨੇਲਵੇਲੀ (ਤਾਮਿਲਨਾਡੂ): (ਸਾਡੇ ਲੋਕ ਅਮਰੀਕਾਂ ਤੋਂ) : ਤਾਮਿਲਨਾਡੂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਵਾਰ ਇੱਕ ਵਿਲੱਖਣ ਨਜ਼ਾਰਾ ਦੇਖਣ ਨੂੰ ਮਿਲ ਰਿਹਾ ਹੈ। ਬਹੁਜਨ ਦ੍ਰਾਵਿੜ ਪਾਰਟੀ ਦੇ ਰਾਸ਼ਟਰੀ ਬੁਲਾਰੇ ਅਤੇ ਐਡਵੋਕੇਟ ਸੇਲਵਾ ਸਿੰਘ ਨੇ ਅੱਜ ਤਿਰੂਨੇਲਵੇਲੀ ਹਲਕੇ ਤੋਂ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਪਰ ਚਰਚਾ ਦਾ ਵਿਸ਼ਾ ਉਨ੍ਹਾਂ ਦੇ ਸਮਰਥਨ ਵਿੱਚ ਪੰਜਾਬ ਤੋਂ ਪਹੁੰਚੇ ਨਿਹੰਗ ਸਿੰਘ ਬਣੇ ਹੋਏ ਹਨ।

**ਪੰਜਾਬ ਤੋਂ ਤਾਮਿਲਨਾਡੂ ਤੱਕ 'ਏਕਤਾ' ਦੀ ਗੂੰਜ** : ਸੇਲਵਾ ਸਿੰਘ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਨਿਹੰਗ ਸਿੰਘਾਂ ਦਾ ਜਥਾ ਪਹੁੰਚਿਆ ਹੈ। ਖਾਲਸਾਈ ਰਵਾਇਤਾਂ, ਜਜ਼ਬੇ ਅਤੇ ਨਿਵੇਕਲੀ ਪਛਾਣ ਨਾਲ ਇਹ ਸਿੰਘ ਤਿਰੂਨੇਲਵੇਲੀ ਦੀਆਂ ਗਲੀਆਂ ਵਿੱਚ ਚੋਣ ਪ੍ਰਚਾਰ ਕਰ ਰਹੇ ਹਨ। ਇਹ ਮੁਹਿੰਮ ਨਾ ਸਿਰਫ਼ ਉੱਤਰ ਅਤੇ ਦੱਖਣ ਭਾਰਤ ਦੀ ਏਕਤਾ ਨੂੰ ਦਰਸਾ ਰਹੀ ਹੈ, ਸਗੋਂ ਚੋਣ ਮੈਦਾਨ ਵਿੱਚ 'ਸੰਘਰਸ਼' ਦੀ ਇੱਕ ਨਵੀਂ ਮਿਸਾਲ ਪੇਸ਼ ਕਰ ਰਹੀ ਹੈ।

ਸਰਦਾਰ ਜੀਵਨ ਸਿੰਘ ਦਾ ਵੱਡਾ ਬਿਆਨ: 'ਸਿਰਫ਼ ਧਰਮ ਨਿਰਪੱਖਤਾ ਕਾਫ਼ੀ ਨਹੀਂ'

ਬਹੁਜਨ ਦ੍ਰਾਵਿੜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਰਦਾਰ ਜੀਵਨ ਸਿੰਘ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਇੱਕ ਬੇਹੱਦ ਸ਼ਕਤੀਸ਼ਾਲੀ ਸੁਨੇਹਾ ਦਿੱਤਾ। ਉਨ੍ਹਾਂ ਕਿਹਾ: 'ਤਾਮਿਲਨਾਡੂ ਲਈ ਸਿਰਫ਼ ਧਰਮ ਨਿਰਪੱਖ (Secular) ਰਾਜਨੀਤੀ ਕਾਫ਼ੀ ਨਹੀਂ ਹੈ। ਇੱਥੇ ਅਸਲੀ ਸਵੇਰਾ ਉਦੋਂ ਹੋਵੇਗਾ ਜਦੋਂ ਰਾਜਨੀਤੀ 'ਜਾਤ-ਮੁਕਤ' ਹੋਵੇਗੀ। ਅਸੀਂ ਜਾਤੀਵਾਦ ਦੇ ਹਨੇਰੇ ਨੂੰ ਖ਼ਤਮ ਕਰਨ ਲਈ ਮੈਦਾਨ ਵਿੱਚ ਉਤਰੇ ਹਾਂ।'

**ਇਤਿਹਾਸਕ ਗਠਜੋੜ:** ਦ੍ਰਾਵਿੜ ਵਿਚਾਰਧਾਰਾ ਅਤੇ ਸਿੱਖ ਸੰਘਰਸ਼ੀ ਇਤਿਹਾਸ ਦਾ ਚੋਣ ਮੈਦਾਨ ਵਿੱਚ ਪਹਿਲੀ ਵਾਰ ਅਜਿਹਾ ਮੇਲ ਦੇਖਿਆ ਗਿਆ।

**ਜਾਤ-ਮੁਕਤ ਭਾਰਤ ਦਾ ਨਾਅਰਾ:** ਪਾਰਟੀ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਮਕਸਦ ਜਾਤ-ਪਾਤ ਦੀਆਂ ਵੰਡੀਆਂ ਨੂੰ ਖ਼ਤਮ ਕਰਕੇ ਬਰਾਬਰੀ ਦਾ ਸਮਾਜ ਸਿਰਜਣਾ ਹੈ।

**ਸੇਲਵਾ ਸਿੰਘ ਦੀ ਉਮੀਦਵਾਰੀ:** ਐਡਵੋਕੇਟ ਸੇਲਵਾ ਸਿੰਘ ਦੀ ਨਾਮਜ਼ਦਗੀ ਨੇ ਹਲਕੇ ਵਿੱਚ ਮੁਕਾਬਲੇ ਨੂੰ ਦਿਲਚਸਪ ਬਣਾ ਦਿੱਤਾ ਹੈ।



**ਵਿਜ਼ੂਅਲਸ:** ਤਿਰੂਨੇਲਵੇਲੀ ਦੀਆਂ ਸੜਕਾਂ 'ਤੇ ਨਿਹੰਗ ਸਿੰਘਾਂ ਦਾ ਮਾਰਚ, ਸੇਲਵਾ ਸਿੰਘ ਵੱਲੋਂ ਨਾਮਜ਼ਦਗੀ ਦਾਖਲ ਕਰਨਾ ਅਤੇ ਸਰਦਾਰ ਜੀਵਨ ਸਿੰਘ ਦੀ ਦਮਦਾਰ ਪ੍ਰੈੱਸ ਕਾਨਫਰੰਸ।

# ਤਿਰੂਨੇਲਵੇਲੀ 'ਚ ਸੇਵਾ ਅਤੇ ਨਿਮਰਤਾ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ

## ਸਰਦਾਰ ਜੀਵਨ ਸਿੰਘ ਨੇ ਅਨਾਥ ਆਸ਼ਰਮ ਦੇ ਬੱਚਿਆਂ ਨਾਲ ਵੰਡੀ ਖੁਸ਼ੀ






ਤਿਰੂਨੇਲਵੇਲੀ (ਤਾਮਿਲਨਾਡੂ) : ਤਾਮਿਲਨਾਡੂ ਵਿਧਾਨ ਸਭਾ ਚੋਣਾਂ ਦੀ ਗਰਮਾ-ਗਰਮੀ ਅਤੇ ਸੇਲਵਾ ਸਿੰਘ ਦੇ ਹੱਕ ਵਿੱਚ ਚੱਲ ਰਹੀ ਤੇਜ਼ ਚੋਣ ਮੁਹਿੰਮ ਦੇ ਦਰਮਿਆਨ, ਅੱਜ ਤਿਰੂਨੇਲਵੇਲੀ ਵਿਖੇ ਖਾਲਸਾ ਸਾਜਨਾ ਦਿਵਸ ਬੇਹੱਦ ਸਾਦਗੀ, ਨਿਮਰਤਾ ਅਤੇ ਸੇਵਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਗਏ ਖਾਲਸਾ ਪੰਥ ਦੇ ਇਸ ਪਵਿੱਤਰ ਦਿਹਾੜੇ ਨੂੰ ਕਿਸੇ ਵੱਡੇ ਜਸ਼ਨ ਦੀ ਬਜਾਏ ਇੱਕ ਸਥਾਨਕ ਅਨਾਥ ਆਸ਼ਰਮ ਵਿੱਚ ਬੱਚਿਆਂ ਦੀ ਸੇਵਾ ਕਰਕੇ ਯਾਦ ਕੀਤਾ ਗਿਆ।

**ਬੱਚਿਆਂ ਨਾਲ ਸਾਂਝਾ ਕੀਤਾ ਖਾਲਸਾ ਇਤਿਹਾਸ** : ਬਹੁਜਨ ਦ੍ਰਾਵਿੜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸਰਦਾਰ ਜੀਵਨ ਸਿੰਘ ਨੇ ਆਸ਼ਰਮ ਦੇ ਵਿਦਿਆਰਥੀਆਂ ਨਾਲ ਇੱਕ ਵਿਸ਼ੇਸ਼ ਸੈਸ਼ਨ ਕੀਤਾ। ਉਨ੍ਹਾਂ ਨੇ ਬੱਚਿਆਂ ਨੂੰ ਖਾਲਸਾ ਪੰਥ ਦੇ ਗੌਰਵਮਈ ਇਤਿਹਾਸ ਅਤੇ ਦਸਮੇਸ਼ ਪਿਤਾ ਵੱਲੋਂ ਬਖ਼ਸ਼ੇ 'ਸੰਤ-ਸਿਪਾਹੀ' ਦੇ ਸਿਧਾਂਤਾਂ ਬਾਰੇ ਜਾਣੂ ਕਰਵਾਇਆ।

**ਧਰਮ ਅਤੇ ਇਨਸਾਫ਼ ਦਾ ਸੁਨੇਹਾ:** ਸਰਦਾਰ ਜੀਵਨ ਸਿੰਘ ਨੇ ਦੱਸਿਆ ਕਿ ਖਾਲਸਾ ਹਮੇਸ਼ਾ ਧਰਮ ਦੀ ਰੱਖਿਆ, ਇਨਸਾਫ਼ ਦੀ ਪ੍ਰਾਪਤੀ ਅਤੇ 'ਸਰਬੱਤ ਦਾ ਭਲਾ' ਮੰਗਣ ਲਈ ਵਚਨਬੱਧ ਹੈ।

**ਸੇਵਾ ਹੀ ਸਭ ਤੋਂ ਉੱਪਰ:** ਚੋਣਾਂ ਦੇ ਰੁਝੇਵਿਆਂ ਦੇ ਬਾਵਜੂਦ, ਪਾਰਟੀ ਨੇ ਫ਼ੈਸਲਾ ਕੀਤਾ ਕਿ ਇਸ ਵਾਰ ਦਾ ਸਾਜਨਾ ਦਿਵਸ ਮਾਨਵਤਾ ਦੀ ਸੇਵਾ (ਨਿਸ਼ਕਾਮ ਸੇਵਾ) ਨੂੰ ਸਮਰਪਿਤ ਕੀਤਾ ਜਾਵੇਗਾ।

**ਏਕਤਾ ਅਤੇ ਬਰਾਬਰੀ ਦਾ ਲੰਗਰ** : ਸਮਾਗਮ ਦੀ ਸਮਾਪਤੀ ਮੌਕੇ ਆਸ਼ਰਮ ਦੇ ਬੱਚਿਆਂ ਅਤੇ ਸਟਾਫ਼ ਲਈ ਚਾਹ ਅਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਖਾਲਸਾਈ ਸਿਧਾਂਤਾਂ ਅਨੁਸਾਰ, ਬਿਨਾਂ ਕਿਸੇ ਭੇਦਭਾਵ ਦੇ ਸਭ ਨੇ ਇਕੱਠੇ ਬੈਠ ਕੇ ਇਸ ਦਾ ਆਨੰਦ ਮਾਣਿਆ, ਜੋ ਕਿ ਬਰਾਬਰੀ ਅਤੇ ਸਾਂਝੀਵਾਲਤਾ ਦੇ ਸੰਕਲਪ ਨੂੰ ਦਰਸਾਉਂਦਾ ਹੈ।

**ਚੜ੍ਹਦੀ ਕਲਾ ਦਾ ਪ੍ਰਤੀਕ** : ਭਾਵੇਂ ਇਹ ਸਮਾਗਮ ਛੋਟੇ ਪੱਧਰ 'ਤੇ ਸੀ, ਪਰ ਇਸ ਵਿੱਚੋਂ ਨਿਕਲ ਰਹੀ 'ਚੜ੍ਹਦੀ ਕਲਾ' ਦੀ ਗੂੰਜ ਨੇ ਹਰ ਕਿਸੇ ਨੂੰ ਪ੍ਰਭਾਵਿਤ ਕੀਤਾ। ਬੁਲਾਰਿਆਂ ਨੇ ਦੁਹਰਾਇਆ ਕਿ ਖਾਲਸੇ ਦਾ ਅਸਲ ਤੱਤ ਨਿਰਭੈਤਾ, ਦਇਆ ਅਤੇ ਮਨੁੱਖਤਾ ਪ੍ਰਤੀ ਅਟੁੱਟ ਸਮਰਪਣ ਵਿੱਚ ਹੈ।

ਇਸ ਮੌਕੇ ਸਰਦਾਰ ਜੀਵਨ ਸਿੰਘ ਕਿਹਾ ਕਿ 'ਅੱਜ ਤਿਰੂਨੇਲਵੇਲੀ ਦੀ ਇਸ ਧਰਤੀ 'ਤੇ ਬੱਚਿਆਂ ਦੇ ਚਿਹਰਿਆਂ ਦੀ ਮੁਸਕਾਨ ਵਿੱਚੋਂ ਸਾਨੂੰ ਗੁਰੂ ਸਾਹਿਬ ਦੀਆਂ ਖੁਸ਼ੀਆਂ ਮਹਿਸੂਸ ਹੋਈਆਂ ਹਨ। ਸੇਵਾ ਹੀ ਖਾਲਸੇ ਦਾ ਅਸਲ ਗਹਿਣਾ ਹੈ।'

ਵਿਜ਼ੂਅਲਸ: ਤਿਰੂਨੇਲਵੇਲੀ ਦੇ ਅਨਾਥ ਆਸ਼ਰਮ ਵਿੱਚ ਬੱਚਿਆਂ ਨਾਲ ਗੱਲਬਾਤ ਕਰਦੇ ਸਰਦਾਰ ਜੀਵਨ ਸਿੰਘ, ਬੱਚਿਆਂ ਨੂੰ ਰਿਫਰੈਸ਼ਮੈਂਟ ਵੰਡਦੇ ਵਰਕਰ ਅਤੇ ਨੀਲੇ-ਕੇਸਰੀ ਪਹਿਰਾਵੇ ਵਿੱਚ ਸਜੇ ਪਾਰਟੀ ਆਗੂ।

# 61ਵੇ ਸਵੈਂ ਇੱਛੁਕ ਖੂਨਦਾਨ ਕੈਂਪ ਦਾ ਰੀਬਨ ਕੱਟ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਜੀ ਨੇ ਕੀਤਾ ਸ਼ੁਭ ਆਰੰਭ : ਭਾਈ ਸੁਖਜੀਤ ਸਿੰਘ




ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਦੁਆਬੇ ਇਲਾਕੇ ਦੀ ਸਿਰਮੌਰ ਸੰਸਥਾ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਦੀ ਸਮੁੱਚੀ ਟੀਮ ਵਲੋਂ ਹਮੇਸ਼ਾ ਦੀ ਤਰ੍ਹਾਂ ਪ੍ਰਧਾਨ ਸਾਬ ਜੱਥੇਦਾਰ ਮਨੋਹਰ ਸਿੰਘ ਜੀ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਐਨ ਆਰ ਆਈ ਵੀਰਾਂ ਭੈਣਾਂ ਦੇ ਸਹਿਯੋਗ ਨਾਲ ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ 61 ਵਾ ਸਵੈਂ ਇੱਛੁਕ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ 89 ਵੀਰਾ ਭੈਣਾਂ ਨੇ ਖੂਨਦਾਨ ਕਰ ਮਾਨਵਤਾ ਦੀ ਸੱਚੀ ਸੁੱਚੀ ਸੇਵਾ ਦਾ ਭਰਵਾਂ ਸਬੂਤ ਦਿੱਤਾ

ਇਸ ਮੌਕੇ ਉਚੇਚੇ ਤੌਰ ਤੇ ਬਤੌਰ ਮੁੱਖ ਮਹਿਮਾਨ ਸਰਵ ਹਿਮੁਨਟੀ ਸਰਵ ਗੌਡ ਚੈਰੀਟੇਬਲ ਟਰੱਸਟ ਮਦਨਹੇੜੀ ਖਰੜ ਚੰਡੀਗੜ੍ਹ ਤੋਂ ਸਰਪ੍ਰਸਤ ਸਰਦਾਰ ਸਵਰਨਜੀਤ ਸਿੰਘ ਜੀ ਵੱਡੇ ਵੀਰ ਸੁਖਮਨ ਸਿੰਘ ਜੀ ਅਤੇ ਡਾਕਟਰ ਭੈਣ ਦੀਪਕਾ ਜੀ

ਅਤੇ ਬੀ ਐੱਸ ਪੀ ਦੇ ਬਸਪਾ ਆਗੂ ਸ੍ਰੀ ਬਲਵਿੰਦਰ ਕੁਮਾਰ ਜੀ ਵੀ ਉਚੇਚੇ ਤੌਰ ਤੇ ਪਹੁੰਚੇ ਅਤੇ ਤੁਹਾਡੀ ਆਪਣੀ ਐਨ ਜੀ ਓ ਦਸਵੰਧ ਗਰੀਬਾਂ ਲਈ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਨੂੰ ਆਸ਼ੀਰਵਾਦ ਦਿੱਤਾ

ਇਸ ਮੌਕੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਜੀ ਨੇ ਸਾਰੇ ਬਲੱਡ ਦਾਨੀ ਵੀਰਾਂ ਭੈਣਾਂ ਦਾ ਆਈ ਹੋਈ ਸਾਧ ਸੰਗਤ ਦਾ ਸੇਵਾਦਾਰ ਸਹਿਬਾਨਾਂ ਦਾ

ਸਮੁੱਚੇ ਮੀਡੀਆ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕੀਤਾ

ਇਸ ਦੌਰਾਨ ਵਿਸ਼ੇਸ਼ ਕਰਕੇ ਸ਼ਬਦ ਗੁਰੂ ਜੀ ਅਟੁੱਟ ਲੰਗਰਾਂ ਦੇ ਨਾਲ ਨਾਲ ਵੱਖ ਵੱਖ ਪਕਵਾਨਾਂ ਦੇ ਲੰਗਰ ਅਤੇ ਵਿਸ਼ੇਸ਼ ਕਰਕੇ ਦੁੱਧ ਬ੍ਰਹਮੀ ਦਾ ਲੰਗਰ ਵੀ ਅਟੁੱਟ ਵਰਤਾਇਆ ਗਿਆ

# ਬਾਬਾ ਸਾਹਿਬ ਜੀ ਨੇ ਭਾਰਤ ਦਾ ਸੰਵਿਧਾਨ ਲਿਖਕੇ ਹਰ ਜਾਤੀ ਨੂੰ ਇੱਕ ਸਮਾਨਤਾ ਦਾ ਹੱਕ ਦਿਲਵਾਇਆ ਸੀ : ਗਗਨ ਪਰੋਜ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਉਣ ਸਬੰਧੀ ਨੌਜਵਾਨ ਸਭਾ ਪਿੰਡ ਫਿਰੋਜ ਰੋਲੀਆ ਦੇ ਸੰਸਥਾਪਕ ਅਤੇ ਸ਼ਿਵ ਸੈਨਾ ਪੰਜਾਬ ਵੇਟ ਏਰੀਆ ਪ੍ਰਧਾਨ ਤੇ ਜਲੰਧਰ ਯੂਥ ਇੰਚਾਰਜ ਗਗਨ ਪਰੋਜ ਦੀ ਅਗਵਾਈ ਵਿੱਚ ਪਿੰਡ ਪਰੋਜ ਵਿਖੇ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ।

ਇਸ ਸਮਾਰੋਹ ਵਿੱਚ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਸ਼ਿਵ ਸੈਨਾ ਪੰਜਾਬ ਦੇ ਉੱਤਰ ਭਾਰਤ ਪ੍ਰਧਾਨ ਮਿੱਕੀ ਪੰਡਿਤ, ਸ਼ਿਵਮ ਵੈਦ, ਵਿਕਾਸ ਜਸਰਾ, ਗਿੰਦਾ ਪਰੋਜ, ਸੁਖਦੇਵ ਸਿੰਘ ਮੱਟੂ, ਪ੍ਰਿੰਸ ਮੱਟੂ, ਸੰਦੀਪ ਕੁਮਾਰ, ਹਰਮਨ, ਗੋਰਾ ਮੱਟੂ, ਬਲਵੀਰ ਸਿੰਘ, ਅਰਸ਼ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੀ ਫੋਟੋ ਤੇ ਫੁੱਲਾਂ ਦੀ ਵਰਖਾ ਕਰਦੇ ਹੋਏ ਸਾਰੇ ਲੋਕਾਂ ਨੂੰ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ।

ਸਮਾਰੋਹ ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਗਗਨ ਪਰੋਜ ਨੇ ਕਿਹਾ ਕਿ ਬਾਬਾ ਸਾਹਿਬ ਜੀ ਨੇ ਭਾਰਤ ਦਾ ਸੰਵਿਧਾਨ ਲਿਖ ਕੇ ਹਰ ਜਾਤੀ ਨੂੰ ਇੱਕ ਸਮਾਨਤਾ ਦਾ ਹੱਕ ਦਿਲਵਾਇਆ ਸੀ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਲੋਕਾਂ ਦੇ ਦਿਲਾਂ ਵਿੱਚ ਇਹ ਭਾਵਨਾ ਜਾਗ੍ਰਿਤ ਕੀਤੀ ਸੀ ਕਿ ਹਰ ਜ਼ੁਲਮ ਦਾ ਨਿਡਰ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਸਿਰਫ ਦਲਿਤ ਵਰਗ ਦੇ ਮਸੀਹਾ ਵਜੋਂ ਹੀ ਨਹੀਂ ਜਾਣਿਆ ਜਾਂਦਾ ਸਗੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਇੱਕ ਮਹਾਨ ਚਿੰਤਕ ਵਜੋਂ ਵੀ ਸਤਿਕਾਰਿਆ ਜਾਂਦਾ ਹੈ। ਬਾਬਾ ਸਾਹਿਬ ਜੀ ਸਾਰੀ ਉਮਰ ਦਲਿਤਾਂ ਦੇ ਹੱਕਾਂ ਲਈ ਜੂਝਦੇ ਰਹੇ ਅਤੇ ਬੇਸਹਾਰਿਆਂ ਦੇ ਸਹਾਰਾ ਬਣੇ। ਉਨ੍ਹਾਂ ਕਿਹਾ ਕਿ ਉਹ ਖੁੱਲੇ ਵਿਚਾਰਾਂ ਵਾਲੇ ਅਤੇ ਲੋਕਤੰਤਰ ਪੱਖੀ ਸੋਚ ਰੱਖਣ ਵਾਲੇ ਸਨ। ਇਸ ਮੌਕੇ ਤੇ ਸਮੂਹ ਕਲੱਬ ਮੈਂਬਰਾਂ ਅਤੇ ਮਹਿਮਾਨਾਂ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵੱਖ-ਵੱਖ ਪਕਵਾਨਾਂ ਦਾ ਲੰਗਰ ਸ਼ਰਧਾਲੂਆਂ ਨੂੰ ਵਰਤਾਇਆ।




ਬਾਬਾ ਸਾਹਿਬ ਜੀ ਦਾ ਜਨਮ ਦਿਹਾੜੇ ਦੀਆਂ ਵਧਾਈਆਂ ਦਿੰਦੇ ਗਗਨ ਪਰੋਜ, ਮਿੱਕੀ ਪੰਡਿਤ ਅਤੇ ਲੰਗਰ ਵਰਤਾਉਂਦੇ ਕਲੱਬ ਮੈਂਬਰ।

# ਜੱਜ ਦੇ ਬੱਚੇ ਸਾਲਿਸਟਰ ਜਨਰਲ ਨਾਲ ਕੰਮ ਕਰਦੇ ਹਨ, ਅਜਿਹੀ ਸਥਿਤੀ 'ਚ ਜੱਜ ਉਨ੍ਹਾਂ ਵਿਰੁੱਧ ਹੁਕਮ ਕਿਵੇਂ ਪਾਸ ਕਰ ਸਕੇਗੀ-ਕੇਜਰੀਵਾਲ

ਨਵੀਂ ਦਿੱਲੀ : ਦਿੱਲੀ ਹਾਈ ਕੋਰਟ ਦੀ ਜੱਜ ਜਸਟਿਸ ਸਵਰਣ ਕਾਂਤਾ ਸ਼ਰਮਾ ਨੂੰ ਕੇਸ ਤੋਂ ਹਟਾਉਣ ਦੀ ਮੰਗ ਕਰਦੇ ਹੋਏ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਕ ਹਲਫ਼ਨਾਮੇ 'ਚ ਦਾਅਵਾ ਕੀਤਾ ਹੈ ਕਿ ਜੱਜ ਦੇ ਬੱਚੇ ਕੇਂਦਰ ਸਰਕਾਰ ਦੇ ਵਕੀਲਾਂ ਦੇ ਪੈਨਲ 'ਚ ਸ਼ਾਮਿਲ ਹਨ, ਜਿਨ੍ਹਾਂ ਨੂੰ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਕੇਸ ਸੌਂਪਦੇ ਹਨ, ਤੁਸ਼ਾਰ ਮਹਿਤਾ ਹੀ ਸੀ. ਬੀ. ਆਈ. ਵਲੋਂ ਪੇਸ਼ ਹੋਏ ਸਨ੍ਹ ਕੇਜਰੀਵਾਲ ਨੇ ਇਕ ਹੋਰ ਹਲਫ਼ਨਾਮਾ ਦਾਇਰ ਕੀਤਾ ਹੈ, ਜਿਸ ਵਿਚ ਉਨ੍ਹਾਂ ਨੇ ਸ਼ਰਾਬ ਨੀਤੀ ਮਾਮਲੇ 'ਚ ਉਨ੍ਹਾਂ ਨੂੰ ਬਰੀ ਕਰਨ ਦੇ ਖ਼ਿਲਾਫ਼ ਜਾਂਚ ਏਜੰਸੀ ਦੀ ਪਟੀਸ਼ਨ ਦੀ ਸੁਣਵਾਈ ਤੋਂ ਜਸਟਿਸ ਸ਼ਰਮਾ ਨੂੰ ਹਟਣ ਲਈ ਮੰਗ ਕੀਤੀ ਹੈ। ਹਲਫ਼ਨਾਮੇ 'ਚ ਉਨ੍ਹਾਂ ਨੇ ਕਿਹਾ ਕਿ ਇਸ ਵਿਚ ਸਿੱਧਾ ਹਿਤਾਂ ਦਾ ਟਕਰਾਅ ਹੈ ਜਿਸ ਨਾਲ ਉਨ੍ਹਾਂ ਦਾ ਖਦਸ਼ਾ ਹੋਰ ਵਧ ਗਿਆ ਹੈ ਅਤੇ ਇਹ ਜੱਜ ਨੂੰ ਕੇਸ ਤੋਂ ਹਟਾਉਣ ਦਾ ਆਧਾਰ ਬਣਾਉਂਦਾ ਹੈ। ਉਨ੍ਹਾਂ ਨੇ ਅੱਗੇ ਜ਼ੁਬਾਨੀ ਅਤੇ ਜਵਾਬੀ ਦਲੀਲਾਂ ਦੇਣ ਲਈ ਸਮਾਂ ਵੀ ਮੰਗਿਆ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਜਸਟਿਸ ਸ਼ਰਮਾ ਦੇ ਸਾਹਮਣੇ ਕੇਸ ਜਾਰੀ ਰੱਖਣ ਨਾਲ ਨਿਆਇਕ ਨਿਰਪੱਖਤਾ, ਸੁਤੰਤਰਤਾ ਅਤੇ ਨਿਰਲੇਪਤਾ ਦੀ ਉਹ ਪੂਰੀ ਝਲਕ ਨਹੀਂ ਮਿਲ ਸਕੇਗੀ ਜਿਸ ਦੀ ਕਾਨੂੰਨ ਮੰਗ ਕਰਦਾ ਹੈ।

### ਈਰਾਨ ਨਾਲ ਜੰਗ ਵਿਚਾਲੇ ਅਮਰੀਕਾ 'ਚ ਸਿਆਸੀ ਭੂਚਾਲ

# 2 ਵੱਡੇ ਲੀਡਰਾਂ ਨੇ ਦਿੱਤਾ ਅਸਤੀਫ਼ਾ



ਨਿਊਯਾਰਕ : ਅਮਰੀਕੀ ਕਾਂਗਰਸ (ਪ੍ਰਤੀਨਿਧੀ ਸਭਾ) ਦੇ ਦੋ ਮੈਂਬਰਾਂ ਨੇ ਜਿਨਸੀ ਸ਼ੋਸ਼ਣ ਦੇ ਗੰਭੀਰ ਦੋਸ਼ਾਂ ਅਤੇ ਸਦਨ ਵਿੱਚੋਂ ਕੱਢੇ ਜਾਣ ਦੇ ਖ਼ਦਸ਼ੇ ਦੇ ਚਲਦਿਆਂ ਆਪਣੇ ਅਹੁਦਿਆਂ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ। ਇਨ੍ਹਾਂ ਮੈਂਬਰਾਂ ਵਿੱਚ ਡੈਮੋਕ੍ਰੇਟਿਕ ਪਾਰਟੀ ਦੇ ਐਰਿਕ ਸਵੈਲਵੈਲ ਅਤੇ ਰਿਪਬਲਿਕਨ ਪਾਰਟੀ ਦੇ ਟੋਨੀ ਗੋਂਜ਼ਾਲੇਸ ਸ਼ਾਮਲ ਹਨ।

**ਐਰਿਕ ਸਵੈਲਵੈਲ ਨੇ ਦਿੱਤਾ ਅਸਤੀਫ਼ਾ :** ਕੈਲੀਫੋਰਨੀਆ ਦੇ ਗਵਰਨਰ ਦੀ ਦੌੜ ਵਿੱਚ ਸ਼ਾਮਲ ਡੈਮੋਕ੍ਰੇਟ ਐਰਿਕ ਸਵੈਲਵੈਲ ਨੇ ਸੋਮਵਾਰ ਨੂੰ ਸੋਸ਼ਲ ਮੀਡੀਆ ਰਾਹੀਂ ਆਪਣੇ ਅਸਤੀਫੇ ਦੀ ਪੁਸ਼ਟੀ ਕੀਤੀ। ਸਵੈਲਵੈਲ ਨਿਊਯਾਰਕ ਸਿਟੀ ਵਿੱਚ ਇੱਕ ਅਪਰਾਧਿਕ ਜਾਂਚ ਦਾ ਸਾਹਮਣਾ ਕਰ ਰਹੇ ਹਨ, ਜਿੱਥੇ ਇੱਕ ਮਹਿਲਾ ਨੇ ਉਨ੍ਹਾਂ 'ਤੇ ਸ਼ਹਿਰ ਦੇ ਇੱਕ ਹੋਟਲ ਵਿੱਚ ਜਿਨਸੀ ਹਮਲਾ ਕਰਨ ਦਾ ਦੋਸ਼ ਲਾਇਆ ਹੈ। ਇਸ ਤੋਂ ਇਲਾਵਾ ਤਿੰਨ ਹੋਰ ਔਰਤਾਂ ਨੇ ਵੀ ਉਨ੍ਹਾਂ 'ਤੇ ਜਿਨਸੀ ਸ਼ੋਸ਼ਣ ਅਤੇ ਪਰੇਸ਼ਾਨ ਕਰਨ ਦੇ ਦੋਸ਼ ਲਾਏ ਹਨ। ਹਾਲਾਂਕਿ ਉਨ੍ਹਾਂ ਨੇ ਦੋਸ਼ਾਂ ਨੂੰ ਗਲਤ ਦੱਸਿਆ ਹੈ, ਪਰ ਨਾਲ ਹੀ 'ਫੈਸਲੇ ਲੈਣ ਵਿੱਚ ਹੋਈਆਂ ਗਲਤੀਆਂ' ਲਈ ਮੁਆਫੀ ਵੀ ਮੰਗੀ ਹੈ।

**ਸਟਾਫ ਮੈਂਬਰ ਦੀ ਖੁਦਕੁਸ਼ੀ ਨੇ ਵਧਾਈਆਂ ਗੋਂਜ਼ਾਲੇਸ ਦੀਆਂ ਮੁਸ਼ਕਿਲਾਂ :** ਦੂਜੇ ਪਾਸੇ ਰਿਪਬਲਿਕਨ ਟੋਨੀ ਗੋਂਜ਼ਾਲੇਸ ਵੀ ਭਾਰੀ ਦਬਾਅ ਹੇਠ ਹਨ। ਸੂਤਰਾਂ ਅਨੁਸਾਰ ਉਨ੍ਹਾਂ ਦੀ ਇੱਕ ਸਟਾਫ ਮੈਂਬਰ, ਰੇਜੀਨਾ ਸੈਂਟੋਸ-ਅਵਿਲੇਸ ਨੇ ਪਿਛਲੇ ਸਾਲ ਖੁਦਕੁਸ਼ੀ ਕਰ ਲਈ ਸੀ। ਦੋਸ਼ ਹਨ ਕਿ ਗੋਂਜ਼ਾਲੇਸ ਨੇ ਉਸ ਨੂੰ ਸਬੰਧ ਬਣਾਉਣ ਲਈ ਮਜਬੂਰ ਕੀਤਾ ਸੀ। ਪਹਿਲਾਂ ਇਨਕਾਰ ਕਰਨ ਤੋਂ ਬਾਅਦ ਗੋਂਜ਼ਾਲੇਸ ਨੇ ਬਾਅਦ ਵਿੱਚ ਅਫੇਅਰ ਦੀ ਗੱਲ ਕਬੂਲ ਕਰ ਲਈ ਸੀ। ਇਸ ਤੋਂ ਇਲਾਵਾ ਇੱਕ ਹੋਰ ਸਟਾਫ ਮੈਂਬਰ ਨੇ ਵੀ ਉਨ੍ਹਾਂ 'ਤੇ ਨਗਨ ਤਸਵੀਰਾਂ ਅਤੇ ਜਿਨਸੀ ਸਬੰਧਾਂ ਦੀ ਮੰਗ ਕਰਨ ਦੇ ਦੋਸ਼ ਲਾਏ ਹਨ।

**ਸਿਆਸੀ ਸਮੀਕਰਨਾਂ 'ਚ ਬਦਲਾਅ :** ਸਵੈਲਵੈਲ ਦੇ ਗਵਰਨਰ ਦੀ ਦੌੜ ਤੋਂ ਬਾਹਰ ਹੋਣ ਨਾਲ ਕੈਲੀਫੋਰਨੀਆ ਦੀਆਂ ਸਿਆਸੀ ਸਫਾਂ ਵਿੱਚ ਵੱਡੀ ਤਬਦੀਲੀ ਆਉਣ ਦੀ ਉਮੀਦ ਹੈ। ਸੂਤਰਾਂ ਮੁਤਾਬਕ, ਉਨ੍ਹਾਂ ਦੇ ਹਟਣ ਨਾਲ ਹੁਣ ਡੈਮੋਕ੍ਰੇਟਿਕ ਪਾਰਟੀ ਦੇ ਵੋਟਰ ਕਿਸੇ ਇੱਕ ਉਮੀਦਵਾਰ ਦੇ ਪੱਖ ਵਿੱਚ ਲਾਮਬੰਦ ਹੋ ਸਕਦੇ ਹਨ, ਜਿਸ ਨਾਲ ਨਵੰਬਰ ਦੀਆਂ ਚੋਣਾਂ ਵਿੱਚ ਪਾਰਟੀ ਦੀ ਸਥਿਤੀ ਮਜ਼ਬੂਤ ਹੋ ਸਕਦੀ ਹੈ। ਸਦਨ ਦੀ ਨੈਤਿਕਤਾ ਕਮੇਟੀ ਇਨ੍ਹਾਂ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

# ਕੈਲੀਫੋਰਨੀਆ ਅਸੈਂਬਲੀ ਨੇ 'ਵਿਸਾਖੀ' ਨੂੰ ਅਧਿਕਾਰਤ ਤੌਰ 'ਤੇ ਦਿੱਤੀ ਮਾਨਤਾ

### ਜਸਮੀਤ ਕੌਰ ਬੈਂਸ ਦੁਆਰਾ ਪੇਸ਼ ਕੀਤੇ ਗਏ ਮਤੇ ਨੂੰ ਸਦਨ ਦੇ 80 ਮੈਂਬਰਾਂ ਵਿੱਚੋਂ 76 ਦਾ ਸਮਰਥਨ ਹੋਇਆ ਪ੍ਰਾਪਤ






ਵਾਸ਼ਿੰਗਟਨ : ਕੈਲੀਫੋਰਨੀਆ ਅਸੈਂਬਲੀ ਨੇ ਇਕ ਮਤਾ ਪਾਸ ਕਰ ਕੇ ਵਿਸਾਖੀ ਨੂੰ ਸਿੱਖ-ਅਮਰੀਕੀਆਂ ਲਈ ਸਭ ਤੋਂ ਮਹੱਤਵਪੂਰਨ ਦਿਨਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਹੈ ਅਤੇ ਸੂਬਾ ਨਿਵਾਸੀਆਂ ਨੂੰ ਵਿਸਾਖੀ ਦੇ ਜਸ਼ਨਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਹੈ। ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਦੁਆਰਾ ਪੇਸ਼ ਕੀਤੇ ਗਏ ਇਸ ਮਤੇ ਨੂੰ ਸਦਨ ਦੇ 80 ਮੈਂਬਰਾਂ ਵਿੱਚੋਂ 76 ਦਾ ਸਮਰਥਨ ਪ੍ਰਾਪਤ ਹੋਇਆ ਅਤੇ ਇਹ ਸੋਮਵਾਰ, ਵਿਸਾਖੀ ਦੀ ਪੂਰਵ ਸੰਧਿਆ 'ਤੇ ਪਾਸ ਹੋ ਗਿਆ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ X 'ਤੇ ਪੋਸਟ ਕੀਤਾ, 'ਕੈਲੀਫੋਰਨੀਆ ਵਿੱਚ ਵਿਸਾਖੀ ਮਨਾ ਰਹੇ ਸਿੱਖ ਭਾਈਚਾਰਿਆਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਅਤੇ ਭਰਪੂਰ ਫ਼ਸਲਾਂ ਲਈ ਮੇਰੀਆਂ ਸ਼ੁਭਕਾਮਨਾਵਾਂ। ਵਿਸਾਖੀ ਦੀਆ, ਲੱਖ ਲੱਖ ਵਧਾਈਆਂ।' ਮਤੇ ਵਿੱਚ ਕਿਹਾ ਗਿਆ ਹੈ ਕਿ ਅਸੈਂਬਲੀ 14 ਅਪ੍ਰੈਲ, 2026 ਨੂੰ ਮਨਾਈ ਜਾ ਰਹੀ ਵਿਸਾਖੀ ਨੂੰ ਮਾਨਤਾ ਦਿੰਦੀ ਹੈ ਅਤੇ ਇਸਨੂੰ ਸਿੱਖ ਇਤਿਹਾਸ ਅਤੇ ਸਿੱਖ-ਅਮਰੀਕੀਆਂ ਲਈ ਇੱਕ ਬਹੁਤ ਮਹੱਤਵਪੂਰਨ ਦਿਨ ਮੰਨਦੇ ਹੋਏ ਇਸ ਮੌਕੇ 'ਤੇ ਡੂੰਘਾ ਸਤਿਕਾਰ ਪ੍ਰਗਟ ਕਰਦੀ ਹੈ। ਨਾਲ ਹੀ ਇਸਨੇ ਦੁਨੀਆ ਭਰ ਦੇ ਦੱਖਣੀ ਏਸ਼ੀਆਈ ਭਾਈਚਾਰਿਆਂ ਅਤੇ ਪ੍ਰਵਾਸੀ ਭਾਰਤੀਆਂ ਨਾਲ ਇਸ ਤਿਉਹਾਰ ਨੂੰ ਮਨਾਉਣ ਵਾਲਿਆਂ ਪ੍ਰਤੀ ਸਨਮਾਨ ਪ੍ਰਗਟਾਇਆ।

ਕਈ ਅਮਰੀਕੀ ਨੇਤਾਵਾਂ ਨੇ ਵੀ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ। ਸੈਨੇਟਰ ਚੱਕ ਸ਼ੂਮਰ ਨੇ ਕਿਹਾ ਕਿ ਇਹ ਦਿਨ 1699 ਵਿੱਚ ਖਾਲਸਾ ਪੰਥ ਦੀ ਸਥਾਪਨਾ ਦਾ ਪ੍ਰਤੀਕ ਹੈ, ਜੋ ਸਮਾਨਤਾ, ਸੇਵਾ ਅਤੇ ਹਿੰਮਤ ਦੀ ਪਰੰਪਰਾ ਨੂੰ ਦਰਸਾਉਂਦਾ ਹੈ। ਇਸ ਦੌਰਾਨ, ਟੈਕਸਾਸ ਤੋਂ ਕਾਂਗਰਸਵੂਮੈਨ ਲਿਜ਼ੀ ਫਲੈਚਰ ਅਤੇ ਕੈਲੀਫੋਰਨੀਆ ਤੋਂ ਕਾਂਗਰਸਮੈਨ ਬ੍ਰੈਡ ਸ਼ਰਮਨ ਨੇ ਸਿੱਖ ਭਾਈਚਾਰੇ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ, ਜਦੋਂ ਕਿ ਮੈਰੀਲੈਂਡ ਤੋਂ ਕਾਂਗਰਸਮੈਨ ਜੈਮੀ ਰਾਸਕਿਨ ਨੇ ਇਸਨੂੰ ਪਰਿਵਾਰ ਅਤੇ ਦੋਸਤਾਂ ਨਾਲ ਮਨਾਉਣ ਲਈ ਇੱਕ ਤਿਉਹਾਰ ਕਿਹਾ। ਹਿੰਦੂ ਅਮਰੀਕਨ ਫਾਊਂਡੇਸ਼ਨ ਨੇ ਇਸਨੂੰ ਸਿੱਖ ਅਤੇ ਹਿੰਦੂ ਭਾਈਚਾਰਿਆਂ ਲਈ ਸਤਿਕਾਰ ਦਾ ਇੱਕ ਇਤਿਹਾਸਕ ਪਲ ਦੱਸਿਆ।

# 'ਪੋਇਲਾ ਬੈਸਾਖ' ਮੌਕੇ ਲਕਸ਼ਮੀ ਨਰਾਇਣ ਮੰਦਰ 'ਚ ਹੋਈਆਂ ਵਿਸ਼ੇਸ਼ ਅਰਦਾਸਾਂ

### ਨਵੇਂ ਖਾਤਾ-ਵਹੀਆਂ ਨੂੰ ਦਿੱਤਾ ਗਿਆ ਅਸ਼ੀਰਵਾਦ



ਅਗਰਤਲਾ : ਤ੍ਰਿਪੁਰਾ ਦੀ ਰਾਜਧਾਨੀ ਅਗਰਤਲਾ ਵਿਖੇ ਬੰਗਾਲੀ ਨਵੇਂ ਸਾਲ 'ਪੋਇਲਾ ਬੈਸਾਖ' (Poila Baisakh) ਦਾ ਤਿਉਹਾਰ ਬੜੀ ਸਰਧਾ ਅਤੇ ਪਰੰਪਰਾਗਤ ਰੀਤੀ-ਰਿਵਾਜਾਂ ਨਾਲ ਮਨਾਇਆ ਗਿਆ। ਇਸ ਸ਼ੁਭ ਮੌਕੇ 'ਤੇ ਸ਼ਹਿਰ ਦੇ ਇਤਿਹਾਸਕ ਲਕਸ਼ਮੀ ਨਰਾਇਣ ਮੰਦਰ ਵਿਖੇ ਸਵੇਰ ਤੋਂ ਹੀ ਸ਼ਰਧਾਲੂਆਂ ਅਤੇ ਕਾਰੋਬਾਰੀਆਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ।

'ਹਾਖਾਤਾ' ਦੀ ਪਵਿੱਤਰ ਰਸਮ

ਬੰਗਾਲੀ ਸੱਭਿਆਚਾਰ ਵਿੱਚ ਨਵੇਂ ਸਾਲ ਦੀ ਸ਼ੁਰੂਆਤ 'ਤੇ ਵਪਾਰੀਆਂ ਵੱਲੋਂ ਆਪਣੇ ਨਵੇਂ ਕਾਰੋਬਾਰੀ ਸਾਲ ਦਾ ਆਗਾਜ਼ ਕੀਤਾ ਜਾਂਦਾ ਹੈ। ਇਸ ਮੌਕੇ ਮੰਦਰ ਦੇ ਪੁਜਾਰੀਆਂ ਵੱਲੋਂ ਵਪਾਰੀਆਂ ਦੇ ਨਵੇਂ ਖਾਤਾ-ਵਹੀਆਂ (Account Books) 'ਤੇ ਮੰਤਰਾਂ ਦੇ ਉਚਾਰਨ ਨਾਲ ਅਸ਼ੀਰਵਾਦ ਦਿੱਤਾ ਗਿਆ ਅਤੇ ਸੁਖ-ਸ਼ਾਂਤੀ ਤੇ ਖੁਸ਼ਹਾਲੀ ਦੀ ਕਾਮਨਾ ਕੀਤੀ ਗਈ।

ਮੁੱਖ ਨੁਕਤੇ:

ਧਾਰਮਿਕ ਮਹੱਤਵ: ਸ਼ਰਧਾਲੂਆਂ ਨੇ ਮਾਤਾ ਲਕਸ਼ਮੀ ਅਤੇ ਭਗਵਾਨ ਨਰਾਇਣ ਅੱਗੇ ਸੀਸ ਨਿਵਾ ਕੇ ਨਵੇਂ ਸਾਲ ਵਿੱਚ ਕਾਰੋਬਾਰੀ ਸਫਲਤਾ ਲਈ ਅਰਦਾਸ ਕੀਤੀ।

ਰਵਾਇਤੀ ਉਤਸ਼ਾਹ: ਅਗਰਤਲਾ ਦੇ ਬਾਜ਼ਾਰਾਂ ਅਤੇ ਮੰਦਰਾਂ ਵਿੱਚ ਤਿਉਹਾਰੀ ਰੌਣਕ ਰਹੀ, ਅਤੇ ਲੋਕਾਂ ਨੇ ਇੱਕ-ਦੂਜੇ ਨੂੰ 'ਸ਼ੁਭੋ ਨੋਬੋ ਬੋਰਸ਼ੋ' ਕਹਿ ਕੇ ਵਧਾਈਆਂ ਦਿੱਤੀਆਂ।

ਸੱਭਿਆਚਾਰਕ ਸਾਂਝ: ਇਹ ਦਿਨ ਬੰਗਾਲੀ ਭਾਈਚਾਰੇ ਲਈ ਨਵੀਂ ਉਮੀਦ ਅਤੇ ਨਵੀਂ ਸ਼ੁਰੂਆਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਬੁੱਧਵਾਰ ਨੂੰ ਹੋਏ ਇਸ ਸਮਾਗਮ ਨੇ ਅਗਰਤਲਾ ਦੇ ਅਧਿਆਤਮਿਕ ਅਤੇ ਆਰਥਿਕ ਜੀਵਨ ਦੀ ਸੁੰਦਰ ਝਲਕ ਪੇਸ਼ ਕੀਤੀ।

### ਤਾਮਿਲਨਾਡੂ ਦੀ ਸਿਆਸਤ ਵਿੱਚ ਵੱਡਾ ਉਲਟਫੇਰ

# 35 ਸਾਲਾਂ ਵਿੱਚ ਪਹਿਲੀ ਵਾਰ ਵੱਡੀਆਂ ਪਾਰਟੀਆਂ ਨੇ ਕਿਸੇ 'ਬ੍ਰਾਹਮਣ' ਉਮੀਦਵਾਰ ਨੂੰ ਨਹੀਂ ਦਿੱਤੀ ਟਿਕਟ

ਚੇਨਈ/ਲਿਵਰਮੋਰ, (ਸਾਡੇ ਲੋਕ/Daily USA) : ਤਾਮਿਲਨਾਡੂ ਦੀ ਰਾਜਨੀਤੀ ਵਿੱਚ ਇਸ ਵਾਰ ਇੱਕ ਇਤਿਹਾਸਕ ਅਤੇ ਹੈਰਾਨੀਜਨਕ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। 2026 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਪਿਛਲੇ 35 ਸਾਲਾਂ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਰਾਜ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ (AIADMK, DMK, BJP ਅਤੇ ਕਾਂਗਰਸ) ਵਿੱਚੋਂ ਕਿਸੇ ਨੇ ਵੀ ਇੱਕ ਵੀ 'ਬ੍ਰਾਹਮਣ' ਉਮੀਦਵਾਰ ਚੋਣ ਮੈਦਾਨ ਵਿੱਚ ਨਹੀਂ ਉਤਾਰਿਆ।

**ਰਾਜਨੀਤਿਕ ਸਮੀਕਰਨਾਂ ਵਿੱਚ ਆਇਆ ਵੱਡਾ ਬਦਲਾਅ**

**AIADMK ਦਾ ਬਦਲਿਆ ਰੂਪ:** ਸਾਬਕਾ ਮੁੱਖ ਮੰਤਰੀ ਮਰਹੂਮ ਜੇ. ਜੈਲਲਿਤਾ (ਜੋ ਖੁਦ ਬ੍ਰਾਹਮਣ ਸਨ) ਦੇ ਸਮੇਂ ਤੋਂ ਬਾਅਦ ਪਾਰਟੀ ਦੀ ਰਣਨੀਤੀ ਪੂਰੀ ਤਰ੍ਹਾਂ ਬਦਲ ਗਈ ਹੈ। 2021 ਵਿੱਚ ਇੱਕ ਉਮੀਦਵਾਰ ਉਤਾਰਨ ਵਾਲੀ AIADMK ਨੇ ਇਸ ਵਾਰ ਇੱਕ ਵੀ ਟਿਕਟ ਨਹੀਂ ਦਿੱਤੀ।

**BJP ਦੀ ਹੈਰਾਨੀਜਨਕ ਚੁੱਪ:** ਤਾਮਿਲਨਾਡੂ ਬ੍ਰਾਹਮਣ ਐਸੋਸੀਏਸ਼ਨ (TAMBRAS) ਦੇ ਸਮਰਥਨ ਦੇ ਬਾਵਜੂਦ, ਭਾਰਤੀ ਜਨਤਾ ਪਾਰਟੀ ਨੇ ਆਪਣੇ ਹਿੱਸੇ ਆਈਆਂ 27 ਸੀਟਾਂ 'ਤੇ ਕਿਸੇ ਵੀ ਬ੍ਰਾਹਮਣ ਚਿਹਰੇ ਨੂੰ ਮੌਕਾ ਨਹੀਂ ਦਿੱਤਾ।

**ਦੂਜੀਆਂ ਪਾਰਟੀਆਂ ਦਾ ਹਾਲ:** DMK ਅਤੇ ਕਾਂਗਰਸ ਨੇ ਵੀ ਇਸੇ ਰਾਹ 'ਤੇ ਚੱਲਦਿਆਂ ਇਸ ਭਾਈਚਾਰੇ ਤੋਂ ਦੂਰੀ ਬਣਾਈ ਰੱਖੀ ਹੈ।

**ਨਵੀਆਂ ਪਾਰਟੀਆਂ ਨੇ ਦਿਖਾਈ ਹਿੰਮਤ**

ਜਿੱਥੇ ਰਵਾਇਤੀ ਪਾਰਟੀਆਂ ਨੇ ਪਾਸਾ ਵੱਟਿਆ ਹੈ, ਉੱਥੇ ਹੀ ਨਵੇਂ ਸਿਆਸੀ ਖਿਡਾਰੀਆਂ ਨੇ ਵੱਖਰੀ ਪਹੁੰਚ ਅਪਣਾਈ ਹੈ:

ਅਦਾਕਾਰ ਤੋਂ ਸਿਆਸਤਦਾਨ ਬਣੇ ਵਿਜੇ ਦੀ ਪਾਰਟੀ (TVK) ਨੇ 2 ਬ੍ਰਾਹਮਣ ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ।

ਸੀਮਨ ਦੀ ਅਗਵਾਈ ਵਾਲੀ NTK ਨੇ ਸਭ ਤੋਂ ਵੱਧ 6 ਬ੍ਰਾਹਮਣ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਹਨ।

**ਕੀ ਹੈ ਇਸ ਦੇ ਪਿੱਛੇ ਦਾ ਕਾਰਨ ?**

ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ 'ਦ੍ਰਾਵਿੜ ਰਾਜਨੀਤੀ' ਦੇ ਉਸ ਪ੍ਰਭਾਵ ਦਾ ਨਤੀਜਾ ਹੈ, ਜਿੱਥੇ ਹੁਣ ਪਾਰਟੀਆਂ ਜਾਤੀਗਤ ਸਮੀਕਰਨਾਂ ਨੂੰ ਲੈ ਕੇ ਨਵੇਂ ਪ੍ਰਯੋਗ ਕਰ ਰਹੀਆਂ ਹਨ। ਮਾਈਲਾਪੁਰ ਅਤੇ ਸ੍ਰੀਰੰਗਮ ਵਰਗੇ ਇਲਾਕੇ, ਜਿੱਥੇ ਬ੍ਰਾਹਮਣ ਵੋਟਰ ਵੱਡੀ ਗਿਣਤੀ ਵਿੱਚ ਹਨ, ਉੱਥੇ ਵੀ ਵੱਡੀਆਂ ਪਾਰਟੀਆਂ ਨੇ ਇਸ ਵਾਰ ਸਥਾਨਕ ਅਤੇ ਹੋਰ ਪਛੜੇ ਵਰਗਾਂ ਦੇ ਉਮੀਦਵਾਰਾਂ 'ਤੇ ਭਰੋਸਾ ਜਤਾਇਆ ਹੈ।

**ਸ੍ਰੀ ਰਾਮ ਮੂਰਤੀ ਸਰੋਆ (ਕੈਲੀਫੋਰਨੀਆ) ਦਾ ਪ੍ਰਤੀਕਰਮ**

ਇਸ ਖ਼ਬਰ 'ਤੇ ਪ੍ਰਤੀਕਿਰਿਆ ਦਿੰਦਿਆਂ ਅਮਰੀਕਾ ਦੇ ਉੱਘੇ ਅੰਬੇਡਕਰਵਾਦੀ ਆਗੂ ਸ਼੍ਰੀ ਰਾਮ ਮੂਰਤੀ ਸਰੋਆ ਨੇ ਕਿਹਾ ਕਿ: 'ਰਾਜਨੀਤੀ ਵਿੱਚ ਆ ਰਿਹਾ ਇਹ ਬਦਲਾਅ ਦਰਸਾਉਂਦਾ ਹੈ ਕਿ ਹੁਣ ਸਮਾਜਿਕ ਨਿਆਂ ਅਤੇ ਸੰਖਿਆ ਬਲ ਦੀ ਅਹਿਮੀਅਤ ਵਧ ਰਹੀ ਹੈ। ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ 'ਵੋਟ ਦੀ ਤਾਕਤ' ਦੇ ਸਿਧਾਂਤ ਨੇ ਅੱਜ ਵੱਡੀਆਂ ਪਾਰਟੀਆਂ ਨੂੰ ਆਪਣੀਆਂ ਨੀਤੀਆਂ ਬਦਲਣ ਲਈ ਮਜਬੂਰ ਕਰ ਦਿੱਤਾ ਹੈ। ਜਦੋਂ ਤੱਕ ਪਛੜੇ ਅਤੇ ਦਲਿਤ ਵਰਗ ਇਕਜੁੱਟ ਰਹਿਣਗੇ, ਸੱਤਾ ਦੀਆਂ ਚਾਬੀਆਂ ਸਾਡੇ ਹੱਥ ਵਿੱਚ ਰਹਿਣਗੀਆਂ।'

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਡਾ. ਭੀਮ ਰਾਓ ਅੰਬੇਡਕਰ ਦੀ ਜਯੰਤੀ ਮਨਾਈ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਚੇਅਰਮੈਨ ਸ੍ਰੀ ਰਜਿੰਦਰ ਸਿੰਘ ਮਾਰਸ਼ਲ ਜੀ ਦੇ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਪਰਵਿੰਦਰ ਸਿੰਘ ਜੀ ਦੀ ਅਗਵਾਈ ਹੇਠ ਭਾਰਤੀ ਸੰਵਿਧਾਨ ਦੇ ਜਨਮਦਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦੀ ਜਯੰਤੀ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਭਾਰੀ ਉਤਸ਼ਾਹ ਨਾਲ ਮਨਾਈ ਗਈ। ਪ੍ਰਿੰਸੀਪਲ ਸਰ ਪਰਵਿੰਦਰ ਸਿੰਘ ਜੀ ਨੇ ਬੱਚਿਆਂ ਨੂੰ ਦੱਸਿਆ ਕਿ ਡਾ. ਅੰਬੇਡਕਰ ਜੀ ਇੱਕ ਮਹਾਨ ਅਰਥ ਸ਼ਾਸਤਰੀ, ਸਿਆਸਤਦਾਨ ਅਤੇ ਪ੍ਰਭਾਵਸ਼ਾਲੀ ਨੇਤਾ ਸਨ ਪਰ ਇਸ ਤੋਂ ਇਲਾਵਾ ਉਹ ਇੱਕ ਉੱਘੇ ਸਮਾਜ ਸੁਧਾਰਕ ਵੀ ਸਨ। ਉਹ ਅਜ਼ਾਦ ਭਾਰਤ ਦੇ ਪਹਿਲੇ ਕਾਨੂੰਨ ਅਤੇ ਇਨਸਾਫ਼ ਮੰਤਰੀ ਬਣੇ। ਦਲਿਤ ਭਾਈਚਾਰੇ ਦੇ ਹੱਕਾਂ ਲਈ ਉਹਨਾਂ ਦੁਆਰਾ ਕੀਤੇ ਗਏ ਸੰਘਰਸ਼ ਨੂੰ ਭੁਲਾਇਆ ਨਹੀਂ ਜਾ ਸਕਦਾ। ਭਾਰਤੀ ਸੰਵਿਧਾਨ ਦੀ ਉਸਾਰੀ ਸਮੇਂ ਵੀ ਉਹਨਾਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਕਿ ਸਮਾਜ ਦੇ ਦੱਬੇ, ਕੁਚਲੇ ਅਤੇ ਪਿੱਛੜੇ ਵਰਗ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਠੋਸ ਕਦਮ ਚੁੱਕੇ ਜਾਣ, ਇਸ ਲਈ ਹਰ ਖੇਤਰ ਵਿੱਚ ਪਿੱਛੜੀ ਜਾਤੀ ਦੇ ਲੋਕਾਂ ਲਈ ਰਾਖਵਾਂਕਰਨ (ਰਿਜ਼ਰਵੇਸ਼ਨ) ਦੀ ਪ੍ਰੋਵੀਜ਼ਨ ਰੱਖੀ ਗਈ। ਅੰਤ ਵਿੱਚ ਸਕੂਲ ਮੈਨੇਜਮੈਂਟ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਬਾਬਾ ਸਾਹਿਬ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਇਸ ਮੌਕੇ 'ਤੇ ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ, ਸੁਖਲਿੰਦਰ ਪਾਲ ਸਿੰਘ, ਕਿਰਨਦੀਪ ਕੌਰ, ਦਲਜੀਤ ਕੌਰ, ਰਾਜਦੀਪ ਸੈਣੀ, ਗੁਰਪ੍ਰੀਤ ਕੌਰ, ਨਵਨੀਤ ਕੌਰ, ਸੰਦੀਪ ਕੌਰ, ਇੰਦਰਵੀਰ ਕੌਰ, ਸਿਮਰਪ੍ਰੀਤ, ਅਮਨ ਬੱਧਣ, ਪਰਮਦੀਪ ਕੌਰ, ਨੀਲਮ ਰਾਣੀ, ਬਬੀਤਾ, ਨੀਲਮਾ ਦੇਵੀ, ਅਵਤਾਰ ਕੌਰ, ਮਨਪ੍ਰੀਤ ਕੌਰ, ਸਿਮਰਨ ਸੈਣੀ, ਸ਼ਿਵਾਨੀ ਆਦਿ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਅਮਰੀਕਾ ਦੀ ਧਰਤੀ ਸੰਸਦ ਮੈਂਬਰ ਸ਼੍ਰੀ ਚੰਦਰ ਸ਼ੇਖਰ ਆਜ਼ਾਦ ਦੇ ਸਵਾਗਤ ਲਈ ਤਿਆਰ

## ਬਾਬਾ ਸਾਹਿਬ ਦੇ ਮਿਸ਼ਨ ਦੇ ਵਾਰਿਸ 'ਤੇ ਸਮਾਜ ਨੂੰ ਮਾਣ ਹੈ : ਸ਼੍ਰੀ ਰਾਮ ਮੂਰਤੀ ਸਰੋਆ









**ਸੰਸਦ ਮੈਂਬਰ ਸ਼੍ਰੀ ਚੰਦਰ ਸ਼ੇਖਰ ਆਜ਼ਾਦ**

ਲਿਵਰਮੋਰ/ਪਿਟਸਬਰਗ (ਕੈਲੀਫੋਰਨੀਆ): (ਸਾਡੇ ਲੋਕ/ Daily USA) : ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ 135ਵੇਂ ਜਨਮ ਦਿਹਾੜੇ ਦੇ ਸਬੰਧ ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਉਤਸ਼ਾਹ ਦੀ ਲਹਿਰ ਹੈ। ਇਸ ਇਤਿਹਾਸਕ ਮੌਕੇ 'ਤੇ ਭਾਰਤ ਦੇ ਨੌਜਵਾਨ ਅਤੇ ਨਿਡਰ ਆਗੂ, ਨਗੀਨਾ (ਯੂ.ਪੀ.) ਤੋਂ ਸੰਸਦ ਮੈਂਬਰ ਭਾਈ ਚੰਦਰਸ਼ੇਖਰ ਆਜ਼ਾਦ ਜੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

ਕੌਮ ਦੇ ਵਾਰਿਸ ਦਾ ਹੋਵੇਗਾ ਨਿੱਘਾ ਸਵਾਗਤ: ਰਾਮ ਮੂਰਤੀ ਸਰੋਆ

ਡਾ. ਅੰਬੇਡਕਰ ਐਜੂਕੇਸ਼ਨ ਐਂਡ ਸੁਸਾਇਟੀ ਦੇ ਚੇਅਰਮੈਨ, ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰੀ ਗੁਰੂ ਰਵਿਦਾਸ ਸਭਾ ਅਮਰੀਕਾ ਅਤੇ ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇਅ ਏਰੀਆ ਕੈਲੀਫੋਰਨੀਆ ਸ਼੍ਰੀ ਰਾਮ ਮੂਰਤੀ ਸਰੋਆ ਜੀ ਨੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ:

'ਬਾਬਾ ਸਾਹਿਬ ਤੋਂ ਬਾਅਦ, ਵਿਸ਼ਵ ਭਰ ਦੇ ਦਲਿਤ ਸਮਾਜ ਨੂੰ ਨਵੀਂ ਦਿਸ਼ਾ ਅਤੇ ਰਹਿਨੁਮਾਈ ਦੇਣ ਵਾਲੇ ਵਾਹਿਦ ਨਿਡਰ ਆਗੂ ਭਾਈ ਚੰਦਰਸ਼ੇਖਰ ਆਜ਼ਾਦ ਹਨ। 18 ਅਪ੍ਰੈਲ 2026 ਨੂੰ ਉਨ੍ਹਾਂ ਦੇ ਅਮਰੀਕਾ ਪਹੁੰਚਣ 'ਤੇ ਸਮੂਹ ਭਾਈਚਾਰਾ ਉਨ੍ਹਾਂ ਦਾ ਤਹਿ ਦਿਲੋਂ ਸਵਾਗਤ ਕਰੇਗਾ।'

**ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਦਾ ਵੇਲਾ**

ਸ਼੍ਰੀ ਸਰੋਆ ਨੇ ਬਹੁਤ ਹੀ ਗੰਭੀਰਤਾ ਨਾਲ ਕਿਹਾ ਕਿ ਪੂਰੀ ਦੁਨੀਆ ਦੇ ਸਮਾਜ ਦੀਆਂ ਅੱਖਾਂ ਹੁਣ ਆਜ਼ਾਦ ਜੀ 'ਤੇ ਟਿਕੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਦਲਿਤ ਸਮਾਜ ਦੀ ਗਿਣਤੀ 70% ਤੋਂ ਉੱਪਰ ਹੋਣ ਦੇ ਬਾਵਜੂਦ ਸਾਨੂੰ ਕੁਝ ਲੋਕਾਂ ਦੇ ਮੁਥਾਜ ਬਣਨਾ ਪੈਂਦਾ ਹੈ। ਪਰ ਹੁਣ ਲੋਕ ਜਾਗ ਚੁੱਕੇ ਹਨ ਅਤੇ ਸਦੀਆਂ ਦੀ ਗੁਲਾਮੀ ਦਾ ਅੰਤ ਨਿਸ਼ਚਿਤ ਹੈ। ਉਨ੍ਹਾਂ ਅਪੀਲ ਕੀਤੀ ਕਿ ਦੁਨੀਆ ਭਰ ਵਿੱਚ ਵੱਸਦਾ ਸਮਾਜ ਭਾਈ ਚੰਦਰ ਸ਼ੇਖਰ ਆਜ਼ਾਦ ਦੇ ਹੱਥ ਮਜ਼ਬੂਤ ਕਰੇ।

ਸਮਾਗਮਾਂ ਦੀ ਰੂਪ-ਰੇਖਾ: ਪਿਟਸਬਰਗ ਵਿੱਚ ਹੋਣਗੇ ਇਤਿਹਾਸਕ ਕਾਰਜ

1. ਧਾਰਮਿਕ ਸਮਾਗਮ (19 ਅਪ੍ਰੈਲ 2026): ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ (2150 Crestview Drive) ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਕੀਰਤਨ ਦੀਵਾਨ ਸਜਾਏ ਜਾਣਗੇ। ਸਰਬੱਤ ਦੇ ਭਲੇ ਦੀ ਅਰਦਾਸ ਤੋਂ ਬਾਅਦ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

2. ਬਾਬਾ ਸਾਹਿਬ ਦੇ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ: ਧਾਰਮਿਕ ਸਮਾਗਮ ਤੋਂ ਬਾਅਦ ਸੰਗਤਾਂ ਡਾ. ਬੀ.ਆਰ. ਅੰਬੇਡਕਰ ਐਜੂਕੇਸ਼ਨ ਸੈਂਟਰ (2220 Crestview Drive) ਪਹੁੰਚਣਗੀਆਂ, ਜਿੱਥੇ ਬਾਬਾ ਸਾਹਿਬ ਦੇ ਆਦਮ-ਕੱਦ ਬੁੱਤ (Statue) ਤੋਂ ਪਰਦਾ ਹਟਾਉਣ ਦੀ ਇਤਿਹਾਸਕ ਰਸਮ ਅਦਾ ਕੀਤੀ ਜਾਵੇਗੀ।

3. ਲਾਇਬ੍ਰੇਰੀ ਦਾ ਉਦਘਾਟਨ: ਸਿੱਖਿਆ ਦੇ ਪ੍ਰਸਾਰ ਲਈ ਸੈਂਟਰ ਦੇ ਅੰਦਰ ਇੱਕ ਵਿਸ਼ੇਸ਼ ਲਾਇਬ੍ਰੇਰੀ ਖੋਲ੍ਹੀ ਜਾ ਰਹੀ ਹੈ, ਜਿਸ ਵਿੱਚ ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਗੁਰੂਆਂ ਦੇ ਇਤਿਹਾਸ ਨਾਲ ਸਬੰਧਤ ਅਨਮੋਲ ਸਾਹਿਤ ਹੋਵੇਗਾ।

ਅਪੀਲ: ਪ੍ਰਬੰਧਕਾਂ ਅਤੇ ਰਾਮ ਮੂਰਤੀ ਸਰੋਆ ਜੀ ਵੱਲੋਂ ਸਮੂਹ ਸੰਗਤ ਨੂੰ ਅਪੀਲ ਕੀਤੀ ਗਈ ਹੈ ਕਿ ਉਹ 18 ਅਤੇ 19 ਅਪ੍ਰੈਲ ਦੇ ਇਨ੍ਹਾਂ ਪ੍ਰੋਗਰਾਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਬਾਬਾ ਸਾਹਿਬ ਦੇ ਮਿਸ਼ਨ ਨੂੰ ਕੌਮਾਂਤਰੀ ਪੱਧਰ 'ਤੇ ਮਜ਼ਬੂਤ ਕਰਨ।



**ਸ਼੍ਰੀ ਰਾਮ ਮੂਰਤੀ ਸਰੋਆ (ਕੈਲੀਫੋਰਨੀਆ)**



**'ਸਾਡੇ ਲੋਕ' ਦੀਆਂ ਫਾਈਲ ਫੋਟੋਆਂ**



ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇ ॥
ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥

# JASLEEN WEDS TAJVEER

# ਧਾਮੀ ਅਤੇ ਥਿਆੜਾ ਪਰਿਵਾਰ ਦੇ ਵਿਹੜੇ ਬਰਸੀਆਂ ਖ਼ੁਸ਼ੀਆਂ: ਜਸਲੀਨ ਕੌਰ ਅਤੇ ਤਾਜਵੀਰ ਸਿੰਘ ਦਾ ਹੋਇਆ ਸ਼ੁਭ ਅਨੰਦ ਕਾਰਜ













ਲੋਡਾਈ/ਕੈਲੀਫੋਰਨੀਆ (ਸਾਡੇ ਲੋਕ ਬਿਊਰੋ): ਕੈਲੀਫੋਰਨੀਆ ਦੇ ਨਾਮਵਰ ਸਿੱਖ ਆਗੂ ਸਰਦਾਰ ਗੁਰਜੀਤ ਸਿੰਘ ਧਾਮੀ ਅਤੇ ਸਰਦਾਰਨੀ ਅਰਵਿੰਦਰ ਕੌਰ ਧਾਮੀ ਦੇ ਗ੍ਰਹਿ ਵਿਖੇ ਉਸ ਸਮੇਂ ਰੌਣਕਾਂ ਅਤੇ ਖ਼ੁਸ਼ੀਆਂ ਦਾ ਆਲਮ ਦੇਖਣ ਨੂੰ ਮਿਲਿਆ, ਜਦੋਂ ਉਨ੍ਹਾਂ ਦੀ ਹੋਣਹਾਰ ਸਪੁੱਤਰੀ ਬੇਟੀ ਜਸਲੀਨ ਕੌਰ ਧਾਮੀ, ਤਾਜਵੀਰ ਸਿੰਘ ਥਿਆੜਾ (ਸਪੁੱਤਰ ਸਵ: ਸਰਦਾਰ ਸੁਲਤਾਨ ਸਿੰਘ ਥਿਆੜਾ ਅਤੇ ਸਰਦਾਰਨੀ ਕਮਲਜੀਤ ਕੌਰ ਥਿਆੜਾ) ਨਾਲ ਵਿਆਹ ਦੇ ਪਵਿੱਤਰ ਬੰਧਨ ਵਿੱਚ ਬੱਝ ਗਈ।

**ਗੁਰਮਤਿ ਮਰਿਆਦਾ ਅਨੁਸਾਰ ਸੰਪੰਨ ਹੋਈਆਂ ਰਸਮਾਂ** : ਇਹ ਸ਼ੁਭ ਅਨੰਦ ਕਾਰਜ ਗੁਰਦੁਆਰਾ ਸਾਹਿਬ ਲੋਡਾਈ (ਕੈਲੀਫੋਰਨੀਆ) ਵਿਖੇ ਪੂਰਨ ਗੁਰਮਤਿ ਰੀਤੀ-ਰਿਵਾਜਾਂ ਅਤੇ ਸਿੱਖ ਮਰਿਆਦਾ ਅਨੁਸਾਰ ਸੰਪੰਨ ਹੋਇਆ। ਇਸ ਮੁਬਾਰਕ ਮੌਕੇ 'ਤੇ ਅਮਰੀਕਾ, ਕੈਨੇਡਾ ਅਤੇ ਭਾਰਤ ਤੋਂ ਪੰਥ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼ ਸਦਕਾ ਸਾਰੇ ਕਾਰਜ ਬਹੁਤ ਹੀ ਉਤਸ਼ਾਹ ਅਤੇ ਖੇੜਿਆਂ ਨਾਲ ਨੇਪਰੇ ਚੜ੍ਹੇ।

**ਵਿਰਾਸਤੀ ਸਾਂਝਾਂ ਅਤੇ ਅਸ਼ੀਰਵਾਦ** : ਨਵ-ਵਿਆਹੀ

















ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇ ॥
ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਏ ॥

# JASLEEN WEDS TAJVEER



# ਧਾਮੀ ਅਤੇ ਥਿਆੜਾ ਪਰਿਵਾਰ ਦੇ ਵਿਹੜੇ ਬਰਸੀਆਂ ਖ਼ੁਸ਼ੀਆਂ: ਜਸਲੀਨ ਕੌਰ ਅਤੇ ਤਾਜਵੀਰ ਸਿੰਘ ਦਾ ਹੋਇਆ ਸ਼ੁਭ ਅਨੰਦ ਕਾਰਜ







ਜੋੜੀ ਨੂੰ ਅਸ਼ੀਰਵਾਦ ਦੇਣ ਲਈ ਦੋਵਾਂ ਪਰਿਵਾਰਾਂ ਦੇ ਬਜ਼ੁਰਗਾਂ ਦੀਆਂ ਯਾਦਾਂ ਅਤੇ ਪਿਆਰ ਸਦਕਾ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚੀਆਂ।

ਬੇਟੀ ਜਸਲੀਨ ਕੌਰ ਦੇ ਦਾਦਕਾ ਪਰਿਵਾਰ (ਸਵ: ਸ. ਸਰਜਾ ਸਿੰਘ ਤੇ ਸਵ: ਸਾਰਦਾਰਨੀ ਬਲਵੰਤ ਕੌਰ) ਅਤੇ ਨਾਨਕਾ ਪਰਿਵਾਰ (ਸਵ: ਸ. ਭਗਤ ਸਿੰਘ ਤੇ ਸਰਦਾਰਨੀ ਕਿਰਪਾਲ ਕੌਰ) ਦਾ ਖ਼ਾਸ ਮੋਹ ਸਭ ਦੇ ਚਿਹਰਿਆਂ 'ਤੇ ਝਲਕ ਰਿਹਾ ਸੀ।

ਇਸੇ ਤਰ੍ਹਾਂ ਬੇਟਾ ਤਾਜਵੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਵੀ ਇਸ ਖੁਸ਼ੀ ਨੂੰ ਸਭ ਨਾਲ ਸਾਂਝਾ ਕੀਤਾ।

**ਮੁਬਾਰਕਬਾਦ ਦਾ ਸਿਲਸਿਲਾ :** ਇਸ ਸ਼ੁਭ ਅਵਸਰ 'ਤੇ ਧਾਮੀ ਅਤੇ ਥਿਆੜਾ ਪਰਿਵਾਰ ਦੇ ਸਮੂਹ ਸੱਜਣਾਂ-ਮਿੱਤਰਾਂ, ਰਿਸ਼ਤੇਦਾਰਾਂ ਅਤੇ 'ਸਾਡੇ ਲੋਕ' ਅਖ਼ਬਾਰ ਦੇ ਸਮੂਹ ਪਰਿਵਾਰ ਵੱਲੋਂ ਨਵ-ਵਿਆਹੀ ਜੋੜੀ ਦੇ ਸੁਖਦ ਜੀਵਨ ਲਈ ਅਰਦਾਸ ਕੀਤੀ ਗਈ ਅਤੇ ਦੋਵਾਂ ਪਰਿਵਾਰਾਂ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ ਗਈਆਂ।

'ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵੀਂ ਸ਼ੁਰੂਆਤ ਕਰਨ ਵਾਲੀ ਇਸ ਜੋੜੀ ਦੇ ਜੀਵਨ ਵਿੱਚ ਹਮੇਸ਼ਾ ਖੁਸ਼ਹਾਲੀ ਅਤੇ ਚੜ੍ਹਦੀ ਕਲਾ ਬਣੀ ਰਹੇ।'












# .ਗਦਰੀ ਬਾਬਿਆਂ ਦੀ ਇਤਿਹਾਸਕ ਚਰਨ-ਛੋਹ: ਸਟਾਕਟਨ ਗੁਰਦੁਆਰਾ ਸਾਹਿਬ (1912)

## ਅਮਰੀਕਾ ਵਿੱਚ ਆਜ਼ਾਦੀ ਦੀ ਪਹਿਲੀ ਪਾਠਸ਼ਾਲਾ ਅਤੇ ਸਿਆਸੀ ਜਾਗਰੂਕਤਾ ਦਾ ਕੇਂਦਰ

ਭੂਮਿਕਾ: ਕੈਲੀਫੋਰਨੀਆ ਦੇ ਸਟਾਕਟਨ ਸ਼ਹਿਰ ਵਿੱਚ ਸਥਿਤ 'ਗੁਰਦੁਆਰਾ ਸਾਹਿਬ ਸਟਾਕਟਨ' ਸਿਰਫ਼ ਇੱਕ ਧਾਰਮਿਕ ਅਸਥਾਨ ਨਹੀਂ, ਸਗੋਂ ਇਹ ਭਾਰਤ ਦੀ ਆਜ਼ਾਦੀ ਦੇ ਸੰਘਰਸ਼, ਸਿੱਖਾਂ ਦੇ ਸਵੈਮਾਨ ਅਤੇ ਵਿਦੇਸ਼ੀ ਧਰਤੀ 'ਤੇ ਮਨੁੱਖੀ ਅਧਿਕਾਰਾਂ ਦੀ ਲੜਾਈ ਦਾ ਜਿਉਂਦਾ-ਜਾਗਦਾ ਗਵਾਹ ਹੈ। 24 ਅਕਤੂਬਰ 1912 ਨੂੰ ਸਥਾਪਿਤ ਹੋਇਆ ਇਹ ਗੁਰੂ-ਘਰ ਸੰਯੁਕਤ ਰਾਜ ਅਮਰੀਕਾ (USA) ਦਾ ਪਹਿਲਾ ਸਥਾਈ ਗੁਰਦੁਆਰਾ ਹੈ, ਜਿਸ ਨੇ ਗ਼ਦਰ ਲਹਿਰ ਦੀ ਨੀਂਹ ਰੱਖਣ ਵਿੱਚ ਕੇਂਦਰੀ ਭੂਮਿਕਾ ਨਿਭਾਈ।

**1. ਸਥਾਪਨਾ ਅਤੇ .ਗਦਰ ਲਹਿਰ ਦਾ ਆਗਾਜ਼**

20ਵੀਂ ਸਦੀ ਦੇ ਸ਼ੁਰੂ ਵਿੱਚ, ਪੰਜਾਬੀ ਕਿਸਾਨ ਅਤੇ ਸਾਬਕਾ ਸੈਨਿਕ ਰੋਜ਼ੀ-ਰੋਟੀ ਦੀ ਭਾਲ ਵਿੱਚ ਕੈਲੀਫੋਰਨੀਆ ਆਏ। ਨਸਲਵਾਦ ਅਤੇ ਗੁਲਾਮੀ ਦੇ ਅਹਿਸਾਸ ਨੇ ਉਨ੍ਹਾਂ ਨੂੰ ਜਥੇਬੰਦ ਹੋਣ ਲਈ ਪ੍ਰੇਰਿਆ। ਬਾਬਾ ਜਵਾਲਾ ਸਿੰਘ ਅਤੇ ਬਾਬਾ ਵਸਾਖਾ ਸਿੰਘ ਨੇ ਮਿਲ ਕੇ 'ਪੈਸੀਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ' ਦੀ ਸਥਾਪਨਾ ਕੀਤੀ।

ਇਹ ਗੁਰੂ-ਘਰ ਜਲਦੀ ਹੀ ਇਨਕਲਾਬੀਆਂ ਦਾ ਗੜ੍ਹ ਬਣ ਗਿਆ। ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਅਤੇ ਕਰਤਾਰ ਸਿੰਘ ਸਰਾਭਾ ਵਰਗੇ ਯੋਧੇ ਇੱਥੇ ਮੀਟਿੰਗਾਂ ਕਰਦੇ ਸਨ। ਗੁਰਦੁਆਰਾ ਸਾਹਿਬ ਤੋਂ ਇਕੱਠਾ ਹੋਇਆ ਫੰਡ '.ਗਦਰ' ਅਖ਼ਬਾਰ ਛਾਪਣ ਅਤੇ ਭਾਰਤ ਵਿੱਚ ਹਥਿਆਰਬੰਦ ਵਿਦਰੋਹ ਦੀ ਤਿਆਰੀ ਲਈ ਵਰਤਿਆ ਗਿਆ।

**2. ਦਲੀਪ (Daleep) ਸਿੰਘ ਸੌਂਦ: ਸਟਾਕਟਨ ਤੋਂ ਅਮਰੀਕੀ ਕਾਂਗਰਸ ਤੱਕ**

ਸਟਾਕਟਨ ਗੁਰਦੁਆਰਾ ਸਾਹਿਬ ਦਾ ਇਤਿਹਾਸ ਇੱਕ ਹੋਰ ਮਾਣਮੱਤੇ ਅਧਿਆਏ ਨਾਲ ਜੁੜਿਆ ਹੋਇਆ ਹੈ—ਅਮਰੀਕੀ ਕਾਂਗਰਸ ਵਿੱਚ ਚੁਣੇ ਜਾਣ ਵਾਲੇ ਪਹਿਲੇ ਏਸ਼ੀਆਈ ਮੈਂਬਰ ਦਲੀਪ (Daleep) ਸਿੰਘ ਸੌਂਦ।

ਅਮਰੀਕੀ ਰਾਜਨੀਤੀ ਦੇ ਸਿਖਰਾਂ ਤੱਕ ਪਹੁੰਚਣ ਤੋਂ ਪਹਿਲਾਂ, ਦਲੀਪ ਸਿੰਘ ਸੌਂਦ ਨੇ ਸਟਾਕਟਨ ਗੁਰਦੁਆਰਾ ਸਾਹਿਬ ਦੇ ਸਕੱਤਰ (Secretary) ਵਜੋਂ ਲੰਮਾ ਸਮਾਂ ਸੇਵਾ ਨਿਭਾਈ। ਇਸੇ ਅਸਥਾਨ ਤੋਂ ਉਨ੍ਹਾਂ ਨੇ ਪ੍ਰਵਾਸੀ ਭਾਰਤੀਆਂ ਨੂੰ ਅਮਰੀਕੀ ਨਾਗਰਿਕਤਾ ਦਿਵਾਉਣ ਅਤੇ ਨਸਲੀ ਵਿਤਕਰੇ ਵਿਰੁੱਧ ਕਾਨੂੰਨੀ ਲੜਾਈ ਲੜਨ ਲਈ ਸੰਗਤ ਨੂੰ ਲਾਮਬੰਦ ਕੀਤਾ। ਉਨ੍ਹਾਂ ਦੀ ਸਫਲਤਾ ਦੀ ਨੀਂਹ ਇਸੇ ਇਤਿਹਾਸਕ ਗੁਰੂ-ਘਰ ਦੀ ਸੇਵਾ ਵਿੱਚ ਰੱਖੀ ਗਈ ਸੀ।

**3. ਵਿੱਦਿਆ ਅਤੇ ਸਮਾਜਿਕ ਸੁਧਾਰ**

ਬਾਬਾ ਜਵਾਲਾ ਸਿੰਘ ਅਤੇ ਬਾਬਾ ਵਸਾਖਾ ਸਿੰਘ ਨੇ ਵਿੱਦਿਆ ਦੀ ਅਹਿਮੀਅਤ ਨੂੰ ਸਮਝਦਿਆਂ ਭਾਰਤ ਤੋਂ ਵਿਦਿਆਰਥੀਆਂ ਨੂੰ ਅਮਰੀਕਾ ਲਿਆ ਕੇ ਪੜ੍ਹਾਉਣ ਲਈ 'ਗੁਰੂ ਨਾਨਕ ਸਕਾਲਰਸ਼ਿਪ' ਦੀ ਸ਼ੁਰੂਆਤ ਕੀਤੀ। ਇਹ ਉਸ ਸਮੇਂ ਵਿੱਚ ਇੱਕ ਕ੍ਰਾਂਤੀਕਾਰੀ ਕਦਮ ਸੀ, ਜਿਸ ਨੇ ਭਾਰਤੀ ਨੌਜਵਾਨਾਂ ਲਈ ਵਿਸ਼ਵ ਪੱਧਰੀ ਸਿੱਖਿਆ ਦੇ ਰਾਹ ਖੋਲ੍ਹੇ।

**4. ਵਿਰਾਸਤ ਅਤੇ ਅਜਾਇਬ ਘਰ**

ਅੱਜ ਵੀ ਗੁਰਦੁਆਰਾ ਸਾਹਿਬ ਦੀ ਪੁਰਾਣੀ ਇਮਾਰਤ ਨੂੰ ਇੱਕ ਇਤਿਹਾਸਕ ਸਮਾਰਕ ਵਜੋਂ ਸੁਰੱਖਿਅਤ ਰੱਖਿਆ ਗਿਆ ਹੈ। ਕੰਪਲੈਕਸ ਦੇ ਅੰਦਰ ਸਥਿਤ '.ਗਦਰ ਹਿਸਟਰੀ ਮਿਊਜ਼ੀਅਮ' ਵਿੱਚ .ਗਦਰੀ ਯੋਧਿਆਂ ਦੀਆਂ ਤਸਵੀਰਾਂ, ਦਸਤਾਵੇਜ਼ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਦਾਸਤਾਨ ਦਰਜ ਹੈ। ਇਹ ਅਸਥਾਨ ਕੈਲੀਫੋਰਨੀਆ ਦੇ ਇਤਿਹਾਸਕ ਨਕਸ਼ੇ 'ਤੇ ਮਾਣਮੱਤਾ ਸਥਾਨ ਰੱਖਦਾ ਹੈ।

**ਨਿਚੋੜ:** ਸਟਾਕਟਨ ਗੁਰਦੁਆਰਾ ਸਾਹਿਬ ਸਾਨੂੰ ਯਾਦ ਦਿਵਾਉਂਦਾ ਹੈ ਕਿ ਆਜ਼ਾਦੀ ਅਤੇ ਹੱਕਾਂ ਦੀ ਲੜਾਈ ਹਮੇਸ਼ਾ ਕੁਰਬਾਨੀ ਮੰਗਦੀ ਹੈ। ਇਹ ਉਹ ਪਵਿੱਤਰ ਦਹਿਲੀਜ਼ ਹੈ ਜਿੱਥੋਂ ਭਾਰਤ ਦੀ ਆਜ਼ਾਦੀ ਦੇ ਜੈਕਾਰੇ ਵੀ ਗੂੰਜੇ ਅਤੇ ਅਮਰੀਕੀ ਸੰਸਦ ਵਿੱਚ ਪਹਿਲੀ ਵਾਰ ਕਿਸੇ ਪੰਜਾਬੀ (ਦਲੀਪ ਸਿੰਘ ਸੌਂਦ) ਨੇ ਆਪਣੀ ਦਸਤਕ ਵੀ ਦਿੱਤੀ।

114 ਸਾਲਾਂ ਦਾ ਇਹ ਸ਼ਾਨਦਾਰ ਸਫ਼ਰ ਅੱਜ ਵੀ ਅਮਰੀਕਾ ਵਿੱਚ ਰਹਿਣ ਵਾਲੇ ਹਰ ਭਾਰਤੀ ਲਈ ਮਾਣ ਅਤੇ ਪ੍ਰੇਰਨਾ ਦਾ ਸਰੋਤ ਹੈ।

'ਪ੍ਰਣਾਮ ਉਨ੍ਹਾਂ .ਗਦਰੀ ਯੋਧਿਆਂ ਨੂੰ, ਜਿਨ੍ਹਾਂ ਨੇ ਵਿਦੇਸ਼ੀ ਧਰਤੀ 'ਤੇ ਬੈਠ ਕੇ ਮਾਤ-ਭੂਮੀ ਦੀ ਆਜ਼ਾਦੀ ਦਾ ਦੀਵਾ ਬਾਲਿਆ।'

**- ਸਤਨਾਮ ਸਿੰਘ ਖਾਲਸਾ**

# .ਗਦਰੀ ਬਾਬਿਆਂ ਦੀ ਇਤਿਹਾਸਕ ਚਰਨ-ਛੋਹ ਧਰਤੀ 'ਤੇ ਸਜੇਗਾ 27ਵਾਂ ਮਹਾਨ ਨਗਰ ਕੀਰਤਨ

## ਸਟਾਕਟਨ ਗੁਰਦੁਆਰਾ ਸਾਹਿਬ ਵਿਖੇ ਖ਼ਾਲਸਾ ਪੰਥ ਦੇ 327ਵੇਂ ਸਿਰਜਣਾ ਦਿਵਸ ਨੂੰ ਸਮਰਪਿਤ ਹੋਣਗੇ ਵੱਡੇ ਸਮਾਗਮ

ਸਟਾਕਟਨ, ਕੈਲੀਫੋਰਨੀਆ (ਸਾਡੇ ਲੋਕ ਬਿਊਰੋ): ਕੈਲੀਫੋਰਨੀਆ ਦੀ ਧਰਤੀ 'ਤੇ ਸਿੱਖ ਇਤਿਹਾਸ ਦੇ ਅਹਿਮ ਪੜਾਅ ਅਤੇ ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਖ਼ਾਲਸਾ ਪੰਥ ਦਾ 327ਵਾਂ ਸਿਰਜਣਾ ਦਿਵਸ ਅਤੇ ਵਿਸਾਖੀ ਦਾ ਪਵਿੱਤਰ ਦਿਹਾੜਾ ਬਹੁਤ ਹੀ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾ ਰਿਹਾ ਹੈ। ਇਸ ਮੁਬਾਰਕ ਮੌਕੇ 'ਤੇ 19 ਅਪ੍ਰੈਲ 2026, ਦਿਨ ਐਤਵਾਰ ਨੂੰ 27ਵਾਂ ਮਹਾਨ ਨਗਰ ਕੀਰਤਨ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਸਜਾਇਆ ਜਾਵੇਗਾ।



ਸਮਾਗਮ ਦੀ ਰੂਪ-ਰੇਖਾ

ਆਰੰਭਤਾ: ਨਗਰ ਕੀਰਤਨ ਐਤਵਾਰ ਦੁਪਹਿਰ 11:30 ਵਜੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋਵੇਗਾ।

ਮਾਰਗ: ਇਹ ਅਲੌਕਿਕ ਯਾਤਰਾ ਸ਼ਹਿਰ ਦੇ ਨਿਰਧਾਰਿਤ ਮਾਰਗਾਂ ਤੋਂ ਹੁੰਦੀ ਹੋਈ ਲਗਭਗ 4 ਘੰਟੇ ਦੀ ਪਰਿਕਰਮਾ ਤੋਂ ਬਾਅਦ ਵਾਪਸ ਗੁਰੂ-ਘਰ ਵਿਖੇ ਸੰਪੰਨ ਹੋਵੇਗੀ।

ਵਿਸ਼ੇਸ਼ਤਾ: ਖ਼ਾਲਸਈ ਨਿਸ਼ਾਨ ਸਾਹਿਬ, ਗਤਕਾ ਪਾਰਟੀਆਂ, ਰਾਗੀ ਜਥੇ ਅਤੇ ਸੰਗਤਾਂ ਦਾ ਹੜ੍ਹ ਇਸ ਨਗਰ ਕੀਰਤਨ ਦੀ ਸ਼ਾਨ ਵਧਾਏਗਾ।

ਸੰਗਤਾਂ ਨੂੰ ਨਿਮਰਤਾ ਸਹਿਤ ਅਪੀਲ

ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਇਲਾਕਾ ਨਿਵਾਸੀਆਂ, ਦੇਸ਼-ਵਿਦੇਸ਼ ਦੀਆਂ ਸੰਗਤਾਂ, ਧਾਰਮਿਕ ਜਥੇਬੰਦੀਆਂ ਅਤੇ ਸਭਾ-ਸੁਸਾਇਟੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ:

'ਇਸ ਮਹਾਨ ਅਵਸਰ 'ਤੇ ਆਪਣੇ ਸੁੰਦਰ ਫਲੋਟਾਂ (Floats) ਸਮੇਤ ਵੱਡੀ ਗਿਣਤੀ ਵਿੱਚ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਅਤੇ ਅੰਮ੍ਰਿਤ ਦੇ ਦਾਤੇ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।'

ਮੁੱਖ ਜਾਣਕਾਰੀ ਇੱਕ ਨਜ਼ਰ ਵਿੱਚ:

ਦਿਨ ਤੇ ਮਿਤੀ: 19 ਅਪ੍ਰੈਲ 2026, ਐਤਵਾਰ

ਸਮਾਂ: ਦੁਪਹਿਰ 11:00 ਵਜੇ ਸਵੇਰੇ (ਆਰੰਭਤਾ)

ਸਥਾਨ: ਗੁਰਦੁਆਰਾ ਸਾਹਿਬ ਸਟਾਕਟਨ (ਇਤਿਹਾਸਕ ਅਸਥਾਨ, ਗ਼ਦਰੀ ਬਾਬੇ)

ਆਓ, ਖ਼ਾਲਸਈ ਜਲੌਅ ਦਾ ਹਿੱਸਾ ਬਣੀਏ ਅਤੇ ਪੰਥਕ ਏਕਤਾ ਦਾ ਸਬੂਤ ਦੇਈਏ!

# ਅਕਾਲੀ ਦਲ 'ਵਾਰਿਸ ਪੰਜਾਬ ਦੇ' ਦੀ ਰੈਲੀ 'ਚ ਬੇਮਿਸਾਲ ਇਕੱਠ

ਤਲਵੰਡੀ ਸਾਬੋ : ਵਿਸਾਖੀ ਜੋੜ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਕਰਵਾਈ ਰਾਜਸੀ ਕਾਨਫਰੰਸ ਇਕੱਠ ਪੱਖੋਂ ਭਰਵੀਂ ਰਹੀ ਤੇ ਪੰਡਾਲ ਵਿਚ ਆਪ ਮੁਹਾਰੇ ਪੁੱਜੇ ਲੋਕਾਂ ਨੇ ਨੇਤਾਵਾਂ ਨੂੰ ਸੁਣਿਆ। ਕਾਨਫਰੰਸ ਦੌਰਾਨ ਬੁਲਾਰਿਆਂ ਨੇ 2027 ਦੀਆਂ ਚੋਣਾਂ ਲਈ ਪੰਥਕ ਏਕਤਾ 'ਤੇ ਜ਼ੋਰ ਦਿੱਤਾ। ਕਾਨਫਰੰਸ ਵਿੱਚ ਮੁੱਲਾਂਪੁਰ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਮੌਜੂਦਾ ਲੀਡਰਸ਼ਿਪ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਸ ਨੇ ਪੰਥਕ ਹਿਤਾਂ ਨੂੰ ਨੁਕਸਾਨ ਪਹੁੰਚਾਇਆ ਹੈ। ਪੰਥਕ ਸੋਚ ਵਾਲੀਆਂ ਸਾਰੀਆਂ ਧਿਰਾਂ ਨੂੰ ਇੱਕ ਮੰਚ 'ਤੇ ਲਿਆਉਣ ਲਈ ਯਤਨ ਜਾਰੀ ਹਨ ਤਾਂ ਜੋ ਪੰਥ ਦਾ ਭਲਾ ਕਰਨ ਵਾਲੀ ਸਰਕਾਰ ਬਣ ਸਕੇ।



ਮਰਹੂਮ ਆਗੂ ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਮੌਜੂਦਾ ਸਰਕਾਰ ਹਰ ਮੋਰਚੇ 'ਤੇ ਫੇਲ੍ਹ ਹੋਈ ਹੈ। ਲੱਖਾ ਸਿਧਾਣਾ ਨੇ ਐਲਾਨ ਕੀਤਾ ਕਿ ਜੇ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਬਾਹਰਲੇ ਲੋਕਾਂ 'ਤੇ ਜ਼ਮੀਨ ਖਰੀਦਣ 'ਤੇ ਪਾਬੰਦੀ ਲਗਾਈ ਜਾਵੇਗੀ ਅਤੇ ਬੇਅਦਬੀ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ। ਫਰੀਦਕੋਟ ਤੋਂ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾ ਕੇ ਲੜੀਆਂ ਜਾਣਗੀਆਂ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਅਤੇ ਏਜੰਸੀਆਂ ਵੱਲੋਂ ਉਨ੍ਹਾਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੰਤ ਵਿੱਚ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਪੰਥਕ ਏਕਤਾ ਨੂੰ ਸਮੇਂ ਦੀ ਲੋੜ ਦੱਸਦਿਆਂ ਕਿਹਾ ਕਿ ਸੂਬੇ ਵਿੱਚ ਅੰਮ੍ਰਿਤਧਾਰੀ ਮੁੱਖ ਮੰਤਰੀ ਬਣਨ ਲਈ ਸਾਰੀਆਂ ਧਿਰਾਂ ਨੂੰ ਇਕੱਠਾ ਹੋਣਾ ਪਵੇਗਾ। ਉਨ੍ਹਾਂ ਨੇ ਫਸਲਾਂ ਦੇ ਨੁਕਸਾਨ ਲਈ ਮੁਆਵਜ਼ੇ ਦੀ ਮੰਗ ਵੀ ਕੀਤੀ। ਕਾਨਫਰੰਸ ਵਿੱਚ ਕਈ ਧਾਰਮਿਕ ਅਤੇ ਸਮਾਜਿਕ ਆਗੂ ਵੀ ਮੌਜੂਦ ਸਨ।

# ਅਮਰੀਕਾ-ਇਜ਼ਰਾਈਲ-ਈਰਾਨ ਵਿਚਾਲੇ ਜੰਗਬੰਦੀ ਦਾ ਸੁਆਗਤ

## ਛੋਟਾ ਇਮਾਮਬਾੜਾ ਵਿਖੇ ਸ਼ੁਕਰਾਨੇ ਦੀ 'ਵਿਸ਼ੇਸ਼ ਦੁਆ'

ਲਖਨਊ : ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿੱਚ ਬੁੱਧਵਾਰ ਨੂੰ ਸ਼ੀਆ ਮੁਸਲਿਮ ਭਾਈਚਾਰੇ ਵੱਲੋਂ ਵਿਸ਼ਵ ਸ਼ਾਂਤੀ ਲਈ ਇੱਕ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਾਲੇ ਚੱਲ ਰਹੇ ਟਕਰਾਅ ਦੇ ਰੁਕਣ ਅਤੇ ਜੰਗਬੰਦੀ (Ceasefire) ਦੇ ਐਲਾਨ ਤੋਂ ਬਾਅਦ, ਇਤਿਹਾਸਕ ਛੋਟਾ ਇਮਾਮਬਾੜਾ ਵਿਖੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੋਏ।





ਸ਼ੁਕਰਾਨੇ ਦੀ ਦੁਆ: ਜੰਗਬੰਦੀ ਦੀ ਖ਼ਬਰ ਮਿਲਣ ਤੋਂ ਬਾਅਦ ਸ਼ਰਧਾਲੂਆਂ ਨੇ ਵਿਸ਼ੇਸ਼ 'ਦੁਆ' (Supplication) ਕੀਤੀ ਅਤੇ ਮਨੁੱਖਤਾ ਦੀ ਸਲਾਮਤੀ ਲਈ ਪ੍ਰਾਰਥਨਾ ਕੀਤੀ।

ਸ਼ਾਂਤੀ ਦਾ ਸੁਨੇਹਾ: ਭਾਈਚਾਰੇ ਦੇ ਆਗੂਆਂ ਨੇ ਕਿਹਾ ਕਿ ਜੰਗ ਕਦੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ ਅਤੇ ਉਹ ਇਸ ਜੰਗਬੰਦੀ ਦਾ ਪੁਰਜ਼ੋਰ ਸੁਆਗਤ ਕਰਦੇ ਹਨ ਕਿਉਂਕਿ ਇਸ ਨਾਲ ਹਜ਼ਾਰਾਂ ਬੇਗੁਨਾਹ ਜਾਨਾਂ ਬਚਣਗੀਆਂ।

ਧਾਰਮਿਕ ਮਹੱਤਤਾ: ਲਖਨਊ ਦਾ ਛੋਟਾ ਇਮਾਮਬਾੜਾ, ਜੋ ਆਪਣੀ ਖ਼ੂਬਸੂਰਤ ਵਾਸਤੂਕਲਾ ਲਈ ਜਾਣਿਆ ਜਾਂਦਾ ਹੈ, ਅੱਜ ਅਧਿਆਤਮਿਕਤਾ ਅਤੇ ਅਮਨ-ਸ਼ਾਂਤੀ ਦੇ ਸੰਦੇਸ਼ ਨਾਲ ਗੂੰਜ ਉੱਠਿਆ।

ਇਸ ਮੌਕੇ ਸ਼ਰਧਾਲੂਆਂ ਨੇ ਉਮੀਦ ਜਤਾਈ ਕਿ ਇਹ ਜੰਗਬੰਦੀ ਸਥਾਈ ਸ਼ਾਂਤੀ ਵਿੱਚ ਤਬਦੀਲ ਹੋਵੇਗੀ ਅਤੇ ਦੁਨੀਆ ਭਰ ਵਿੱਚ ਅਮਨ ਦਾ ਮਾਹੌਲ ਬਣਿਆ ਰਹੇਗਾ।




# ਖਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ

# 27ਵੇਂ ਮਹਾਨ ਨਗਰ ਕੀਰਤਨ

## 19 ਅਪ੍ਰੈਲ 2026, ਦਿਨ ਐਤਵਾਰ

## ਅਤੇ ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 6 ਤੋਂ 19 ਅਪ੍ਰੈਲ 5.00 ਤੋਂ 9.00 ਵਜੇ ਤੱਕ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 19 ਅਪ੍ਰੈਲ 2026 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 327ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 11.30 ਵਜੇ ਦੁਪਹਿਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਕੀਰਤਨ ਯਾਤਰਾ ਪਿਛੋਂ ਗੁਰੂ ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੱਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ ਸ੍ਰੀ ਫਤਿਹਗੜ੍ਹ ਸਾਹਿਬ ਵਾਲੇ | ਢਾਡੀ ਫੌਜਾ ਸਿੰਘ ਸਾਗਰ | ਭਾਈ ਗੁਰਕੀਰਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ | ਭਾਈ ਬਲਵਿੰਦਰ ਸਿੰਘ ਲੋਪੋਕੇ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ | ਕਵੀਸ਼ਰ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ | ਗਿਆਨੀ ਗੁਰਸੇਵਕ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਸਾਹਿਬ ਸਟਾਕਟਨ

## 17, 18 ਅਤੇ 19 ਅਪ੍ਰੈਲ ਨੂੰ ਸਵੇਰੇ ਤੋਂ ਸ਼ਾਮ ਤੱਕ ਕੀਰਤਨ ਦੇ ਦੀਵਾਨ ਸੱਜਣਗੇ

**ਫਲੋਟਾਂ ਦੀ ਸੇਵਾ ਲਈ ਕਾਲ ਕਰੋ**
ਭਾਈ ਗੁਲਵਿੰਦਰ ਸਿੰਘ ਭਿੰਡਾ
209-487-3699
ਭਾਈ ਸੰਦੀਪ ਸਿੰਘ
209-513-0508

**ਗੁਰੂ ਕੇ ਲੰਗਰਾਂ ਦੀ ਸੇਵਾ ਲਈ ਕਾਲ ਕਰੋ :**
ਭਾਈ ਗੁਰਚੇਤਨ ਸਿੰਘ ਸਿੰਘ (510) 432-4304
ਭਾਈ ਸੁਖਜਿੰਦਰ ਸਿੰਘ (209) 360-3142
ਭਾਈ ਗੁਰਇੰਦਰ ਸਿੰਘ (209) 993-4767

**ਦੁਕਾਨਾਂ ਦੀ ਜਾਣਕਾਰੀ ਲਈ ਕਾਲ ਕਰੋ ਜੀ :**
ਭਾਈ ਪਰਮਪ੍ਰੀਤ ਸਿੰਘ ਨਿੱਝਰ
(510) 377-5320
ਭਾਈ ਪ੍ਰਭਜੀਤ ਸਿੰਘ
(510) 938-7840

**ਅੰਮ੍ਰਿਤ ਸੰਚਾਰ ਅਤੇ ਨਿਸ਼ਾਨ ਦੀ ਸੇਵਾ**
18 ਅਪ੍ਰੈਲ ਦਿਨ ਸ਼ਨੀਵਾਰ
ਸਵੇਰੇ 8.00 ਵਜੇ

ਨਗਰ ਕੀਰਤਨ ਦੀ ਪਾਰਕ ਲਈ ਥਾਂ ਚੁਣੀ ਗਈ ਹੈ। ਇਸ ਵਾਸਤੇ ਸੰਗਤਾਂ ਦੀ ਸੁਵਿਧਾ ਲਈ ਬੱਸਾਂ ਅਤੇ ਵੈਨਾਂ ਦਾ ਖਾਸ ਪ੍ਰਬੰਧ ਹੈ।

FAIRGROUNDS : 1658s AIRPORT WAY STOCKTON CA 95206

ਸਾਡੇ ਲੋਕ SADE LOK sadelok.com

ਭਾਈ ਹਰਨੇਕ ਸਿੰਘ ਅਟਵਾਲ ਪ੍ਰਧਾਨ (209) 351-5965, ਭਾਈ ਹਰਮੋਹਿੰਦਰ ਸਿੰਘ ਵਾਈਸ ਪ੍ਰਧਾਨ +1 (408) 449-9261
ਭਾਈ ਜਸਵਿੰਦਰ ਸਿੰਘ ਸਟੇਜ ਸਕੱਤਰ (209) 649-6578, ਭਾਈ ਬਲਜਿੰਦਰ ਸਿੰਘ ਖਜ਼ਾਨਚੀ (209) 603-0680

## ਗੁਰਦੁਆਰਾ ਸਾਹਿਬ ਸਟਾਕਟਨ (209) 625-7500

# ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਨੂੰ ਪੰਜਾਬ ਪੁਲਿਸ ਵੱਲੋਂ ‘ਗਾਰਡ ਆਫ਼ ਆਨਰ’ ਭੇਟ





ਅੰਮ੍ਰਿਤਸਰ : ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦੀ ਬਰਸੀ ਮੌਕੇ ਅੱਜ ਅੰਮ੍ਰਿਤਸਰ ਵਿਖੇ ਦੇਸ਼ ਦੇ ਮਹਾਨ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਜਲ੍ਹਿਆਂਵਾਲਾ ਬਾਗ਼ ਯਾਦਗਾਰ ਵਿਖੇ ਸ਼ਹੀਦਾਂ ਦੇ ਸਨਮਾਨ ਵਿੱਚ ’ਗਾਰਡ ਆਫ਼ ਆਨਰ’ ਪੇਸ਼ ਕੀਤਾ ਗਿਆ।

ਸ਼ਹੀਦਾਂ ਦੀ ਕੁਰਬਾਨੀ ਨੂੰ ਕੀਤਾ ਗਿਆ ਯਾਦ

ਸੋਮਵਾਰ ਨੂੰ ਹੋਏ ਇਸ ਯਾਦਗਾਰੀ ਸਮਾਗਮ ਦੌਰਾਨ ਪੰਜਾਬ ਪੁਲਿਸ ਦੇ ਜਵਾਨਾਂ ਨੇ ਹਥਿਆਰ ਉਲਟੇ ਕਰਕੇ ਉਨ੍ਹਾਂ ਨਿਹੱਥੇ ਦੇਸ਼ ਭਗਤਾਂ ਨੂੰ ਸਲਾਮੀ ਦਿੱਤੀ, ਜਿਨ੍ਹਾਂ ਨੇ 1919 ਵਿੱਚ ਅੰਗਰੇਜ਼ੀ ਹਕੂਮਤ ਦੇ ਜ਼ੁਲਮ ਦਾ ਸਾਹਮਣਾ ਕਰਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ।

ਸਥਾਨ: ਜਲ੍ਹਿਆਂਵਾਲਾ ਬਾਗ਼ ਨੈਸ਼ਨਲ ਮੈਮੋਰੀਅਲ, ਅੰਮ੍ਰਿਤਸਰ।

ਸਨਮਾਨ: ਪੰਜਾਬ ਪੁਲਿਸ ਵੱਲੋਂ ਦਿੱਤੀ ਗਈ ਰਸਮੀ ਸਲਾਮੀ।

ਦਿਹਾੜਾ: ਵਿਸਾਖੀ ਦੇ ਦਿਨ ਵਾਪਰੇ ਇਸ ਦਰਦਨਾਕ ਸਾਕੇ ਦੇ ਸ਼ਹੀਦਾਂ ਦੀ ਯਾਦ ਵਿੱਚ ਇਹ ਸਮਾਗਮ ਉਲੀਕਿਆ ਗਿਆ।

ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਨੇ ਕਿਹਾ ਕਿ ਇਹ ਪਵਿੱਤਰ ਅਸਥਾਨ ਹਮੇਸ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਭਗਤੀ ਅਤੇ ਕੁਰਬਾਨੀ ਦਾ ਜਜ਼ਬਾ ਪ੍ਰਦਾਨ ਕਰਦਾ ਰਹੇਗਾ।

# ਜੈਪੁਰ ਦੇ ਬਿਰਲਾ ਆਡੀਟੋਰੀਅਮ ਵਿਖੇ ‘ਨਾਰੀ ਸ਼ਕਤੀ ਵੰਦਨ ਸੰਮੇਲਨ’ ਦਾ ਸ਼ਾਨਦਾਰ ਆਯੋਜਨ




ਜੈਪੁਰ : ਰਾਜਸਥਾਨ ਦੀ ਰਾਜਧਾਨੀ ਜੈਪੁਰ ਦੇ ਪ੍ਰਸਿੱਧ ਬਿਰਲਾ ਆਡੀਟੋਰੀਅਮ ਵਿਖੇ ਬੁੱਧਵਾਰ ਨੂੰ ’ਨਾਰੀ ਸ਼ਕਤੀ ਵੰਦਨ ਸੰਮੇਲਨ’ ਦਾ ਵਿਸ਼ੇਸ਼ ਆਯੋਜਨ ਕੀਤਾ ਗਿਆ। ਇਸ ਸੰਮੇਲਨ ਵਿੱਚ ਭਾਰੀ ਗਿਣਤੀ ਵਿੱਚ ਔਰਤਾਂ ਨੇ ਸ਼ਿਰਕਤ ਕੀਤੀ, ਜਿਸ ਨੇ ਮਹਿਲਾ ਸਸ਼ਕਤੀਕਰਨ ਦੇ ਜਜ਼ਬੇ ਨੂੰ ਹੋਰ ਮਜ਼ਬੂਤ ਕੀਤਾ।

ਵਿਸ਼ੇਸ਼ ਹਾਜ਼ਰੀ: ਸਮਾਗਮ ਦੌਰਾਨ ਸਮਾਜ ਦੇ ਵੱਖ-ਵੱਖ ਖੇਤਰਾਂ ਤੋਂ ਆਈਆਂ ਔਰਤਾਂ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਨਾਰੀ ਸ਼ਕਤੀ ਦੀ ਅਹਿਮੀਅਤ ’ਤੇ ਜ਼ੋਰ ਦਿੱਤਾ।

ਉਦੇਸ਼: ਇਸ ਸੰਮੇਲਨ ਦਾ ਮੁੱਖ ਮਕਸਦ ਔਰਤਾਂ ਦੇ ਅਧਿਕਾਰਾਂ, ਉਨ੍ਹਾਂ ਦੀ ਸਮਾਜਿਕ ਭਾਈਵਾਲੀ ਅਤੇ ਦੇਸ਼ ਦੇ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਸਨਮਾਨਿਤ ਕਰਨਾ ਸੀ।

ਪ੍ਰਸ਼ਾਸਨਿਕ ਸਹਿਯੋਗ: ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਵੀ ਸੋਸ਼ਲ ਮੀਡੀਆ ਰਾਹੀਂ ਇਸ ਪ੍ਰੋਗਰਾਮ ਦੀਆਂ ਝਲਕੀਆਂ ਸਾਂਝੀਆਂ ਕਰਦਿਆਂ ਨਾਰੀ ਸ਼ਕਤੀ ਦੀ ਸ਼ਲਾਘਾ ਕੀਤੀ।

ਬਿਰਲਾ ਆਡੀਟੋਰੀਅਮ ਦਾ ਹਾਲ ਸੈਲਾਨੀਆਂ ਅਤੇ ਹਾਜ਼ਰੀਨ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ, ਜੋ ਔਰਤਾਂ ਵਿੱਚ ਵੱਧ ਰਹੀ ਜਾਗਰੂਕਤਾ ਅਤੇ ਉਤਸ਼ਾਹ ਦਾ ਪ੍ਰਤੀਕ ਬਣਿਆ। (ਫੋਟੋ : ANI)

# ISL ਫੁੱਟਬਾਲ: ਕੋਲਕਾਤਾ ਦੇ ਮੈਦਾਨ ’ਚ ਮੋਹਨ ਬਾਗਾਨ ਸੁਪਰ ਜਾਇੰਟ ਅਤੇ ਪੰਜਾਬ ਐਫ.ਸੀ. ਵਿਚਾਲੇ ਜ਼ੋਰਦਾਰ ਪ੍ਰਦਰਸ਼ਨ




ਕੋਲਕਾਤਾ : ਕੋਲਕਾਤਾ ਦੇ ਇਤਿਹਾਸਕ ਵਿਵੇਕਾਨੰਦ ਯੁਵਾ ਭਾਰਤੀ ਕ੍ਰੀੜਾਂਗਣ (ਸਾਲਟ ਲੇਕ ਸਟੇਡੀਅਮ) ਵਿਖੇ ਬੀਤੇ ਐਤਵਾਰ ਨੂੰ ਇੰਡੀਅਨ ਸੁਪਰ ਲੀਗ (ISL) ਦਾ ਇੱਕ ਬੇਹੱਦ ਰੋਮਾਂਚਕ ਮੁਕਾਬਲਾ ਖੇਡਿਆ ਗਿਆ। ਇਸ ਮੈਚ ਵਿੱਚ ਘਰੇਲੂ ਟੀਮ ਮੋਹਨ ਬਾਗਾਨ ਸੁਪਰ ਜਾਇੰਟ ਅਤੇ ਪੰਜਾਬ ਐਫ.ਸੀ. ਦੇ ਖਿਡਾਰੀਆਂ ਵਿਚਕਾਰ ਜੇਤੂ ਬਣਨ ਲਈ ਸਖ਼ਤ ਟੱਕਰ ਦੇਖਣ ਨੂੰ ਮਿਲੀ।

ਜ਼ੋਰਦਾਰ ਪ੍ਰਦਰਸ਼ਨ: ਦੋਵਾਂ ਟੀਮਾਂ ਦੇ ਖਿਡਾਰੀਆਂ ਨੇ ਮੈਦਾਨ ਵਿੱਚ ਸ਼ਾਨਦਾਰ ਤਾਲਮੇਲ ਅਤੇ ਤੇਜ਼ ਤਰਾਰ ਖੇਡ ਦਾ ਪ੍ਰਦਰਸ਼ਨ ਕੀਤਾ।

ਦਰਸ਼ਕਾਂ ਦਾ ਉਤਸ਼ਾਹ: ਸਟੇਡੀਅਮ ਵਿੱਚ ਮੌਜੂਦ ਹਜ਼ਾਰਾਂ ਫੁੱਟਬਾਲ ਪ੍ਰੇਮੀਆਂ ਨੇ ਆਪਣੀਆਂ ਮਨਪਸੰਦ ਟੀਮਾਂ ਦਾ ਹੌਸਲਾ ਵਧਾਇਆ।

ਪੰਜਾਬ ਐਫ.ਸੀ. ਦੀ ਚੁਣੌਤੀ: ਪੰਜਾਬ ਐਫ.ਸੀ. ਦੇ ਖਿਡਾਰੀਆਂ ਨੇ ਦਿੱਗਜ ਮੋਹਨ ਬਾਗਾਨ ਦੀ ਟੀਮ ਨੂੰ ਪੂਰੇ ਮੈਚ ਦੌਰਾਨ ਸਖ਼ਤ ਚੁਣੌਤੀ ਦਿੱਤੀ।

ਇਹ ਮੁਕਾਬਲਾ ਲੀਗ ਦੀ ਅੰਕ ਸੂਚੀ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਦੋਵਾਂ ਟੀਮਾਂ ਲਈ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਖੇਡ ਪ੍ਰੇਮੀਆਂ ਲਈ ਇਹ ਮੈਚ ਫੁੱਟਬਾਲ ਦੇ ਉੱਚ ਪੱਧਰ ਦਾ ਨਮੂਨਾ ਸੀ।

# ਕੈਨੇਡਾ 'ਚ ਪੰਜਾਬੀ ਰੇਡੀਓ ਹੋਸਟ ਨੂੰ ਸਾਢੇ ਪੰਜ ਸਾਲ ਦੀ ਸਜ਼ਾ

## ਸੁਖਵਿੰਦਰ ਕੌਰ ਸੰਘਾ ਨੂੰ ਅਦਾਲਤ ਨੇ ਨਸ਼ਾ ਤਸਕਰੀ ਦੇ ਮਾਮਲੇ 'ਚ ਸੁਣਾਈ ਸਜ਼ਾ

ਜਲੰਧਰ : ਕੈਨੇਡਾ ਵਿਚ ਰਹਿਣ ਵਾਲੀ ਪੰਜਾਬੀ ਰੇਡੀਓ ਹੋਸਟ ਨੂੰ ਨਸ਼ਾ ਤਸਕਰੀ ਦੇ ਕੇਸ ਵਿਚ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਨੇ ਸਾਢੇ 5 ਸਾਲ ਦੀ ਸਜ਼ਾ ਸੁਣਾਈ ਹੈ। ਪੁਲਿਸ ਨੇ ਉਨ੍ਹਾਂ ਨੂੰ 83 ਕਰੋੜ ਰੁਪਏ ਦੀ ਮੈਥਾਮਫੈਟਾਮਾਈਨ ਨਸ਼ੇ ਨਾਲ ਗ੍ਰਿਫਤਾਰ ਕੀਤਾ ਸੀ।



ਹਾਲਾਂਕਿ ਕੋਰਟ ਵਿਚ ਉਨ੍ਹਾਂ ਨੇ ਤਸਕਰੀ ਵਿਚ ਸ਼ਾਮਲ ਨਾ ਹੋਣ ਦੀ ਦਲੀਲ ਦਿੱਤੀ ਸੀ, ਪਰ ਮੋਬਾਇਲ ਦੇ ਟੈਕਸਟ ਮੈਸੇਜ ਤੋਂ ਖੁਲਾਸਾ ਹੋਇਆ ਕਿ ਉਹ ਨਾ ਸਿਰਫ ਇਸ ਤਸਕਰੀ ਵਿਚ ਆਪਣੀ ਮਰਜ਼ੀ ਨਾਲ ਸ਼ਾਮਲ ਸਨ, ਬਲਕਿ ਉਹ ਤਸਕਰੀ ਗਿਰੋਹ ਦੀ ਇੱਕ ਭਰੋਸੇਯੋਗ ਪਾਰਟਨਰ ਸੀ।

ਨਸ਼ਾ ਤਸਕਰੀ ਕੇਸ ਵਿਚ ਦੋਸ਼ੀ ਠਹਿਰਾਈ ਸੁਖਵਿੰਦਰ ਕੌਰ ਸੰਘਾ (47) ਜਲੰਧਰ ਦੇ ਨਕੋਦਰ ਨਾਲ ਸਬੰਧਤ ਹੈ। ਜਦਕਿ ਉਸ ਦਾ ਜਨਮ ਕੈਨੇਡਾ ਦੇ ਪ੍ਰਿੰਸ ਜਾਰਜ ਵਿਚ ਹੋਇਆ ਸੀ। ਉਸ ਨੇ ਪਿਛਲੇ ਇੱਕ ਦਹਾਕੇ ਵਿਚ ਪੰਜਾਬੀ ਰੇਡੀਓ ਜਗਤ ਵਿਚ ਆਪਣੀ ਪਛਾਣ ਬਣਾਈ ਸੀ। ਉਹ ਫ ?ਰੀਲਾਂਸਰ ਰੇਡੀਓ ਅਤੇ ਟੀਵੀ ਹੋਸਟ ਹਨ । ਦੇਖਦੇ ਹੀ ਦੇਖਦੇ ਉਹ ਪੰਜਾਬੀ ਭਾਈਚਾਰੇ ਦਾ ਵੱਡਾ ਚਿਹਰਾ ਬਣ ਗਈਆਂ ਸਨ । ਉਨ੍ਹਾਂ ਦੇ ਸ਼ੋਅ ਵਿਚ ਅਕਸਰ ਹਾਈ-ਪ੍ਰੋਫਾਈਲ ਰਾਜਨੀਤਿਕ ਆਗੂ, ਪੁਲਿਸ ਅਫਸਰ ਅਤੇ ਮਸ਼ਹੂਰ ਹਸਤੀਆਂ ਸ਼ਾਮਲ ਹੁੰਦੀਆਂ ਸਨ।

ਸੁਖਵਿੰਦਰ ਸੰਘਾ ਦੀ ਗ੍ਰਿਫਤਾਰੀ ਦੀ ਕਹਾਣੀ ਕਿਸੇ ਫਿਲਮੀ ਡਰਾਮੇ ਤੋਂ ਘੱਟ ਨਹੀਂ ਹੈ। ਅਕਤੂਬਰ 2021 ਵਿਚ ਉਹ ਫਲੋਰੀਡਾ ਨੰਬਰ ਪਲੇਟ ਵਾਲੀ ਇੱਕ ਰੈਂਟਲ ਕਾਰ ਵਿਚ ਅਮਰੀਕਾ ਤੋਂ ਕੈਨੇਡਾ ਦੀ ਸਰਹੱਦ ਵਿਚ ਦਾਖਲ ਹੋ ਰਹੀ ਸੀ। ਜਦੋਂ ਸਰੇ (ਬੀ.ਸੀ.) ਵਿਚ ਸਥਿਤ ਸਰਹੱਦ ਚੌਕੀ ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਸੈਕੰਡਰੀ ਚੈਕਿੰਗ ਲਈ ਰੋਕਿਆ, ਤਾਂ ਉਹ ਸਹਿਯੋਗ ਕਰਨ ਦੀ ਬਜਾਏ ਉੱਥੋਂ ਤੇਜ਼ ਰਫਤਾਰ ਨਾਲ ਕਾਰ ਭਜਾ ਕੇ ਲੈ ਗਈ ਸੀ।

ਇਸ ਤੋਂ ਬਾਅਦ ਪੁਲਿਸ ਨੇ ਉਸ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਸਰੇ ਦੀ 16ਵੀਂ ਐਵੇਨਿਊ ਤੇ ਧਰ ਦਬੋਚਿਆ। ਕਾਰ ਦੀ ਤਲਾਸ਼ੀ ਲੈਣ ਤੇ ਅਧਿਕਾਰੀਆਂ ਦੇ ਹੋਸ਼ ਉਡ ਗਏ, ਕਿਉਂਕਿ ਉਸ ਵਿਚ 4 ਬੈਗ ਭਰੇ ਹੋਏ ਸਨ, ਜਿਨ੍ਹਾਂ ਵਿਚ 108 ਕਿਲੋਗ੍ਰਾਮ ਮੈਥਾਮਫੈਟਾਮਾਈਨ ਨਸ਼ਾ ਸੀ । ਬਾਜ਼ਾਰ ਵਿਚ ਇਸ ਦੀ ਕੀਮਤ 83 ਕਰੋੜ ਰੁਪਏ ਤੱਕ ਦੱਸੀ ਗਈ ਸੀ।

ਅਦਾਲਤੀ ਕਾਰਵਾਈ ਦੌਰਾਨ ਸੰਘਾ ਨੇ ਆਪਣੇ ਆਪ ਨੂੰ ਬੇਕਸੂਰ ਦੱਸਦਿਆਂ ਦਾਅਵਾ ਕੀਤਾ ਕਿ ਉਹ ਆਪਣੀ ਮਾਸੀ ਦੇ ਅੰਤਿਮ ਸੰਸਕਾਰ ਵਿਚ ਸ਼ਾਮਲ ਹੋਣ ਵਾਸ਼ਿੰਗਟਨ ਗਈ ਸੀ ਅਤੇ ਉੱਥੇ ਉਨ੍ਹਾਂ ਨੂੰ ਡਰਾ-ਧਮਕਾ ਕੇ ਇਸ ਕੰਮ ਲਈ ਮਜਬੂਰ ਕੀਤਾ ਗਿਆ। ਹਾਲਾਂਕਿ, ਜਸਟਿਸ ਜੌਨ ਗਿਬ-ਕਾਰਸਲੇ ਨੇ ਉਨ੍ਹਾਂ ਦੇ ਇਨ੍ਹਾਂ ਦਾਅਵਿਆਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ।

ਉਸ ਦੇ ਮੋਬਾਈਲ ਦੇ ਟੈਕਸਟ ਮੈਸੇਜ ਤੋਂ ਖੁਲਾਸਾ ਹੋਇਆ ਕਿ ਉਹ ਨਾ ਸਿਰਫ ਇਸ ਤਸਕਰੀ ਵਿਚ ਆਪਣੀ ਮਰਜ਼ੀ ਨਾਲ ਸ਼ਾਮਲ ਸਨ, ਬਲਕਿ ਉਹ ਤਸਕਰੀ ਗਿਰੋਹ ਦੀ ਇੱਕ ਭਰੋਸੇਯੋਗ ਪਾਰਟਨਰ ਸਨ ਅਤੇ ਪਹਿਲਾਂ ਵੀ ਅਜਿਹੀਆਂ ਕਈ ਖੇਪਾਂ ਪਹੁੰਚਾ ਚੁੱਕੀ ਸੀ। ਕੋਰਟ ਨੇ ਟਿੱਪਣੀ ਕੀਤੀ ਕਿ ਸੰਘਾ ਦੀ ਗੱਲਬਾਤ ਦਾ ਲਹਿਜ਼ਾ ਕਿਤੇ ਵੀ ਡਰੇ ਹੋਏ ਵਿਅਕਤੀ ਵਾਲਾ ਨਹੀਂ ਸੀ।

ਨਿਊ ਵੈਸਟਮਿੰਸਟਰ ਦੀ ਕੋਰਟ ਵਿਚ ਫੈਸਲਾ ਸੁਣਾਉਂਦਿਆਂ ਜੱਜ ਨੇ ਸਪੱਸ਼ਟ ਕੀਤਾ ਕਿ ਨਸ਼ੀਲੇ ਪਦਾਰਥਾਂ ਦਾ ਵਪਾਰ ਸਿਰਫ ਅਪਰਾਧ ਨਹੀਂ ਹੈ। ਇਸ ਦੇ ਸਮਾਜ ਤੇ ਘਾਤਕ ਨਤੀਜੇ ਹੁੰਦੇ ਹਨ। ਉਨ੍ਹਾਂ ਨੇ ਉਮੀਦ ਜਤਾਈ ਕਿ ਸੰਘਾ ਜੇਲ੍ਹ ਵਿਚ ਬਿਤਾਏ ਸਮੇਂ ਦਾ ਉਪਯੋਗ ਆਤਮਚਿੰਤਨ ਲਈ ਕਰੇਗੀ । ਆਪਣੇ ਸ਼ੋਅ ਵਿਚ ਅਪਰਾਧ ਵਿਰੋਧੀ ਆਵਾਜ਼ ਉਠਾਉਣ ਵਾਲੀ ਸੰਘਾ ਦਾ ਖੁਦ ਡਰੱਗ ਤਸਕਰੀ ਵਰਗੇ ਘਿਨੌਣੇ ਅਪਰਾਧ ਵਿਚ ਫਸਣਾ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਭਾਈਚਾਰੇ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

# ਇਜ਼ਰਾਈਲ ਨੂੰ ਵੱਡਾ ਝਟਕਾ, ਇਟਲੀ ਨੇ ਰੱਖਿਆ ਸਮਝੌਤਾ ਕੀਤਾ ਮੁਅੱਤਲ

ਰੋਮ : ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਓ ਮੇਲੋਨੀ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਮੱਧ ਪੂਰਬ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਇਜ਼ਰਾਈਲ ਨਾਲ ਰੱਖਿਆ ਸਮਝੌਤੇ ਦੇ ਸਵੈਚਾਲਿਤ ਨਵੀਨੀਕਰਨ ਨੂੰ ਮੁਅੱਤਲ ਕਰ ਦਿੱਤਾ ਹੈ। ਸਵੈ-ਨਵੀਨੀਕਰਨ ਦਾ ਅਰਥ ਹੈ ਕਿਸੇ ਸਮਝੌਤੇ ਜਾਂ ਸੇਵਾ ਦਾ ਸਵੈਚਾਲਿਤ ਮੁੜ-ਸ਼ੁਰੂਆਤ ਜਾਂ ਵਿਸਥਾਰ। ਇਹ ਬਿਆਨ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੀ ਜੰਗ ਨੂੰ ਲੈ ਕੇ ਦੁਨੀਆ ਭਰ ਵਿੱਚ ਵਿਰੋਧ ਪ੍ਰਦਰਸ਼ਨ ਅਤੇ ਤਣਾਅ ਵਧ ਰਹੇ ਹਨ। ਇੱਥੇ ਦੱਸ ਦਈਏ ਕਿ ਇਸ ਸਮਝੌਤੇ ਨੂੰ ਇਜ਼ਰਾਈਲ ਨੇ 2006 ਵਿੱਚ ਮਨਜ਼ੂਰੀ ਦਿੱਤੀ ਸੀ ਅਤੇ ਹਰ ਪੰਜ ਸਾਲਾਂ ਬਾਅਦ ਇਸਦੀ ਸਮੀਖਿਆ ਕੀਤੀ ਜਾਂਦੀ ਹੈ।



ਕਈ ਇਤਾਲਵੀ ਨਿਊਜ਼ ਏਜੰਸੀਆਂ ਨੇ ਮੇਲੋਨੀ ਦੇ ਹਵਾਲੇ ਨਾਲ ਕਿਹਾ, 'ਮੌਜੂਦਾ ਸਥਿਤੀ ਨੂੰ ਦੇਖਦੇ ਹੋਏ ਸਰਕਾਰ ਨੇ ਇਜ਼ਰਾਈਲ ਨਾਲ ਰੱਖਿਆ ਸਮਝੌਤੇ ਦੇ ਨਵੀਨੀਕਰਨ ਨੂੰ ਮੁਅੱਤਲ ਕਰਨ ਦਾ ਫੈਸਲਾ ਕੀਤਾ ਹੈ।' ਇਸ ਰੱਖਿਆ ਸਮਝੌਤੇ ਵਿੱਚ ਫੌਜੀ ਉਪਕਰਣਾਂ ਅਤੇ ਤਕਨੀਕੀ ਖੋਜਾਂ ਦਾ ਆਦਾਨ-ਪ੍ਰਦਾਨ ਸ਼ਾਮਲ ਹੈ। ਮੇਲੋਨੀ ਨੇ ਇਹ ਬਿਆਨ ਵੇਰੋਨਾ ਵਿੱਚ ਇੱਕ ਵਾਈਨ ਉਦਯੋਗ ਮੇਲੇ ਦੌਰਾਨ ਦਿੱਤਾ। ਇਸ ਸਮਝੌਤੇ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਫੌਜੀ ਉਪਕਰਣਾਂ ਅਤੇ ਤਕਨਾਲੋਜੀ 'ਤੇ ਸਹਿਯੋਗ ਸ਼ਾਮਲ ਸੀ। ਨਿਊਜ਼ ਏਜੰਸੀ ਏਐਨਐਸਏ ਨੇ ਰਿਪੋਰਟ ਦਿੱਤੀ ਕਿ ਪਿਛਲੇ ਹਫ਼ਤੇ ਹੀ, ਇਜ਼ਰਾਈਲ ਨੇ ਇਤਾਲਵੀ ਰਾਜਦੂਤ ਨੂੰ ਤਲਬ ਕੀਤਾ ਸੀ। ਇਜ਼ਰਾਇਲੀ ਫੌਜ ਨੇ ਲੇਬਨਾਨ ਵਿੱਚ ਇਤਾਲਵੀ ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਅਕਾਂ ਦੇ ਕਾਫਲੇ 'ਤੇ ਚੇਤਾਵਨੀ ਦੇ ਤੌਰ 'ਤੇ ਗੋਲੀਆਂ ਚਲਾਉਣ ਨੂੰ ਲੈ ਕੇ ਵਿਰੋਧ ਜਤਾਇਆ ਸੀ। ਇਸ ਹਮਲੇ ਵਿੱਚ ਇੱਕ ਵਾਹਨ ਨੂੰ ਨੁਕਸਾਨ ਪਹੁੰਚਿਆ, ਪਰ ਕੋਈ ਜ਼ਖਮੀ ਨਹੀਂ ਹੋਇਆ।

# ਚੁਟੀਆ ਮਹਾਦੇਵ ਮੰਦਰ ਵਿਖੇ ਮੰਡਾ ਤਿਉਹਾਰ ਦੀਆਂ ਰੌਣਕਾਂ; ਸ਼ਰਧਾਲੂਆਂ ਨੇ ਨਿਭਾਈ 'ਝੂਲਣ' ਦੀ ਰਸਮ



ਰਾਂਚੀ : ਝਾਰਖੰਡ ਦੀ ਰਾਜਧਾਨੀ ਰਾਂਚੀ ਦੇ ਪ੍ਰਸਿੱਧ ਚੁਟੀਆ ਮਹਾਦੇਵ ਮੰਦਰ ਵਿਖੇ ਮੰਗਲਵਾਰ ਨੂੰ ਮੰਡਾ ਤਿਉਹਾਰ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਪਹੁੰਚ ਕੇ ਭਗਵਾਨ ਮਹਾਦੇਵ ਦੀ ਪੂਜਾ-ਅਰਚਨਾ ਕੀਤੀ ਅਤੇ ਰਵਾਇਤੀ ਰਸਮਾਂ ਨਿਭਾਈਆਂ।

ਤਿਉਹਾਰ ਦੀਆਂ ਮੁੱਖ ਰਸਮਾਂ:

ਝੂਲਣ ਦੀ ਰਸਮ: ਮੰਡਾ ਤਿਉਹਾਰ ਦੇ ਸਭ ਤੋਂ ਅਹਿਮ ਪੜਾਅ ਵਜੋਂ ਸ਼ਰਧਾਲੂਆਂ ਵੱਲੋਂ 'ਝੂਲਣ' ਦੀ ਰਸਮ ਨਿਭਾਈ ਗਈ, ਜਿਸ ਵਿੱਚ ਸ਼ਰਧਾਲੂ ਆਪਣੀ ਅਥਾਹ ਸ਼ਰਧਾ ਦਾ ਪ੍ਰਦਰਸ਼ਨ ਕਰਦੇ ਹਨ।

ਲੋਕ ਆਸਥਾ ਦਾ ਪ੍ਰਤੀਕ: ਇਹ ਤਿਉਹਾਰ ਖੇਤਰ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਭਗਵਾਨ ਸ਼ਿਵ ਪ੍ਰਤੀ ਲੋਕਾਂ ਦੇ ਅਟੁੱਟ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਸਮੂਹਿਕ ਉਤਸ਼ਾਹ: ਮੰਦਰ ਪਰਿਸਰ ਭਗਤਾਂ ਦੇ ਜੈਕਾਰਿਆਂ ਨਾਲ ਗੂੰਜ ਰਿਹਾ ਸੀ ਅਤੇ ਪੂਰਾ ਮਾਹੌਲ ਅਧਿਆਤਮਿਕ ਰੰਗ ਵਿੱਚ ਰੰਗਿਆ ਹੋਇਆ ਸੀ।

ਮੰਡਾ ਤਿਉਹਾਰ ਖਾਸ ਤੌਰ 'ਤੇ ਚੰਗੀ ਫ਼ਸਲ ਅਤੇ ਪਰਿਵਾਰਕ ਸੁਖ-ਸ਼ਾਂਤੀ ਦੀ ਕਾਮਨਾ ਲਈ ਮਨਾਇਆ ਜਾਂਦਾ ਹੈ, ਜਿਸ ਵਿੱਚ ਪੁਰਸ਼ ਅਤੇ ਮਹਿਲਾ ਸ਼ਰਧਾਲੂ ਕਠਿਨ ਵਰਤ ਰੱਖ ਕੇ ਭਗਵਾਨ ਦੀ ਅਰਾਧਨਾ ਕਰਦੇ ਹਨ।

# ਕੋਵਿਲਪੱਟੀ ਵਿੱਚ ਉਦੈਨਿਧੀ ਸਟਾਲਿਨ ਦੀ ਚੋਣ ਰੈਲੀ: ਸਮਰਥਕਾਂ ਦਾ ਉਮੜਿਆ ਭਾਰੀ ਸੈਲਾਬ



ਥੂਥੂਕੁੜੀ : ਤਾਮਿਲਨਾਡੂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਿਆਸੀ ਸਰਗਰਮੀਆਂ ਸਿਖਰਾਂ 'ਤੇ ਹਨ। ਬੁੱਧਵਾਰ ਨੂੰ ਸੂਬੇ ਦੇ ਉਪ-ਮੁੱਖ ਮੰਤਰੀ ਉਦੈਨਿਧੀ ਸਟਾਲਿਨ ਵੱਲੋਂ ਕੋਵਿਲਪੱਟੀ ਵਿਧਾਨ ਸਭਾ ਹਲਕੇ ਵਿੱਚ ਇੱਕ ਵਿਸ਼ਾਲ ਚੋਣ ਰੈਲੀ ਕੀਤੀ ਗਈ। ਇਸ ਦੌਰਾਨ ਆਪਣੇ ਹਰਮਨਪਿਆਰੇ ਨੇਤਾ ਨੂੰ ਸੁਣਨ ਲਈ ਲੋਕਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ।

ਭਾਰੀ ਇਕੱਠ: ਥੂਥੂਕੁੜੀ ਜ਼ਿਲ੍ਹੇ ਦੇ ਕੋਵਿਲਪੱਟੀ ਵਿੱਚ ਹੋਈ ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਮਰਥਕਾਂ ਅਤੇ ਸਥਾਨਕ ਲੋਕਾਂ ਨੇ ਸ਼ਿਰਕਤ ਕੀਤੀ।

ਚੋਣ ਪ੍ਰਚਾਰ: ਉਦੈਨਿਧੀ ਸਟਾਲਿਨ ਨੇ ਡੀ.ਐਮ.ਕੇ. (DMK) ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾਈਆਂ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਦੀ ਜਿੱਤ ਦਾ ਭਰੋਸਾ ਜਤਾਇਆ।

ਉਤਸ਼ਾਹੀ ਮਾਹੌਲ: ਪੂਰਾ ਹਲਕਾ ਪਾਰਟੀ ਦੇ ਝੰਡਿਆਂ ਅਤੇ ਨਾਅਰਿਆਂ ਨਾਲ ਗੂੰਜ ਰਿਹਾ ਸੀ, ਜੋ ਚੋਣ ਮੈਦਾਨ ਵਿੱਚ ਡੀ.ਐਮ.ਕੇ. ਦੀ ਮਜ਼ਬੂਤ ਪਕੜ ਦਾ ਸੰਕੇਤ ਦੇ ਰਿਹਾ ਹੈ।

ਉਪ-ਮੁੱਖ ਮੰਤਰੀ ਦੇ ਇਸ ਦੌਰੇ ਨੇ ਚੋਣ ਪ੍ਰਚਾਰ ਵਿੱਚ ਨਵੀਂ ਜਾਨ ਫੂਕ ਦਿੱਤੀ ਹੈ ਅਤੇ ਸਥਾਨਕ ਵਰਕਰਾਂ ਵਿੱਚ ਭਾਰੀ ਉਤਸ਼ਾਹ ਭਰ ਦਿੱਤਾ ਹੈ।

# ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਅਮਰੀਕੀ ਰਾਜਦੂਤ ਸਰਜੀਓ ਗੋਰ ਵਿਚਾਲੇ ਮੁਲਾਕਾਤ

ਨਵੀਂ ਦਿੱਲੀ : ਕੇਂਦਰੀ ਮੰਤਰੀ ਸ੍ਰੀ ਹਰਦੀਪ ਸਿੰਘ ਪੁਰੀ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿਖੇ ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਸਰਜੀਓ ਗੋਰ ਨਾਲ ਇੱਕ ਅਹਿਮ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਹਿੱਤਾਂ ਅਤੇ ਰਣਨੀਤਿਕ ਸਾਂਝੇਦਾਰੀ ਦੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ।

ਦੁਵੱਲੇ ਸਬੰਧ: ਮੀਟਿੰਗ ਵਿੱਚ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਨੂੰ ਹੋਰ ਪ੍ਰਪੱਕ ਕਰਨ ਅਤੇ ਊਰਜਾ, ਸ਼ਹਿਰੀ ਵਿਕਾਸ ਤੇ ਆਰਥਿਕ ਸਹਿਯੋਗ ਵਰਗੇ ਖੇਤਰਾਂ ਵਿੱਚ ਮਿਲ ਕੇ ਕੰਮ ਕਰਨ 'ਤੇ ਜ਼ੋਰ ਦਿੱਤਾ ਗਿਆ।

ਰਣਨੀਤਿਕ ਸਾਂਝ: ਦੋਵਾਂ ਆਗੂਆਂ ਨੇ ਗਲੋਬਲ ਚੁਣੌਤੀਆਂ ਅਤੇ ਖੇਤਰੀ ਸਥਿਰਤਾ ਲਈ ਦੋਵਾਂ ਲੋਕਤੰਤਰਾਂ ਦੇ ਮਿਲ ਕੇ ਚੱਲਣ ਦੀ ਅਹਿਮੀਅਤ ਨੂੰ ਦੁਹਰਾਇਆ।





ਸਦਭਾਵਨਾ ਭੇਟ: ਇਹ ਮੁਲਾਕਾਤ ਨਵੀਂ ਦਿੱਲੀ ਵਿੱਚ ਇੱਕ ਸੁਖਾਵੇਂ ਅਤੇ ਦੋਸਤਾਨਾ ਮਾਹੌਲ ਵਿੱਚ ਹੋਈ, ਜੋ ਦੋਵਾਂ ਦੇਸ਼ਾਂ ਦੀ ਵਧਦੀ ਨੇੜਤਾ ਦਾ ਪ੍ਰਤੀਕ ਹੈ। ਹਰਦੀਪ ਸਿੰਘ ਪੁਰੀ ਨੇ ਇਸ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਭਾਰਤ-ਅਮਰੀਕਾ ਦੋਸਤੀ ਦੇ ਸੁਖਦ ਭਵਿੱਖ ਦੀ ਉਮੀਦ ਜਤਾਈ।

# ਬਿਹਾਰ 'ਚ ਸਮਰਾਟ ਚੌਧਰੀ ਭਾਜਪਾ ਦੇ ਪਹਿਲੇ ਮੁੱਖ ਮੰਤਰੀ ਬਣੇ








ਪਟਨਾ : ਭਾਜਪਾ ਆਗੂ ਸਮਰਾਟ ਚੌਧਰੀ ਨੇ ਅੱਜ ਬਿਹਾਰ ਦੇ 24ਵੇਂ ਮੁੱਖ ਮੰਤਰੀ ਵਜੋਂ ਹਲਫ਼ ਲਿਆ। ਇਹ ਪਹਿਲਾ ਮੌਕਾ ਹੈ, ਜਦੋਂ ਬਿਹਾਰ 'ਚ ਭਾਜਪਾ ਦਾ ਕੋਈ ਆਗੂ ਮੁੱਖ ਮੰਤਰੀ ਬਣਿਆ ਹੈ। ਰਾਜਪਾਲ ਸੱਯਦ ਅਤਾ ਹਸਨੈਨ ਨੇ ਲੋਕ ਭਵਨ 'ਚ ਸਮਰਾਟ ਚੌਧਰੀ ਨੂੰ ਹਲਫ਼ ਦਿਵਾਇਆ। ਇਸ ਮੌਕੇ ਜਨਤਾ ਦਲ (ਯੂ) ਦੇ ਬਿਜੇਂਦਰ ਪ੍ਰਸਾਦ ਯਾਦਵ ਅਤੇ ਵਿਜੈ ਕੁਮਾਰ ਚੌਧਰੀ ਨੇ ਉਪ ਮੁੱਖ ਮੰਤਰੀਆਂ ਵਜੋਂ ਹਲਫ਼ ਲਿਆ। ਮੁੱਖ ਮੰਤਰੀ ਨੇ ਸਾਰੇ ਅਹਿਮ ਵਿਭਾਗਾਂ ਸਣੇ 30 ਵਿਭਾਗ ਆਪਣੇ ਕੋਲ ਰੱਖੇ ਹਨ।

ਹਲਫ਼ਦਾਰੀ ਸਮਾਗਮ ਮੌਕੇ ਜਨਤਾ ਦਲ (ਯੂ) ਪ੍ਰਧਾਨ ਨਿਤੀਸ਼ ਕੁਮਾਰ, ਜਿਨ੍ਹਾਂ ਇਕ ਦਿਨ ਪਹਿਲਾਂ ਮੁੱਖ ਮੰਤਰੀ ਦਾ ਅਹੁਦਾ ਛੱਡਿਆ ਸੀ, ਕੇਂਦਰੀ ਮੰਤਰੀ ਜੇ ਪੀ ਨੱਢਾ ਅਤੇ ਚਿਰਾਗ ਪਾਸਵਾਨ ਸਮੇਤ ਹੋਰ ਹਸਤੀਆਂ ਹਾਜ਼ਰ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਰਾਟ ਚੌਧਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਊਰਜਾ, ਲੋਕ ਸੇਵਾ ਪ੍ਰਤੀ ਸਮਰਪਣ ਅਤੇ ਜ਼ਮੀਨੀ ਪੱਧਰ ਦੇ ਤਜਰਬੇ ਦਾ ਲਾਹਾ ਸੂਬੇ ਨੂੰ ਮਿਲੇਗਾ। ਨਿਤੀਸ਼ ਕੁਮਾਰ (75) ਦੇ ਰਾਜ ਸਭਾ ਮੈਂਬਰ ਬਣਨ ਮਗਰੋਂ ਨਵਾਂ ਮੁੱਖ ਮੰਤਰੀ ਬਣਾਉਣਾ ਪਿਆ ਹੈ। ਸਮਰਾਟ ਚੌਧਰੀ ਕਰੀਬ ਤਿੰਨ ਦਹਾਕਿਆਂ ਤੋਂ ਸਿਆਸਤ 'ਚ ਹਨ ਅਤੇ 9 ਸਾਲ ਪਹਿਲਾਂ ਉਹ ਭਾਜਪਾ 'ਚ ਸ਼ਾਮਲ ਹੋਏ ਸਨ। ਹਲਫ਼ ਲੈਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਮਰਾਟ ਚੌਧਰੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਵਿਕਸਤ ਸ਼ਾਸਨ ਦੇ ਮਾਡਲ ਨੂੰ ਅਪਣਾਉਣਗੇ। ਦਿਲਚਸਪ ਗੱਲ ਹੈ ਕਿ ਜਦੋਂ ਨਿਤੀਸ਼ ਕੁਮਾਰ ਮੁੱਖ ਮੰਤਰੀ ਸਨ ਤਾਂ ਭਾਜਪਾ ਦੇ ਸਮਰਾਟ ਚੌਧਰੀ ਅਤੇ ਵਿਜੈ ਕੁਮਾਰ ਸਿਨਹਾ ਉਪ ਮੁੱਖ ਮੰਤਰੀ ਸਨ ਪਰ ਹੁਣ ਭਾਜਪਾ ਦਾ ਮੁੱਖ ਮੰਤਰੀ ਹੈ ਅਤੇ ਜਨਤਾ ਦਲ (ਯੂ) ਦੇ ਦੋ ਆਗੂ ਉਪ ਮੁੱਖ ਮੰਤਰੀ ਹਨ।



## ਬਿਹਾਰ ਵਿੱਚ 'ਸਮਰਾਟ' ਯੁੱਗ ਦੀ ਸ਼ੁਰੂਆਤ: ਸਮਰਾਟ ਚੌਧਰੀ ਦੇ ਮੁੱਖ ਮੰਤਰੀ ਬਣਨ 'ਤੇ ਪਟਨਾ 'ਚ ਚੱਲੇ ਪਟਾਕੇ




ਪਟਨਾ : ਬਿਹਾਰ ਦੀ ਰਾਜਨੀਤੀ ਵਿੱਚ ਇੱਕ ਨਵਾਂ ਅਧਿਆਏ ਸ਼ੁਰੂ ਹੋ ਗਿਆ ਹੈ। ਬੁੱਧਵਾਰ ਨੂੰ ਸਮਰਾਟ ਚੌਧਰੀ ਵੱਲੋਂ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਪੂਰੇ ਸੂਬੇ ਵਿੱਚ ਜਸ਼ਨ ਦਾ ਮਾਹੌਲ ਦੇਖਣ ਨੂੰ ਮਿਲਿਆ। ਇਸ ਇਤਿਹਾਸਕ ਮੌਕੇ 'ਤੇ ਪਟਨਾ ਸਥਿਤ ਭਾਰਤੀ ਜਨਤਾ ਪਾਰਟੀ (BJP) ਦੇ ਸੂਬਾ ਦਫ਼ਤਰ ਵਿਖੇ ਸਮਰਥਕਾਂ ਨੇ ਜ਼ੋਰਦਾਰ ਜਸ਼ਨ ਮਨਾਇਆ।

ਜਸ਼ਨ ਦੀਆਂ ਮੁੱਖ ਝਲਕੀਆਂ:

ਆਤਿਸ਼ਬਾਜ਼ੀ: ਸਹੁੰ ਚੁੱਕ ਸਮਾਗਮ ਤੋਂ ਤੁਰੰਤ ਬਾਅਦ ਭਾਜਪਾ ਸਮਰਥਕਾਂ ਨੇ ਸੂਬਾ ਦਫ਼ਤਰ ਦੇ ਬਾਹਰ ਜੰਮ ਕੇ ਪਟਾਕੇ ਚਲਾਏ ਅਤੇ ਇੱਕ-ਦੂਜੇ ਦਾ ਮੂੰਹ ਮਿੱਠਾ ਕਰਵਾਇਆ।

ਵਰਕਰਾਂ ਵਿੱਚ ਉਤਸ਼ਾਹ: ਪਾਰਟੀ ਵਰਕਰਾਂ ਨੇ ਢੋਲ-ਧਮਾਕਿਆਂ ਦੀ ਗੂੰਜ ਵਿੱਚ ਨਾਅਰੇਬਾਜ਼ੀ ਕੀਤੀ ਅਤੇ ਇਸ ਨੂੰ ਬਿਹਾਰ ਦੇ ਵਿਕਾਸ ਲਈ ਇੱਕ ਵੱਡਾ ਮੋੜ ਦੱਸਿਆ।

ਸਿਆਸੀ ਤਬਦੀਲੀ: ਸਮਰਾਟ ਚੌਧਰੀ ਦੀ ਅਗਵਾਈ ਵਿੱਚ ਨਵੀਂ ਸਰਕਾਰ ਦੇ ਗਠਨ ਨੇ ਭਾਜਪਾ ਖੇਮੇ ਵਿੱਚ ਨਵੀਂ ਰੂਹ ਫੂਕ ਦਿੱਤੀ ਹੈ। ਸਹੁੰ ਚੁੱਕ ਸਮਾਗਮ ਤੋਂ ਬਾਅਦ ਪਟਨਾ ਦੀਆਂ ਸੜਕਾਂ 'ਤੇ ਭਾਜਪਾ ਦੇ ਝੰਡਿਆਂ ਅਤੇ ਸਮਰਥਕਾਂ ਦਾ ਭਾਰੀ ਇਕੱਠ ਦੇਖਿਆ ਗਿਆ, ਜੋ ਨਵੀਂ ਲੀਡਰਸ਼ਿਪ ਪ੍ਰਤੀ ਲੋਕਾਂ ਦੇ ਉਤਸ਼ਾਹ ਨੂੰ ਦਰਸਾ ਰਿਹਾ ਸੀ।

# ਮੁੱਕ ਗਈ ਫ਼ਸਲਾਂ ਦੀ ਰਾਖੀ, ਜੱਟਾ ਆਈ ਵਿਸਾਖੀ !

# ਖੇਤਾਂ ਵਿੱਚ ਮਹਿਕੀ ਵਿਸਾਖੀ: ਕਿਸਾਨਾਂ ਨੇ ਅਰਦਾਸ ਕਰਕੇ ਕਣਕ ਦੀ ਵਾਢੀ ਸ਼ੁਰੂ ਕਰਕੇ ਮਨਾਇਆ ਖੁਸ਼ੀਆਂ ਦਾ ਤਿਉਹਾਰ




ਅੰਮ੍ਰਿਤਸਰ : ਪੰਜਾਬ ਦੀ ਮਿੱਟੀ ਦੇ ਸਪੂਤ ਮਹਾਨ ਸ਼ਾਇਰ ਸ਼੍ਰੀ ਦੀ ਇਹ ਸਭ ਤੋਂ ਉੱਤਮ ਰਚਨਾ ਮੁੱਕ ਗਈ ਫ਼ਸਲਾਂ ਦੀ ਰਾਖੀ, ਜੱਟਾ ਆਈ ਵਿਸਾਖੀ! 'ਪੰਜਾਬ ਦੀ ਧਰਤੀ 'ਤੇ ਅੱਜ ਵਿਸਾਖੀ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਚਾਅ ਨਾਲ ਮਨਾਇਆ ਗਿਆ। ਜਿੱਥੇ ਗੁਰਦੁਆਰਾ ਸਾਹਿਬਾਨ ਵਿੱਚ ਰੌਣਕਾਂ ਰਹੀਆਂ, ਉੱਥੇ ਹੀ ਅੰਮ੍ਰਿਤਸਰ ਦੇ ਖੇਤਾਂ ਵਿੱਚ ਕਿਸਾਨਾਂ ਨੇ ਆਪਣੀ ਪੁੱਤਾਂ ਵਾਂਗ ਪਾਲੀ ਕਣਕ ਦੀ ਫ਼ਸਲ ਦੀ ਵਾਢੀ ਸ਼ੁਰੂ ਕਰਕੇ ਇਸ ਪਵਿੱਤਰ ਦਿਹਾੜੇ ਨੂੰ ਰਵਾਇਤੀ ਅੰਦਾਜ਼ ਵਿੱਚ ਮਨਾਇਆ।

ਮਿਹਨਤ ਦਾ ਮੁੱਲ ਅਤੇ ਜਸ਼ਨ : ਕਿਸਾਨਾਂ ਲਈ ਵਿਸਾਖੀ ਦਾ ਦਿਨ ਸਿਰਫ਼ ਇੱਕ ਤਿਉਹਾਰ ਹੀ ਨਹੀਂ, ਸਗੋਂ ਉਨ੍ਹਾਂ ਦੀ ਸਾਲ ਭਰ ਦੀ ਮਿਹਨਤ ਦੇ ਸਫਲ ਹੋਣ ਦਾ ਦਿਨ ਹੈ। ਮੰਗਲਵਾਰ ਨੂੰ ਅੰਮ੍ਰਿਤਸਰ ਦੇ ਵੱਖ-ਵੱਖ ਪਿੰਡਾਂ ਵਿੱਚ ਕਿਸਾਨਾਂ ਨੇ ਪਰਿਵਾਰਾਂ ਸਮੇਤ ਖੇਤਾਂ ਵਿੱਚ ਪਹੁੰਚ ਕੇ ਸੁਨਹਿਰੀ ਕਣਕ ਦੀ ਵਾਢੀ ਦਾ ਆਗਾਜ਼ ਕੀਤਾ।

ਰਵਾਇਤੀ ਸ਼ੁਰੂਆਤ: ਕਿਸਾਨਾਂ ਨੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਫ਼ਸਲ ਨੂੰ ਦਾਤੀ ਲਗਾਈ ਅਤੇ ਚੰਗੇ ਝਾੜ ਦੀ ਉਮੀਦ ਜਤਾਈ।

ਖੁਸ਼ਹਾਲੀ ਦਾ ਪ੍ਰਤੀਕ: ਖੇਤਾਂ ਵਿੱਚ ਕਣਕ ਦੀ ਸੁਨਹਿਰੀ ਭਾਅ ਕਿਸਾਨਾਂ ਦੇ ਚਿਹਰਿਆਂ 'ਤੇ ਖੁਸ਼ੀ ਲਿਆ ਰਹੀ ਹੈ, ਜੋ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ।

ਸਾਂਝਾ ਜਸ਼ਨ: ਵਾਢੀ ਦੇ ਨਾਲ-ਨਾਲ ਖੇਤਾਂ ਵਿੱਚ ਭੰਗੜੇ ਅਤੇ ਖੁਸ਼ੀ ਦੇ ਗੀਤਾਂ ਨਾਲ ਮਾਹੌਲ ਪੂਰੀ ਤਰ੍ਹਾਂ ਵਿਸਾਖੀ ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ।

ਕਿਸਾਨਾਂ ਦਾ ਕਹਿਣਾ ਹੈ ਕਿ ਵਿਸਾਖੀ ਉਨ੍ਹਾਂ ਲਈ ਨਵੀਂ ਉਮੀਦ ਅਤੇ ਖੁਸ਼ਹਾਲੀ ਲੈ ਕੇ ਆਉਂਦੀ ਹੈ, ਅਤੇ ਫ਼ਸਲ ਦੀ ਵਾਢੀ ਉਨ੍ਹਾਂ ਦੇ ਜੀਵਨ ਦਾ ਸਭ ਤੋਂ ਵੱਡਾ ਜਸ਼ਨ ਹੈ।

# ਵੱਡੀ ਗਿਣਤੀ ਸੰਗਤ ਤਖ਼ਤ ਕੇਸਗੜ੍ਹ ਸਾਹਿਬ ਵਿੱਚ ਨਤਮਸਤਕ

ਸ੍ਰੀ ਆਨੰਦਪੁਰ ਸਾਹਿਬ : ਖ਼ਾਲਸਾ ਸਾਜਨਾ ਦਿਵਸ ਮੌਕੇ 'ਤੇ ਦੇਸ਼-ਵਿਦੇਸ਼ ਤੋਂ ਪੁੱਜੀ ਸੰਗਤ ਨੇ ਅੱਜ ਇਥੇ ਤਖ਼ਤ ਕੇਸਗੜ੍ਹ ਸਾਹਿਬ ਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੱਖ-ਵੱਖ ਗੁਰੂ ਘਰਾਂ ਵਿੱਚ ਨਤਮਸਤਕ ਹੋ ਕੇ ਗੁਰੂ ਚਰਨਾਂ ਵਿੱਚ ਹਾਜ਼ਰੀ ਲਗਵਾਈ। ਅੰਮ੍ਰਿਤ ਵੇਲੇ ਤੋਂ ਸੰਗਤ ਨੇ ਸਰੋਵਰਾਂ 'ਚ ਇਸ਼ਨਾਨ ਕਰਕੇ ਸ਼ਰਧਾ ਭਾਵ ਨਾਲ ਲੰਬੀਆਂ ਕਤਾਰਾਂ ਵਿੱਚ ਖੜ੍ਹ ਕੇ ਮੱਥਾ ਟੇਕਿਆ। 12 ਅਪਰੈਲ ਨੂੰ ਸ਼ੁਰੂ ਕੀਤੇ ਅਖੰਡ ਪਾਠ ਦੇ ਅੱਜ ਭੋਗ ਪਾਏ ਗਏ ਅਤੇ ਇਸ ਮੌਕੇ ਗੁਰਮਤਿ ਸਮਾਗਮ ਲਗਾਤਾਰ ਜਾਰੀ ਰਹੇ। ਸਮਾਗਮਾਂ ਵਿਚ ਰਾਗੀ ਜਥਿਆਂ, ਕਥਾ ਵਾਚਕਾਂ ਵੱਲੋਂ ਸੰਗਤਾਂ ਨੂੰ ਗੁਰੂ ਇਤਿਹਾਸ ਤੇ ਗੁਰਬਾਣੀ ਨਾਲ ਜੋੜਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਲੰਗਰ, ਰਿਹਾਇਸ਼ ਅਤੇ ਗੱਠੜੀ ਘਰਾਂ ਦੇ ਵਿਸ਼ਾਲ ਪ੍ਰਬੰਧ ਕੀਤੇ ਗਏ ਸਨ। ਇਸ ਦੇ ਨਾਲ ਹੀ ਵੱਖ-ਵੱਖ ਇਲਾਕਿਆਂ ਤੋਂ ਆਈਆਂ ਸੰਗਤਾਂ ਨੇ ਆਪਣੇ ਪੱਧਰ 'ਤੇ ਵੀ ਥਾਂ-ਥਾਂ ਲੰਗਰ ਲਗਾ ਕੇ ਖਾਲਸਾ ਸਾਜਨਾ ਦਿਵਸ ਮੌਕੇ ਸ੍ਰੀ ਆਨੰਦਪੁਰ ਸਾਹਿਬ ਪੁੱਜੀ ਸੰਗਤ ਦੀ ਸੇਵਾ ਕੀਤੀ। ਇਸ ਮੌਕੇ ਤਖ਼ਤ ਕੇਸਗੜ੍ਹ ਸਾਹਿਬ ਦੇ ਸਮੁੱਚੇ ਕੰਪਲੈਕਸ ਨੂੰ ਰੰਗ-ਬਿਰੰਗੇ ਫੁੱਲਾਂ ਅਤੇ ਲਾਈਟਾਂ ਨਾਲ ਵਿਸ਼ੇਸ਼ ਤੌਰ 'ਤੇ ਸਜਾਇਆ ਗਿਆ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸੰਗਤ ਨੂੰ ਵਧਾਈਆਂ ਦਿੰਦਿਆਂ ਖਾਲਸਾ ਪੰਥ ਦੇ ਮਹਾਨ ਇਤਿਹਾਸ ਨੂੰ ਯਾਦ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਨੇ 1699 ਵਿੱਚ ਖਾਲਸਾ ਪੰਥ ਦੀ ਸਾਜਨਾ ਕਰਕੇ ਮਨੁੱਖਤਾ ਨੂੰ ਨਵਾਂ ਰਾਹ ਦਿਖਾਇਆ ਜੋ ਸੱਚ, ਨਿਆਂ ਅਤੇ ਬਰਾਬਰੀ ਦੇ ਸਿਧਾਂਤਾਂ 'ਤੇ ਅਧਾਰਿਤ ਹੈ। ਇਸ ਮੌਕੇ ਤਖ਼ਤ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਭਾਈ ਅਮਰਜੀਤ ਸਿੰਘ ਚਾਵਲਾ, ਤਖ਼ਤ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਮੈਨੇਜਰ ਮਲਕੀਤ ਸਿੰਘ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੇਵਾਦਾਰ ਅਤੇ ਸੰਗਤਾਂ ਹਾਜ਼ਰ ਸਨ।



# ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਆਸਿਮ ਮੁਨੀਰ ਤਹਿਰਾਨ ਪਹੁੰਚੇ; ਅਹਿਮ ਦੁਵੱਲੇ ਮੁੱਦਿਆਂ 'ਤੇ ਹੋਵੇਗੀ ਚਰਚਾ





ਤਹਿਰਾਨ : ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਆਸਿਮ ਮੁਨੀਰ ਬੁੱਧਵਾਰ ਨੂੰ ਇਰਾਨ ਦੀ ਰਾਜਧਾਨੀ ਤਹਿਰਾਨ ਪਹੁੰਚੇ। ਉਨ੍ਹਾਂ ਦਾ ਇਹ ਦੌਰਾ ਖੇਤਰੀ ਸੁਰੱਖਿਆ ਅਤੇ ਦੋਵਾਂ ਦੇਸ਼ਾਂ ਵਿਚਾਲੇ ਫੌਜੀ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਨਜ਼ਰੀਏ ਤੋਂ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ।

ਉੱਚ ਪੱਧਰੀ ਮੁਲਾਕਾਤਾਂ: ਜਨਰਲ ਮੁਨੀਰ ਆਪਣੀ ਇਸ ਫੇਰੀ ਦੌਰਾਨ ਇਰਾਨੀ ਫੌਜ ਦੇ ਉੱਚ ਅਧਿਕਾਰੀਆਂ ਅਤੇ ਰਾਜਨੀਤਿਕ ਲੀਡਰਸ਼ਿਪ ਨਾਲ ਮੁਲਾਕਾਤ ਕਰਨਗੇ।

ਸੁਰੱਖਿਆ ਮੁੱਦੇ: ਦੋਵਾਂ ਦੇਸ਼ਾਂ ਵਿਚਾਲੇ ਸਰਹੱਦੀ ਪ੍ਰਬੰਧਨ, ਅੱਤਵਾਦ ਵਿਰੋਧੀ ਕਾਰਵਾਈਆਂ ਅਤੇ ਖੇਤਰੀ ਸਥਿਰਤਾ ਵਰਗੇ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਹੋਣ ਦੀ ਉਮੀਦ ਹੈ।

ਰਣਨੀਤਿਕ ਸਾਂਝ: ਇਸ ਦੌਰੇ ਦਾ ਉਦੇਸ਼ ਗੁਆਂਢੀ ਦੇਸ਼ਾਂ ਵਜੋਂ ਆਪਸੀ ਵਿਸ਼ਵਾਸ ਨੂੰ ਵਧਾਉਣਾ ਅਤੇ ਰੱਖਿਆ ਖੇਤਰ ਵਿੱਚ ਸਹਿਯੋਗ ਦੇ ਨਵੇਂ ਰਾਹ ਤਲਾਸ਼ਣਾ ਹੈ।

ਇਹ ਦੌਰਾ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਖੇਤਰੀ ਭੂ-ਰਾਜਨੀਤੀ (Geopolitics) ਵਿੱਚ ਤੇਜ਼ੀ ਨਾਲ ਬਦਲਾਅ ਆ ਰਹੇ ਹਨ, ਜਿਸ ਕਾਰਨ ਇਸ ਫੇਰੀ 'ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ।

# ਅਮਰੀਕਾ-ਈਰਾਨ ਸ਼ਾਂਤੀ ਵਾਰਤਾ

# ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਪਹੁੰਚੇ ਇਸਲਾਮਾਬਾਦ; ਪਾਕਿਸਤਾਨੀ ਲੀਡਰਸ਼ਿਪ ਵੱਲੋਂ ਭਰਵਾਂ ਸਵਾਗਤ













ਇਸਲਾਮਾਬਾਦ : ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੇ ਤਣਾਅ ਨੂੰ ਘਟਾਉਣ ਅਤੇ ਸ਼ਾਂਤੀ ਸਥਾਪਿਤ ਕਰਨ ਦੇ ਮਕਸਦ ਨਾਲ ਅਮਰੀਕਾ ਦੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ (JD Vance) ਸ਼ਨੀਵਾਰ ਨੂੰ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਪਹੁੰਚੇ। ਇਸ ਇਤਿਹਾਸਕ ਵਾਰਤਾ ਲਈ ਪਾਕਿਸਤਾਨ ਮੇਜ਼ਬਾਨ ਦੀ ਭੂਮਿਕਾ ਨਿਭਾ ਰਿਹਾ ਹੈ।

ਸਵਾਗਤ ਅਤੇ ਮੁਲਾਕਾਤਾਂ:

ਨਿੱਘਾ ਸਵਾਗਤ: ਇਸਲਾਮਾਬਾਦ ਪਹੁੰਚਣ 'ਤੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਉਪ-ਰਾਸ਼ਟਰਪਤੀ ਵੈਂਸ ਦਾ ਰਸਮੀ ਸਵਾਗਤ ਕੀਤਾ।

ਉੱਚ-ਪੱਧਰੀ ਹਾਜ਼ਰੀ: ਇਸ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਮੁੱਖ ਏਜੰਡਾ: ਇਸ ਫੇਰੀ ਦਾ ਮੁੱਖ ਉਦੇਸ਼ ਅਮਰੀਕਾ-ਈਰਾਨ ਸ਼ਾਂਤੀ ਵਾਰਤਾ (US-Iran Peace Talks) ਨੂੰ ਅੱਗੇ ਵਧਾਉਣਾ ਅਤੇ ਖੇਤਰੀ ਸੁਰੱਖਿਆ ਦੇ ਮੁੱਦਿਆਂ 'ਤੇ ਚਰਚਾ ਕਰਨਾ ਹੈ।

ਰਣਨੀਤਿਕ ਅਹਿਮੀਅਤ:

ਜੇ.ਡੀ. ਵੈਂਸ ਦਾ ਇਹ ਦੌਰਾ ਮੱਧ-ਪੂਰਬ ਵਿੱਚ ਸਥਿਰਤਾ ਲਿਆਉਣ ਲਈ ਅਮਰੀਕਾ ਦੀਆਂ ਕੂਟਨੀਤਕ ਕੋਸ਼ਿਸ਼ਾਂ ਦਾ ਇੱਕ ਅਹਿਮ ਹਿੱਸਾ ਮੰਨਿਆ ਜਾ ਰਿਹਾ ਹੈ। ਪਾਕਿਸਤਾਨ ਵੱਲੋਂ ਇਸ ਵਾਰਤਾ ਦੀ ਮੇਜ਼ਬਾਨੀ ਕਰਨਾ ਅੰਤਰਰਾਸ਼ਟਰੀ ਪੱਧਰ 'ਤੇ ਉਸ ਦੀ ਡਿਪਲੋਮੈਟਿਕ ਭੂਮਿਕਾ ਨੂੰ ਹੋਰ ਮਜ਼ਬੂਤ ਕਰਦਾ ਹੈ।

ਆਉਣ ਵਾਲੇ ਦਿਨਾਂ ਵਿੱਚ ਇਸ ਵਾਰਤਾ ਤੋਂ ਨਿਕਲਣ ਵਾਲੇ ਸਿੱਟਿਆਂ 'ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਰਹਿਣਗੀਆਂ।

# ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਅਬੂ ਧਾਬੀ ਵਿੱਚ ਭਾਰਤੀ ਭਾਈਚਾਰੇ ਨਾਲ ਕੀਤੀ ਮੁਲਾਕਾਤ

# ਦੁਵੱਲੇ ਸਬੰਧਾਂ ਅਤੇ ਪ੍ਰਵਾਸੀਆਂ ਦੇ ਯੋਗਦਾਨ ਦੀ ਸ਼ਲਾਘਾ

ਅਬੂ ਧਾਬੀ : ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨੇ ਆਪਣੇ ਦੋ ਰੋਜ਼ਾ ਸਰਕਾਰੀ ਦੌਰੇ ਦੇ ਪਹਿਲੇ ਦਿਨ ਸ਼ਨੀਵਾਰ ਨੂੰ ਅਬੂ ਧਾਬੀ ਵਿਖੇ ਯੂ.ਏ.ਈ. ਵਿੱਚ ਰਹਿ ਰਹੇ ਭਾਰਤੀ ਪ੍ਰਵਾਸੀਆਂ (Indian Diaspora) ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਦੇਸ਼ ਦੇ ਵਿਕਾਸ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਸਲਾਹਿਆ।





ਭਾਰਤੀ ਪ੍ਰਵਾਸੀਆਂ ਦੀ ਭੂਮਿਕਾ: ਡਾ. ਜੈਸ਼ੰਕਰ ਨੇ ਕਿਹਾ ਕਿ ਯੂ.ਏ.ਈ. ਵਿੱਚ ਵੱਸਦੇ ਭਾਰਤੀ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਇੱਕ ਮਜ਼ਬੂਤ 'ਪੁਲ' ਦਾ ਕੰਮ ਕਰਦੇ ਹਨ। ਉਨ੍ਹਾਂ ਦੇ ਸਖ਼ਤ ਮਿਹਨਤ ਅਤੇ ਇਮਾਨਦਾਰੀ ਸਦਕਾ ਹੀ ਅੱਜ ਭਾਰਤ ਦਾ ਮਾਣ ਦੁਨੀਆ ਭਰ ਵਿੱਚ ਵਧਿਆ ਹੈ।

ਸਰਕਾਰੀ ਯੋਜਨਾਵਾਂ ਦੀ ਜਾਣਕਾਰੀ: ਵਿਦੇਸ਼ ਮੰਤਰੀ ਨੇ ਪ੍ਰਵਾਸੀ ਭਾਰਤੀਆਂ ਲਈ ਭਾਰਤ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਨਵੀਆਂ ਨੀਤੀਆਂ ਅਤੇ ਡਿਜੀਟਲ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਰਣਨੀਤਿਕ ਸਾਂਝ: ਇਹ ਦੌਰਾ ਭਾਰਤ ਅਤੇ ਯੂ.ਏ.ਈ. ਵਿਚਾਲੇ ਵਧਦੀ ਆਰਥਿਕ ਅਤੇ ਰਣਨੀਤਿਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਨਜ਼ਰੀਏ ਤੋਂ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਸਮਾਗਮ ਦੌਰਾਨ ਭਾਰਤੀ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਵਿਦੇਸ਼ ਮੰਤਰੀ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਭਾਰਤ ਸਰਕਾਰ ਹਮੇਸ਼ਾ ਉਨ੍ਹਾਂ ਦੀ ਸੁਰੱਖਿਆ ਅਤੇ ਭਲਾਈ ਲਈ ਵਚਨਬੱਧ ਹੈ।

# ਅਮਰੀਕਾ-ਈਰਾਨ ਸ਼ਾਂਤੀ ਵਾਰਤਾ ਰਹੀ ਬੇਸਿੱਟਾ

# ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਇਸਲਾਮਾਬਾਦ ਤੋਂ ਹੋਏ ਰਵਾਨਾ

ਇਸਲਾਮਾਬਾਦ : ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਰਣਨੀਤਿਕ ਸ਼ਾਂਤੀ ਵਾਰਤਾ ਕਿਸੇ ਤਾਰਕਿਕ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਅਸਫਲ ਹੋ ਗਈ ਹੈ। ਅਮਰੀਕਾ ਦੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਐਤਵਾਰ ਨੂੰ ਇਸਲਾਮਾਬਾਦ (ਪਾਕਿਸਤਾਨ) ਤੋਂ ਵਾਪਸ ਰਵਾਨਾ ਹੋ ਗਏ ਹਨ, ਜਿੱਥੇ ਉਹ ਇਨ੍ਹਾਂ ਅਹਿਮ ਗੱਲਬਾਤਾਂ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਸਨ।

ਵਾਰਤਾ ਦੇ ਅਸਫਲ ਹੋਣ ਦੇ ਮੁੱਖ ਕਾਰਨ:

ਸਹਿਮਤੀ ਦੀ ਘਾਟ: ਕਈ ਦਿਨਾਂ ਤੱਕ ਚੱਲੀ ਉੱਚ-ਪੱਧਰੀ ਚਰਚਾ ਦੇ ਬਾਵਜੂਦ, ਦੋਵੇਂ ਦੇਸ਼ ਮੁੱਖ ਵਿਵਾਦਤ ਮੁੱਦਿਆਂ 'ਤੇ ਸਹਿਮਤੀ ਬਣਾਉਣ ਵਿੱਚ ਨਾਕਾਮ ਰਹੇ।





ਖੇਤਰੀ ਤਣਾਅ: ਮਾਹਿਰਾਂ ਦਾ ਮੰਨਣਾ ਹੈ ਕਿ ਗੁੰਝਲਦਾਰ ਭੂ-ਰਾਜਨੀਤਿਕ ਹਾਲਾਤ ਅਤੇ ਪੁਰਾਣੇ ਸ਼ੰਕਿਆਂ ਕਾਰਨ ਇਹ ਵਾਰਤਾ ਕਿਸੇ ਸਮਝੌਤੇ 'ਤੇ ਨਹੀਂ ਪਹੁੰਚ ਸਕੀ।

ਅਚਾਨਕ ਵਾਪਸੀ: ਉਪ-ਰਾਸ਼ਟਰਪਤੀ ਵੈਂਸ ਦੀ ਵਾਪਸੀ ਇਸ ਗੱਲ ਦਾ ਸੰਕੇਤ ਹੈ ਕਿ ਫਿਲਹਾਲ ਡਿਪਲੋਮੈਟਿਕ ਪੱਧਰ 'ਤੇ ਕੋਈ ਵੱਡੀ ਪ੍ਰਾਪਤੀ ਹੋਣ ਦੀ ਉਮੀਦ ਘੱਟ ਹੈ।

ਅੱਗੇ ਕੀ ਹੋਵੇਗਾ?

ਇਸ ਵਾਰਤਾ ਦੇ ਬੇਸਿੱਟਾ ਰਹਿਣ ਨਾਲ ਮੱਧ-ਪੂਰਬ (Middle East) ਵਿੱਚ ਸੁਰੱਖਿਆ ਅਤੇ ਸਥਿਰਤਾ ਨੂੰ ਲੈ ਕੇ ਚਿੰਤਾਵਾਂ ਮੁੜ ਵਧ ਸਕਦੀਆਂ ਹਨ। ਅੰਤਰਰਾਸ਼ਟਰੀ ਭਾਈਚਾਰਾ ਹੁਣ ਦੋਵਾਂ ਦੇਸ਼ਾਂ ਦੇ ਅਗਲੇ ਅਧਿਕਾਰਤ ਬਿਆਨਾਂ ਦੀ ਉਡੀਕ ਕਰ ਰਿਹਾ ਹੈ ਤਾਂ ਜੋ ਇਸ ਗੱਲ ਦਾ ਪਤਾ ਲੱਗ ਸਕੇ ਕਿ ਭਵਿੱਖ ਵਿੱਚ ਗੱਲਬਾਤ ਦੀ ਗੁੰਜਾਇਸ਼ ਬਚੀ ਹੈ ਜਾਂ ਨਹੀਂ।



# ਕਥਾ ਸਮਾਗਮ

## ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ

ਹੈੱਡ ਗ੍ਰੰਥੀ, ਗੁਰਦੁਆਰਾ ਬੰਗਲਾ ਸਾਹਿਬ

ਮੋਬਾਇਲ : +1 917-957-1313

ਵੱਟਸਐਪ : +91 9313751313

## ਅਪ੍ਰੈਲ 2026 - ਯੂ.ਐਸ.ਏ ਅਤੇ ਕੈਨੇਡਾ

### ਵੀਰਵਾਰ, 16 ਅਪ੍ਰੈਲ 2026

ਰਾਤ 7:45 ਤੋਂ 8:30

ਗੁਰਦੁਆਰਾ ਸਿੱਖ ਫਾਊਂਡੇਸ਼ਨ ਆਫ਼ ਵਰਜੀਨੀਆ

### ਸ਼ੁੱਕਰਵਾਰ, 17 ਅਪ੍ਰੈਲ 2026

ਰਾਤ 8:30 ਤੋਂ 9:15

ਗੁਰਦੁਆਰਾ ਗੁਰੂ ਨਾਨਕ ਫਾਊਂਡੇਸ਼ਨ ਸਿਲਵਰ ਸਪਰਿੰਗ ਮੈਰੀਲੈਂਡ

### ਸ਼ਨਿੱਚਰਵਾਰ, 18 ਅਪ੍ਰੈਲ 2026

ਸ਼ਾਮ 6:30 ਤੋਂ 7:30

ਗੁਰਦੁਆਰਾ ਸੱਚਾ ਮਾਰਗ ਸਾਹਿਬ

12431 ਐਸ ਈ 286 ਪੀ ਆਈ ਯੂਬੋਰਨ, ਡਬਲਿਊ ਏ 98992

### ਐਤਵਾਰ, 19 ਅਪ੍ਰੈਲ 2026

ਦੁਪਹਿਰ 12:00 ਤੋਂ 1:00

ਗੁਰਦੁਆਰਾ ਸੱਚਾ ਮਾਰਗ ਸਾਹਿਬ

12431 ਐਸ ਈ 286 ਪੀ ਆਈ ਯੂਬੋਰਨ, ਡਬਲਿਊ ਏ 98992

### ਸੋਮਵਾਰ, 20 ਅਪ੍ਰੈਲ 2026

ਰਾਤ 7:15 ਤੋਂ 8:15

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

ਐਡਮੋਂਟਨ

### ਮੰਗਲਵਾਰ, 21 ਅਪ੍ਰੈਲ 2026

ਰਾਤ 7:15 ਤੋਂ 8:00

ਗੁਰਦੁਆਰਾ ਦੂਖ ਨਿਵਾਰਨ ਸਾਹਿਬ

15255-68 ਅਵੇਨਿਊ ਸਰੀ ਬੀ.ਸੀ. ਵੀ3ਐਸ2ਸੀ3

**Follow on:**

- Giani Ranjit Singh Head Granthi Gurdwra Bangla Sahib
- Head Granthi Ranjit Singh Bangla Sahib
- s_sranjitsingh1313_official



ਭਾਈ ਸਾਹਿਬ ਸਤਪਾਲ ਸਿੰਘ ਖਾਲਸਾ (ਐਂਬੈਸਡਰ ਆਫ਼ ਸਿੱਖ ਧਰਮਾ)

# ਸ਼੍ਰੋਮਣੀ ਰਾਗੀ ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ

ਭਲੋ ਭੋ ਰੇ ਕੀਰਤਨੀਆ।। (੮੮੪) ਉਚਾਰ ਕੇ ਸਤਿਗੁਰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਰੱਬੀ ਕੀਰਤੀ ਗਾਇਨ ਕਰਨ ਵਾਲੇ ਨੂੰ ਅਗੰਮੀ ਅਸੀਸ ਨਾਲ ਨਿਵਾਜਿਆ ਹੈ। ਪਰ ਇਸ ਲੜੀ ਵਿਚ ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਦਾ ਮੁਕਾਮ ਬਿਲਕੁਲ ਵਿਲੱਖਣ ਹੀ ਸੀ। ਭਾਈ ਸਾਹਿਬ ਜੀ ਕੇਵਲ ਕੀਰਤਨ ਹੀ ਨਹੀਂ ਸਨ ਕਰਦੇ ਬਲਕਿ ਇਸ ਵਿਚ ਇਕ ਮਿਕ ਹੋ ਕੇ ਰਚ ਮਿਚ ਜਾਂਦੇ ਸਨ। ਉਹ ਕੀਰਤਨ ਦੀ ਹੀ ਮੂਰਤ ਹੋ ਨਿਬੜਦੇ ਸਨ। ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।। ਤਾ ਮੇਰੈ ਮਨਿ ਭਇਆ ਨਿਧਾਨਾ।।੧।। (੧੮੬) ਦੇ ਮਹਾਂਵਾਕ ਅਨੁਸਾਰ ਕੀਰਤਨ ਦੀ ਉਹ ਪਰੰਪਰਾ ਅਤੇ ਰੀਤਾਂ ਜੋ ਸਤਿਗੁਰੂ ਜੀ ਨੇ ਬਖਸ਼ੀਆਂ ਉਹਨਾਂ ਨੂੰ ਪਰਿਵਾਰ ਨਾਲ ਮਿਲ ਕੇ ਨਾ ਕੇਵਲ ਖੁਦ ਗਾਇਨ ਕਰਨਾ ਬਲਕਿ ਇਸ ਖਜ਼ਾਨੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਅਤੇ ਸੰਜੋਅ ਕੇ ਭੇਟਾ ਕਰਨੀ ਇਹ ਭਾਈ ਸਾਹਿਬ ਜੀ ਦੀ ਬਹੁਤ ਵੱਡੀ ਸੇਵਾ ਹੈ। ਇਸ ਵਿਚ ਇਕ ਕੀਰਤਨੀਆ ਹੀ ਨਹੀਂ ਬਲਕੀ ਉਸ ਤੋਂ ਵੀ ਵੱਧ ਦੇਣ ਹੈ।

ਇਸਲਾਮ ਨੇ ਰਾਗ ਨੂੰ ਰਾਗ ਰੰਗ ਕਹਿ ਕੇ ਇਸ ਤੇ ਪਾਬੰਦੀਆਂ ਆਇਦ ਕਰ ਦਿੱਤੀਆਂ। ਸ਼ਾਇਰੇ ਮਸ਼ਰਕ ਇਕਬਾਲ ਨੇ ਤਾਂ ਇੱਥੇ ਤਕ ਕਹਿ ਦਿੱਤਾ ਕਿ ਕੌਮਾਂ ਦੀ ਤਕਦੀਰ ਤਲਵਾਰ ਪਹਿਲਾਂ ਅਤੇ ਤਾਊਸ ਅਤੇ ਰਬਾਬ ਬਾਅਦ ਵਿਚ ਹੈ। ਬਕੌਲ ਇਕਬਾਲ

**ਮੈਂ ਤੁਝ ਕੋ ਬਤਾਤਾ ਹੂੰ ਤਕਦੀਰੇ ਉਮ:**
**ਕਯਾ ਹੈ,**
**ਸ਼ਮਸ਼ੀਰ ਵ ਸਨਾ ਅੱਵਲ,**
**ਤਾਊਸ ਵ ਰਬਾਬ ਆਖ਼ਿਰ (ਇਕਬਾਲ)**

ਪਰ ਸਤਿਗੁਰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਤਾਂ ਅਵੱਲ ਰਬਾਬ ਨੂੰ ਹੀ ਰੱਬ ਨਾਲ ਗੱਲਾਂ ਕਰਨ ਦਾ ਸਾਧਨ ਬਣਾਇਆ। ਭਾਈ ਵੀਰ ਸਿੰਘ ਜੀ ਦਾ ਕਥਨ ਕਿਤਨਾ ਭਾਵ ਪੂਰਤ ਹੈ ਕਿ ਭਾਈ ਮਰਦਾਨਾ ਜੀ ਦੇ ਚਲਾਣੇ ਤੇ ਸਤਿਗੁਰ ਜੀ ਦੇ ਮੁਖਾਰਬੰਦ ਤੋਂ ਸ਼ਬਦ ਨਿਕਸਿਆ,

**ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ।।**
**ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰ ਸੰਜੋਗ।।੩੨।। (ਮ:੧ ੯੩੪)**

ਭਾਈ ਸਾਹਿਬ ਜੀ ਦਾ ਕਥਨ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਸਨ ਕਿ ਮਰਦਾਨਾ ਰਬਾਬੀ ਨਹੀਂ ਸੀ। ਉਹ ਤਾਂ ਰਬਾਬ ਸੀ। ਰਬਾਬੀ ਤਾਂ ਮੈਂ ਸੀ ਅਤੇ ਮੈਂ ਹੀ ਉਸ ਨੂੰ ਵਜਾਂਦਾ ਸੀ। ਹੁਣ ਇਹ ਰਬਾਬ ਟੁੱਟ ਗਈ ਹੈ ਅਤੇ ਵੱਜ ਨਹੀਂ ਰਹੀ। ਇਹ ਰਿਸ਼ਤਾ ਹੈ ਰਬਾਬ 'ਤੇ ਰਬਾਬੀ ਦਾ ਜੋ ਗੁਰਮਤਿ ਨੇ ਦਿੱਤਾ ਹੈ।

ਮੱਕੇ ਦੀ ਗੋਸ਼ਟਿ ਵਿਚ ਇਕ ਕਮਾਲ ਦਾ ਹਵਾਲਾ ਮਿਲਦਾ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਹਾਵਦੀਨ ਨੇ ਹੋਰ ਗੱਲਾਂ ਦੇ ਨਾਲ ਪੁਛਿਆ ਕਿ ਰੱਬ ਰਹਿੰਦਾ ਕਿੱਥੇ ਹੈ, ਖਾਂਦਾ ਕੀ ਹੈ ਅਤੇ ਪੀਂਦਾ ਕੀ ਹੈ। ਇਹ ਪੂਰਾ ਸਵਾਲ ਸੀ,

**ਸੁਆਲ ਪੀਰ ਬਹਾਵਦੀ ਸੂਰਾ।।**
**ਆਖੇ ਪੀਰ ਬਹਾਵਦੀ ਸੁਣ ਨਾਨਕ ਸਿਰਦਰਿ ।**
**ਕਿਉ ਕਰਿ ਮਿਲੀਐ ਰਬ ਨੋ ਕਿਉ ਕਰਿ ਹੋਇ ਦੀਦਾਰੁ।।**
**ਕੇਹੀ ਸੁਰਤਿ ਰਬ ਦੀ ਰਹਦਾ ਕੇਹੜੀ ਜਾਇ।।**
**ਖਾਂਦਾ ਕੀ ਨਿਆਮਤਾਂ ਪਹਰੇ ਕੀ ਕਵਾਇ।।**
**ਕਰਕੇ ਕੇਹੜੀ ਬੰਦਗੀ ਮਿਲੇ ਗਰੀਬ ਨਿਵਾਜ।।**
**ਜਾਂ ਰਬੁ ਮਿਲੇ ਤਾ ਕਰਮੁ ਹੋਇ ਪੂਰਾ ਹੋਵੇ ਕਾਜੁ।।੧੬੯।।**

ਇਸ ਦੇ ਜਵਾਬ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਇਆ ਕਿ ਰੱਬ ਰਹਿੰਦਾ ਹਰ ਥਾਂ ਹੈ, ਖਾਂਦਾ ਰਾਗੁ ਹੈ ਅਤੇ ਪੀਂਦਾ ਸ਼ਬਦੁ ਹੈ।

**ਜਵਾਬ ਨਾਨਕ ਸਾਹ ਸੂਰਾ।।**
**ਆਖੇ ਨਾਨਕ ਸਾਹ ਸਚੁ ਸੁਣਹੁ ਬਹਾਵਦੀ ਸਾਹ।**
**ਕਰੁ ਮਸਕੀਨੀ ਬੰਦਗੀ ਤਾਂ ਮਿਲੀਐ ਬੇਪਰਵਾਹੁ।।**
**ਨੂਰੀ ਸੂਰਤਿ ਰਬਿ ਦੀ ਰਹਦਾ ਸਭਨੀ ਜਾਇ।।**
**ਖਾਂਦਾ ਰਾਗੁ ਨਿਆਮਤਾ ਪੀਦਾ ਸਬਦੁ ਅਘਾਇ।।**
**ਕਰਕੇ ਮਿਹਨਤਿ ਬੰਦਗੀ ਮਿਲੇ ਗਰੀਬ ਨਿਵਾਜੁ।।**
**ਜਾਂ ਰਬੇ ਮਿਲੇ ਤਾ ਕਰਮੁ ਹੋਇ ਸਭ ਪੂਰੇ ਹੋਵਨ ਕਾਜ।।੧੭੦।।**

ਭਾਈ ਸਾਹਿਬ ਜੀ ਨਾਲ ਪਹਿਲੀ ਮੁਲਾਕਾਤ ਡਿਫੈਂਸ ਕਾਲੋਨੀ ਗੁਰਦਵਾਰਾ ਸਾਹਿਬ ਵਿਚ ਹੋਈ। ਉਹ ਕੀਰਤਨ ਕਰਕੇ ਬਾਹਰ ਆਏ ਤਾਂ



ਮੈਂ ਉਹਨਾਂ ਨੂੰ ਬੇਨਤੀ ਕੀਤੀ ਕੀ ਆਪ ਜੀ ਜਲੰਧਰ ਕਿਸੇ ਸਮਾਗਮ ਤੇ ਹਾਜ਼ਰੀ ਭਰ ਸਕੋਗੇ। ਬਿਨਾਂ ਕਿਸੇ ਸੋਚ ਦੇ ਉਹਨਾਂ ਨੇ ਹਾਮੀ ਭਰੀ ਅਤੇ ਕਿਹਾ ਕਿ ਤਰੀਕ ਦੱਸ ਦਿਉ। ਹਾਲਾਂ ਕਿ ਮੈਂ ਕਿਸੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ



ਗੁਰਚਰਨਜੀਤ ਸਿੰਘ ਲਾਂਬਾ
ਨਿਊਜਰਸੀ. ਯੂ.ਐਸ.ਏ.
+1 862 294 8721
santsipahi@gmail.com

ਕਮੇਟੀ ਵਿਚ ਨਹੀਂ ਪਰ ਮੇਰੀ ਇੱਛਾ ਸੀ ਕਿ ਉੱਥ ਸਥਾਨਕ ਗੁਰਦੁਆਰਾ ਸਾਹਿਬ ਨਾਲ ਗੱਲ ਕਰ ਕੇ ਸੰਗਤਾਂ ਭਾਈ ਸਾਹਿਬ ਜੀ ਦੇ ਕੀਰਤਨ ਦਾ ਲਾਭ ਲੈ ਸਕਣ। ਭਾਈ ਸਾਹਿਬ ਜੀ ਨੇ ਜਦੋਂ ਹਾਂ ਕਰ ਦਿੱਤੀ ਤਾਂ ਮੈਂ ਬੇਨਤੀ ਕੀਤੀ ਭਾਈ ਸਾਹਿਬ ਜੀ ਕਿਤਨੀ ਭੇਟਾ ਕਹਿ ਦਿਆਂ। ਭਾਈ ਸਾਹਿਬ ਜੀ ਦਾ ਅੰਦਾਜ਼ ਅਤੇ ਜਵਾਬ ਵੀ ਨਿਵੇਕਲਾ ਹੀ ਸੀ। ਕਹਿਣ ਲੱਗੇ, ਕੀ ਸ਼ਬਦ ਦੀ ਭੇਟਾ ਦੇ ਸਕਦੇ ਹੋ?

ਸ਼ਰਦ ਰੁਤ ਦਾ ਸਮਾਗਮ ਕਪੂਰਥਲਾ ਵਿਚ ਸੀ। ਉੱਥੇ ਸੰਗਤ ਅਤੇ ਸ੍ਰੋਤਿਆਂ ਵਿਚ ਸਾਹਮਣੇ ਕਪੂਰਥਲਾ ਰਿਆਸਤ ਦੇ ਮੌਜੂਦਾ ਰਾਜਾ ਸਾਹਿਬ ਸਨ। ਭਾਈ ਸਾਹਿਬ ਜੀ ਨੇ ਜੋ ਸ਼ਬਦ ਅਤੇ ਜਿਸ ਅੰਦਾਜ਼ ਨਾਲ ਗਾਇਨ ਕੀਤਾ ਉਪ ਭੁਲਦਾ ਨਹੀਂ। ਭਾਈ ਸਾਹਿਬ ਜੀ ਗਾਇਨ ਕਰ ਰਹੇ ਸਨ,

**ਕੋਊ ਹਰਿ ਸਮਾਨਿ ਨਹੀ ਰਾਜਾ।।**
**ਏ ਭੂਪਤਿ ਸਭ ਦਿਵਸ ਚਾਰਿ ਕੇ**
**ਝੂਠੇ ਕਰਤ ਦਿਵਾਜਾ।।੧।।**
**ਤੇਰੋ ਜਨੁ ਹੋਇ ਸੋਇ ਕਤ ਡੋਲੈ**
**ਤੀਨਿ ਭਵਨ ਪਰ ਛਾਜਾ।। (੮੫੬)**
**ਜਿਨੀ ਚਲਣੁ ਜਾਣਿਆ ਸੋ ਕਿਉ**
**ਕਰਹਿ ਵਿਥਾਰ।। (੭੮੮)**

ਜਨਮ ਸਾਖੀ ਵਿਚ ਵਰਣਨ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਦੋਂ ਭਾਈ ਲਾਲੋ ਦਾ ਬੂਹਾ ਖੜਕਾਇਆ ਤਾਂ ਅੰਦਰੋਂ ਆਵਾਜ਼ ਆਈ! ਕੌਣ। ਸਤਿਗੁਰੂ ਜੀ ਨੇ ਕਿਹਾ ਭਾਈ ਇਕ ਮੁਸਾਫ਼ਰ ਹਾਂ। ਭਾਈ ਲਾਲੋ ਜੀ ਨੇ ਕਿਹਾ ਕਿ ਸਿੱਧੀ ਕੰਮ ਦੀ ਗੱਲ ਕਰੋ, ਇੱਥੇ ਸਾਰੇ ਹੀ ਮੁਸਾਫ਼ਰ ਹਨ। ਸਤਿਗੁਰੂ ਜੀ ਖਿੜ ਪਏ। ਕਹਿਣ ਲੱਗੇ ਭਾਈ ਬੂਹਾ ਖੋਲ੍ਹ ਦੇ। ਤੈਨੂੰ ਪਤਾ ਲਗ ਗਿਆ ਹੈ ਕਿ ਸਾਰੇ ਹੀ ਮੁਸਾਫ਼ਰ ਹਨ। ਤੇਰੇ ਨਾਲ ਸਾਡੀ ਬਣ ਆਏਗੀ। ਸਤਿਗੁਰੂ ਦੀ ਉਸ ਨਾਲ ਬਣੇਗੀ ਜੋ ਆਪਣੇ ਆਪ ਨੂੰ ਮੁਸਾਫ਼ਰ ਸਮਝੇਗਾ।

ਇਹ ਕਹਿਣ ਦੀ ਲੋੜ ਤਾਂ ਪਈ ਕਿ ਮੈਂ ਅਮਰੀਕਾ ਤੋਂ ਦਿੱਲੀ ਉਤਰਿਆ ਅਤੇ ਉਸ ਵੇਲੇ ਫੋਨ ਤੇ ਖ਼ਬਰ ਮਿਲੀ ਕਿ ਭਾਈ ਸਾਹਿਬ ਜੀ ਦੀ ਤਬੀਅਤ ਬਹੁਤ ਹੀ ਜ਼ਿਆਦਾ ਖ਼ਰਾਬ ਹੈ ਅਤੇ ਡਾਕਟਰਾਂ ਨੇ ਥੋੜ੍ਹਾ ਹੀ ਸਮਾਂ ਦਿੱਤਾ ਹੈ। ਉਸੇ ਵੇਲੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਮੱਕੜ ਨੂੰ ਫੋਨ ਕੀਤਾ ਅਤੇ ਉਹਨਾਂ ਨੇ ਖੁਦ ਭਾਈ ਸਾਹਿਬ ਦੇ ਘਰ ਜਾ ਕੇ 'ਸ਼੍ਰੋਮਣੀ ਰਾਗੀ' ਦਾ ਅਵਾਰਡ ਭੇਟ ਕੀਤਾ। ਇਸ ਸਮੇਂ ਉਹਨਾਂ ਦੇ ਨਾਲ ਬੀਬੀ ਜਸਵਿੰਦਰ ਕੌਰ, ਬੀਬੀ ਜਸਬੀਰ ਕੌਰ, ਭਾਈ ਸਵਰਨ ਸਿੰਘ ਜੀ, ਸ੍ਰ. ਦਿਲਜੀਤ ਸਿੰਘ ਬੇਦੀ ਮੀਤ ਸਕੱਤਰ, ਸ਼੍ਰੋਮਣੀ ਕਮੇਟੀ ਅਤੇ ਸ੍ਰਦਾਰ ਪਰਮਜੀਤ ਸਿੰਘ ਸਰੋਆ ਵੀ ਹਾਜ਼ਰ ਸਨ।

ਇੱਥੇ ਭਾਈ ਸਾਹਿਬ ਜੀ ਨੂੰ ਇਕ ਲੱਖ ਇਕ ਹਜ਼ਾਰ ਦੀ ਰਾਸ਼ੀ, ਇਕ ਸ਼ਾਲ, ਇਕ ਸਰੋਪਾਓ ਤੇ ਚਾਂਦੀ ਦੀ ਤਸ਼ਤਰੀ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਸਤਿਕਾਰ ਸਹਿਤ ਭਾਈ ਅਵਤਾਰ ਸਿੰਘ ਜੀ ਨੂੰ ਸੌਂਪੀ। ਦੋਹਾਂ ਨੇ ਗਲਵਕੜੀ ਪਾਈ। ਮਾਹੌਲ ਵਿਚ ਇਕ ਅਜਬ ਨਮੀ ਸੀ। ਇਸ ਸਮੇਂ ਭਾਈ ਅਵਤਾਰ ਸਿੰਘ ਜੀ ਨੇ ਮੱਕੜ ਸਾਹਿਬ ਨੂੰ ਕਿਹਾ ਕਿ ਕੀਰਤਨ ਸੰਬਧੀ ਬਹੁਤ ਕੁਝ ਕਰਨ ਦੀ ਲੋੜ ਹੈ, ਪਿਆਰ ਅਤੇ ਤਾੜਨਾ ਨਾਲ ਪਰੰਪਰਾਵਾਂ ਨੂੰ ਸੁਰਜੀ ਰੱਖੋ। ਉਨ੍ਹਾਂ ਦੀ ਮਿਲਣੀ ਤੋਂ ਲਗ ਰਿਹਾ ਸੀ ਕਿ ਉਹ ਗੁਰੂ ਵਲੋਂ ਬਖਸ਼ਿਸ਼ ਕੀਰਤਨ ਪਰੰਪਰਾ ਦੀਆਂ ਰੀਤਾਂ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ ਪਰ ਬਿਮਾਰੀ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦੇ ਰਹੀ।

ਬਾਅਦ ਵਿਚ ਜਦੋਂ ਮੈਂ ਕੁਝ ਸਨੇਹੀਆਂ ਨਾਲ ਭਾਈ ਸਾਹਿਬ ਜੀ ਮਿਲਿਆ ਤਾਂ ਭਾਈ ਸਾਹਿਬ ਦਾ ਸਹਿਜ ਵਿਚ ਜਵਾਬ ਸੀ, ਮੈਨੂੰ ਖੁਸ਼ੀ ਹੈ, ਮੈਨੂੰ ਪਤਾ ਹੈ ਮੈਂ ਕਿੱਥੇ ਜਾ ਰਿਹਾ ਹਾਂ। ਮੈਂ ਆਪਣੇ ਘਰ ਜਾ ਰਿਹਾ ਹਾਂ।

ਐਸੀ ਗੁਰਮੁਖ ਸਖਸੀਅਤ ਜਿਹਨਾਂ ਨੇ ਤਕਰੀਬਨ ੧੯੫੪ ਤੋਂ ਲਗਾਤਾਰ ਕੀਰਤਨ ਦੀ ਅਥਾਹ ਸੇਵਾ ਕੀਤੀ। ਐਸੀਆਂ ਰੂਹਾਂ ਵਿਰਲੀਆਂ ਹੀ ਹੁੰਦੀਆਂ ਹਨ ਜਿਹਨਾਂ ਬਾਰੇ ਕਿਹਾ ਜਾ ਸਕਦਾ ਹੈ,

**ਆਏ ਸੇ ਪਰਵਾਣੁ ਹਹਿ ਜਿਨ**
**ਗੁਰੁ ਮਿਲਿਆ ਸੁਭਾਇ।।**
**ਸਚੇ ਸੇਤੀ ਰਤਿਆ ਦਰਗਹ**
**ਬੈਸਣ ਜਾਇ।। (ਮ:੫ ੫੨)**

# ਵੈਨਕੂਵਰ 'ਚ ਗੁਰਦਾਸ ਮਾਨ ਖਿਲਾਫ ਰੋਸ ਮੁਜ਼ਾਹਰਾ

## 'ਟਰਾਂਸ ਨੈਸ਼ਨਲ ਕਲਚਰਲ ਰਿਪ੍ਰੈਸ਼ਨ' ਤੇ 'ਇੱਕ ਬੋਲੀ ਇੱਕ ਦੇਸ਼' ਵਰਗੇ ਖਤਰਨਾਕ ਏਜੰਡੇ ਦਾ ਸਖਤ ਵਿਰੋਧ





**ਵੈਨਕੂਵਰ ਚ ਵਿਵਾਦਿਤ ਗੁਰਦਾਸ ਮਾਨ ਖਿਲਾਫ ਰੋਸ ਪ੍ਰਗਟਾਉਣਦੇ ਹੋਏ ਪ੍ਰਦਰਸ਼ਨਕਾਰੀ।**

ਵੈਨਕੂਵਰ : ਕੈਨੇਡਾ ਦੀ ਧਰਤੀ 'ਤੇ ਸੱਤ ਸਾਲ ਪਹਿਲਾਂ 'ਇੱਕ ਰਾਸ਼ਟਰ ਇੱਕ ਭਾਸ਼ਾ' ਦੇ ਬਿਆਨ ਅਤੇ 'ਅਪਮਾਨਜਨਕ ਟਿੱਪਣੀਆਂ' ਕਾਰਨ ਪੈਦਾ ਹੋਏ ਵਿਵਾਦ ਮਗਰੋਂ, ਹਾਲ ਹੀ ਵਿੱਚ ਗਾਇਕ ਗੁਰਦਾਸ ਮਾਨ ਦੇ ਟੋਰੰਟੋ, ਕੈਲਗਰੀ ਤੇ ਐਡਮਿੰਟਨ ਵਿਚਲੇ ਸ਼ੋਆਂ ਖਿਲਾਫ ਪੰਜਾਬੀਆਂ ਨੇ ਰੋਸ ਪ੍ਰਦਰਸ਼ਨਾਂ ਮਗਰੋਂ, ਇੱਕ ਵੱਡਾ ਰੋਸ ਮੁਜ਼ਾਹਰਾ ਵੈਨਕੂਵਰ 'ਚ ਹੋਇਆ, ਜਿਸ ਵਿੱਚ ਬਜ਼ੁਰਗਾਂ ਅਤੇ ਨੌਜਵਾਨਾਂ ਤੋਂ ਇਲਾਵਾ ਬੀਬੀਆਂ ਤੇ ਬੱਚੇ ਵੀ ਸ਼ਾਮਿਲ ਹੋਏ। ਇਸ ਵਿੱਚ ਸਿੱਖਾਂ ਤੇ ਪੰਜਾਬੀਆਂ ਨੇ ਇਕੱਠਿਆਂ ਹੋ ਕੇ, ਗੁਰਦਾਸ ਮਾਨ ਦੇ ਫਾਸ਼ੀਵਾਦੀ ਇੰਡੀਅਨ ਸਟੇਟ ਦੇ 'ਟਰਾਂਸ ਨੈਸ਼ਨਲ ਕਲਚਰਲ ਰਿਪਰੈਸ਼ਨ' ਅਤੇ 'ਇੱਕ ਰਾਸ਼ਟਰ ਇੱਕ ਬੋਲੀ' ਵਰਗੇ ਖਤਰਨਾਕ ਅਜੰਡਿਆ ਸਮੇਤ, ਮਾਨ ਦੀ ਅਪਸ਼ਬਦਾਵਲੀ ਅਤੇ ਡੇਰੇਵਾਦੀ ਨਸ਼ੇੜੀ ਪ੍ਰਚਾਰ ਦਾ ਸਖਤ ਵਿਰੋਧ ਕੀਤਾ।

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਤੋਂ ਲੈ ਕੇ ਓਂਟਾਰੀਓ ਤੱਕ ਦੀਆਂ ਪੰਜਾਬੀ ਅਤੇ ਸਿੱਖ ਸੰਸਥਾਵਾਂ ਵੱਲੋਂ ਗੁਰਦਾਸ ਮਾਨ ਦੇ ਸ਼ੋਅ ਦੇ ਬਾਈਕਾਟ ਦਾ ਸੱਦਾ ਪਹਿਲਾਂ ਹੀ ਦਿੱਤਾ ਗਿਆ ਸੀ। ਵਿਸ਼ੇਸ਼ ਤੌਰ 'ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਜਰ ਦੇ ਸਹਿਯੋਗੀ ਰਹੇ ਸਿੱਖ ਐਕਟਵਿਸਟਾਂ ਵੱਲੋਂ, ਗੁਰਦਾਸ ਮਾਨ ਖਿਲਾਫ਼ ਵੱਡੇ ਪੋਸਟਰ ਅਤੇ ਝੰਡੇ ਲੈ ਕੇ, ਉਸ ਨੂੰ 'ਸਰਕਾਰੀ ਏਜੰਟ' ਦੱਸਿਆ ਗਿਆ, ਜਿਸ ਨੂੰ ਕੈਨੇਡਾ ਵਿੱਚ ਸਿੱਖਾਂ ਅਤੇ ਪੰਜਾਬੀਆਂ ਵਿਚਕਾਰ ਨਫਰਤ ਪੈਦਾ ਕਰਨ ਅਤੇ ਭਾਈਚਾਰੇ ਨੂੰ ਵੰਡਣ ਲਈ, ਭਾਰਤ ਸਰਕਾਰ ਵੱਲੋਂ ਖਾਸ ਹਦਾਇਤਾਂ ਅਧੀਨ ਭੇਜਿਆ ਗਿਆ ਸੀ।

ਕਿਸਾਨ ਸੰਘਰਸ਼ ਦੌਰਾਨ ਨੌਜਵਾਨਾਂ ਵੱਲੋਂ ਸਟੇਜ ਤੇ ਚੜਨ ਤੋਂ ਰੋਕੇ ਜਾਣ ਅਤੇ ਥਾਂ ਥਾਂ ਤੇ ਵਿਰੋਧ ਦਾ ਸਾਹਮਣਾ ਕਰਨ ਵਾਲੇ ਗੁਰਦਾਸ ਮਾਨ ਵੱਲੋਂ, ਪੰਜਾਬੀਆਂ ਖਿਲਾਫ ਬੱਤੀ ਲੈਣ ਵਰਗੀ ਮੰਦੀ ਸ਼ਬਦਾਵਲੀ ਵਰਤਣ, ਗੁਰੂ ਸਾਹਿਬਾਨ ਦੀ ਤੁਲਨਾ ਭੰਗੀ ਅਤੇ ਨਸੇੜੀ ਨਾਲ ਕਰਨ, ਬੁਚੜ ਕੇ ਪੀਐਸ ਗਿੱਲ ਨਾਲ ਸਾਂਝਾ ਕਾਇਮ ਕਰਨ ਤੋਂ ਇਲਾਵਾ ਟਰਾਂਸ ਨੈਸ਼ਨਲ ਕਲਚਰਲ ਤਸ਼ਦਦ ਦੇ ਏਜੰਡੇ ਵਿਰੁੱਧ ਤੇ ਪੰਜਾਬੀ ਭਾਸ਼ਾ ਨੂੰ ਹਾਸ਼ੀਏ 'ਤੇ ਧੱਕਣ ਕਾਰਨ, ਵੈਨਕੂਵਰ ਵਿੱਚ ਪ੍ਰਦਰਸ਼ਨਕਾਰੀਆਂ ਵੱਲੋਂ ਬੱਤੀਮਾਨ ਦਾ ਸਖਤ ਵਿਰੋਧ ਕੀਤਾ ਗਿਆ।

ਇਸ ਦੌਰਾਨ ਉਹਨਾਂ ਜਾਗਰੂਕ ਨੌਜਵਾਨਾਂ ਦਾ ਵੀ ਪ੍ਰਦਰਸ਼ਨਕਾਰੀਆਂ ਨੇ ਵਿਸ਼ੇਸ਼ ਧੰਨਵਾਦ ਕੀਤਾ, ਜਿਹੜੇ ਸ਼ੋਅ ਦੇਖਣ ਆਏ ਸਨ, ਪਰ ਅਸਲੀਅਤ ਜਾਨਣ ਮਗਰੋਂ ਸੁਹਿਰਦ ਰੋਸ ਮੁਜ਼ਾਹਰਾਕਾਰੀਆਂ ਨਾਲ ਜਾ ਖੜੋਤੇ ਅਤੇ ਗੁਰਦਾਸ ਮਾਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਵੱਡੀ ਗਿਣਤੀ 'ਚ ਹਾਜ਼ਰ ਪ੍ਰਦਰਸ਼ਨਕਾਰੀਆਂ ਵੱਲੋਂ, ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ 'ਤੇ ਪੁਲਿਸ ਪ੍ਰਸ਼ਾਸਨ ਵੱਲੋਂ ਧੰਨਵਾਦ ਕੀਤਾ ਗਿਆ।

# 70 ਸਾਲਾਂ ਬਾਅਦ ਹੁਸ਼ਿਆਰਪੁਰ ਦੇ ਕੰਢੀ ਖੇਤਰ ਵਿੱਚ ਸ਼ਾਨਦਾਰ ਸੜਕਾਂ ਬਣਾਈਆਂ ਜਾਣਗੀਆਂ; ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 150 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ

## ਟਾਂਡਾ ਉੜਮੁੜ ਵਿੱਚ ਲਿੰਕ ਸੜਕਾਂ ਦੀ ਮੁਰੰਮਤ ਅਤੇ ਨਵੀਨੀਕਰਨ ਕੀਤਾ ਜਾਵੇਗਾ







ਟਾਂਡਾ (ਹੁਸ਼ਿਆਰਪੁਰ) (ਰਵਿੰਦਰ ਸਿੰਘ ਟਾਂਡਾ) : ਪੰਜਾਬ ਦੇ ਕੰਢੀ ਖੇਤਰ ਵਿੱਚ ਦਹਾਕਿਆਂ ਦੀ ਅਣਦੇਖੀ ਨੂੰ ਦੂਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਟਾਂਡਾ ਉੜਮੁੜ ਵਿੱਚ 150 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਲਗਭਗ 70 ਸਾਲਾਂ ਤੋਂ ਸਹੂਲਤਾਂ ਪੱਖੋਂ ਵਾਂਝੇ ਪਿੰਡਾਂ ਲਈ ਆਧੁਨਿਕ ਸੜਕੀ ਬੁਨਿਆਦੀ ਢਾਂਚਾ, ਉੱਚ ਪੱਧਰੀ ਪੁਲ ਅਤੇ ਅਤਿ-ਆਧੁਨਿਕ ਸਿਹਤ ਸਹੂਲਤਾਂ ਦੇ ਵਿਆਪਕ ਨੈੱਟਵਰਕ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲਕਦਮੀ ਪਿਛਲੀਆਂ ਸਰਕਾਰਾਂ ਦੇ ਸਿਆਸੀ ਵਿਤਕਰੇ ਨੂੰ ਦੂਰ ਕਰਕੇ ਫੈਸਲਾਕੁੰਨ ਬਦਲਾਅ ਲਿਆਏਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਲੰਬੇ ਸਮੇਂ ਤੋਂ ਅਣਗੌਲਿਆਂ ਕੀਤੇ ਇਸ ਖੇਤਰ ਨੂੰ ਬਿਹਤਰ ਬੁਨਿਆਦੀ ਢਾਂਚਾ ਅਤੇ ਮਾਣ-ਸਨਮਾਨ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਅਕਾਲੀ ਦਲ ਨੂੰ ਜਨਤਾ ਦੇ ਭਰੋਸੇ ਨੂੰ ਤੋੜਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕਰਨ ਲਈ ਵੀ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਅੱਜ ਦੀ ਇਸ ਪਹਿਲਕਦਮੀ ਨੂੰ ਵਿਕਾਸ ਵਿੱਚ ਵਾਧੇ ਅਤੇ ਸੂਬੇ ਦੀ ਸਿਆਸਤ ਲਈ ਨੈਤਿਕ ਮੁਲਾਂਕਣ ਵਜੋਂ ਦਰਸਾਇਆ।

ਸਮਾਗਮ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਨੇ ਐਕਸ ਹੈਂਡਲ 'ਤੇ ਲਿਖਿਆ: 'ਅੱਜ ਮੈਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਟਾਂਡਾ ਵਿੱਚ 150 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਸਬੰਧੀ ਕਰਵਾਏ ਗਏ ਸੂਬਾ ਪੱਧਰੀ ਸਮਾਗਮ ਵਿੱਚ ਹਿੱਸਾ ਲਿਆ। ਸਾਡੀ ਸਰਕਾਰ ਸੂਬੇ ਦੇ ਬੁਨਿਆਦੀ ਢਾਂਚੇ ਅਤੇ ਸਿਹਤ ਸਹੂਲਤਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾ ਰਹੀ ਹੈ।' ਮੁੱਖ ਮੰਤਰੀ ਨੇ ਅੱਗੇ ਲਿਖਿਆ: "ਖੇਤਰ ਦੀਆਂ ਲਿੰਕ ਸੜਕਾਂ ਦੇ ਨਵੀਨੀਕਰਨ ਲਈ 141.88 ਕਰੋੜ ਰੁਪਏ ਦੇ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕੀਤੇ ਗਏ ਹਨ। ਇਸ ਦੇ ਨਾਲ ਹੀ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਜਾਣ ਵਾਲੀ ਸੰਗਤ ਦੀ ਸਹੂਲਤ ਲਈ 2.39 ਕਰੋੜ ਰੁਪਏ ਦੀ ਲਾਗਤ ਨਾਲ ਇੱਕ 'ਉੱਚ ਪੱਧਰੀ ਪੁਲ' ਬਣਾਇਆ ਜਾਵੇਗਾ। ਸਿਹਤ ਸਹੂਲਤਾਂ ਦਾ ਵਿਸਥਾਰ ਕਰਦਿਆਂ 3.30 ਕਰੋੜ ਰੁਪਏ ਦੀ ਲਾਗਤ ਨਾਲ 6 ਪਿੰਡਾਂ ਵਿੱਚ 'ਹੈਲਥ ਐਂਡ ਵੈਲਨੈਸ ਸੈਂਟਰ' ਸਥਾਪਤ ਕੀਤੇ ਜਾ ਰਹੇ ਹਨ ਅਤੇ 1.35 ਕਰੋੜ ਰੁਪਏ ਦੀ ਲਾਗਤ ਨਾਲ ਗੜ੍ਹਦੀਵਾਲਾ ਵਿੱਚ ਇੱਕ 'ਸ਼ਹਿਰੀ ਪ੍ਰਾਇਮਰੀ ਸਿਹਤ ਕੇਂਦਰ' ਸਥਾਪਤ ਕੀਤਾ ਜਾ ਰਿਹਾ ਹੈ।"

ਉਨ੍ਹਾਂ ਅੰਤ ਵਿੱਚ ਲਿਖਿਆ, "ਇਸ ਤੋਂ ਇਲਾਵਾ ਪਿੰਡ ਤਲਵੰਡੀ ਡੱਡੀਆਂ ਵਿੱਚ 1.54 ਕਰੋੜ ਰੁਪਏ ਦੀ ਲਾਗਤ ਵਾਲਾ ਇੱਕ ਜਲ ਸਪਲਾਈ ਪ੍ਰਾਜੈਕਟ ਵੀ ਸ਼ੁਰੂ ਕੀਤਾ ਗਿਆ ਹੈ। ਆਮ ਆਦਮੀ ਦੀ ਸਰਕਾਰ ਰੰਗਲਾ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਹਰ ਨਾਗਰਿਕ ਨੂੰ ਮਿਆਰੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।"

ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹੁਸ਼ਿਆਰਪੁਰ ਦੇ ਕੰਢੀ ਖੇਤਰ ਵਿੱਚ 70 ਸਾਲਾਂ ਬਾਅਦ ਸ਼ਾਨਦਾਰ ਸੜਕਾਂ ਬਣਾਈਆਂ ਜਾਣਗੀਆਂ। ਟਾਂਡਾ ਉੜਮੁੜ ਵਿੱਚ ਲਿੰਕ ਸੜਕਾਂ ਦਾ ਨਵੀਨੀਕਰਨ ਅਤੇ ਅਪਗ੍ਰੇਡ ਕੀਤਾ ਜਾਵੇਗਾ। ਲੋਕ ਨਿਰਮਾਣ ਵਿਭਾਗ ਵੱਲੋਂ ਹੁਸ਼ਿਆਰਪੁਰ-ਦਸੂਹਾ ਰੋਡ ਨੂੰ ਗੁਰਦੁਆਰਾ ਰਾਮਪੁਰ ਖੇੜਾ ਨਾਲ ਜੋੜਨ ਵਾਲੀ ਲਿੰਕ ਸੜਕ 'ਤੇ ਉੱਚ-ਪੱਧਰੀ ਪੁਲ ਬਣਾਇਆ ਜਾਵੇਗਾ।

ਉਨ੍ਹਾਂ ਅੱਗੇ ਕਿਹਾ, "ਛੇ ਪਿੰਡਾਂ ਕੰਧਾਲਾ ਸ਼ੇਖਾਂ, ਰਾਜਪੁਰ, ਧੁੱਗਾ ਕਲਾਂ, ਪ੍ਰੇਮਪੁਰ, ਗਿਲਜੀਆਂ ਅਤੇ ਜਹੂਰਾ ਵਿੱਚ ਆਧੁਨਿਕ ਹੈਲਥ ਐਂਡ ਵੈਲਨੈਸ ਸੈਂਟਰ ਵਿਕਸਤ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "70 ਸਾਲਾਂ ਤੋਂ ਟਾਂਡਾ ਉੜਮੁੜ ਇਲਾਕਾ ਸਿਆਸੀ ਵਿਤਕਰੇ ਦਾ ਸ਼ਿਕਾਰ ਰਿਹਾ ਕਿਉਂਕਿ ਪਿਛਲੀਆਂ ਸਰਕਾਰਾਂ ਇੱਥੇ ਵਿਕਾਸ ਕਾਰਜ ਕਰਨ ਵਿੱਚ ਅਸਫਲ ਰਹੀਆਂ। ਸਾਡੀ ਸਰਕਾਰ ਨੇ ਇਲਾਕੇ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਯਕੀਨੀ ਬਣਾਉਣ ਲਈ ਕਈ ਸ਼ਾਨਦਾਰ ਪਹਿਲਕਦਮੀਆਂ ਕੀਤੀਆਂ ਹਨ। ਇਸ ਨੇਕ ਕੰਮ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਕਿਉਂਕਿ ਪੰਜਾਬ ਸਰਕਾਰ ਸੂਬੇ ਦੇ ਹਰ ਕੋਨੇ-ਕੋਨੇ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਵੱਲੋਂ ਹੁਣ ਤੱਕ ਸੂਬੇ ਭਰ ਵਿੱਚ 990 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਜਿਨ੍ਹਾਂ ਵਿੱਚ ਪੇਂਡੂ ਖੇਤਰਾਂ 'ਚ 576 ਕਲੀਨਿਕ ਅਤੇ ਸ਼ਹਿਰੀ ਖੇਤਰਾਂ 'ਚ 414 ਕਲੀਨਿਕ ਸ਼ਾਮਲ ਹਨ।" ਉਨ੍ਹਾਂ ਕਿਹਾ, "ਇਨ੍ਹਾਂ ਨਵੇਂ ਕਲੀਨਿਕਾਂ ਵਿੱਚ 107 ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ ਅਤੇ 47 ਤਰ੍ਹਾਂ ਦੇ ਡਾਇਗਨੌਸਟਿਕ ਟੈਸਟ ਮੁਫ਼ਤ ਕੀਤੇ ਜਾ ਰਹੇ ਹਨ।"ਉਨ੍ਹਾਂ ਅੱਗੇ ਕਿਹਾ, "ਸੂਬੇ ਦੇ ਹਰ ਨਾਗਰਿਕ ਨੂੰ ਸਿਹਤ ਸਹੂਲਤਾਂ ਉਨ੍ਹਾਂ ਦੇ ਘਰਾਂ ਦੇ ਨੇੜੇ ਉਪਲਬਧ ਕਰਵਾਉਣ ਲਈ ਜਲਦ ਹੀ ਹੋਰ 400 ਕਲੀਨਿਕ ਖੋਲ੍ਹੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ, "ਪਿਛਲੇ 75 ਸਾਲਾਂ ਵਿੱਚ ਕਿਸੇ ਵੀ ਸਰਕਾਰ ਨੇ ਆਮ ਲੋਕਾਂ ਨੂੰ ਅਜਿਹੀਆਂ ਸਹੂਲਤਾਂ ਦੇਣ ਦੀ ਖੇਚਲ ਨਹੀਂ ਕੀਤੀ ਪਰ 'ਆਪ' ਸਰਕਾਰ ਵੱਲੋਂ ਸਾਰੇ ਲੋਕਾਂ ਲਈ ਇਹ ਕਲੀਨਿਕ ਖੋਲ੍ਹੇ ਗਏ ਹਨ।

ਸਿੱਖਿਆ ਖੇਤਰ ਵਿੱਚ ਸੂਬੇ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਨੇ ਰਾਸ਼ਟਰੀ ਸਰਵੇਖਣ 2024 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।" ਉਨ੍ਹਾਂ ਅੱਗੇ ਕਿਹਾ, "ਇਹ ਸਾਰੇ ਪੰਜਾਬੀਆਂ ਲਈ ਬੇਹੱਦ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਇਸ ਸਰਵੇਖਣ ਵਿੱਚ ਸੂਬੇ ਨੇ ਕੇਰਲ ਨੂੰ ਵੀ ਪਛਾੜ ਦਿੱਤਾ ਹੈ।

ਉਨ੍ਹਾਂ ਕਿਹਾ, "ਪਿਛਲੇ ਕੁਝ ਸਾਲਾਂ ਦੌਰਾਨ 740 ਵਿਦਿਆਰਥੀਆਂ ਨੇ ਜੇਈਈ ਪ੍ਰੀਖਿਆ ਅਤੇ 1284 ਵਿਦਿਆਰਥੀਆਂ ਨੇ ਨੀਟ ਪ੍ਰੀਖਿਆ ਪਾਸ ਕੀਤੀ ਹੈ। ਸੂਬੇ ਭਰ ਵਿੱਚ 118 ਸਕੂਲ ਆਫ਼ ਐਮੀਨੈਂਸ ਸਥਾਪਿਤ ਕੀਤੇ ਜਾ ਰਹੇ ਹਨ ਅਤੇ 60 ਪਹਿਲਾਂ ਹੀ ਕਾਰਜਸ਼ੀਲ ਕੀਤੇ ਜਾ ਚੁੱਕੇ ਹਨ। ਇਹ ਸਕੂਲ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੇ ਹਨ। ਇਹਨਾਂ ਦਾ ਉਦੇਸ਼ ਵਿਦਿਆਰਥੀਆਂ ਦੀਆਂ ਯੋਗਤਾਵਾਂ ਅਤੇ ਰੁਚੀਆਂ ਦੇ ਆਧਾਰ 'ਤੇ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਵੱਡੀਆਂ ਮੱਲ੍ਹਾਂ ਮਾਰ ਸਕਣ। ਪਹਿਲੀ ਵਾਰ 24 ਲੱਖ ਮਾਪਿਆਂ ਨੇ ਮੈਗਾ ਪੀਟੀਐਮ ਵਿੱਚ ਹਿੱਸਾ ਲਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮੈਡੀਕਲ ਅਤੇ ਨਾਨ-ਮੈਡੀਕਲ ਸਮੇਤ ਸਾਰੀਆਂ ਸਟਰੀਮਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।"ਉਨ੍ਹਾਂ ਅੱਗੇ ਕਿਹਾ, "ਆਰਮਡ ਫੋਰਸਿਜ਼ ਪ੍ਰੈਪਰੇਟਰੀ, ਨੀਟ, ਜੇਈਈ ਅਤੇ ਸੀਐਲਏਟੀ ਵਰਗੀਆਂ ਵੱਕਾਰੀ ਪ੍ਰੀਖਿਆਵਾਂ ਲਈ ਕੋਚਿੰਗ ਵੀ ਪ੍ਰਦਾਨ ਕੀਤੀ ਜਾਂਦੀ ਹੈ।" ਉਨ੍ਹਾਂ ਕਿਹਾ, "ਸਿੱਖਿਆ ਰਾਹੀਂ ਹੀ ਸਮਾਜਿਕ ਬੁਰਾਈਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਇਸ ਲਈ ਪੰਜਾਬ ਸਰਕਾਰ ਨੇ ਸਿੱਖਿਆ ਨੂੰ ਤਰਜੀਹ ਦਿੱਤੀ ਹੈ ਅਤੇ ਲੋਕਾਂ ਦੇ ਜੀਵਨ ਨੂੰ ਬਦਲਣ ਲਈ ਸਿੱਖਿਆ ਖੇਤਰ ਵਿੱਚ ਕ੍ਰਾਂਤੀਕਾਰੀ ਪਹਿਲਕਦਮੀਆਂ ਕੀਤੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕੋਈ ਵੀ ਮੁਫ਼ਤ ਸਹੂਲਤ ਜਾਂ ਰਿਆਇਤ ਸੂਬੇ ਵਿੱਚੋਂ ਗਰੀਬੀ ਜਾਂ ਹੋਰ ਸਮਾਜਿਕ ਬੁਰਾਈਆਂ ਨੂੰ ਖਤਮ ਨਹੀਂ ਕਰ ਸਕਦੀ ਪਰ ਸਿੱਖਿਆ ਹੀ ਉਹ ਕੁੰਜੀ ਹੈ ਜੋ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਕੇ ਉਨ੍ਹਾਂ ਨੂੰ ਗਰੀਬੀ ਵਿੱਚੋਂ ਬਾਹਰ ਕੱਢ ਸਕਦੀ ਹੈ।"ਉਨ੍ਹਾਂ ਅੱਗੇ ਕਿਹਾ, "ਸਿੱਖਿਆ ਉਹ ਰੌਸ਼ਨੀ ਹੈ ਜੋ ਹਨੇਰੇ ਨੂੰ ਦੂਰ ਕਰਕੇ ਦੁਨੀਆ ਨੂੰ ਰੁਸ਼ਨਾਉਂਦੀ ਹੈ।"ਉਨ੍ਹਾਂ ਅੱਗੇ ਕਿਹਾ, "ਪੰਜਾਬ ਸਰਕਾਰ ਵੱਲੋਂ ਇਸ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ।"ਉਨ੍ਹਾਂ ਕਿਹਾ, "ਸੂਬੇ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੂਬੇ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਦਿੱਤਾ ਜਾ ਰਿਹਾ ਹੈ ਅਤੇ 30 ਲੱਖ ਤੋਂ ਵੱਧ ਲਾਭਪਾਤਰੀ ਪਹਿਲਾਂ ਹੀ ਸਿਹਤ ਕਾਰਡ ਪ੍ਰਾਪਤ ਕਰ ਚੁੱਕੇ ਹਨ।" ਉਨ੍ਹਾਂ ਅੱਗੇ ਕਿਹਾ, "ਇਸ ਯੋਜਨਾ ਤਹਿਤ 1.65 ਲੱਖ ਲੋਕਾਂ ਨੂੰ ਮੁਫ਼ਤ ਇਲਾਜ ਮਿਲ ਚੁੱਕਾ ਹੈ।" ਉਨ੍ਹਾਂ ਕਿਹਾ, "ਲੋਕਾਂ ਨੂੰ ਇਨ੍ਹਾਂ ਕਾਰਡਾਂ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ।"ਉਨ੍ਹਾਂ ਕਿਹਾ, "ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਟਿਊਬਵੈਲਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਗਈ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕਿਸਾਨਾਂ ਨੂੰ ਹੁਣ ਪਹਿਲੀ ਵਾਰ ਸਿੰਚਾਈ ਲਈ ਦਿਨ ਵੇਲੇ ਵੀ ਬਿਜਲੀ ਮਿਲ ਰਹੀ ਹੈ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਗਈ ਹੈ।"ਉਨ੍ਹਾਂ ਅੱਗੇ ਕਿਹਾ, "ਆਪ ਸਰਕਾਰ ਸੂਬੇ ਦੇ ਲੋਕਾਂ ਦੀ ਭਲਾਈ ਲਈ ਸਰਕਾਰੀ ਖਜ਼ਾਨੇ ਦੇ ਇੱਕ-ਇੱਕ ਪੈਸੇ ਦੀ ਸਮਝਦਾਰੀ ਨਾਲ ਵਰਤੋਂ ਕਰ ਰਹੀ ਹੈ।"ਮਾਵਾਂ ਧੀਆਂ ਸਤਿਕਾਰ ਯੋਜਨਾ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, "ਪੰਜਾਬ ਸਰਕਾਰ ਨੇ ਇਹ ਯੋਜਨਾ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਲਈ ਸ਼ੁਰੂ ਕੀਤੀ ਹੈ, ਜਿਸ ਤਹਿਤ ਜਨਰਲ ਵਰਗ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਦਿੱਤੇ ਜਾਣਗੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਟੈਕਸ ਦਾ ਪੈਸਾ ਸੂਬੇ ਦੇ ਲੋਕਾਂ ਦਾ ਹੈ ਅਤੇ ਉਹ ਇਸਨੂੰ ਸਮਝਦਾਰੀ ਨਾਲ ਲੋਕਾਂ ਦੀ ਭਲਾਈ 'ਤੇ ਖਰਚ ਕਰ ਰਹੇ ਹਨ। ਟੈਕਸਦਾਤਾਵਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਕੋਲ ਵਾਪਸ ਆ ਰਿਹਾ ਹੈ। ਭਾਵੇਂ 'ਆਪ' ਸਰਕਾਰ ਨੇ ਆਪਣੀਆਂ ਸਾਰੀਆਂ ਗਰੰਟੀਆਂ ਪੂਰੀਆਂ ਕਰ ਲਈਆਂ ਹਨ ਪਰ ਫਿਰ ਵੀ ਪੰਜਾਬ ਦੇ ਵਿਕਾਸ ਲਈ ਯਤਨ ਜਾਰੀ ਰਹਿਣਗੇ।

ਉਨ੍ਹਾਂ ਕਿਹਾ, "ਇਸ ਸਟੇਜ ਤੋਂ ਸਿੱਖਿਆ, ਸਿਹਤ, ਬਿਜਲੀ, ਖੇਤੀਬਾੜੀ ਅਤੇ ਹੋਰ ਖੇਤਰਾਂ 'ਤੇ ਗੱਲਬਾਤ ਹੋ ਰਹੀ ਹੈ, ਜਦੋਂ ਕਿ ਦੂਜੀਆਂ ਪਾਰਟੀਆਂ ਦੇ ਸਟੇਜਾਂ 'ਤੇ ਮਹਿਜ ਸੱਤਾ ਹਥਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, "ਇਹ ਮੌਕਾਪ੍ਰਸਤ ਆਗੂ ਹੈਰਾਨ ਹਨ ਕਿਉਂਕਿ ਲੋਕ ਉਨ੍ਹਾਂ ਨੂੰ ਕੋਈ ਸਮਰਥਨ ਨਹੀਂ ਦੇ ਰਹੇ।" ਉਨ੍ਹਾਂ ਅੱਗੇ ਕਿਹਾ, "ਉਨ੍ਹਾਂ ਦਾ ਏਜੰਡਾ ਸੂਬੇ ਦੇ ਲੋਕਾਂ ਦੀ ਬਜਾਏ ਆਪਣੇ ਪਰਿਵਾਰਾਂ ਦੀ ਭਲਾਈ ਤੱਕ ਸੀਮਤ ਹੈ। ਉਹ ਕਹਿੰਦੇ ਹਨ ਕਿ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਪੜ੍ਹਾਇਆ ਜਾਣਾ ਚਾਹੀਦਾ ਹੈ ਜਦੋਂ ਕਿ ਅਕਾਲੀ ਅਤੇ ਕਾਂਗਰਸ ਲੋਕਾਂ ਨੂੰ ਵੰਡਣਾ ਚਾਹੁੰਦੇ ਹਨ।"ਉਨ੍ਹਾਂ ਅੱਗੇ ਕਿਹਾ, "ਪੰਜਾਬ ਸਰਕਾਰ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਪਹਿਲਕਦਮੀ ਵਿੱਚ ਇੱਕ ਸਮਰਪਿਤ ਸੜਕ ਸੁਰੱਖਿਆ ਬਲ ਦੀ ਸ਼ੁਰੂਆਤ ਕੀਤੀ ਹੈ, ਜਿਸ ਦਾ ਮਕਸਦ ਸੂਬੇ ਅਤੇ ਕੌਮੀ ਰਾਜਮਾਰਗਾਂ 'ਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੀਆਂ ਕੀਮਤੀ ਜਾਨਾਂ ਨੂੰ ਬਚਾਉਣਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਕਾਲੀ ਦਲ ਸ੍ਰੀ ਗੁਰੂ ਸਾਹਿਬ ਜੀ ਦੀ ਬੇਅਦਬੀ ਲਈ ਦੋਸ਼ੀ ਹੈ। ਉਨ੍ਹਾਂ ਨੂੰ ਵੋਟ ਪਾਉਣ ਦਾ ਮਤਲਬ ਹੈ ਉਸ ਬੇਅਦਬੀ ਦਾ ਸਮਰਥਨ ਕਰਨਾ। ਇਨ੍ਹਾਂ ਆਗੂਆਂ ਦੇ ਪਾਪ ਮੁਆਫ਼ ਨਹੀਂ ਕੀਤੇ ਜਾ ਸਕਦੇ ਅਤੇ ਉਨ੍ਹਾਂ ਨੂੰ ਆਪਣੇ ਮਾੜੇ ਕੰਮਾਂ ਲਈ ਲੋਕ ਕਦੇ ਵੀ ਮੁਆਫ਼ ਨਹੀਂ ਕਰ ਸਕਦੇ। ਇਹ ਮੌਕਾਪ੍ਰਸਤ ਆਗੂ ਹਨ ਜੋ ਆਪਣੀ ਸਹੂਲਤ ਅਤੇ ਨਿੱਜੀ ਸਿਆਸੀ ਹਿੱਤਾਂ ਅਨੁਸਾਰ ਗਿਰਗਿਟ ਵਾਂਗ ਆਪਣੇ ਰੰਗ ਅਤੇ ਰੁਖ਼ ਬਦਲਦੇ ਰਹਿੰਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਜੋ ਲੋਕ ਬੇਅਦਬੀ ਲਈ ਜ਼ਿੰਮੇਵਾਰ ਹਨ, ਉਹ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ ਅਤੇ ਸਮੁੱਚੀ ਜਨਤਾ ਸਾਮਹਣੇ ਆਪਣਾ ਅਪਰਾਧ ਕਬੂਲ ਕੀਤਾ। ਹਾਲਾਂਕਿ ਇਹ ਉਨ੍ਹਾਂ ਦੀਆਂ ਸਿਆਸੀ ਇੱਛਾਵਾਂ ਮੁਤਾਬਕ ਨਹੀਂ ਸੀ, ਇਸ ਲਈ ਉਨ੍ਹਾਂ ਨੇ ਕੁਝ ਸਮੇਂ ਬਾਅਦ ਯੂ-ਟਰਨ ਲੈ ਲਿਆ ਅਤੇ ਕਿਹਾ ਕਿ ਕੁਝ ਲੋਕ ਕੇਂਦਰੀ ਏਜੰਸੀਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਹੁਣ ਸਮੁੱਚੇ ਸੂਬਾ ਵਾਸੀ ਇਨ੍ਹਾਂ ਆਗੂਆਂ ਦਾ ਅਸਲੀ ਚਿਹਰਾ ਜਾਣ ਗਏ ਹਨ, ਜਿਨ੍ਹਾਂ ਨੇ ਹਮੇਸ਼ਾ ਆਪਣੀਆਂ ਰਾਜਨੀਤਿਕ ਚਾਲਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕੀਤਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਨ੍ਹਾਂ ਲੋਕਾਂ ਨੂੰ ਮਿਆਰੀ ਸਿੱਖਿਆ ਰਾਹੀਂ ਅਫ਼ਸਰ ਬਣਾ ਕੇ ਸਸ਼ਕਤ ਬਣਾਉਣ ਦੀ ਬਜਾਏ ਅਕਾਲੀਆਂ ਨੇ ਇਹ ਯਕੀਨੀ ਬਣਾਇਆ ਕਿ ਗਰੀਬਾਂ ਦੇ ਵਿਦਿਆਰਥੀ ਪੜ੍ਹਾਈ ਨਾ ਕਰਨ ਅਤੇ ਸਿਰਫ਼ ਆਟਾ ਦਾਲ ਸਕੀਮ ਤੱਕ ਹੀ ਸੀਮਤ ਰਹਿਣ। ਕਮਜ਼ੋਰ ਵਰਗਾਂ ਦੀਆਂ ਪੀੜ੍ਹੀਆਂ ਆਪਣੀ ਸੌੜੀ ਸੋਚ ਵਾਲੀ ਆਟਾ ਦਾਲ ਸਕੀਮ ਰਾਹੀਂ ਬਾਦਲਾਂ ਦੇ ਰਹਿਮੋ-ਕਰਮ 'ਤੇ ਸਨ। ਇਨ੍ਹਾਂ ਆਗੂਆਂ ਨੇ ਪਛੜੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਸਿੱਖਿਆ ਤੋਂ ਵਾਂਝੇ ਰੱਖ ਕੇ ਉਨ੍ਹਾਂ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਰ ਕੋਈ ਜਾਣਦਾ ਹੈ ਕਿ ਇਕ ਪਰਿਵਾਰ ਅੰਗਰੇਜ਼ਾਂ ਦਾ ਪਿੱਠੂ ਰਿਹਾ ਹੈ ਅਤੇ ਦੇਸ਼ ਲਈ ਲੜਨ ਵਾਲੇ ਦੇਸ਼ ਭਗਤਾਂ ਵਿਰੁੱਧ ਮਿਲੀਭੁਗਤ ਕਰਨ ਵਾਲੀਆਂ ਨੂੰ ਅੰਗਰੇਜ਼ਾਂ ਨੇ ਸਰ ਦੀ ਉਪਾਧੀ ਦਿੱਤੀ ਸੀ। ਇਸ ਪਰਿਵਾਰ ਨੇ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਦੋਸ਼ੀ ਜਨਰਲ ਡਾਇਰ ਨੂੰ ਇਸ ਘਿਨਾਉਣੀ ਘਟਨਾ ਤੋਂ ਬਾਅਦ ਰਾਤ ਦੇ ਖਾਣੇ ਦਾ ਸੱਦਾ ਦੇ ਕੇ ਸਨਮਾਨਿਤ ਵੀ ਕੀਤਾ ਸੀ। ਅਜਿਹੇ ਕਾਰਜਾਂ ਨੇ ਹਮੇਸ਼ਾ ਉਨ੍ਹਾਂ ਦੀ ਦੇਸ਼ ਵਿਰੋਧੀ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਅਤੇ ਚਰਿੱਤਰ ਨੂੰ ਲੋਕਾਂ ਸਾਹਮਣੇ ਪੂਰੀ ਤਰ੍ਹਾਂ ਉਜਾਗਰ ਕੀਤਾ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ, "ਸਿਰਫ ਇਹ ਹੀ ਨਹੀਂ, ਇਸ ਪਰਿਵਾਰ ਨੇ ਇਹ ਵੀ ਯਕੀਨੀ ਬਣਾਇਆ ਕਿ ਜਨਰਲ ਡਾਇਰ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿਰੋਪਾ ਅਤੇ ਮੁਆਫ਼ੀ ਵੀ ਦਿੱਤੀ ਜਾਵੇ। ਇਤਿਹਾਸ ਨੂੰ ਮਿਟਾਇਆ ਨਹੀਂ ਜਾ ਸਕਦਾ ਅਤੇ ਬਾਦਲ ਦੇ ਪੁਰਖਿਆਂ ਦੇ ਸ਼ੱਕੀ ਕਿਰਦਾਰ ਇਤਿਹਾਸ ਦੇ ਪੰਨਿਆਂ 'ਤੇ ਉੱਕਰੇ ਹੋਏ ਹਨ। ਇਸ ਪਰਿਵਾਰ ਦੇ ਹੱਥ ਦੇਸ਼ ਭਗਤਾਂ ਦੇ ਖੂਨ ਨਾਲ ਰੰਗੇ ਹੋਏ ਹਨ ਅਤੇ ਦੇਸ਼ ਭਗਤਾਂ ਦੀ ਪਿੱਠ ਵਿੱਚ ਛੁਰਾ ਮਾਰਨ ਵਿੱਚ ਇਨ੍ਹਾਂ ਗੱਦਾਰਾਂ ਦੀ ਭੂਮਿਕਾ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ।

ਉਨ੍ਹਾਂ ਅੱਗੇ ਕਿਹਾ, "ਕਾਂਗਰਸ ਵਿੱਚ ਹਰ ਆਗੂ ਸੂਬੇ ਦਾ ਮੁਖੀ ਬਣਨ ਦੀ ਇੱਛਾ ਰੱਖਦਾ ਹੈ। ਉਨ੍ਹਾਂ ਕੋਲ ਚੋਣਾਂ ਵਿੱਚ ਕੰਮ ਕਰਨ ਲਈ ਆਮ ਵਰਕਰਾਂ ਨਾਲੋਂ ਮੁੱਖ ਮੰਤਰੀ ਦੇ ਚਿਹਰੇ ਕਿਤੇ ਵੱਧ ਹਨ। ਕਾਂਗਰਸ ਪਾਰਟੀ ਦੁਫੇੜ ਦਾ ਸ਼ਿਕਾਰ ਹੈ ਜੋ ਆਪਣੇ ਹੀ ਅੰਦਰੂਨੀ ਝਗੜੇ ਕਾਰਨ ਢਹਿ ਜਾਵੇਗੀ। ਇਹ ਬਹੁਤ ਦੁੱਖ ਦੀ ਗੱਲ ਹੈ ਕਿ ਸੱਤਾ ਲਈ ਝਗੜੇ ਕਰਨ ਵਾਲੇ ਇਨ੍ਹਾਂ ਆਗੂਆਂ ਨੂੰ ਇੱਕਜੁੱਟ ਕਰਨ ਵਾਲੇ ਉਚ ਕਾਂਗਰਸੀ ਆਗੂ ਤਾਂ ਇਨ੍ਹਾਂ ਦੇ ਨਾਮਾਂ ਦਾ ਸਹੀ ਉਚਾਰਨ ਵੀ ਕਰਨਾ ਨਹੀਂ ਜਾਣਦੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਆਪ ਸਰਕਾਰ ਲੋਕਾਂ ਲਈ ਤਹਿ ਦਿਲੋਂ ਪੂਰੀ ਕੰਮ ਕਰ ਰਹੀ ਹੈ ਅਤੇ 90 ਫ਼ੀਸਦ ਘਰਾਂ ਨੂੰ ਮੁਫ਼ਤ ਬਿਜਲੀ, ਬਿਨਾਂ ਕਿਸੇ ਭ੍ਰਿਸ਼ਟਾਚਾਰ ਤੋਂ 65,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ, ਬਿਹਤਰ ਸੜਕਾਂ, ਟੋਲ ਪਲਾਜ਼ਾ ਬੰਦ ਕਰਵਾਉਣਾ, ਰੋਜ਼ਾਨਾ 70 ਲੱਖ ਰੁਪਏ ਦੀ ਬਚਤ ਅਤੇ ਬੁਨਿਆਦੀ ਢਾਂਚਾ ਉਸਾਰ ਰਹੀ ਹੈ। ਜਿਸ ਸਮੇਂ 'ਆਪ' ਸਰਕਾਰ ਨੇ ਸੱਤਾ ਸੰਭਾਲੀ ਸੀ, ਉਸ ਸਮੇਂ ਸਿੰਚਾਈ ਲਈ ਸਿਰਫ਼ 22 ਫ਼ੀਸਦ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ। ਅੱਜ 71 ਫ਼ੀਸਦ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਆਉਣ ਵਾਲੇ ਝੋਨੇ ਦੇ ਸੀਜ਼ਨ ਤੱਕ ਇਸਨੂੰ 90 ਫ਼ੀਸਦ ਤੱਕ ਵਧਾ ਦਿੱਤਾ ਜਾਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਨ੍ਹਾਂ ਲੋਕਾਂ ਨੇ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਪੰਜਾਬ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਸੀ।" ਉਨ੍ਹਾਂ ਅੱਗੇ ਕਿਹਾ, "ਇਹੀ ਕਾਰਨਾਂ ਕਰਕੇ ਹੀ ਸੂਬੇ ਦੇ ਲੋਕਾਂ ਨੇ ਉਨ੍ਹਾਂ ਨੂੰ ਕੋਈ ਸਮਰਥਨ ਨਹੀਂ ਦਿੱਤਾ ਸੀ।"ਉਨ੍ਹਾਂ ਕਿਹਾ, "ਅਕਾਲੀ ਦਲ ਦੀ ਅਖੌਤੀ ਪੰਜਾਬ ਬਚਾਓ ਯਾਤਰਾ ਅਸਲ ਵਿੱਚ ਪਰਿਵਾਰ ਬਚਾਓ ਯਾਤਰਾ ਹੈ।"ਉਨ੍ਹਾਂ ਅੱਗੇ ਕਿਹਾ, "ਲਗਾਤਾਰ 15 ਸਾਲਾਂ ਤੱਕ ਸੂਬੇ ਨੂੰ ਲੁੱਟਣ ਤੋਂ ਬਾਅਦ, ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਪੰਜਾਬ ਨੂੰ ਕਿਸ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਉਨ੍ਹਾਂ ਕਿਹਾ, "ਜਿਨ੍ਹਾਂ ਨੂੰ ਆਪਣੀ ਪਾਰਟੀ ਦੀ ਕਮੇਟੀ ਬਣਾਉਣ ਲਈ ਪੰਜ ਮੈਂਬਰ ਵੀ ਨਹੀਂ ਮਿਲ ਰਹੇ, ਉਹ ਸੂਬੇ ਵਿੱਚ 117 ਸੀਟਾਂ ਜਿੱਤਣ ਦੇ ਸੁਪਨੇ ਦੇਖ ਰਹੇ ਹਨ।"ਉਨ੍ਹਾਂ ਅੱਗੇ ਕਿਹਾ, "ਇਨ੍ਹਾਂ ਆਗੂਆਂ ਨੇ ਸੂਬੇ ਵਿੱਚ ਗੈਂਗਸਟਰਾਂ ਨੂੰ ਸਰਪ੍ਰਸਤੀ ਦਿੱਤੀ ਸੀ ਅਤੇ ਨਸ਼ਾ ਤਸਕਰਾਂ ਨੂੰ ਬਚਾ ਕੇ ਨੌਜਵਾਨਾਂ ਨੂੰ ਨਸ਼ੇ ਦੇ ਰਾਹ 'ਤੇ ਪਾਇਆ।"ਉਨ੍ਹਾਂ ਕਿਹਾ, "ਅਕਾਲੀ ਦਲ ਅਜਿਹੇ ਸਿਆਸੀ ਆਗੂਆਂ ਦੀ ਪਾਰਟੀ ਹੈ ਜਿਨ੍ਹਾਂ ਨੂੰ ਲੋਕਾਂ ਨੇ ਵਾਰ-ਵਾਰ ਨਕਾਰਿਆ ਹੈ।

ਮੁੱਖ ਮੰਤਰੀ ਨੇ ਕਿਹਾ, "ਅਕਾਲੀ ਧਰਮ ਦੀ ਵੀ ਦੁਰਵਰਤੋਂ ਕਰ ਸਕਦੇ ਹਨ ਪਰ ਲੋਕ ਇਸ ਤੋਂ ਪ੍ਰਭਾਵਿਤ ਨਹੀਂ ਹੋਣਗੇ।"ਉਨ੍ਹਾਂ ਕਿਹਾ, "ਉਹ ਲੋਕਾਂ ਨੂੰ ਗੁੰਮਰਾਹ ਕਰਨ ਲਈ ਹਵਾਈ ਕਿਲ੍ਹੇ ਬਣਾ ਰਹੇ ਹਨ ਪਰ ਪੰਜਾਬੀਆਂ ਨੂੰ ਗੁੰਮਰਾਹ ਨਹੀਂ ਕੀਤਾ ਜਾ ਸਕਦਾ।"ਉਨ੍ਹਾਂ ਅੱਗੇ ਕਿਹਾ, "ਲੋਕ ਅਕਾਲੀਆਂ ਨੂੰ ਉਨ੍ਹਾਂ ਦੇ ਪਾਪਾਂ ਲਈ ਕਦੇ ਵੀ ਮੁਆਫ਼ ਨਹੀਂ ਕਰਨਗੇ ਅਤੇ ਉਨ੍ਹਾਂ ਨੂੰ ਦੁਬਾਰਾ ਸਬਕ ਸਿਖਾਉਣਗੇ।"ਉਨ੍ਹਾਂ ਕਿਹਾ, "ਉਨ੍ਹਾਂ ਨੇ ਹਮੇਸ਼ਾ ਪੰਜਾਬ ਅਤੇ ਇਸ ਦੇ ਲੋਕਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ।


ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਤੋਂ ਈਰਖਾ ਕਰਦੀਆਂ ਹਨ ਕਿਉਂਕਿ ਉਹ ਇਹ ਹਜ਼ਮ ਨਹੀਂ ਕਰ ਪਾ ਰਹੀਆਂ ਕਿ ਇੱਕ ਆਮ ਆਦਮੀ ਦਾ ਪੁੱਤਰ ਪੰਜਾਬ ਉੱਤੇ ਪ੍ਰਭਾਵੀ ਢੰਗ ਨਾਲ ਰਾਜ ਕਰ ਰਿਹਾ ਹੈ।"ਉਨ੍ਹਾਂ ਅੱਗੇ ਕਿਹਾ, "ਲੋਕਾਂ ਨੇ ਇਨ੍ਹਾਂ ਪਾਰਟੀਆਂ ਦੇ ਲੋਕ ਵਿਰੋਧੀ ਅਤੇ ਪੰਜਾਬ ਵਿਰੋਧੀ ਰੁਖ਼ ਕਾਰਨ ਆਪਣਾ ਵਿਸ਼ਵਾਸ ਪੂਰੀ ਤਰ੍ਹਾਂ ਗੁਆ ਦਿੱਤਾ ਹੈ।"ਉਨ੍ਹਾਂ ਅੱਗੇ ਕਿਹਾ, "ਪਿਛਲੇ ਸ਼ਾਸਕ ਪੰਜਾਬ ਅਤੇ ਪੰਜਾਬੀਆਂ ਨਾਲੋਂ ਆਪਣੇ ਪਰਿਵਾਰਾਂ ਦੀ ਜ਼ਿਆਦਾ ਚਿੰਤਾ ਕਰਦੇ ਸਨ, ਜਿਸ ਕਾਰਨ ਸੂਬਾ ਵਾਸੀਆਂ ਵੱਲੋਂ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ।

ਆਪਣੇ ਸੰਬੋਧਨ ਵਿੱਚ ਆਪ ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਕਿਹਾ, "ਲੋਕਾਂ ਦਾ ਭਾਰੀ ਹੁੰਗਾਰਾ ਆਪ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪ੍ਰਤੀ ਉਨ੍ਹਾਂ ਦੇ ਪਿਆਰ ਨੂੰ ਦਰਸਾਉਂਦਾ ਹੈ।"ਉਨ੍ਹਾਂ ਅੱਗੇ ਕਿਹਾ, "ਉਹ ਪੰਜਾਬ ਦੇ ਸਭ ਤੋਂ ਪ੍ਰਸਿੱਧ ਅਤੇ ਮਿਹਨਤੀ ਮੁੱਖ ਮੰਤਰੀ ਹਨ, ਜੋ ਲੋਕਾਂ ਲਈ ਦਿਲੋਂ ਕੰਮ ਕਰ ਰਹੇ ਹਨ।

ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਡਾ. ਰਵਜੋਤ, ਸੀਨੀਅਰ ਆਪ ਨੇਤਾ ਮਨੀਸ਼ ਸਿਸੋਦੀਆ ਅਤੇ ਹੋਰ ਮੌਜੂਦ ਸਨ।

# ਪੰਜਾਬ ਅਤੇ ਈਰਾਨ ਦੇਸ਼ ਦੇ ਸੰਬੰਧਾਂ ਦਾ ਇਤਿਹਾਸ

ਸਹਾਇਕ ਪ੍ਰੋਫੈਸਰ ਰਵਿੰਦਰ ਸਿੰਘ



ਮਹਾਨ ਰਾਜਾ ਜ਼ਰਕਸੀਸ ਦਾ ਬੁੱਤ

'ਪੰਜਾਬ' ਸ਼ਬਦ ਫ਼ਾਰਸੀ ਭਾਸ਼ਾ ਦੇ ਦੋ ਸ਼ਬਦਾਂ ਤੋਂ ਬਣਿਆ ਸ਼ਬਦ ਹੈ, ਇਹ ਸ਼ਬਦ 'ਪੰਜ+ ਆਬ' ਹਨ। ਪੰਜ ਦਾ ਅਰਥ ?ਪੰਜ ?ਅਤੇ ਆਬ ਦਾ ਅਰਥ ਪਾਣੀ। ਇਸ ਦਾ ਅਰਥ ਹੈ ਕਿ 'ਪੰਜਾਬ' ਸ਼ਬਦ ਦਾ ਮਤਲਬ 'ਪੰਜ ਦਰਿਆਵਾਂ ਦੀ ਧਰਤੀ' ਤੋਂ ਲਿਆ ਜਾਂਦਾ ਹੈ। ਇਹ ਪੰਜ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਤੇ ਜਿਹਲਮ ਹਨ। ਫ਼ਾਰਸੀ ਭਾਸ਼ਾ ਮੁੱਖ ਤੌਰ 'ਤੇ ਈਰਾਨ ਦੇਸ਼ ਵਿਚ ਬੋਲੀ ਜਾਣ ਵਾਲੀ ਭਾਸ਼ਾ ਹੈ, ਜੋ ਪੰਜਾਬ ਅਤੇ ਈਰਾਨ ਦੇ ਪੁਰਾਤਨ ਆਪਸੀ ਸੰਬੰਧਾਂ ਨੂੰ ਦਰਸਾਉਂਦੀ ਹੈ। ਮੁਹੰਮਦ-ਬਿਨ-ਕਾਸਮ (712 ਏ.ਡੀ.) ਦੇ ਹਮਲੇ ਤੋਂ ਬਾਅਦ ਭਾਰਤ ਦੇ ਸਿੰਧ ਦੇ ਇਲਾਕੇ ਵਿਚ ਬਹੁਤ ਸਾਰੇ ਮੁਸਲਮਾਨ ਲੋਕ ਆ ਕੇ ਵਸ ਗਏ। ਇਨ੍ਹਾਂ ਮੁਸਲਮਾਨਾਂ ਦੇ ਸਿੰਧ 'ਚ ਆ ਕੇ ਵਸਣ ਨਾਲ ਇਸ ਇਲਾਕੇ ਵਿਚ ਸਥਾਨਕ ਭਾਸ਼ਾ ਅਤੇ ਅਰਬੀ ਭਾਸ਼ਾ ਦੀ ਸੁਮੇਲ ਭਾਸ਼ਾ ਬੋਲੀ ਜਾਣ ਲੱਗੀ ਜਿਸ ਨੂੰ 'ਸਿੰਧੀ ਭਾਸ਼ਾ' ਦੇ ਨਾਂਅ ਨਾਲ ਜਾਣਿਆ ਗਿਆ। ਸਿੰਧ ਦੇ ਇਲਾਕੇ ਵਿਚ ਸਿੰਧੀ ਤੇ ਭਾਰਤ ਦੇ ਬਾਕੀ ਇਲਾਕੇ ਵਿਚ ਹਿੰਦਾਵੀ ਭਾਸ਼ਾ ਬੋਲੀ ਜਾਂਦੀ ਸੀ, ਇਸੇ ਕਰਕੇ ਸਿੰਧ ਦੇ ਇਲਾਕੇ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਅਤੇ ਭਾਰਤ ਦੀ ਭਾਸ਼ਾ ਨੂੰ ਹਿੰਦਾਵੀ ਭਾਸ਼ਾ (ਵੈਦਿਕ ਭਾਸ਼ਾ) ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਜਦੋਂ ਮਹਿਮੂਦ ਗਜ਼ਨਵੀ ਨੇ ਪੰਜਾਬ 'ਤੇ ਆਪਣਾ ਰਾਜ ਕਾਇਮ ਕੀਤਾ ਤਾਂ ਉਸ ਸਮੇਂ ਲਾਹੌਰ ਵਿਚ ਹਿੰਦਾਵੀ ਭਾਸ਼ਾ ਬੋਲੀ ਜਾਂਦੀ ਸੀ। ਗਿਆਰਵੀਂ ਸਦੀ ਦੀ ਸ਼ੁਰੂਆਤ ਤੋਂ ਗਜ਼ਨਵੀ ਨੇ ਭਾਰਤ-ਪੰਜਾਬ ਉੱਤੇ 17 ਹਮਲੇ ਕੀਤੇ ਅਤੇ ਗਜ਼ਨੀ ਸਮਰਾਜ ਦੀ ਨੀਂਹ ਪੰਜਾਬ ਵਿਚ ਰੱਖੀ। 997 ਈਸਵੀ ਤੋਂ 1184 ਈਸਵੀ ਤੱਕ ਪੰਜਾਬ ਗਜ਼ਨੀ ਸਾਮਰਾਜ ਦਾ ਹਿੱਸਾ ਰਿਹਾ। ਗਜ਼ਨੀ ਸ਼ਾਸਕਾਂ ਦੇ ਸਮੇਂ ਤੋਂ ਪੰਜਾਬ ਦੇ ਸਾਮਰਾਜ ਦੀ ਭਾਸ਼ਾ ਫ਼ਾਰਸੀ ਬਣੀ। ਭਾਵੇਂ ਗਜ਼ਨੀ ਸਮਰਾਜ ਅਫਗਾਨਿਸਤਾਨ ਵਿਚ ਸੀ ਪਰ ਫਿਰ ਵੀ ਇਨ੍ਹਾਂ ਦੇ ਪੰਜਾਬੀ ਸਾਮਰਾਜ ਵਿਚ ਫ਼ਾਰਸੀ ਭਾਸ਼ਾ ਨੂੰ ਪਹਿਲ ਦਿੱਤੀ ਗਈ ਸੀ। ਮਹਿਮੂਦ ਗਜ਼ਨਵੀ ਦੇ ਰਾਜ ਸਮੇਂ ਬਹੁਤ ਸਾਰੇ ਈਰਾਨੀ ਤੇ ਅਫਗਾਨੀ ਲੋਕ ਪੰਜਾਬ ਵਿਚ ਆ ਕੇ ਵਸ ਗਏ ਸਨ।

ਅਫਗਾਨਿਸਤਾਨ ਅਤੇ ਈਰਾਨ ਦੀ ਸਰਹੱਦ ਪੁਰਾਤਨ ਭਾਰਤ ਦੇ ਬਿਲਕੁਲ ਨਾਲ ਲੱਗਦੀ ਸੀ, ਇਸੇ ਕਰਕੇ ਬਹੁਤ ਸਾਰੇ ਲੋਕਾਂ ਨੇ ਪੰਜਾਬ ਵਿਚ ਆ ਕੇ ਵਸਣ ਦਾ ਫੈਸਲਾ ਕੀਤਾ। ਉਦੋਂ ਲਾਹੌਰ ਈਰਾਨ ਦੇ ਵਿਦਵਾਨਾਂ ਲਈ ਅਤੇ ਗਜ਼ਨੀ ਤੇ ਖੁਰਾਸਾਨ ਦੇ ਫੌਜੀ ਅਧਿਕਾਰੀਆਂ ਲਈ ਸਾਹਿਤ ਦਾ ਕੇਂਦਰ ਬਣ ਚੁੱਕਾ ਸੀ। ਐਲਬਰੂਨੀ, ਮਾਸੂਦ, ਉੱਤਬੀ ਅਤੇ ਹੋਰ ਬਹੁਤ ਸਾਰੇ ਉਸ ਸਮੇਂ ਦੇ ਪ੍ਰਸਿੱਧ ਵਿਦਵਾਨ, ਜਿਨ੍ਹਾਂ ਨੇ ਬਹੁਤਾ ਇਤਿਹਾਸ ਫ਼ਾਰਸੀ ਭਾਸ਼ਾ ਵਿਚ ਲਿਖਿਆ ਹੈ, ਉਹ ਲਾਹੌਰ ਰਹਿੰਦੇ ਰਹੇ ਹਨ। ਅਬਦੁਲ ਮਾਜੀਦ ਦੇ ਅਨੁਸਾਰ ਪੰਜਾਬ ਭਾਰਤ ਦਾ ਪਹਿਲਾ ਸੂਬਾ ਸੀ ਜਿਸਨੇ ਸਭ ਤੋਂ ਪਹਿਲਾਂ ਈਰਾਨ ਦੇ ਸੱਭਿਆਚਾਰ ਨੂੰ ਗ੍ਰਹਿਣ ਕੀਤਾ। ਪੁਰਾਤਨ ਸਮੇਂ ਤੋਂ ਹੀ ਪੱਛਮੀ ਪੰਜਾਬ, ਈਰਾਨ ਦੇ ਅਖੇਮਿਨੀ ਸਾਮਰਾਜ ਦੇ ਰਾਜੇ ਮਹਾਨ ਡੇਰੀਅਸ (522-486 ਬੀ.ਸੀ.) ਦੇ ਅਧੀਨ ਰਿਹਾ ਸੀ। ਉਦੋਂ ਇਸ ਇਲਾਕੇ ਨੂੰ ਸਪਤ-ਸਿੰਧੂ ਦੇ ਨਾਂਅ ਨਾਲ ਸੰਬੋਧਨ ਕੀਤਾ ਜਾਂਦਾ ਸੀ। ਪਰ ਜ਼ਰਕਸੀਸ (486-465 ਬੀ.ਸੀ.) ਜੋ ਇਸੇ ਸਾਮਰਾਜ ਦਾ ਮਹਾਨ ਰਾਜਾ ਸੀ, ਦੀ ਮੌਤ ਤੋਂ ਬਾਅਦ ਪੰਜਾਬ ਈਰਾਨ ਦੇ ਇਸ ਮਹਾਨ ਅਖੇਮਿਨੀ ਸਾਮਰਾਜ ਤੋਂ ਖੁਸ ਗਿਆ। ਇਸ ਮਹਾਨ ਅਖੇਮਿਨੀ ਸਾਮਰਾਜ ਦੀ ਸ਼ੁਰੂਆਤ ਸਾਇਰਸ ਮਹਾਨ (600-530 ਬੀ.ਸੀ.) ਨੇ ਕੀਤੀ ਸੀ। ਪੁਰਾਤਨ ਸਮੇਂ ਤੋਂ ਪੰਜਾਬ ਇਸ ਫ਼ਾਰਸੀ ਦੇਸ਼ ਦੇ ਅਧੀਨ ਰਿਹਾ ਸੀ, ਇਸੇ ਕਰਕੇ ਅੱਜ ਤੱਕ ਵੀ ਇਨ੍ਹਾਂ ਦੇਸ਼ਾਂ ਦਾ ਪ੍ਰਭਾਵ ਪੰਜਾਬ 'ਤੇ ਵੇਖਿਆ ਜਾਂਦਾ ਰਿਹਾ ਹੈ। ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਚੌਥੀ ਅਤੇ ਆਖਰੀ ਉਦਾਸੀ ਦੌਰਾਨ ਈਰਾਨ ਗਏ ਸਨ। ਗੁਰੂ ਨਾਨਕ ਦੇਵ ਜੀ ਨੇ 1519 ਤੋਂ 1521 ਈ. ਦੌਰਾਨ ਈਰਾਨ ਦੇਸ਼ ਦੇ ਖੋਹਰਮਸ਼ਹਰ, ਬੁਸ਼ੇਹਰ, ਮਸ਼ਹਦ ਅਤੇ ਤਹਿਰਾਨ ਸ਼ਹਿਰਾਂ ਦੀ ਯਾਤਰਾ ਕੀਤੀ ਸੀ। ਦਿੱਲੀ ਸਲਤਨਤ ਤੇ ਮੁਗਲਾਂ ਦੇ ਭਾਰਤ ਉੱਤੇ ਰਾਜ ਦੇ ਸਮੇਂ, ਭਾਵੇਂ ਪੰਜਾਬ ਮੁਗਲਾਂ ਦੇ ਅਧੀਨ ਰਿਹਾ ਸੀ ਅਤੇ ਮੁਗਲਾਂ ਨੇ ਪਹਿਲਾਂ ਲਾਹੌਰ ਤੇ ਫਿਰ ਦਿੱਲੀ ਤੋਂ ਰਾਜ ਕਰਨਾ ਸ਼ੁਰੂ ਕੀਤਾ ਸੀ, ਪਰ ਫਿਰ ਵੀ ਉਨ੍ਹਾਂ ਦੇ ਸਾਮਰਾਜ ਦੀ ਦਰਬਾਰੀ ਭਾਸ਼ਾ ਫ਼ਾਰਸੀ ਹੀ ਰਹੀ ਸੀ। ਮੁਗਲ ਬਾਦਸ਼ਾਹ ਅਕਬਰ ਦੇ ਜੀਵਨ ਬਾਰੇ ਉਸਦੇ ਨੌ ਰਤਨਾਂ 'ਚੋਂ ਇਕ ਅਬੁਲ-ਫਜ਼ਲ ਨੇ ਅਕਬਰਨਾਮਾ ਫ਼ਾਰਸੀ ਭਾਸ਼ਾ ਵਿਚ ਹੀ ਲਿਖਿਆ ਸੀ। ਜਹਾਂਗੀਰ ਦੀ ਲਿਖੀ ਸਵੈ-ਜੀਵਨੀ 'ਤੁਜਕ-ਏ-ਜਹਾਂਗੀਰੀ', ਮੋਹਸਿਨ ਫਾਨੀ ਦੀ ਲਿਖੀ 'ਦਬਿਸਤਾਨ-ਏ-ਮਜਾਹਿਬ', ਮੱਧ ਕਾਲ ਸਮੇਂ ਦੇ ਲੇਖਕ ਸ਼ੇਖ ਅਹਿਮਦ ਸਰਹਿੰਦੀ ਦੁਆਰਾ ਲਿਖੀ ਮਕਤੂਬਾਤ-ਏ-ਇਮਾਮ ਰੱਬਾਨੀ, ਇਹ ਸਾਰੇ ਗ੍ਰੰਥ ਫ਼ਾਰਸੀ ਭਾਸ਼ਾ ਵਿਚ ਲਿਖੇ ਗਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਪੰਜਾਬ ਦਾ ਈਰਾਨ ਨਾਲ ਘੋੜਿਆਂ ਦਾ ਵਪਾਰ ਵੀ ਚੱਲਦਾ ਰਿਹਾ ਸੀ। ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਫ਼ਾਰਸ ਦੇ ਬਹੁਤ ਸਾਰੇ ਕਵੀ ਸਨ। ਗੁਰੂ ਜੀ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਉਸਦੇ ਕੀਤੇ ਜ਼ੁਲਮਾਂ ਵਿਰੁੱਧ 1705 ਈਸਵੀ ਨੂੰ ਜੋ ਪੱਤਰ ਜ਼ਫਰਨਾਮਾ ਲਿਖਿਆ ਸੀ ਉਹ ਪੱਤਰ ਵੀ ਫ਼ਾਰਸੀ ਭਾਸ਼ਾ ਵਿਚ ਲਿਖਿਆ ਗਿਆ ਸੀ। ਇਤਿਹਾਸਕਾਰ ਲਿਖਦੇ ਹਨ ਕਿ ਪੰਜਾਬ ਦੇ ਮਹਾਰਾਜੇ ਰਣਜੀਤ ਸਿੰਘ ਨੇ ਵੀ ਆਪਣੇ ਸਮੇਂ ਦੌਰਾਨ ਆਪਣੇ ਦਰਬਾਰ ਦੀ ਸਰਕਾਰੀ ਭਾਸ਼ਾ 'ਫ਼ਾਰਸੀ ਭਾਸ਼ਾ' ਹੀ ਰੱਖੀ ਸੀ। ਦੱਖਣੀ ਏਸ਼ੀਆ ਦੇ ਵਿਦਵਾਨਾਂ ਅਨੁਸਾਰ ਵੀਹਵੀਂ ਸਦੀ ਦੀ ਸ਼ੁਰੂਆਤ ਵਿਚ ਮੁੜ ਇਕ ਵਾਰ ਫਿਰ ਪੰਜਾਬੀਆਂ ਨੇ ਈਰਾਨ ਵੱਲ ਨੂੰ ਜਾਣਾ ਸ਼ੁਰੂ ਕੀਤਾ ਸੀ। ਅਣਵੰਡੇ ਪੰਜਾਬ ਦੇ ਰਾਵਲਪਿੰਡੀ ਇਲਾਕੇ ਦੇ ਲੋਕਾਂ ਨੇ ਸਭ ਤੋਂ ਪਹਿਲਾਂ 1900 ਤੋਂ 1920 ਦੇ ਵਿਚਕਾਰ ਕੰਮ ਦੇ ਮੌਕਿਆਂ ਦੀ ਤਲਾਸ਼ ਲਈ ਈਰਾਨ ਨੂੰ ਜਾਣਾ ਸ਼ੁਰੂ ਕੀਤਾ। ਪੰਜਾਬ ਜਿਹੀ ਉਪਜਾਊ ਭੂਮੀ ਹੋਣ ਕਾਰਨ ਕਈ ਲੋਕਾਂ ਨੇ ਉੱਥੇ ਸਸਤੀ ਜ਼ਮੀਨ ਖਰੀਦ ਕੇ ਰੈਣ ਬਸੇਰਾ ਵੀ ਕਰ ਲਿਆ। ਜਾਹੇਦਾਨ ਤੇ ਤਹਿਰਾਨ ਈਰਾਨ ਦੇ ਦੋ ਸ਼ਹਿਰ ਹਨ, ਜਿੱਥੇ ਪੰਜਾਬੀਆਂ ਦਾ ਰੈਣ ਬਸੇਰਾ ਹੈ। ਈਰਾਨ ਵਿਚ ਪੁਰਾਤਨ ਸਮੇਂ ਵਿਚ ਇਕ ਪਿੰਡ ਦੁਸ਼ਟੇਆਬ ਸੀ ਜੋ ਪੰਜਾਬੀ ਕਿਸਾਨਾਂ ਦਾ ਪਿੰਡ ਸੀ। ਇਕ ਵਾਰ ਈਰਾਨ ਦਾ ਬਾਦਸ਼ਾਹ ਦੁਸ਼ਟੇਆਬ ਪਿੰਡ 'ਚੋਂ ਦੀ ਲੰਘ ਰਿਹਾ ਸੀ ਤਾਂ ਉਸ ਨੇ ਖੁੱਲ੍ਹੀਆਂ ਵੱਡੀਆਂ ਦਾੜ੍ਹੀਆਂ ਵਾਲੇ ਅਤੇ ਦਸਤਾਰਾਂ ਬੰਨੀਆਂ ਵਾਲੇ ਕਿਸਾਨਾਂ ਨੂੰ ਵੇਖ ਕੇ, ਆਪਣੇ ਘੋੜੇ ਤੋਂ ਉੱਤਰ ਕੇ ਸਿੱਜਦਾ ਕੀਤਾ ਅਤੇ ਜਦੋਂ ਬਾਦਸ਼ਾਹ ਦੇ ਸਾਥੀਆਂ ਨੇ ਪੁੱਛਿਆ ਕਿ ਅਜਿਹਾ ਕਿਉਂ ਕੀਤਾ ਹੈ ਤਾਂ ਬਾਦਸ਼ਾਹ ਦਾ ਉੱਤਰ ਸੀ ਕਿ ਇਹ ਲੰਬੀਆਂ ਖੁੱਲ੍ਹੀਆਂ ਦਾੜ੍ਹੀਆਂ ਵਾਲੇ ਬੰਦਗੀ ਕਰਨ ਵਾਲੇ ਫਕੀਰ ਨੇ, ਮੈਂ ਇਨ੍ਹਾਂ ਨੂੰ ਸਿੱਜਦਾ ਕਰਦਾ ਹਾਂ। ਜਦੋਂ ਬਾਦਸ਼ਾਹ ਦੇ ਸਾਥੀਆਂ ਨੇ ਦੱਸਿਆ ਕਿ ਇਹ ਭਾਰਤ-ਪੰਜਾਬ ਤੋਂ ਆਏ ਸਿੱਖ ਕਿਸਾਨ ਨੇ ਜੋ ਸਾਡੇ ਸ਼ਹਿਰ ਦੁਸ਼ਟੇਆਬ ਵਿਚ ਖੇਤੀ ਕਰਦੇ ਹਨ ਤਾਂ ਬਾਦਸ਼ਾਹ ਨੇ ਉਨ੍ਹਾਂ ਕਿਸਾਨਾਂ ਨੂੰ ਜ਼ਮੀਨ ਵੀ ਦਿੱਤੀ ਤੇ ਉਸ ਦੁਸ਼ਟੇਆਬ ਜਿਸ ਦਾ ਅਰਥ ਹੁੰਦਾ ਹੈ, ਪਾਣੀ ਚੋਰੀ ਕਰਨ ਵਾਲੇ ਦਾ ਨਾਂਅ ਬਦਲ ਕੇ 'ਜਾਹੇਦਾਨ' ਰੱਖਿਆ ਜਿਸ ਦਾ ਅਰਥ ਹੈ ?ਰੱਬ ਦੀ ਬੰਦਗੀ ਕਰਨ ਵਾਲੇ ਲੋਕ। ਉਦੋਂ ਤੋਂ ਹੀ ਈਰਾਨ ਦੇਸ਼ ਵਿਚ ਜਾਹੇਦਾਨ ਸ਼ਹਿਰ ਵੱਸ ਰਿਹਾ ਹੈ। ਈਰਾਨ ਵਿਚ ਅੱਜ ਦੇ ਸਮੇਂ ਵਿਚ ਸਿੱਖਾਂ ਦੇ ਵੱਡੇ ਦੋ ਗੁਰੂ ਘਰ ਵੀ ਹਨ। ਜਿਸ ਵਿਚੋਂ ਇਕ ਤਹਿਰਾਨ ਵਿਚ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਹੈ।

ਅੱਜ ਦੇ ਸਮੇਂ ਵਿਚ ਲਗਭਗ ਸਿੱਖਾਂ ਦੇ 50 ਪਰਿਵਾਰ ਇਸ ਸ਼ਹਿਰ ਵਿਚ ਬੜੇ ਖੁਸ਼ਹਾਲ ਢੰਗ ਨਾਲ ਵੱਸ ਰਹੇ ਹਨ। ਦੂਜਾ ਗੁਰਦੁਆਰਾ ਸਾਹਿਬ ਜਾਹੇਦਾਨ ਵਿਚ ਹੈ। ਪਹਿਲਾਂ ਅਟਲ ਬਿਹਾਰੀ ਵਾਜਪਾਈ ਤੇ 2016 'ਚ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਇਸ ਈਰਾਨ ਦੇ ਗੁਰਦੁਆਰੇ ਵਿਚ ਜਾ ਚੁੱਕੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਰਮ ਅਧਿਐਨ ਵਿਭਾਗ ਦੇ ਸਾਬਕਾ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਈਰਾਨ ਦੀ ਯੂਨੀਵਰਸਿਟੀ ਆਫ ਰਿਲੀਜਨ ਵਿਚ ਵਿਜ਼ਟਿੰਗ ਪ੍ਰੋਫੈਸਰ ਹਨ। ਹਰਪਾਲ ਸਿੰਘ ਪੰਨੂ ਨੇ ਆਪਣੀ ਈਰਾਨ ਯਾਤਰਾ ਦਾ ਇਕ ਕਿੱਸਾ ਜੱਗ ਜ਼ਾਹਿਰ ਕੀਤਾ ਕਿ ਜਦੋਂ ਉਹ ਈਰਾਨ ਗਏ ਤਾਂ ਉੱਥੇ ਉਹ ਇਕ ਬੱਸ ਵਿਚ ਸਫਰ ਕਰ ਰਹੇ ਸਨ ਤਾਂ ਉਨ੍ਹਾਂ ਤੋਂ ਅਗਲੀ ਸੀਟ 'ਤੇ ਇਕ ਇਰਾਨੀ ਲੜਕਾ ਬੈਠਾ ਸੀ, ਜੋ ਉਨ੍ਹਾਂ ਨੂੰ ਚਿੰਤਤ ਨਜ਼ਰ ਆਇਆ। ਉਹ ਜਵਾਨ ਈਰਾਨੀ ਲੜਕਾ ਕਦੇ ਸੱਜੇ ਵੇਖੇ ਤੇ ਕਦੇ ਖੱਬੇ ਵੇਖੇ। ਉਸਦੇ ਚਿਹਰੇ 'ਤੇ ਬਿਲਕੁਲ ਬੇਚੈਨੀ ਨਜ਼ਰ ਆ ਰਹੀ ਸੀ। ਕੁਝ ਕੁ ਸਮੇਂ ਬਾਅਦ ਉਸ ਜਵਾਨ ਲੜਕੇ ਨੇ ਹਰਪਾਲ ਸਿੰਘ ਪੁੰਨੂ ਨੂੰ ਆਪਣੀ ਜਗ੍ਹਾ 'ਤੇ ਬੈਠਣ ਲਈ ਕਿਹਾ ਤੇ ਆਪ ਪਿੱਛੇ ਬੈਠਣ ਲਈ ਸੀਟ ਮੰਗੀ। ਹਰਪਾਲ ਸਿੰਘ ਪੁੰਨੂ ਦੇ ਦੱਸਿਆ ਕਿ ਮੈਂ ਉਸ ਜਵਾਨ ਲੜਕੇ ਤੋਂ ਅਜਿਹਾ ਕਰਨ ਦਾ ਕਾਰਨ ਪੁੱਛਿਆ ਕਿ, ਕਿਉਂ ਤੁਹਾਡੀ ਸੀਟ ਠੀਕ ਨਹੀਂ, ਤੁਸੀਂ ਪਿੱਛੇ ਕਿਉਂ ਬੈਠਣਾ ਚਾਹੁੰਦੇ ਹੋ ਤਾਂ ਉਸ ਜਵਾਨ ਈਰਾਨੀ ਲੜਕੇ ਦਾ ਜਵਾਬ ਸੁਣ ਕੇ ਮੈਂ ਹੈਰਾਨ ਰਹਿ ਗਿਆ। ਉਸ ਜਵਾਨ ਲੜਕੇ ਦਾ ਜਵਾਬ ਸੀ ਕਿ ਇੰਨੀ ਸੋਹਣੀ ਦਸਤਾਰ ਵਾਲੇ ਤੇ ਖੁੱਲ੍ਹੀ ਵੱਡੀ ਦਾੜ੍ਹੀ ਵਾਲੇ ਸੱਜਣ ਪੁਰਸ਼ ਦੇ ਮੈਂ ਅਗਾਂਹ ਕਿਵੇਂ ਬੈਠ ਸਕਦਾ ਹਾਂ, ਮੈਂ ਆਪ ਜੀ ਦੇ ਪਿਛਲੀ ਸੀਟ 'ਤੇ ਬੈਠਣ ਦੀ ਆਗਿਆ ਮੰਗਦਾ ਹਾਂ। ਇਸ ਤਰ੍ਹਾਂ ਸਾਨੂੰ ਉਸ ਜਵਾਨ ਲੜਕੇ ਦਾ ਜਵਾਬ ਈਰਾਨੀਆਂ ਦਾ ਪੰਜਾਬੀਆਂ ਲਈ ਪਿਆਰ ਤੇ ਸਤਿਕਾਰ ਤੇ ਆਦਰ ਦਰਸਾਉਂਦਾ ਹੈ। ਪੁਰਾਤਨ ਸਮੇਂ ਤੋਂ ਪੰਜਾਬ ਖਿੱਤੇ ਦੀ ਈਰਾਨ ਨਾਲ ਡੂੰਘੀ ਸਾਂਝ ਰਹੀ ਹੈ, ਫ਼ਾਰਸੀ ਭਾਸ਼ਾ ਦਾ ਪੁਰਾਤਨ ਸਮੇਂ ਤੋਂ ਹੀ ਪ੍ਰਭਾਵ ਹੋਣ ਕਾਰਨ 'ਪੰਜਾਬ' ਸ਼ਬਦ ਵੀ ਫ਼ਾਰਸੀ ਭਾਸ਼ਾ ਤੋਂ ਬਣਿਆ ਤੇ ਹੋਰ ਵੀ ਬਹੁਤ ਸਾਰੇ ਰੋਜ਼ਾਨਾ ਜ਼ਿੰਦਗੀ 'ਚ ਬੋਲੇ ਜਾਂਦੇ ਪੰਜਾਬੀ ਭਾਸ਼ਾ ਦੇ ਸ਼ਬਦ 80 ਪ੍ਰਤੀਸ਼ਤ ਫ਼ਾਰਸੀ ਭਾਸ਼ਾ ਦੇ ਸ਼ਬਦ ਹਨ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪੁਰਾਤਨ ਸਮੇਂ ਤੋਂ ਹੀ ਈਰਾਨ ਦੇਸ਼ ਨਾਲ ਪੰਜਾਬੀਆਂ ਦਾ ਵਪਾਰ ਤਾਂ ਰਿਹਾ ਹੀ ਹੈ ਪਰ ਵਪਾਰ ਦੇ ਨਾਲ ਨਾਲ ਈਰਾਨ ਦੀ ਭਾਸ਼ਾ ਤੇ ਸੱਭਿਆਚਾਰ ਨੇ ਵੀ ਪੰਜਾਬ ਪੰਜਾਬੀ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ।




ਮੁਹੰਮਦ ਬਿਨ ਕਾਸਿਮ



ਮਹਿਮੂਦ ਗਜ਼ਨਵੀ



ਐਲਬਰੂਨੀ



ਡੇਰੀਅਸ



ਸਾਇਰਸ ਮਹਾਨ

# ਤਾਕਤ ਤੇ ਤੇਲ ਦੀ ਪਿਆਸ ਬੁਝਣ ਦਾ ਨਾਂਅ ਨਹੀਂ ਲੈ ਰਹੀ



ਗੁਰਚਰਨ ਸਿੰਘ ਨੂਰਪੁਰ

ਬੇਸ਼ੱਕ ਦੁਨੀਆ ਦਾ ਇਤਿਹਾਸ ਜੰਗਾਂ ਯੁੱਧਾਂ ਦਾ ਇਤਿਹਾਸ ਹੈ ਪਰ ਹਰ ਜੰਗ ਬਾਰੇ ਕਿਹਾ ਜਾ ਸਕਦਾ ਹੈ ਕਿ ਜੇ ਇਹ ਜੰਗ ਨਾ ਵੀ ਹੁੰਦੀ ਤਾਂ ਦੁਨੀਆ ਦਾ ਸਰ ਸਕਦਾ ਸੀ। ਹਰ ਜੰਗ ਦੀ ਟੀਸ ਸਦੀਆਂ ਤੱਕ ਮਨੁੱਖਤਾ ਦਾ ਸਿਰ ਨੀਵਾਂ ਕਰਦੀ ਹੈ। ਹਰ ਜੰਗਬਾਜ਼ ਆਪਣੇ ਆਖਰੀ ਸਮੇਂ ’ਤੇ ਜੰਗ ਲਈ ਪਛਤਾਵਾ ਕਰਦਾ ਹੈ। ਅਮਰੀਕਾ ਤੇ ਇਜ਼ਰਾਈਲ ਵਲੋਂ ਈਰਾਨ ’ਤੇ ਥੋਪੀ ਜੰਗ ਨਾਲ ਪੂਰੀ ਦੁਨੀਆ ’ਚ ਵੱਡੇ ਸੰਕਟ ਪੈਦਾ ਹੋ ਰਹੇ ਹਨ। ਇਸ ਜੰਗ ਨਾਲ ਪੂਰੀ ਦੁਨੀਆ ਦੇ ਦੇਸ਼ਾਂ ’ਚ ਹਥਿਆਰਾਂ ਦੀ ਦੌੜ ਤੇਜ਼ੀ ਨਾਲ ਵਧੇਗੀ। ਹੁਣ ਦੋ ਹਫ਼ਤਿਆਂ ਤੱਕ ਦੋਵੇ ਧਿਰਾਂ ਜੰਗ ਰੋਕਣ ਲਈ ਸਹਿਮਤ ਹੋਈਆਂ, ਪਰ ਖਲੀਲ ਜਿਬਰਾਨ ਦੇ ਮੁਲਕ ਲਿਬਨਾਨ ’ਤੇ ਇਜ਼ਰਾਈਲ ਦੀਆਂ ਮਿਜ਼ਾਇਲਾਂ ਅਜੇ ਵੀ ਤਬਾਹੀ ਮਚਾ ਰਹੀਆਂ ਹਨ। ਕਿਸੇ ਵੀ ਜੰਗ ਨਾਲ ਆਮ ਮਨੁੱਖ ਦਾ ਕਦੇ ਭਲਾ ਨਹੀਂ ਹੁੰਦਾ, ਸਗੋਂ ਜੰਗਾਂ ਨਾਲ ਪਹਿਲਾਂ ਨਾਲੋਂ ਵੱਡੀਆਂ ਸਮੱਸਿਆਵਾਂ ਹੀ ਪੈਦਾ ਹੁੰਦੀਆਂ ਹਨ। ਇਹ ਜੰਗ ਅਮਰੀਕਾ ਤੇ ਇਜ਼ਰਾਈਲ ਵਲੋਂ ਈਰਾਨ ਦੇ ਪ੍ਰਮਾਣੂ ਹਥਿਆਰਾਂ ਦਾ ਖ਼ਾਤਮਾ ਕਰਨ ਅਤੇ ਉੱਥੇ ਆਪਣੀ ਮਰਜ਼ੀ ਦੀ ਕਠਪੁਤਲੀ ਸਰਕਾਰ ਬਣਾਉਣ ਲਈ ਲੜੀ ਜਾ ਰਹੀ ਹੈ। ਪੂਰੀ ਦੁਨੀਆ ਦੇ ਅਮਨ ਪਸੰਦ ਲੋਕ ਇਸ ਜੰਗ ਦਾ ਵਿਰੋਧ ਕਰ ਰਹੇ ਹਨ। ਰਾਸ਼ਟਰਪਤੀ ਟਰੰਪ ਦੇ ਆਪਣੇ ਦੇਸ਼ ਅਮਰੀਕਾ ’ਚ ਇਕੋ ਦਿਨ ਵੱਖ-ਵੱਖ ਥਾਈਂ ਇਸ ਜੰਗ ਦੇ ਵਿਰੋਧ ਵਿਚ ਹੋਏ ਪ੍ਰਦਰਸ਼ਨਾਂ ’ਚ 80 ਤੋਂ 90 ਲੱਖ ਲੋਕ ਸ਼ਾਮਿਲ ਹੋਏ। ਅਸਲ ’ਚ ਇਹ ਜੰਗ ਨਹੀਂ, ਬਲਕਿ ਇਹ ਸਿੱਧੀ ਸਿੱਧੀ ਬੁਰਛਾਗਰਦੀ ਹੈ। ਦੁਨੀਆ ਭਰ ’ਚ ਇਸ ਜੰਗ ਨੂੰ ਵੱਡੀ ਜ਼ਿਆਦਤੀ ਹੀ ਆਖਿਆ ਜਾਣਾ ਚਾਹੀਦਾ ਹੈ। ਡੋਨਾਲਡ ਟਰੰਪ ਤੇ ਬੈਂਜਾਮਿਨ ਨੇਤਨਯਾਹੂ ਦੀ ਇਸ ਧੱਕੇਸ਼ਾਹੀ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

‘ਦਾ ਵਾਸ਼ਿੰਗਟਨ ਪੋਸਟ’ ਵਿਚ ਪ੍ਰਕਾਸ਼ਿਤ ਹੋਏ ਇਕ ਲੇਖ ਅਨੁਸਾਰ ਅਮਰੀਕਾ ਦੀ ਨੈਸ਼ਨਲ ਇੰਟੈਲੀਜੈਂਸ ਕੌਂਸਲ ਵਲੋਂ ਰਾਸ਼ਟਰਪਤੀ ਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਇਸ ਜੰਗ ’ਚ ਅਮਰੀਕਾ ਵੱਡੇ ਪੈਮਾਨੇ ’ਤੇ ਕਤਲੋਗਾਰਤ ਕਰਕੇ ਈਰਾਨ ਨਾਲ ਜ਼ਮੀਨੀ ਲੜਾਈ ਵੀ ਲੜੇ ਤਾਂ ਵੀ ਉਹ ਇੱਥੋਂ ਦੀ ਇਸਲਾਮਿਕ ਰੀਪਬਲਿਕ ਸਰਕਾਰ ਦੇ ਡਿਗ ਜਾਣ ਦੀ ਸੰਭਾਵਨਾ ਬਹੁਤ ਘੱਟ ਹੈ। ਅਮਰੀਕਾ ਦੀ ਖ਼ੁਫ਼ੀਆ ਏਜੰਸੀ ਨੂੰ ਸ਼ੱਕ ਹੈ ਕਿ ਯੁੱਧ ਦੇ ਬਾਅਦ ਵੀ ਈਰਾਨ ਦਾ ਵਿਰੋਧੀ ਦਲ ਈਰਾਨ ਦੀ ਸੱਤਾ ਨੂੰ ਨਹੀਂ ਸੰਭਾਲ ਸਕੇਗਾ। ਇਸ ਲਈ ਕੁਝ ਖ਼ਾਸ ਕਾਰਨ ਦੱਸੇ ਗਏ ਹਨ। ਇਸ ਦਾ ਪਹਿਲਾ ਕਾਰਨ ਇਹ ਹੈ ਕਿ ਈਰਾਨ ’ਚ ਸੱਤਾ ਦਾ ਸਮੀਕਰਨ ਇੰਨਾ ਮਜ਼ਬੂਤ ਹੈ, ਕਿ ਉੱਥੋਂ ਦੀ ਸਰਕਾਰ ਨੂੰ ਸੱਤਾ ’ਚੋਂ ਪੂਰੀ ਤਰ੍ਹਾਂ ਬੇਦਖ਼ਲ ਕੀਤਾ ਜਾਣਾ ਅਸੰਭਵ ਹੈ। ਮਿਸਾਲ ਵਜੋਂ ਈਰਾਨ ਦੇ ਰਾਸ਼ਟਰਪਤੀ ਖਾਮੇਨੇਈ ਦੀ ਮੌਤ ਤੋਂ ਬਾਅਦ ਵੀ ਈਰਾਨ ਨੇ ਜਿਸ ਤਰ੍ਹਾਂ ਦੋ ਮਹਾਂਸ਼ਕਤੀਆਂ ਨੂੰ ਹੁਣ ਤੱਕ ਟੱਕਰ ਦਿੱਤੀ ਹੈ, ਉਹ ਆਪਣੇ-ਆਪ ’ਚ ਬਹੁਤ ਵੱਡੀ ਗੱਲ ਹੈ। ‘ਦਾ ਵਾਸ਼ਿੰਗਟਨ ਪੋਸਟ’ ਅਨੁਸਾਰ ਈਰਾਨ ਦੀ ਸੱਤਾ ਸੰਰਚਨਾ ਬੇਹੱਦ ਮਜ਼ਬੂਤ ਹੈ, ਇਸ ’ਚ ਕਿਸੇ ਚੋਟੀ ਦੇ ਨੇਤਾ ਦੇ ਮਾਰੇ ਜਾਣੇ ਬਾਅਦ ਦੀ ਸੱਤਾ ਦੀ ਤਾਕਤ ਬਰਕਰਾਰ ਰਹਿੰਦੀ ਹੈ। ਦੂਜਾ ਵੱਡਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਉੱਥੋਂ ਦੀ ਵਿਰੋਧੀ ਧਿਰ ਇਕ ਸੁਰ ਨਹੀਂ, ਇਹ ਬੁਰੀ ਤਰ੍ਹਾਂ ਖਿੰਡੀ-ਪੁੰਡੀ ਹੋਈ ਤੇ ਬੇਹੱਦ ਕਮਜ਼ੋਰ ਹੈ।

ਅਮਰੀਕਾ ਦੀ ਇੱਛਾ ਇਹ ਹੈ ਕਿ ਉੱਥੋਂ ਦੇ 1979 ਤੋਂ ਪਹਿਲਾਂ ਦੇ ਹੁਕਮਰਾਨ ਰਜ਼ਾ ਪਹਿਲਵੀ ਦੇ ਪੁੱਤਰ, ਜਿਸਦਾ ਨਾਂਅ ਵੀ ਰਜ਼ਾ ਪਹਿਲਵੀ ਹੀ ਹੈ ਨੂੰ ਸੱਤਾ ਸੰਭਾਲ ਦਿੱਤੀ ਜਾਵੇ ਪਰ ਇਹ ਇੰਨਾ ਸੌਖਾ ਕੰਮ ਨਹੀਂ। ਉਂਝ ਵੀ ਰਜ਼ਾ ਪਹਿਲਵੀ ਲੰਮੇ ਸਮੇਂ ਤੋਂ ਵਿਦੇਸ਼ ਵਿਚ ਹੀ ਰਹਿੰਦਾ ਹੈ। ਜੰਗ ਲੱਗਣ ਮਗਰੋਂ ਜਿਵੇਂ ਈਰਾਨੀ ਲੋਕਾਂ ’ਚ ਇਸ ਦਾ ਰੋਸ ਹੈ, ਇਹ ਕੰਮ ਹੁਣ ਪਹਿਲਾਂ ਨਾਲੋਂ ਵੀ ਕਈ ਗੁਣਾਂ ਔਖਾ ਹੋ ਗਿਆ ਹੈ। ਅਮਰੀਕੀ ਖ਼ੁਫ਼ੀਆ ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਹ ਜੰਗ ਅਮਰੀਕਾ ਤੇ ਇਜ਼ਰਾਈਲ ਜਿੱਤ ਵੀ ਜਾਂਦੇ ਹਨ ਤਾਂ ਵੀ ਇਸ ਇਲਾਕੇ ’ਚ ਵਿਰੋਧ ਦਾ ਇੰਨਾ ਵੱਡਾ ਤੁਫ਼ਾਨ ਉੱਠੇਗਾ ਕਿ ਪੂਰੇ ਮੱਧ ਪੂਰਬ ਦੇ ਦੇਸ਼ਾਂ ਨੂੰ ਆਪਣੀ ਲਪੇਟ ’ਚ ਲੈ ਲਵੇਗਾ। ਸ਼ਾਇਦ ਇਹੋ ਜਿਹੇ ਹੀ ਕੁਝ ਕਾਰਨ ਹਨ ਕਿ ਦੋਵੇ ਧਿਰਾਂ ਦੋ ਹਫ਼ਤਿਆਂ ਲਈ ਜੰਗ ਰੋਕਣ ਲਈ ਸਹਿਮਤ ਹੋਈਆਂ ਹਨ। ਬੇਸ਼ੱਕ ਅਗਲੇ ਕੁਝ ਦਿਨਾਂ ਤੱਕ ਇਹ ਲੜਾਈ ਰੁਕ ਜਾਵੇ ਪਰ ਸਮਝਣ ਵਾਲੀ ਗੱਲ ਇਹ ਹੈ ਈਰਾਨ ਦੇ ਆਗੂ ਖਾਮੇਨੇਈ ਦੀ ਹੱਤਿਆ, ਪ੍ਰਾਇਮਰੀ ਸਕੂਲ ਦੀਆਂ 165 ਦੇ ਕਰੀਬ ਬੱਚੀਆਂ ਦੇ ਹੋਏ ਕਤਲ ਤੇ ਈਰਾਨੀ ਸਮੁੰਦਰੀ ਜਹਾਜ਼ ਦੇ ਅਮਲੇ ਨੂੰ ਕਤਲ ਕਰਨ ਦੀਆਂ ਘਟਨਾਵਾਂ ਨੂੰ ਈਰਾਨ ਦੇ ਲੋਕ ਕਦੇ ਵੀ ਭੁੱਲਣਗੇ ਨਹੀਂ।

ਜਿਵੇਂ ਟਰੰਪ ਵਾਰ-ਵਾਰ ਆਪਣੇ ਬਿਆਨ ਬਦਲ ਰਹੇ ਹਨ ਤੇ ਇਸ ਜੰਗ ਤੋਂ ਆਪਣੇ-ਆਪ ਨੂੰ ਹੁਣ ਵੱਖ ਕਰਨ ਜਾ ਰਹੇ ਹਨ, ਇੱਥੇ ਇਹ ਪੁੱਛਣਾ ਬਣਦਾ ਹੈ ਕਿ ਜੋ ਟੀਚਾ ਉਨ੍ਹਾਂ ਨੇ ਇਸ ਜੰਗ ਲਈ ਮਿੱਥਿਆ ਸੀ, ਕੀ ਉਹ ਹਾਸਿਲ ਕਰ ਲਿਆ ਹੈ? ਜੇ ਹਾਂ ਤਾਂ ਅਗਲਾ ਸਵਾਲ ਇਹ ਹੈ ਕਿ ਇਸ ਨਾਲ ਦੁਨੀਆ ’ਚ ਕੀ ਤਬਦੀਲੀ ਹੋਈ ਜਾਂ ਹੋਵੇਗੀ? ਸਵਾਲ ਇਹ ਵੀ ਹੈ ਕਿ ਇਹ ਸਾਰੀ ਗੁੰਡਾਗਰਦੀ ਤੇ ਕਤਲੋਗਾਰਤ ਕਰਨ ਨਾਲ ਅਮਰੀਕਾ ਅਤੇ ਦੁਨੀਆ ਦੇ ਹੋਰ ਦੇਸ਼ ਖ਼ਾਸ ਕਰਕੇ ਇਜ਼ਰਾਈਲ ਤੇ ਮੱਧ ਪੂਰਬ ਦੇ ਦੇਸ਼ ਸੁਰੱਖਿਅਤ ਕਿਵੇ ਹੋ ਗਏ? ਦੁਨੀਆ ਦੇ ਹਰ ਆਮ ਮਨੁੱਖ ਲਈ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਜੰਗਾਂ ਤੇਲ, ਤਾਕਤ ਤੇ ਬਦਮਾਸ਼ੀ ਨੂੰ ਦੂਜਿਆਂ ’ਤੇ ਥੋਪਣ ਲਈ ਲੜੀਆਂ ਜਾ ਰਹੀਆਂ ਹਨ। ਦੂਜੀ ਵੱਡੀ ਗੱਲ ਇਹ ਹੈ ਕਿ ਜ਼ਮੀਨੀ ਜੰਗ ਦੀ ਬਜਾਏ ਇਹ ਜੰਗਾਂ ਹੁਣ ਆਸਮਾਨ ’ਚ ਲੜੀਆਂ ਜਾ ਰਹੀਆਂ ਹਨ। ਇਸ ਅਤਿ ਮਹਿੰਗੀ ਜੰਗ ਨਾਲ ਦੁਨੀਆ ਦੇ ਆਰਥਕ ਸਮੀਕਰਨ ਬਦਲ ਜਾਣਗੇ। ਇਸ ਜੰਗ ਦੇ ਦੌਰਾਨ ਵੀ ਦੇਖਿਆ ਜਾ ਸਕਦਾ ਹੈ ਕਿ ਅਮਰੀਕੀ ਡਾਲਰ ਦੀ ਸਰਦਾਰੀ ਬਣੀ ਹੋਈ ਹੈ। ਇਸ ਦਾ ਇਕ ਕਾਰਨ ਅਮਰੀਕੀ ਹਥਿਆਰ ਕੰਪਨੀਆਂ, ਜਿਨ੍ਹਾਂ ਦੀ ਭਵਿੱਖ ’ਚ ਪੁੱਛ-ਪ੍ਰਤੀਤ ਹੋਰ ਵਧਣ ਵਾਲੀ ਹੈ, ਉਹ ਹੋਰ ਮਾਲਾਮਾਲ ਹੋ ਜਾਣਗੀਆਂ। ਜੰਗ ਨਾਲ ਲੋਕਾਂ ਦੇ ਕਾਰੋਬਾਰ ਪ੍ਰਭਾਵਿਤ ਹੋ ਰਹੇ ਹਨ। ਗੱਲ ਇੱਥੋਂ ਤੱਕ ਹੀ ਸੀਮਤ ਰਹਿਣ ਵਾਲੀ ਨਹੀਂ, ਭਵਿੱਖ ਜੋ ਪੈਸਾ ਵੱਖ-ਵੱਖ ਦੇਸ਼ਾਂ ਵਿਚ ਸਿਹਤ ਸਹੂਲਤਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਸੜਕਾਂ ਆਦਿ ’ਤੇ ਖ਼ਰਚਿਆ ਜਾਣਾ ਸੀ, ਉਹ ਹੁਣ ਹਥਿਆਰਾਂ ’ਤੇ ਖ਼ਰਚ ਹੋਵੇਗਾ। ਜੰਗ ਤੋਂ ਕਿਨਾਰਾ ਕਰਨ ਵਾਲੇ ਬਿਆਨ ਤੋਂ ਦੂਜੇ ਦਿਨ 2 ਅਪ੍ਰੈਲ ਨੂੰ ਟਰੰਪ ਦਾ ਇਹ ਬਿਆਨ ਆਇਆ ਕਿ ਉਹ ਈਰਾਨ ਨੂੰ ‘ਬੈਕ ਟੂ ਸਟੋਨ ਏਜ’ ਭਾਵ ਪੱਥਰ ਯੁਗ ’ਚ ਭੇਜ ਦੇਣਗੇ, ਜਿਸ ਦਾ ਭਾਵ ਹੈ ਕਿ ਈਰਾਨ ਦੀ ਧਰਤੀ ’ਤੇ ਜੋ ਕੁਝ ਵੀ ਹੈ, ਉਹ ਸਭ ਤਬਾਹ ਕਰ ਦਿੱਤਾ ਜਾਵੇਗਾ। ਫਿਰ ਉਨ੍ਹਾਂ ਈਰਾਨ ਨੂੰ ਧਮਕੀ ਦਿੰਦਿਆਂ ਕਿਹਾ ਕਿ ਈਰਾਨ ਦੀ ਪੂਰੀ ਸੱਭਿਅਤਾ ਦਾ ਖ਼ਾਤਮਾ ਕਰ ਦਿੱਤਾ ਜਾਵੇਗਾ। ਇਹ ਸਭ ਤਰ੍ਹਾਂ ਦੀਆਂ ਬਿਆਨਬਾਜ਼ੀਆਂ ਕਿੰਨੀਆਂ ਅਪਰਾਧਕ, ਘਨੌਣੀਆਂ ਤੇ ਖ਼ਤਰਨਾਕ ਹਨ! ਅਜਿਹੀਆਂ ਬਿਆਨਬਾਜ਼ੀਆਂ ਕਿਸੇ ਵੀ ਸੂਰਤ ’ਚ ਬਰਦਾਸ਼ਤ ਕਰਨਯੋਗ ਨਹੀਂ ਹੋਣੀਆਂ ਚਾਹੀਦੀਆਂ। ਦੁਨੀਆ ਦੇ ਕਈ ਮੁਲਕ ਲਿਬੀਆ, ਸੀਰੀਆ, ਇਰਾਕ, ਵੈਨੇਜ਼ੁਏਲਾ ਦੀ ਧੌਣ ’ਤੇ ਗੋਡਾ ਰੱਖ ਕੇ ਇਹ ਤਾਕਤਾਂ ਆਪਣੇ ਮਨ ਮਰਜ਼ੀ ਦੇ ਸਮਝੌਤਿਆਂ ’ਤੇ ਸਹੀ ਪਵਾਉਣ ’ਚ ਬੇਸ਼ੱਕ ਸਫ਼ਲ ਹੋਈਆਂ ਹਨ ਤੇ ਇਨ੍ਹਾਂ ਹੀ ਨੀਤੀਆਂ ਨੂੰ ਅੱਗੇ ਵਧਾਉਣ ਲਈ ਹੀ ਹੁਣ ਈਰਾਨ ਨੂੰ ਸ਼ਿਕਾਰ ਬਣਾਇਆ ਗਿਆ ਹੈ। ਤਾਕਤ ਅਤੇ ਤੇਲ ਦੀ ਇਹ ਕਿਹੋ ਜਿਹੀ ਪਿਆਸ ਹੈ, ਜੋ ਬੁਝਣ ਦਾ ਨਾਂਅ ਹੀ ਨਹੀਂ ਲੈ ਰਹੀ। ਇੱਥੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਈਰਾਨੀ ਲੋਕਾਂ ਦੀ ਆਜ਼ਾਦੀ ਤੇ ਈਰਾਨੀ ਪ੍ਰਮਾਣੂ ਪ੍ਰੋਗਰਾਮ ਨੂੰ ਰੋਕਣਾ ਇਕ ਬਹਾਨਾ ਸੀ, ਅਸਲ ਮਨਸ਼ਾ ਤਾਂ ਤੇਲ ਭੰਡਾਰਾਂ ’ਤੇ ਕਬਜ਼ਾ ਕਰਨ ਦਾ ਸੀ। ਪਰ ਜਿਸ ਤਰ੍ਹਾਂ ਈਰਾਨੀ ਸੈਨਾ ਨੇ ਹੋਰਮੁਜ਼ ਰਸਤਾ ਬੰਦ ਕਰ ਕੇ ਇਨ੍ਹਾਂ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਹੈ, ਉਸ ਨੇ ਸਾਬਿਤ ਕੀਤਾ ਹੈ ਕਿ ਈਰਾਨ ਆਸਾਨੀ ਨਾਲ ਇਨ੍ਹਾਂ ਦਾ ਸ਼ਿਕਾਰ ਬਣਨ ਵਾਲਾ ਨਹੀਂ ਹੈ। ਦੂਜੇ ਪਾਸੇ ਇਜ਼ਰਾਈਲ ਵਲੋਂ ਜਿਵੇਂ ਪਿਛਲੇ ਅਰਸੇ ਦੌਰਾਨ ਗਾਜ਼ਾ ਦੇ ਸਕੂਲਾਂ, ਹਸਪਤਾਲਾਂ ਅਤੇ ਕਾਲਜ/ ਯੂਨੀਵਰਸਿਟੀਆਂ ਨੂੰ ਤਬਾਹ ਕੀਤਾ ਹੈ, ਉਹ ਇਕ ਸੱਭਿਅਤਾ ਜਾਂ ਇਕ ਖਿੱਤੇ ਦੇ ਲੋਕਾਂ ਦੀ ਨਸਲਕੁਸ਼ੀ ਕਰਨ ਵਰਗਾ ਅਪਰਾਧ ਹੀ ਹੈ।

ਵੱਡਾ ਸਵਾਲ ਇਹ ਹੈ ਕਿ ਤਾਕਤ, ਤੇਲ, ਦੂਜਿਆਂ ’ਤੇ ਧੌਂਸ ਜਮਾਉਣ ਅਤੇ ਦੁਨੀਆ ਦੇ ਲੋਕਾਂ ਲਈ ਤਬਾਹਕੁੰਨ ਹਾਲਾਤ ਪੈਦਾ ਕਰਨ ਵਾਲੀ ਇਸ ਮਾਨਸਿਕਤਾ ਨੂੰ ਦੁਨੀਆ ਦੇ ਦੇਸ਼ ਆਖਰ ਕਦੋਂ ਤੱਕ ਬਰਦਾਸ਼ਤ ਕਰਦੇ ਰਹਿਣਗੇ? ਦੁਨੀਆ ਭਰ ਦੇ ਅਮਨ ਪਸੰਦ ਦੇਸ਼ਾਂ ਦੇ ਲੋਕਾਂ ਨੂੰ ਆਪਣੀ ਆਵਾਜ਼ ਉੱਚੀ ਕਰਨੀ ਪਵੇਗੀ। ਕਿਸੇ ਦੇਸ਼ ਦੇ ਆਮ ਲੋਕ ਆਪਣੇ ਜਿਹੜੇ ਆਗੂਆਂ ਨੂੰ ਚੰਗੇ ਸਮਝ ਕੇ ਦੇਸ਼ ਤੇ ਦੁਨੀਆ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਉੱਚੇ ਆਹੁਦਿਆਂ ’ਤੇ ਬਿਠਾਉਂਦੇ ਹਨ, ਕਈ ਵਾਰ ਉਹੀ ਵੱਡੀਆਂ ਸਮੱਸਿਆਵਾਂ ਪੈਦਾ ਕਰਨ ਦਾ ਕਾਰਨ ਬਣ ਜਾਂਦੇ ਹਨ। ਬੰਬ, ਬਾਰੂਦ ਤੇ ਮਿਜ਼ਾਈਲਾਂ ਦੇ ਦਮ ’ਤੇ ਥਾਪੀਆਂ ਮਾਰਨ ਵਾਲੇ ਆਗੂਆਂ ਨੂੰ ਨਕਾਰਨਾ ਹੋਵੇਗਾ ਤਾਂ ਕਿ ਦੁਨੀਆ ਦੇ ਲੋਕ ਸ਼ਾਂਤੀ ਨਾਲ ਰਹਿ ਸਕਣ। ਸਮਾਂ ਮੰਗ ਕਰਦਾ ਹੈ ਕਿ ਦੁਨੀਆ ਜੰਗਾਂ-ਯੁੱਧਾਂ ਤੋਂ ਮੁਕਤ ਹੋਵੇ।

## ਜੰਗਬੰਦੀ ਸਵਾਗਤਯੋਗ



ਅਮਰੀਕਾ ਅਤੇ ਇਰਾਨ ਵਿਚਾਲੇ ਦੋ ਹਫ਼ਤਿਆਂ ਲਈ ਜੰਗਬੰਦੀ ਦਾ ਐਲਾਨ ਇੱਕ ਅਜਿਹੀ ਜੰਗ ’ਚ ਸਵਾਗਤਯੋਗ ਠਹਿਰਾਅ ਦੀ ਪੇਸ਼ਕਸ਼ ਹੈ, ਜਿਸ ਨੇ ਪੱਛਮੀ ਏਸ਼ੀਆ ਦਾ ਰਣਨੀਤਕ ਮੁਹਾਂਦਰਾ ਬਦਲ ਦਿੱਤਾ ਹੈ। ਇੱਕ ਮਹੀਨੇ ਤੋਂ ਵੱਧ ਸਮਾਂ ਚੱਲੇ ਭਿਆਨਕ ਹਮਲਿਆਂ, ਹੋਰਮੁਜ਼ ਜਲਮਾਰਗ ਦੀ ਪ੍ਰਭਾਵਸ਼ਾਲੀ ਨਾਕਾਬੰਦੀ ਅਤੇ ਸੱਭਿਅਤਾ ਤਬਾਹ ਹੋਣ ਦੇ ਖ਼ਤਰਿਆਂ ਦਰਮਿਆਨ ਇਹ ਅਸਥਾਈ ਰੋਕ ਨਾਗਰਿਕਾਂ, ਆਲਮੀ ਬਾਜ਼ਾਰਾਂ ਅਤੇ ਊਰਜਾ-ਨਿਰਭਰ ਅਰਥਵਿਵਸਥਾਵਾਂ ਲਈ ਰਾਹਤ ਦੀ ਖ਼ਬਰ ਹੈ। ਹਾਲਾਂਕਿ ਇਸ ਨਾਜ਼ੁਕ ਸ਼ਾਂਤੀ ਦੀ ਅਸਲੀਅਤ ਪ੍ਰੇਸ਼ਾਨ ਕਰਨ ਵਾਲੀ ਹੈ ਕਿਉਂਕਿ ਉਨ੍ਹਾਂ ਮੂਲ ਮਸਲਿਆਂ ਨਾਲ ਨਜਿੱਠਿਆ ਨਹੀਂ ਗਿਆ, ਜਿਨ੍ਹਾਂ ਕਾਰਨ ਇਹ ਜੰਗ ਲੱਗੀ ਸੀ। ਸਮਝੌਤੇ ਤਹਿਤ ਇਨ੍ਹਾਂ 15 ਦਿਨਾਂ ਵਿੱਚ ਸਮੁੰਦਰੀ ਲਾਂਘੇ ਹੋਰਮੁਜ਼ ਉੱਤੇ ਇਰਾਨ ਦਾ ਕੰਟਰੋਲ ਰਹੇਗਾ ਅਤੇ ਇਰਾਨ ਤੇ ਓਮਾਨ ਲੰਘਣ ਵਾਲੇ ਜਹਾਜ਼ਾਂ ਤੋਂ ਟੋਲ ਵਸੂਲਣਗੇ। ਨਾਲ ਦੀ ਨਾਲ ਸਮਝੌਤੇ ਦੇ ਮਸੌਦੇ ਉੱਤੇ ਵਿਚਾਰ ਚੱਲੇਗੀ। ਭਾਵੇਂ ਇਜ਼ਰਾਈਲ ਸਾਰਾ ਜ਼ੋਰ ਲਾਵੇਗਾ ਕਿ ਗੋਲੀਬੰਦੀ ਜਾਂ ਸਮਝੌਤਾ ਸਿਰੇ ਨਾ ਚੜ੍ਹੇ ਪਰ ਲੱਗਦਾ ਹੈ ਕਿ ਅਮਰੀਕਾ ਇਸ ਲੜਾਈ ਵਿੱਚੋਂ ਕਿਸੇ ਤਰ੍ਹਾਂ ਬਚ ਨਿਕਲਣ ਦਾ ਵਤੀਰਾ ਹੀ ਅਪਣਾਏਗਾ। ਵਾਸ਼ਿੰਗਟਨ ਅਤੇ ਤਹਿਰਾਨ ਦੋਵਾਂ ਨੇ ਜਿੱਤ ਦਾ ਦਾਅਵਾ ਕੀਤਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਇਸ ਜੰਗਬੰਦੀ ਨੂੰ ਅਮਰੀਕੀ ਫ਼ੌਜ ਦੇ ਦਬਦਬੇ ਅਤੇ ਇਰਾਨ ਦੇ ਪ੍ਰਮਾਣੂ ਸ਼ਕਤੀ ਨੂੰ ਤਬਾਹ ਕਰਨ ਵਜੋਂ ਪੇਸ਼ ਕਰ ਰਹੇ ਹਨ। ਦੂਜੇ ਪਾਸੇ ਇਰਾਨ ਨੇ ਇਸ ਨੂੰ ਰਣਨੀਤਕ ਜਿੱਤ ਵਜੋਂ ਪੇਸ਼ ਕੀਤਾ ਹੈ ਕਿਉਂਕਿ ਉਸ ਨੇ ਅਮਰੀਕੀ-ਇਜ਼ਰਾਈਲੀ ਫ਼ੌਜਾਂ ਦੇ ਹਮਲੇ ਦਾ ਟਾਕਰਾ ਕੀਤਾ ਹੈ ਅਤੇ ਤੇਲ ਦੀ ਆਲਮੀ ਸਪਲਾਈ ’ਤੇ ਆਪਣਾ ਪ੍ਰਭਾਵ ਦਿਖਾਇਆ ਹੈ। ਅਜਿਹੇ ਆਪਾ-ਵਿਰੋਧੀ ਰਵੱਈਏ ਕਾਰਨ ਸਥਾਈ ਸ਼ਾਂਤੀ ਦੀ ਦਿਸ਼ਾ ਵਿੱਚ ਅੱਗੇ ਨਹੀਂ ਵਧਿਆ ਜਾ ਸਕਦਾ। ਇਸ ਜੰਗ ਦਾ ਇਰਾਨ ਦੀਆਂ ਸਰਹੱਦਾਂ ਤੋਂ ਪਾਰ ਤੱਕ ਜਾਣਾ ਵੀ ਚਿੰਤਾਜਨਕ ਹੈ। ਇਜ਼ਰਾਈਲ ਨੇ ਲੈਬਨਾਨ ’ਤੇ ਆਪਣਾ ਹਮਲਾ ਤੇਜ਼ ਕਰ ਦਿੱਤਾ ਹੈ, ਜਿਸ ਨੇ ਹਿਜ਼ਬੁੱਲ੍ਹਾ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਬੈਰੂਤ ਵਿੱਚ ਭਾਰੀ ਜਾਨੀ ਨੁਕਸਾਨ ਹੋਇਆ ਹੈ। ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਮੋਰਚਾ ਹਾਲੇ ਵੀ ਸਰਗਰਮ ਹੈ, ਜਿਸ ਨਾਲ ਜੰਗਬੰਦੀ ਦੀ ਤੈਅ ਸੀਮਾ ਉਜਾਗਰ ਹੁੰਦੀ ਹੈ। ਸਮਾਨਾਂਤਰ ਯੁੱਧ ਖੇਤਰ ਨੂੰ ਸ਼ਰਤਾਂ ਵਿੱਚ ਸ਼ਾਮਲ ਨਾ ਕਰਨ ਨਾਲ ਇਹ ਜੰਗਬੰਦੀ ਅਸਥਾਈ ਜਾਪਦੀ ਹੈ। ਪਾਕਿਸਤਾਨ ਦੇ ਮੁੱਖ ਸਾਲਸ ਵਜੋਂ ਸਾਹਮਣੇ ਆਉਣ ਦੇ ਬਾਵਜੂਦ ਜੰਗਬੰਦੀ ਦੀਆਂ ਸ਼ਰਤਾਂ ਬਾਰੇ ਪਰਸਪਰ ਵਿਰੋਧੀ ਧਾਰਨਾਵਾਂ, ਜੋ ਖ਼ਾਸਕਰ ਯੂਰੇਨੀਅਮ ਸੋਧ ਅਤੇ ਹੋਰਮੁਜ਼ ਜਲਮਾਰਗ ਦੇ ਕੰਟਰੋਲ ਸਬੰਧੀ ਹਨ, ਸਾਂਝੀ ਢਾਂਚਗਤ ਅਣਹੋਂਦ ਨੂੰ ਉਜਾਗਰ ਕਰਦੀਆਂ ਹਨ। ਸਪੱਸ਼ਟਤਾ ਦੀ ਘਾਟ ਕਾਰਨ ਛੋਟੀਆਂ-ਛੋਟੀਆਂ ਉਲੰਘਣਾਵਾਂ ਸਮਝੌਤੇ ਨੂੰ ਤੋੜ ਸਕਦੀਆਂ ਹਨ। ਅੰਤ ਵਿੱਚ ਇਹ ਜੰਗਬੰਦੀ ਕੂਟਨੀਤਕ ਸਲਫ਼ਤਾ ਦੀ ਬਜਾਏ ਇਰਾਦੇ ਦੀ ਪ੍ਰੀਖਿਆ ਹੈ। ਇਹ ਗੱਲਬਾਤ ਇੱਕ ਸੀਮਤ ਮੌਕਾ ਪ੍ਰਦਾਨ ਕਰਦੀ ਹੈ ਅਤੇ ਨਾਲ ਹੀ ਇਹ ਵੀ ਸਪੱਸ਼ਟ ਕਰਦੀ ਹੈ ਕਿ ਉਪਲਬਧੀਆਂ ਕਿੰਨੀ ਛੇਤੀ ਗੁਆਈਆਂ ਜਾ ਸਕਦੀਆਂ ਹਨ। ਜੇਕਰ ਇਸਲਾਮਾਬਾਦ ਵਿੱਚ ਤਜਵੀਜ਼ਤ ਵਾਰਤਾ ਮਤਭੇਦ ਦੂਰ ਕਰਨ ਵਿੱਚ ਸਫ਼ਲ ਰਹਿੰਦੀ ਹੈ ਤਾਂ ਇਹ ਖਿੱਤਾ ਜਲਦ ਹੀ ਭਿਆਨਕ ਯੁੱਧ ਦੀ ਮਾਰ ਤੋਂ ਬਚ ਸਕਦਾ ਹੈ।

# ਮਨ ਜਿੱਤਿਆਂ ਹੀ ਜੱਗ ਜਿੱਤਿਆ ਜਾ ਸਕਦਾ ਹੈ



ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਵਿੱਤਰ ਵਾਕ ਮਨਿ ਜੀਤੈ ਜਗੁ ਜੀਤੁ॥ ਸਿਰਫ਼ ਇਕ ਵਾਕ ਨਹੀਂ, ਇਸ ਵਿਚ ਮਨੁੱਖ ਦੇ ਸੰਪੂਰਨ ਜੀਵਨ ਦੀ ਵਿਆਖਿਆ ਹੈ। ਇਸ ਵਾਕ ਦੁਆਰਾ ਗੁਰੂ ਨਾਨਕ ਦੇਵ ਜੀ ਸਾਨੂੰ ਜੀਵਨ ਦੀ ਸਭ ਤੋਂ ਵੱਡੀ ਸੱਚਾਈ ਤੋਂ ਜਾਣੂ ਕਰਵਾਉਂਦੇ ਹਨ ਕਿ ਜੇ ਮਨੁੱਖ ਆਪਣੇ ਮਨ ਨੂੰ ਜਿੱਤ ਲੈਂਦਾ ਹੈ ਤਾਂ ਸੰਸਾਰ ਆਪਣੇ-ਆਪ ਹੀ ਉਸ ਦੇ ਵੱਸ ਵਿਚ ਹੋ ਜਾਂਦਾ ਹੈ। ਇਹ ਕੇਵਲ ਇਕ ਧਾਰਮਿਕ ਕਥਨ ਨਹੀਂ, ਸਗੋਂ ਜੀਵਨ ਜਿਉਣ ਦੀ ਅਜਿਹੀ ਕਲਾ ਹੈ, ਜੋ ਸਾਨੂੰ ਅੰਦਰੋਂ ਮਜ਼ਬੂਤ ਬਣਾਉਂਦੀ ਹੈ। ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਮਨੁੱਖ ਦੁਨੀਆ ਨੂੰ ਜਿੱਤਣ ਲਈ ਦੌੜਿਆ ਫਿਰਦਾ ਹੈ। ਕੋਈ ਦੌਲਤ ਇਕੱਠੀ ਕਰਨ ਵਿਚ ਲੱਗਾ ਹੈ, ਕੋਈ ਸ਼ੋਹਰਤ ਦੇ ਪਿੱਛੇ ਭੱਜ ਰਿਹਾ ਹੈ, ਕੋਈ ਦੂਜਿਆਂ ਨੂੰ ਹਰਾਉਣ ਦੀਆਂ ਵਿਉਂਤਾਂ ਬਣਾ ਰਿਹਾ ਹੈ। ਕੋਈ ਕਿਸੇ ਦੀ ਸਫ਼ਲਤਾ ਦੇਖ ਦੁਖੀ ਹੋ ਰਿਹਾ ਹੈ। ਪਰ ਇਸ ਸਭ ਦੇ ਪਿੱਛੇ ਦਾ ਕਾਰਨ ਮਨੁੱਖ ਦੇ ਅੰਦਰ ਹੀ ਹੈ। ਸਾਡੇ ਮਨ ਵਿਚ ਪੰਜ ਅਜਿਹੇ ਚੋਰ ਵਸਦੇ ਹਨ, ਜੋ ਸਾਨੂੰ ਕਦੇ ਵੀ ਸ਼ਾਂਤੀ ਨਾਲ ਨਹੀਂ ਬੈਠਣ ਦਿੰਦੇ-ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਜਦੋਂ ਤੱਕ ਇਹ ਚੋਰ ਸਾਡੇ ਮਨ 'ਤੇ ਰਾਜ ਕਰਦੇ ਰਹਿਣਗੇ, ਅਸੀਂ ਦੁਨੀਆ ਜਿੱਤ ਕੇ ਵੀ ਸੰਤੁਸ਼ਟੀ ਪ੍ਰਾਪਤ ਨਹੀਂ ਕਰ ਸਕਦੇ। ਭਾਵ ਇਹ ਅਜਿਹੇ ਵਿਕਾਰ ਹਨ, ਜਿਨ੍ਹਾਂ ਕਾਰਨ ਮਨੁੱਖ ਆਪਣੇ ਜੀਵਨ ਦੇ ਆਖ਼ਰੀ ਸਾਹ ਤੱਕ ਭਟਕਦਾ ਰਹਿੰਦਾ ਹੈ। ਮਨ ਨੂੰ ਜਿੱਤਣ ਦਾ ਅਰਥ ਉਸ ਨੂੰ ਮਾਰਨਾ ਨਹੀਂ, ਮਨ ਨੂੰ ਸਮਝਾਉਣਾ ਤੇ ਕਾਬੂ ਕਰਨਾ ਹੈ। ਜਿਵੇਂ ਇਕ ਕੁਸ਼ਲ ਘੋੜ ਸਵਾਰ ਘੋੜੇ ਨੂੰ ਕਾਬੂ ਕਰਕੇ ਉਸ ਨੂੰ ਮਨਚਾਹੀ ਦਿਸ਼ਾ ਵੱਲ ਦੁੜਾਉਂਦਾ ਹੈ, ਉਵੇਂ ਹੀ ਸਾਨੂੰ ਆਪਣੇ ਮਨ ਨੂੰ ਕਾਬੂ ਕਰਕੇ ਉਸ ਨੂੰ ਸਹੀ ਦਿਸ਼ਾ ਵੱਲ ਲਿਆਉਣਾ ਹੈ। ਇਸ ਸਭ ਲਈ ਉਕਤ ਪੰਜ ਚੋਰਾਂ ਨੂੰ ਖ਼ਤਮ ਕਰਨਾ ਜ਼ਰੂਰੀ ਹੈ।

ਕਾਮ 'ਤੇ ਕਾਬੂ ਦਾ ਮਤਲਬ ਹੈ ਆਪਣੀਆਂ ਭੌਤਿਕ ਖ਼ਾਸ ਕਰਕੇ ਜਿਨਸੀ ਇੱਛਾਵਾਂ 'ਤੇ ਕੰਟਰੋਲ ਰੱਖਣਾ। ਇਸ ਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਜਾਵੇ, ਪਰ ਇਨ੍ਹਾਂ ਨੂੰ ਏਨਾ ਨਾ ਵਧਣ ਦਿੱਤਾ ਜਾਵੇ ਕਿ ਇਹ ਸਾਡੀ ਸੋਚਣ-ਸਮਝਣ ਦੀ ਸ਼ਕਤੀ

**ਪ੍ਰੋ. ਅਮਰਜੋਤ ਸਿੰਘ**

'ਤੇ ਭਾਰੂ ਪੈ ਜਾਣ। ਜਦੋਂ ਕੋਈ ਸਾਨੂੰ ਬੁਰਾ-ਭਲਾ ਕਹਿੰਦਾ ਹੈ ਤਾਂ ਮਨ ਅੱਗ ਵਾਂਗ ਭੜਕਦਾ ਹੈ। ਗੁੱਸੇ ਵਿਚ ਅਸੀਂ ਅਜਿਹੇ ਕੰਮ ਕਰ ਬੈਠਦੇ ਹਾਂ, ਜਿਨ੍ਹਾਂ ਦਾ ਸਾਰੀ ਉਮਰ ਪਛਤਾਵਾ ਸਾਡੇ ਅੰਦਰ ਰਹਿ ਜਾਂਦਾ ਹੈ। ਇਸ ਲਈ ਸਾਨੂੰ ਆਪਣੇ ਗੁੱਸੇ 'ਤੇ ਕਾਬੂ ਪਾਉਣਾ ਸਿੱਖਣਾ ਚਾਹੀਦਾ ਹੈ। ਗੁੱਸਾ ਆਉਣ 'ਤੇ ਚੁੱਪ ਰਹੋ। ਲੜਨ-ਝਗੜਨ ਦੀ ਥਾਂ ਸਾਹਮਣੇ ਵਾਲੇ ਦੀ ਸਥਿਤੀ ਸਮਝਣ ਨਾਲ ਗੁੱਸਾ ਆਪਣੇ-ਆਪ ਖ਼ਤਮ ਹੋ ਜਾਵੇਗਾ। ਦੁਨੀਆ ਵਿਚ ਅਣਗਿਣਤ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਨੂੰ ਪਾਉਣ ਦਾ ਲੋਭ (ਲਾਲਚ) ਸਾਡੇ ਮਨਾਂ ਅੰਦਰ ਹਰ ਪਲ ਰਹਿੰਦਾ ਹੈ। ਮਨੁੱਖ ਦੀਆਂ ਇੱਛਾਵਾਂ ਜਨਮ ਤੋਂ ਲੈ ਕੇ ਮਰਨ ਤੱਕ ਲਗਾਤਾਰ ਵਧਦੀਆ ਜਾਂਦੀਆ ਹਨ, ਜਿਸ ਕਾਰਨ ਮਨ ਹਮੇਸ਼ਾ ਬੇਚੈਨ ਰਹਿੰਦਾ ਹੈ। ਪਰ ਮਨ ਨੂੰ ਜਿੱਤਣ ਨਾਲ ਮਨੁੱਖ ਦਾ ਲੋਭ ਖ਼ਤਮ ਹੋ ਜਾਂਦਾ ਹੈ, ਜੋ ਉਸ ਨੂੰ ਉਸ ਦੀ ਮਿਹਨਤ ਅਤੇ ਕਰਮਾਂ ਨਾਲ ਮਿਲਿਆ ਹੈ, ਉਸ ਵਿਚ ਹੀ ਸੰਤੁਸ਼ਟ ਰਹਿਣ ਲੱਗ ਜਾਂਦਾ ਹੈ। ਇਸ ਸੰਸਾਰ ਵਿਚ ਮਨੁੱਖ ਤੋਂ ਲੈ ਕੇ ਹਰ ਜੀਵ-ਜੰਤੂ ਮੋਹ ਦੇ ਜਾਲ ਵਿਚ ਘਿਰਿਆ ਹੋਇਆ ਹੈ। ਉਹ ਚਾਹੇ ਪਰਿਵਾਰ ਨਾਲ ਹੋਵੇ, ਕਿਸੇ ਸਾਥੀ ਨਾਲ ਜਾਂ ਕਿਸੇ ਦੁਨਿਆਵੇ ਪਦਾਰਥ ਨਾਲ। ਕਿਸੇ ਨਾਲ ਮੋਹ (ਪਿਆਰ) ਕਰਨਾ ਕੋਈ ਮਾੜੀ ਗੱਲ ਨਹੀਂ ਪਰ ਕਈ ਵਾਰ ਇਹ ਮੋਹ ਬੰਧਨ ਬਣ ਜਾਂਦਾ ਹੈ। ਮੋਹ ਕਾਰਨ ਮਨੁੱਖ ਹਰ ਉਸ ਰਿਸ਼ਤੇ ਨੂੰ ਆਪਣੇ ਨਾਲ ਬੰਨ੍ਹ ਕੇ ਰੱਖਣਾ ਚਾਹੁੰਦਾ ਹੈ। ਬਜਾਏ ਇਹ ਜਾਣੇ ਕਿ ਉਹ ਕੀ ਚਾਹੁੰਦਾ ਹੈ, ਉਸ ਦੀ ਖੁਸ਼ੀ ਕਿਸ ਵਿਚ ਹੈ। ਮੋਹ ਵਿਚ ਫਸ ਕੇ ਸਹੀ ਗਲਤ ਦਾ ਫ਼ਰਕ ਪਤਾ ਲੱਗਣੋਂ ਵੀ ਹਟ ਜਾਂਦਾ ਹੈ। ਇਸ ਲਈ ਮੋਹ ਕਰੋ ਪਰ ਏਨਾ ਨਹੀਂ ਕਿ ਸਹੀ-ਗਲਤ ਦਾ ਪਤਾ ਹੀ ਨਾ ਲੱਗੇ। ਅਜਿਹਾ ਸਿਰਫ਼ ਆਪਣੇ ਮਨ 'ਤੇ ਕਾਬੂ ਪਾਉਣ ਨਾਲ ਹੀ ਹੋ ਸਕਦਾ ਹੈ। ਜਦੋਂ ਮਨੁੱਖ ਨੂੰ ਪੈਸਾ, ਉੱਚੇ ਅਹੁਦੇ, ਤਾਕਤ, ਸ਼ੋਹਰਤ ਮਿਲਦੀ ਹੈ ਤਾਂ ਮਨ ਵਿਚ ਹੰਕਾਰ ਪੈਦਾ ਹੋਣ ਲਗਦਾ ਹੈ। ਮਨੁੱਖ ਸੋਚਦਾ ਹੈ ਕਿ ਉਸ ਤੋਂ ਉੱਪਰ ਕੁਝ ਵੀ ਨਹੀਂ ਹੈ, ਸਾਰਾ ਸੰਸਾਰ ਉਸ ਦੀ ਮੁੱਠੀ ਵਿਚ ਹੈ ਤੇ ਤਾਕਤ ਦਾ ਨਸ਼ਾ ਉਸ ਦੇ ਸਿਰ ਚੜ੍ਹ ਬੋਲਦਾ ਹੈ। ਪਰ ਮਨ ਨੂੰ ਜਿੱਤਣ ਦਾ ਮਤਲਬ ਹੈ ਕਿ ਇਸ ਹੰਕਾਰ ਨੂੰ ਆਪਣੇ 'ਤੇ ਭਾਰੂ ਨਾ ਹੋਣ ਦੇਣਾ, ਨਿਮਰ ਬਣਨਾ, ਸਭ ਨੂੰ ਬਰਾਬਰ ਸਮਝਣਾ।

ਜਦੋਂ ਮਨ ਸਾਡਾ ਦੋਸਤ ਬਣ ਜਾਂਦਾ ਹੈ ਤੇ ਅਸੀਂ ਉਸ 'ਤੇ ਕਾਬੂ ਪਾ ਲੈਂਦੇ ਹਾਂ ਤਾਂ ਫਿਰ ਦੁਨੀਆ ਦੀ ਕੋਈ ਤਾਕਤ ਸਾਨੂੰ ਤੋੜ ਨਹੀਂ ਸਕਦੀ। ਕੋਈ ਗੱਲ ਸਾਨੂੰ ਦੁਖੀ ਜਾ ਨਿਰਾਸ਼ ਨਹੀਂ ਕਰ ਸਕਦੀ। ਦੁਨੀਆ ਦੀ ਕੋਈ ਵੀ ਵਸਤੂ, ਪਦਾਰਥ ਜਾਂ ਵਿਅਕਤੀ ਸਾਡੇ 'ਤੇ ਆਪਣਾ ਅਸਰ ਨਹੀਂ ਕਰ ਸਕਦਾ। ਅਸੀਂ ਹਰ ਹਾਲਾਤ ਵਿਚ ਖੁਸ਼ ਰਹਿੰਦੇ ਹਾਂ, ਹਰ ਮੌਸਮ ਵਿਚ ਫੁੱਲਾਂ ਵਾਂਗ ਮਹਿਕਣਾ ਸਿੱਖ ਜਾਂਦੇ ਹਾਂ। ਜਦੋਂ ਅੰਦਰੋਂ ਸ਼ਾਂਤੀ ਮਿਲ ਜਾਵੇ, ਜਦੋਂ ਮਨ ਦੀ ਲੜਾਈ ਖ਼ਤਮ ਹੋ ਜਾਵੇ ਤਾਂ ਬਾਹਰ ਦੀ ਦੁਨੀਆ ਆਪਣੇ-ਆਪ ਹੀ ਤੁਹਾਡੇ ਅਧੀਨ ਹੋਈ ਜਾਪਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬਾਣੀ 'ਚ ਦਰਜ ਹੈ:-

**ਕਾਮ ਕ੍ਰੋਧ ਅਰੁ ਲੋਭ**
**ਮੋਹ ਬਿਨਸਿ ਜਾਇ ਅਹੰਮੇਵ॥**
**ਨਾਨਕ ਪ੍ਰਭ ਸਰਣਾਗਤੀ ਕਰਿ**
**ਪ੍ਰਸਾਦੁ ਗੁਰਦੇਵ॥**
**(ਗਉੜੀ ਸੁਖਮਨੀ, ਮ:5, ਅੰਗ-269)**

ਭਾਵ ਕਿ ਪ੍ਰਭੂ ਦੀ ਸ਼ਰਨ ਵਿਚ ਆ ਕੇ ਅਤੇ ਗੁਰੂ ਦੀ ਮਿਹਰ ਨਾਲ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਰਗੇ ਵਿਕਾਰ ਅੰਦਰੋਂ ਖ਼ਤਮ ਹੋ ਜਾਂਦੇ ਹਨ।

ਇਸ ਲਈ ਜੇ ਅਸੀਂ ਅਸਲ ਜਿੱਤ ਦੀ ਇੱਛਾ ਰੱਖਦੇ ਹਾਂ ਤਾਂ ਬਾਹਰਲੀ ਦੁਨੀਆ ਨੂੰ ਬਦਲਣ ਦੇ ਚੱਕਰ ਵਿਚ ਨਾ ਪਈਏ, ਸਗੋਂ ਆਪਣੇ ਅੰਦਰ ਝਾਤੀ ਮਾਰੀਏ ਅਤੇ ਦੂਜਿਆਂ ਨੂੰ ਸੁਧਾਰਨ ਤੋਂ ਪਹਿਲਾਂ ਆਪਣੇ ਮਨ ਨੂੰ ਸੁਧਾਰੀਏ। ਗੁਰੂ ਸਾਹਿਬ ਅੱਗੇ ਅਰਦਾਸ ਬੇਨਤੀ ਕਰੀਏ ਕਿ ਸਾਨੂੰ ਆਪਣੇ ਮਨ 'ਤੇ ਕਾਬੂ ਪਾਉਣ ਲਈ ਸਮਰੱਥ ਬਣਾਓ ਤੇ ਇਨ੍ਹਾਂ ਵਿਕਾਰਾਂ ਤੋਂ ਦੂਰ ਕਰੋ।

# ਯੂ.ਜੀ.ਸੀ. 'ਚ ਸੁਧਾਰਾਂ ਦੀ ਲੋੜ, ਪਰ ਨਵਾਂ ਉੱਚ ਸਿੱਖਿਆ ਬਿੱਲ ਸਹੀ ਹੱਲ ਨਹੀਂ

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਦਾ ਸਾਬਕਾ ਮੈਂਬਰ ਹੋਣ ਦੇ ਨਾਤੇ ਮੈਂ ਵਿਕਸਿਤ ਭਾਰਤ ਸਿੱਖਿਆ ਅਧਿਸ਼ਠਾਨ (ਵੀ.ਬੀ.ਐੱਸ.ਏ.) ਬਿੱਲ ਦੁਆਰਾ ਪ੍ਰਸਤਾਵਿਤ ਇਸ ਸਿਖਰਲੀ ਉੱਚ ਸਿੱਖਿਆ ਸੰਸਥਾ ਦੇ ਖਾਤਮੇ 'ਤੇ ਹੰਝੂ ਨਹੀਂ ਵਹਾਵਾਂਗਾ, ਕਿਉਂਕਿ ਯੂ.ਜੀ.ਸੀ. ਇਕ ਟੁੱਟੀ ਹੋਈ ਅਯੋਗ ਤੇ ਪ੍ਰਤੀਕੂਲ ਪ੍ਰਣਾਲੀ ਹੈ। ਜੇਕਰ ਯੂ.ਜੀ.ਸੀ. ਨੂੰ ਨਵੀਂ ਸਿੱਖਿਆ ਨੀਤੀ (ਐਨ.ਈ.ਪੀ.) 2020 ਦੁਆਰਾ ਵਾਅਦਾ ਕੀਤੇ ਗਏ ਇਕ ਨਵੇਂ ਰੈਗੂਲੇਟਰੀ ਢਾਂਚੇ ਨਾਲ ਬਦਲਿਆ ਜਾਂਦਾ, ਤਾਂ ਮੈਂ ਖੁਸ਼ੀ ਨਾਲ ਨਵੇਂ ਵੀ.ਬੀ.ਐੱਸ.ਏ. ਢਾਂਚੇ ਦਾ ਸਮਰਥਨ ਕਰਾਂਗਾ, ਜੋ ਸੁਤੰਤਰ ਤੇ ਸਮਰੱਥ ਸੰਸਥਾ ਸਿਸਟਮ ਵਿਚ ਜਾਂਚ-ਸੰਤੁਲਨ ਨੂੰ ਸੰਸਥਾਗਤ ਬਣਾਉਂਦਿਆਂ ਹਿਤਾਂ ਦੇ ਟਕਰਾਅ ਨੂੰ ਘੱਟ ਕਰਕੇ ਸ਼ਕਤੀ ਦੀ ਇਕਾਗਰਤਾ ਨੂੰ ਖ਼ਤਮ ਕਰੇ। ਪਰ ਇਸ ਸਮੇਂ ਸੰਸਦ ਦੀ ਸਥਾਈ ਕਮੇਟੀ ਦੀ ਸਮੀਖਿਆ ਅਧੀਨ ਪ੍ਰਸਤਾਵਿਤ ਬਿੱਲ ਇਸ ਦੇ ਬਿਲਕੁਲ ਉਲਟ ਹੈ। ਇਹ ਅਜਿਹੇ ਰੈਗੂਲੇਟਰੀ ਢਾਂਚੇ ਦਾ ਪ੍ਰਸਤਾਵ ਕਰਦਾ ਹੈ, ਜੋ ਸ਼ਕਤੀ ਦੇ ਨੁਸਖੇ ਨਾਲ ਉੱਚ ਸਿੱਖਿਆ ਦਾ ਕੇਂਦਰੀਕਰਨ ਕਰਕੇ ਇਸ ਨੂੰ ਨੌਕਰਸ਼ਾਹੀ ਅਧੀਨ ਤੇ ਵਪਾਰੀਕਰਨ ਵੱਲ ਲਿਜਾ ਸਕਦਾ ਹੈ। ਇਹ ਤਾਂ ਮੌਜੂਦਾ ਯੂ.ਜੀ.ਸੀ. ਸਿਸਟਮ ਨਾਲੋਂ ਵੀ ਭੈੜਾ ਹੈ। ਮੈਨੂੰ 2010 ਤੇ 2013 ਦੇ ਵਿਚਕਾਰ ਯੂ.ਜੀ.ਸੀ. ਦੇ ਆਨਰੇਰੀ ਮੈਂਬਰ ਹੋਣ ਦੇ ਨਾਤੇ ਉੱਚ ਸਿੱਖਿਆ ਪ੍ਰਬੰਧਨ ਵਿਚ ਜੋ ਵੀ ਗ਼ਲਤ ਸੀ, ਉਸ ਬਾਰੇ ਸਭ ਪਤਾ ਹੈ। ਯੂ.ਜੀ.ਸੀ. ਤਾਂ ਬਦਨਾਮ ਪੀ.ਡਬਲਿਯੂ.ਡੀ ਜਾਂ ਡੀ.ਡੀ.ਏ. ਤੋਂ ਵੀ ਜ਼ਿਆਦਾ ਭ੍ਰਿਸ਼ਟ ਤੇ ਅਯੋਗ ਸੀ, ਜਿੱਥੇ ਹਿਤਾਂ ਦੇ ਬਹੁਤ ਟਕਰਾਅ ਸਨ। ਅਕਾਦਮਿਕ ਨੌਕਰਸ਼ਾਹਾਂ ਦੁਆਰਾ ਚਲਾਏ ਜਾਂਦੇ ਇਸ ਕਮਿਸ਼ਨ ਦੇ ਅਧਿਕਾਰੀ ਸਿੱਖਿਆ ਮੰਤਰਾਲੇ ਵਿਚ ਸੰਯੁਕਤ ਸਕੱਤਰ ਦਾ ਫ਼ੋਨ ਸੁਣਨ ਸਮੇਂ ਵੀ ਖੜ੍ਹੇ ਹੋ ਜਾਂਦੇ ਸਨ, ਇਸ ਦੀ ਖੁਦਮੁਖਤਿਆਰੀ ਸਿਰਫ਼ ਕਾਗਜ਼ਾਂ 'ਤੇ ਮੌਜੂਦ ਸੀ। ਭਾਵੇਂ ਇਸ ਦੀਆਂ ਕਮੇਟੀਆਂ ਵਿਚ ਨੇਕਦਿਲ ਪ੍ਰੋਫੈਸਰ ਵੀ ਸਨ, ਪਰ ਇਸ ਸੰਸਥਾ ਕੋਲ ਕਾਲਜਾਂ, ਯੂਨੀਵਰਸਿਟੀਆਂ, ਡੀਮਡ ਯੂਨੀਵਰਸਿਟੀਆਂ, ਰਾਸ਼ਟਰੀ ਮਹੱਤਵ ਵਾਲੀਆਂ ਸੰਸਥਾਵਾਂ ਨੂੰ ਨਿਯਮਿਤ ਕਰਨ ਲਈ ਲੋੜੀਂਦੀ ਸਮਰੱਥਾ ਬਹੁਤ ਘੱਟ ਸੀ।

ਭਾਵੇਂ ਤਤਕਾਲੀ ਮੰਤਰੀ ਕਪਿਲ ਸਿੱਬਲ ਨੇ ਅਕਾਦਮਿਕ ਵਿਦਵਾਨਾਂ ਤੇ ਇਮਾਨਦਾਰ ਮੈਂਬਰਾਂ ਦੀ ਨਿਯੁਕਤੀ ਕਰਕੇ ਇਸ ਸਿਸਟਮ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਅਸੀਂ ਜੋ ਬਦਲਾਅ ਲਿਆ ਸਕੇ ਉਹ ਸਿਰਫ਼ ਦਿਖਾਵਟੀ ਜਿਹਾ ਹੀ ਸੀ। ਮੇਰੀ ਇਕਲੌਤੀ ਪ੍ਰਾਪਤੀ ਯੂ.ਜੀ.ਸੀ. ਵਿਚ ਹਿਤਾਂ ਦੇ ਟਕਰਾਅ ਨੂੰ ਕਾਫੀ ਹੱਦ ਤੱਕ ਰੋਕਣਾ ਸੀ, ਜਦਕਿ ਰਾਜਨੀਤਿਕ ਸਰਗਰਮੀ ਦੇ ਦੋਸ਼ ਵਿਚ ਮੈਨੂੰ ਵੀ ਇਸੇ ਨੀਤੀ ਤਹਿਤ ਕਮਿਸ਼ਨ ਤੋਂ ਹਟਾਇਆ ਗਿਆ ਸੀ। ਇਸ ਗਲ-ਸੜ ਚੁੱਕੇ ਸਿਸਟਮ ਵਿਚ ਵੱਡੇ ਸੁਧਾਰਾਂ ਦੀ ਲੋੜ ਸੀ। ਇਹ ਸਿਰਫ਼ ਮੇਰੀ ਨਿੱਜੀ ਰਾਇ ਨਹੀਂ ਸੀ, ਸਗੋਂ 2009 ਵਿਚ ਪ੍ਰੋਫੈਸਰ ਯਸ਼ਪਾਲ ਦੀ ਅਗਵਾਈ ਵਾਲੀ ਕਮੇਟੀ ਨੇ ਵੀ ਇਹੀ ਸਿੱਟਾ ਕੱਢਿਆ ਸੀ। ਇਸ 'ਉੱਚ ਸਿੱਖਿਆ ਦੇ ਨਵੀਨੀਕਰਨ ਤੇ ਪੁਨਰ ਸੁਰਜੀਤੀ 'ਤੇ ਸਲਾਹ ਦੇਣ ਵਾਲੀ ਕਮੇਟੀ' ਨੇ ਯੂ.ਜੀ.ਸੀ. ਅਤੇ ਆਲ ਇੰਡੀਆ ਕੌਂਸਲ ਆਫ਼ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ.) ਨੂੰ ਬੰਦ ਕਰਕੇ ਇਨ੍ਹਾਂ ਦੀ ਥਾਂ ਇਕ ਰਾਸ਼ਟਰੀ ਉੱਚ ਸਿੱਖਿਆ ਤੇ ਖੋਜ ਕਮਿਸ਼ਨ (ਐਨ.ਸੀ.ਐਚ.ਈ.ਆਰ) ਬਣਾਉਣ ਦੀ ਸਲਾਹ ਦਿੱਤੀ ਸੀ, ਜੋ ਅਨਿਯਮਿਤ ਰੈਗੂਲੇਸ਼ਨ ਤੇ ਬੇਕਾਬੂ ਨੌਕਰਸ਼ਾਹੀ ਨੂੰ ਨਿਯਮਿਤ ਕਰਦਾ, ਜਦਕਿ ਨਵੇਂ ਰੈਗੂਲੇਟਰੀ ਢਾਂਚੇ ਦਾ ਉਦੇਸ਼ 'ਨਿਰੀਖਣ ਰਾਜ' ਨੂੰ ਖ਼ਤਮ ਕਰਕੇ ਪਹਿਲਾਂ ਤੋਂ ਪ੍ਰਵਾਨਗੀਆਂ ਲੈਣ ਦੀ ਸਖ਼ਤੀ ਦੀ ਜਗ ?ਹਾ ਅਕਾਦਮਿਕ ਸਵੈ-ਨਿਯਮਨ ਨਾਲ ਬਦਲ ਕੇ ਸੂਖਮ ਪ੍ਰਬੰਧਨ ਤੇ ਨੌਕਰਸ਼ਾਹੀ ਵਿਵੇਕ ਨੂੰ ਘਟਾ ਕੇ ਅਕਾਦਮਿਕ ਖੁਦਮੁਖਤਿਆਰੀ ਨੂੰ ਉਤਸ਼ਾਹਿਤ ਕਰਨਾ ਸੀ। ਯਸ਼ਪਾਲ ਕਮੇਟੀ ਨੇ ਉਦਾਰ ਸਰਕਾਰੀ ਫੰਡਿੰਗ

**ਯੋਗੇਂਦਰ ਯਾਦਵ**

ਤੇ ਮੁਨਾਫ਼ਾਖੋਰੀ ਤੇ ਵਪਾਰੀਕਰਨ ਨੂੰ ਸਖ਼ਤੀ ਨਾਲ ਨਿਯਮਿਤ ਕਰਕੇ ਯੂਨੀਵਰਸਿਟੀਆਂ ਦੇ ਜਨਤਕ ਉਦੇਸ਼ 'ਤੇ ਧਿਆਨ ਕੇਂਦਰਿਤ ਕੀਤਾ ਸੀ।

ਦਰਅਸਲ ਵੀ.ਬੀ.ਐੱਸ.ਏ. ਉਲਟ ਦਿਸ਼ਾ ਵਿਚ ਚੱਲਦਾ ਹੈ। ਜੇਕਰ ਇਹ ਕਾਨੂੰਨ ਬਣ ਗਿਆ ਤਾਂ ਇਹ ਇਕ ਤੀਹਰੀ ਮਾਰ ਹੋਵੇਗੀ: ਜੋ ਫੈਕਲਟੀ, ਸੰਸਥਾ ਤੇ ਸੂਬਾ ਸਰਕਾਰਾਂ ਦੇ ਬਚੇ-ਖੁਚੇ ਅਕਾਦਮਿਕ ਖੁਦਮੁਖਤਿਆਰੀ ਦੇ ਹਿੱਸੇ ਨੂੰ ਵੀ ਖੋਹ ਲਵੇਗਾ। ਰਾਜ ਫੰਡਿੰਗ ਜਾਂ ਸਮਾਜਿਕ ਨਿਆਂ ਲਈ ਕਿਸੇ ਵੀ ਲਾਜ਼ਮੀ ਪ੍ਰਬੰਧ ਜਾਂ ਸੰਸਥਾਗਤ ਡਿਜ਼ਾਈਨ ਨੂੰ ਖ਼ਤਮ ਕਰਕੇ ਇਹ ਬਿੱਲ ਉੱਚ ਸਿੱਖਿਆ ਦੇ ਜਨਤਕ ਮਕਸਦ ਤੋਂ ਆਪਣਾ ਪੱਲਾ ਝਾੜ ਰਿਹਾ ਹੈ। ਭਾਵੇਂ ਇਸ ਨੂੰ ਇਕ ਨਵੇਂ ਕਾਨੂੰਨ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ, ਦਰਅਸਲ ਵੀ.ਬੀ.ਐੱਸ.ਏ. ਬਿੱਲ ਭਾਰਤ ਦੇ ਉੱਚ ਸਿੱਖਿਆ ਕਮਿਸ਼ਨ (ਐਚ.ਈ.ਸੀ.ਆਈ.) ਬਿੱਲ ਦਾ ਹੀ ਨਵਾਂ ਰੂਪ ਹੈ, ਜੋ 2018 ਵਿਚ ਸੰਸਦ 'ਚ ਪੇਸ਼ ਕੀਤਾ ਗਿਆ ਸੀ। ਹਾਲਾਂਕਿ ਕੇਂਦਰੀਕਰਨ, ਖੁਦਮੁਖਤਿਆਰੀ ਤੇ ਫੰਡਿੰਗ ਦੇ ਨੁਕਸਾਨ ਦੇ ਖਦਸ਼ਿਆਂ 'ਤੇ ਤਿੱਖੇ ਹੋਏ ਰਾਜਨੀਤਿਕ ਵਿਰੋਧ ਦੇ ਚੱਲਦੇ ਸਰਕਾਰ ਨੂੰ ਉਸ ਸੰਸਕਰਣ ਨੂੰ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਸੀ। ਇਹ ਨਵਾਂ ਬਿੱਲ ਵੀ ਸ਼ਕਤੀ ਦੇ ਕੇਂਦਰੀਕਰਨ ਦੀ ਮੁੱਖ ਸਮੱਸਿਆ ਨੂੰ ਹੱਲ ਨਹੀਂ ਕਰਦਾ; ਸਗੋਂ ਉਸੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਇਕ ਵਧੇਰੇ ਗੁੰਝਲਦਾਰ ਸੰਸਥਾਗਤ ਡਿਜ਼ਾਈਨ ਬਣਾਉਂਦਾ ਹੈ। ਕੋਈ ਸ਼ਕਤੀਸ਼ਾਲੀ ਪ੍ਰਬੰਧਨ ਹੋਣ ਦੀ ਬਜਾਏ ਵੀ.ਬੀ.ਐੱਸ.ਏ. ਅਜਿਹੀ ਸੁਰੱਖਿਆ ਛਤਰੀ ਸੰਸਥਾ ਹੈ, ਜੋ ਰੈਗੂਲੇਸ਼ਨ, ਮਾਨਤਾ (ਐਕ੍ਰੇਡਿਟੇਸ਼ਨ) ਤੇ ਅਕਾਦਮਿਕ ਮਿਆਰਾਂ ਦੇ ਲਈ ਜ਼ਿੰਮੇਵਾਰ ਤਿੰਨ ਵੱਖ-ਵੱਖ ਕੌਂਸਲਾਂ ਦੀ ਨਿਗਰਾਨੀ ਕਰਦੀ ਹੈ। ਪਰ ਇਸ ਦੀ ਮੂਲ ਭਾਵਨਾ 'ਚ ਕੋਈ ਬਦਲਾਅ ਨਹੀਂ ਹੋਇਆ ਤੇ ਕੁਝ ਅਰਥਾਂ 'ਚ ਤਾਂ ਇਹ ਪਹਿਲਾਂ ਤੋਂ ਵੀ ਮਜ਼ਬੂਤ ਹੋ ਗਈ ਹੈ, ਜਿਸ ਨੂੰ 4 ਮੁੱਖ ਪ੍ਰਬੰਧਾਂ ਵਿਚ ਦੇਖਿਆ ਜਾ ਸਕਦਾ ਹੈ।

ਪਹਿਲੀ ਗੱਲ ਇਸ ਨਵੇਂ ਸੰਸਥਾਗਤ ਸਿਸਟਮ 'ਚ ਕੋਈ ਖੁਦਮੁਖਤਿਆਰੀ ਨਹੀਂ ਹੈ। ਚਾਰ ਵੱਖ-ਵੱਖ ਸੰਸਥਾਵਾਂ ਇਕ ਦਿਖਾਵਾ ਹੈ; ਇਹ ਵੱਖਰੀਆਂ ਤਾਂ ਹਨ ਪਰ ਸੁਤੰਤਰ ਨਹੀਂ। ਵੀ.ਬੀ.ਐੱਸ.ਏ. ਅਤੇ ਤਿੰਨ ਕੌਂਸਲਾਂ ਆਪਣੀ ਬਣਤਰ 'ਚ ਇਕੋ ਜਿਹੀਆਂ ਹਨ, ਜਿਨ੍ਹਾਂ ਦੇ ਚੇਅਰਪਰਸਨ ਤੇ ਮੈਂਬਰਾਂ ਦੀ ਨਿਯੁਕਤੀ ਕੇਂਦਰ ਸਰਕਾਰ ਨੇ ਹੀ ਕਰਨੀ ਹੈ-ਸੂਬਿਆਂ ਦੀਆਂ ਯੂਨੀਵਰਸਿਟੀਆਂ ਦੀ ਨੁਮਾਇੰਦਗੀ ਕਰਨ ਵਾਲੇ ਅਕਾਦਮਿਕ ਵਿਅਕਤੀ ਵੀ ਇਸ 'ਚ ਸ਼ਾਮਿਲ ਹਨ ਜਿਨ੍ਹਾਂ ਨੂੰ ਮਨਮਰਜ਼ੀ ਨਾਲ ਹਟਾਇਆ ਜਾਂ ਮੁਅੱਤਲ ਵੀ ਕੀਤਾ ਜਾ ਸਕਦਾ ਹੈ। ਇਸ ਦੀ ਸਾਰੀ ਵਾਗਡੋਰ ਕੁਝ ਆਈ.ਏ.ਐੱਸ ਅਧਿਕਾਰੀ ਆਪਣੇ ਸਿਆਸੀ ਆਕਾਵਾਂ ਦੇ ਇਸ਼ਾਰਿਆਂ 'ਤੇ ਆਪਣੇ ਹੱਥਾਂ ਵਿਚ ਰੱਖਣਗੇ। ਦੂਜੀ ਗੱਲ ਐਨ.ਈ.ਪੀ.-2020 ਵਿਚ 'ਹਲਕੇ ਤੇ ਸਖ਼ਤ' ਵਿਨਿਯਮਾਂ ਦੇ ਵਾਅਦੇ ਦੇ ਉਲਟ ਵੀ.ਬੀ.ਐੱਸ.ਏ. ਦੇ ਕੋਲ ਹੁਣ ਯੂ.ਜੀ.ਸੀ. ਜਾਂ ਉਸ ਤੋਂ ਪਹਿਲਾਂ ਦੀ ਕਿਸੇ ਵੀ ਹੋਰ ਰੈਗੂਲੇਟਰੀ ਸੰਸਥਾ ਦੀ ਤੁਲਨਾ 'ਚ ਵਧੇਰੇ ਦਖ਼ਲ ਦੇਣ ਦੀਆਂ ਸ਼ਕਤੀਆਂ ਹਨ। ਆਪਣੀਆਂ ਪ੍ਰੀਸ਼ਦਾਂ (ਕੌਂਸਲਾਂ) ਦੀ ਸਿਫ਼ਾਰਸ਼ 'ਤੇ ਵੀ.ਬੀ.ਐੱਸ.ਏ. ਸੰਸਥਾਵਾਂ ਤੇ ਉਨ੍ਹਾਂ ਦੇ ਅਹੁਦੇਦਾਰਾਂ ਨੂੰ ਸਜ਼ਾ ਦੇਣ, ਕਿਸੇ ਡਿਗਰੀ ਦੀ ਮਾਨਤਾ ਨੂੰ ਰੱਦ ਕਰਨ ਤੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਨੂੰ ਬੰਦ ਕਰਨ ਦੀ ਸਿਫ਼ਾਰਸ਼ ਕਰਨ ਵਰਗੇ ਸਖ਼ਤ ਕਦਮ ਉਠਾ ਸਕਦਾ ਹੈ। ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਲਏ ਗਏ ਕਿਸੇ ਵੀ ਅਜਿਹੇ ਫ਼ੈਸਲੇ ਵਿਰੁੱਧ ਅਪੀਲ ਵੀ ਸਿਰਫ਼ ਕੇਂਦਰ ਸਰਕਾਰ ਕੋਲ ਹੀ ਹੋ ਸਕੇਗੀ। ਤੀਜੀ ਤੇ ਸ਼ਾਇਦ ਇਸ ਨਵੇਂ ਬਿੱਲ ਦੀ ਸਭ ਤੋਂ ਭੈੜੀ ਗੱਲ ਸੰਘੀ ਢਾਂਚੇ ਦੀ ਪੂਰੀ ਤਰ੍ਹਾਂ ਅਣਦੇਖੀ ਕਰਨਾ ਹੈ। ਸੂਬਾ ਸਰਕਾਰਾਂ ਜੋ ਅਜੇ ਵੀ ਉੱਚ ਸਿੱਖਿਆ ਸੰਸਥਾਵਾਂ ਨੂੰ ਫੰਡ ਦਿੰਦੀਆਂ ਤੇ ਨਿਗਰਾਨੀ ਕਰਦੀਆਂ ਹਨ, ਪਰ ਉਹ ਵੀ.ਬੀ.ਐੱਸ.ਏ. ਦੇ ਕੰਮਕਾਜ 'ਚ ਕੋਈ ਦਖ਼ਲ ਨਹੀਂ ਦੇ ਸਕਣਗੀਆਂ। ਉਹ ਸਿਰਫ਼ 15-ਮੈਂਬਰੀ ਸੰਸਥਾ ਵਿਚ ਵਾਰੀ-ਵਾਰੀ ਨਾਲ ਮਿਲਣ ਵਾਲੀ ਇਕ ਸੀਟ ਲਈ ਪਹੁੰਚ ਕਰ ਸਕਦੀਆਂ ਹਨ, ਜਦਕਿ 3 ਕੌਂਸਲਾਂ ਵਿਚ ਤਾਂ ਬਿਲਕੁਲ ਵੀ ਨਹੀਂ। ਹਾਲਾਂਕਿ 2018 ਦੇ ਬਿੱਲ ਵਿਚ ਇਕ ਕਮਜ਼ੋਰ ਸਲਾਹਕਾਰੀ ਢਾਂਚੇ ਦੀ ਵਿਵਸਥਾ ਅਨੁਸਾਰ ਇਕ ਸਲਾਹਕਾਰ ਪ੍ਰੀਸ਼ਦ ਵਿਚ ਕੇਂਦਰੀ ਸਿੱਖਿਆ ਮੰਤਰੀ ਤੇ ਸਾਰੇ ਸੂਬਿਆਂ ਦੀਆਂ ਉੱਚ ਸਿੱਖਿਆ ਪ੍ਰੀਸ਼ਦਾਂ ਦੇ ਚੇਅਰਮੈਨ ਵੀ ਸ਼ਾਮਿਲ ਸਨ। ਪਰ ਵੀ.ਬੀ.ਐੱਸ.ਏ. ਬਿੱਲ ਤਾਂ ਉਸ ਦਿਖਾਵੇ ਨੂੰ ਵੀ ਖ਼ਤਮ ਕਰਦਾ ਹੈ। ਇਸ ਲਈ ਹੁਣ ਜਦੋਂ ਸੂਬਾ ਸਰਕਾਰਾਂ ਕਾਲਜ ਤੇ ਯੂਨੀਵਰਸਿਟੀਆਂ ਬਣਾਉਣਗੀਆਂ ਤਾਂ ਕੇਂਦਰ ਸਰਕਾਰ ਉਨ੍ਹਾਂ ਦੇ ਕਰਮਚਾਰੀਆਂ ਦੀ ਭਰਤੀ, ਉਨ੍ਹਾਂ ਦੇ ਸਿਲੇਬਸ, ਕੰਮਕਾਜ ਤੇ ਸ਼ਾਇਦ ਉਨ੍ਹਾਂ ਦੇ ਵਜੂਦ ਬਾਰੇ ਵੀ ਫ਼ੈਸਲਾ ਲਵੇਗੀ। ਅੰਤ ਵਿਚ ਇਹ ਧਿਆਨ ਦੇਣ ਯੋਗ ਹੈ ਕਿ ਮੌਜੂਦਾ ਬਿੱਲ ਆਪਣੇ 2018 ਦੇ ਪਿਛਲੇ ਬਿੱਲ ਵਾਂਗ ਹੀ ਰੈਗੂਲੇਸ਼ਨ ਨੂੰ ਫੰਡਿੰਗ ਤੋਂ ਵੱਖ ਕਰਦਾ ਹੈ, ਪਰ ਫੰਡਿੰਗ ਕਿੱਥੋਂ ਤੇ ਕਿਵੇਂ ਆਵੇਗੀ, ਇਸ ਬਾਰੇ ਇਕ ਸ਼ਬਦ ਵੀ ਨਹੀਂ ਕਹਿੰਦਾ ਹੈ। ਇਸ ਵਿਚ ਉੱਚ ਸਿੱਖਿਆ ਅਦਾਰਿਆਂ ਵਿਚ ਸਮਾਨਤਾ, ਪਹੁੰਚ ਤੇ ਬਿਨਾਂ ਕਿਸੇ ਭੇਦਭਾਵ ਦੇ ਰੈਗੂਲੇਸ਼ਨ ਬਾਰੇ ਕੋਈ ਪ੍ਰਬੰਧ ਨਹੀਂ ਹੈ। ਇਹ ਸਪੱਸ਼ਟ ਚੁੱਪੀ ਸਾਨੂੰ ਨਵੇਂ ਕਾਨੂੰਨ ਦੇ ਪਿੱਛੇ ਛੁਪੇ ਅੰਤਰੀਵ ਫਲਸਫੇ ਦੇ ਬਾਰੇ ਕੁਝ ਦੱਸਦੀ ਹੈ। ਇਹ ਉੱਚ ਸਿੱਖਿਆ ਦੇ ਜਨਤਕ ਉਦੇਸ਼ ਤੋਂ ਰਾਜ ਦੇ ਪਿੱਛੇ ਹਟਣ ਨੂੰ ਰਸਮੀ ਰੂਪ ਦੇਣ ਦਾ ਇਕ ਜ਼ਰੀਆ ਹੈ ਅਜਿਹੇ ਸਮੇਂ ਜਦੋਂ ਲੱਖਾਂ ਪਹਿਲੀ ਪੀੜ੍ਹੀ ਦੇ ਕਾਲਜ ਜਾਣ ਵਾਲੇ ਵਿਦਿਆਰਥੀਆਂ ਨੂੰ ਇਸ ਦੀ ਸਭ ਤੋਂ ਵੱਧ ਜ਼ਰੂਰਤ ਹੈ।



# ਗੁਰੂ ਨਾਨਕ ਦੇਵ ਜੀ ਨੂੰ ਰੱਬੀ ਰੂਪ 'ਚ ਪਛਾਣਨ ਵਾਲੀ ਬੇਬੇ ਨਾਨਕੀ

**ਰਮੇਸ਼ ਬੱਗਾ ਚੋਹਲਾ**

ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਜੇ ਬੇਬੇ ਨਾਨਕੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਸਿੱਖ ਬੀਬੀ ਕਹਿ ਲਿਆ ਜਾਵੇ। ਇਸੇ ਤਰ੍ਹਾਂ ਹੀ ਚੌਧਰੀ ਰਾਇ ਬੁਲਾਰ ਭੱਟੀ ਵੀ ਉਹ ਸ਼ਖ਼ਸ ਹਨ, ਜਿਨ੍ਹਾਂ ਨੇ ਦੇਖਦਿਆਂ ਹੀ ਗੁਰੂ ਨਾਨਕ ਦੇਵ ਜੀ ਨੂੰ ਰੱਬੀ ਰੂਪ ਸਮਝਿਆ। ਗੁਰੂ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਦਾ ਨਾਂਅ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਮਰ 'ਚ ਪੰਜ ਸਾਲ ਵੱਡੀ ਹੋਣ ਦੇ ਬਾਵਜੂਦ ਬੇਬੇ ਨਾਨਕੀ ਨੇ ਆਪਣੇ ਵੀਰ ਨਾਨਕ ਨੂੰ ਵੀਰ ਨਾਲੋਂ ਕਿਤੇ ਵੱਧ ਪੀਰ ਕਰਕੇ ਸਤਿਕਾਰਿਆ ਹੈ। ਪਰਿਵਾਰ 'ਚੋਂ ਗੁਰੂ ਸਾਹਿਬ ਦੀਆਂ ਇਲਾਹੀ ਰਮਜ਼ਾਂ ਨੂੰ ਸਮਝਣ ਵਿਚ ਪਹਿਲ ਕਰਨ ਵਾਲੀ ਬੇਬੇ ਨਾਨਕੀ ਨੂੰ ਹੀ ਮੰਨਿਆ ਜਾਂਦਾ ਹੈ। ਇਕ ਇਤਿਹਾਸਕ ਹਵਾਲੇ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਿਖੇ ਬੇਬੇ ਨਾਨਕੀ ਦੇ ਗ੍ਰਿਹ ਆਏ ਤਾਂ ਉਹ (ਬੇਬੇ ਨਾਨਕੀ) ਗੁਰੂ ਜੀ ਦੇ ਚਰਨੀਂ ਪੈ ਗਈ। ਗੁਰੂ ਜੀ ਨੇ ਉਨ੍ਹਾਂ ਨੂੰ ਅਦਬ ਨਾਲ ਉਠਾਇਆ ਤੇ ਫ਼ਰਮਾਇਆ, 'ਬੇਬੇ! ਤੂੰ ਵੱਡੀ ਏਂ, ਪੈਰੀਂ ਤਾਂ ਮੈਨੂੰ ਪੈਣਾ ਚਾਹੀਦਾ ਹੈ।' ਸ਼ਰਧਾ ਤੇ ਸਤਿਕਾਰਮਈ ਭਾਵਨਾ ਨਾਲ ਭੈਣ ਨਾਨਕੀ ਬੋਲੀ, 'ਸੱਚ ਆਖਦਾਂ ਭਾਈ ਪਰ ਤੂੰ ਆਦਮੀ ਹੋਵੇ ਤੇ ਤਾਂ, ਮੈਨੂੰ ਤਾਂ ਤੇਰੇ 'ਚੋਂ ਰੱਬ ਨਜ਼ਰ ਆਉਂਦਾ ਹੈ।' ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, 'ਬੇਬੇ ਨਾਨਕੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਧਰਮ (ਸਿੱਖੀ) ਨੂੰ ਧਾਰਨ ਕਰਨ ਵਾਲੀ ਪਹਿਲੀ ਇਸਤਰੀ ਸਿੱਖ ਸੀ।'

ਬੇਬੇ ਨਾਨਕੀ ਦਾ ਜਨਮ ਅਪ੍ਰੈਲ 1464 ਈ. ਨੂੰ ਨਾਨਕੇ ਪਿੰਡ ਚਾਹਲ, ਜ਼ਿਲ੍ਹਾ ਲਾਹੌਰ (ਹੁਣ ਪਾਕਿਸਤਾਨ 'ਚ) ਵਿਖੇ ਹੋਇਆ। ਭਾਈ ਰਾਮਾ ਜੀ, ਕ੍ਰਿਸ਼ਨਾ ਜੀ ਤੇ ਮਾਤਾ ਭਿਰਾਈ ਜੀ (ਨਾਨਕਾ ਪਰਿਵਾਰ) ਵਲੋਂ ਆਪਣੀ ਲਾਡਲੀ ਦੋਹਤੀ ਨੂੰ ਰੱਜਵੇਂ ਲਾਡ ਲਡਾਏ ਗਏ, ਜਿਨ੍ਹਾਂ ਨੂੰ 'ਨਾਨਕਿਆਂ ਦੀ' ਕਿਹਾ ਜਾਣ ਲੱਗਾ। ਬਾਅਦ 'ਚ ਇਹੀ ਨਾਂਅ ਰੱਖ ਦਿੱਤਾ ਗਿਆ ਨਾਨਕੀ। ਜਦੋਂ 15 ਅਪ੍ਰੈਲ 1469 ਈ. ਨੂੰ ਰਾਇ-ਭੋਇੰ ਦੀ ਤਲਵੰਡੀ ਜਿਸ ਨੂੰ ਅੱਜ ਸ੍ਰੀ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ, ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਤਾਂ ਉਨ੍ਹਾਂ ਨੂੰ ਵੀ ਨਾਨਕੀ ਦਾ ਨਾਨਕ ਕਿਹਾ ਜਾਣ ਲੱਗਾ ਤੇ ਫਿਰ ਇਹੀ ਨਾਮਕਰਨ ਹੋ ਗਿਆ। 11 ਸਾਲ ਦੀ ਉਮਰ ਵਿਚ ਬੇਬੇ ਨਾਨਕੀ ਦਾ ਵਿਆਹ ਸੁਲਤਾਨਪੁਰ ਲੋਧੀ ਦੇ ਵਸਨੀਕ ਭਾਈ ਜੈ ਰਾਮ ਨਾਲ ਹੋਇਆ, ਜੋ ਨਵਾਬ ਦੌਲਤ ਖ਼ਾਂ ਦੇ ਆਮਿਲ ਸਨ। ਇਸ ਵਿਆਹ ਲਈ ਵਿਚੋਲੇ ਦੀ ਭੂਮਿਕਾ ਰਾਇ ਬੁਲਾਰ ਭੱਟੀ ਨੇ ਨਿਭਾਈ ਸੀ। ਵਿਆਹ ਤੋਂ ਬਾਅਦ ਬੇਬੇ ਨਾਨਕੀ ਦਾ ਪੱਕਾ ਟਿਕਾਣਾ ਭਾਵੇਂ ਸੁਲਤਾਨਪੁਰ ਬਣ ਗਿਆ, ਪਰ ਆਪਣੇ ਮਾਪਿਆਂ (ਵਿਸ਼ੇਸ਼ ਕਰਕੇ ਰੱਬੀ ਰੂਪ ਵੀਰ) ਨੂੰ ਮਿਲਣ ਲਈ ਉਹ ਅਕਸਰ ਤਲਵੰਡੀ ਆਉਂਦੇ ਰਹਿੰਦੇ ਸਨ। ਭੈਣ ਨਾਨਕੀ ਦੇ ਯਾਦ ਕਰਨ 'ਤੇ ਵੀ ਗੁਰੂ ਜੀ ਸਾਥੀ ਭਾਈ ਮਰਦਾਨੇ ਸਮੇਤ ਉਨ੍ਹਾਂ ਕੋਲ ਸੁਲਤਾਨਪੁਰ ਲੋਧੀ ਵਿਖੇ ਪਹੁੰਚ ਜਾਂਦੇ ਸਨ। ਬੇਬੇ ਨਾਨਕੀ ਤੇ ਗੁਰੂ ਜੀ ਦੇ ਪਿਤਾ ਮਹਿਤਾ ਕਾਲੂ ਸਮਝਦੇ ਸਨ ਕਿ ਗੁਰੂ ਨਾਨਕ ਦੇਵ ਨੂੰ ਵਿਆਹ ਲਈ ਸਿਰਫ਼ ਨਾਨਕੀ ਤੇ ਜੈ ਰਾਮ ਮਨਾ ਸਕਦੇ ਹਨ। ਇਕ ਦਿਨ ਮਹਿਤਾ ਕਾਲੂ ਜੀ ਨੇ ਭਾਈ ਜੈ ਰਾਮ ਨੂੰ ਕਿਹਾ, 'ਪੁੱਤਰ ਜੈ ਰਾਮ ਨਾਨਕੀ ਦਾ ਸੁੱਖ ਦੇਖਦਾ ਹਾਂ ਤਾਂ ਹਿਰਦੇ ਠੰਢ ਪੈਂਦੀ ਹੈ, ਹੁਣ ਮੈਂ ਆਪਣੇ ਜਿਊਂਦੇ ਜੀਅ ਨਾਨਕ ਦਾ ਸੁੱਖ (ਵਿਆਹ ਕਰਕੇ) ਵੀ ਦੇਖ ਜਾਵਾਂ ਤਾਂ ਮਨ ਤ੍ਰਿਪਤ ਹੋ ਜਾਵੇਗਾ।' ਬੇਬੇ ਨਾਨਕੀ ਤੇ ਭਾਈ ਜੈ ਰਾਮ ਦੇ ਵਿਸ਼ੇਸ਼ ਉਪਰਾਲੇ ਸਦਕਾ ਗੁਰੂ ਨਾਨਕ ਦੇਵ ਜੀ ਦਾ ਵਿਆਹ ਬਟਾਲਾ (ਗੁਰਦਾਸਪੁਰ) ਸ਼ਹਿਰ ਦੇ ਬਾਸ਼ਿੰਦੇ ਭਾਈ ਮੂਲ ਚੰਦ ਦੀ ਲੜਕੀ ਬੀਬੀ ਸੁਲੱਖਣੀ ਨਾਲ ਤੈਅ ਹੋ ਗਿਆ। ਬੇਬੇ ਨਾਨਕੀ ਦੀ ਵਡਿਆਈ ਇਸ ਗੱਲ ਵਿਚ ਵੀ ਹੈ ਕਿ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਭਾਈ ਜੈ ਰਾਮ ਕੋਈ ਕੰਮ ਨਹੀਂ ਸਨ ਕਰਦੇ। ਉਹ ਜਾਣਦੇ ਸਨ ਕਿ ਉਨ੍ਹਾਂ ਦੀ ਪਤਨੀ ਦੀ ਸਲਾਹ ਹਮੇਸ਼ਾ ਨੇਕ ਤੇ ਮਾਰਗਦਰਸ਼ਕ ਸਿੱਧ ਹੁੰਦੀ ਹੈ।


ਲੰਬੀ ਉਦਾਸੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀ ਭੈਣ ਨਾਨਕੀ ਦੇ ਘਰ ਵਾਪਸੀ

ਆਪਣੇ ਸਹੁਰੇ ਘਰ (ਸੁਲਤਾਨਪੁਰ ਲੋਧੀ) ਵਿਖੇ ਬੇਬੇ ਨਾਨਕੀ ਜੀ ਦਾ ਲਗਭਗ ਅੱਧੀ ਸਦੀ ਤੱਕ ਵਸੇਬਾ ਰਿਹਾ ਹੈ। 1518 ਈ. ਦੇ ਅਖੀਰ ਵਿਚ ਉਹ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਤੀਜੇ ਦਿਨ ਭਾਈ ਜੈ ਰਾਮ ਵੀ ਸਦਾ ਲਈ ਅਲਵਿਦਾ ਕਹਿ ਗਏ। ਦੋਹਾਂ ਜੀਆਂ ਦਾ ਅੰਤਿਮ ਸੰਸਕਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਕੀਤਾ ਸੀ।

# ਸਭ ਧਰਮਾਂ ਦਾ ਸਾਂਝਾ ਉਪਦੇਸ਼ ਹੈ ਮਾਨਵਤਾ ਦੀ ਸੇਵਾ

**ਮਨਜੀਤ ਸਿੰਘ**



ਮਨੁੱਖੀ ਇਤਿਹਾਸ ਗਵਾਹ ਹੈ ਕਿ ਸਮੇਂ-ਸਮੇਂ 'ਤੇ ਸੰਸਾਰ ਵਿਚ ਵੱਖ-ਵੱਖ ਧਰਮ ਹੋਂਦ 'ਚ ਆਏ। ਭਾਵੇਂ ਇਨ੍ਹਾਂ ਸਭ ਧਰਮਾਂ ਦੀਆਂ ਪੂਜਾ ਪੱਧਤੀਆਂ, ਭਾਸ਼ਾਵਾਂ, ਪਰੰਪਰਾਵਾਂ ਤੇ ਰੀਤੀ-ਰਿਵਾਜ ਵੱਖੋ-ਵੱਖ ਹਨ, ਪਰ ਸਾਰੇ ਧਰਮਾਂ ਦਾ ਅੰਤਿਮ ਨਿਸ਼ਾਨਾ ਇਕੋ ਹੈ- ਮਾਨਵਤਾ ਦੀ ਸੇਵਾ। ਦਰਅਸਲ ਮਾਨਵਤਾ ਦੀ ਸੇਵਾ ਹੀ ਰੱਬ ਦੀ ਸੱਚੀ ਸੇਵਾ ਹੈ, ਕਿਉਂਕਿ ਰੱਬ ਵਿਸ਼ਵ ਦੇ ਹਰ ਜੀਵ-ਜੰਤੂ ਵਿਚ ਪ੍ਰਕਾਸ਼ਮਾਨ ਹੈ। ਇਹ ਇਕ ਅਜਿਹਾ ਸਰਬਵਿਆਪਕ ਸੱਚ ਹੈ, ਜਿਸ ਨੂੰ ਦੁਨੀਆ ਦੇ ਹਰ ਮਹਾਨ ਰਹਿਬਰ ਨੇ ਦ੍ਰਿੜ੍ਹਤਾ ਨਾਲ ਪ੍ਰਚਾਰਿਆ ਤੇ ਦੁਹਰਾਇਆ ਹੈ।

ਧਰਮ ਸ਼ਬਦ ਸੰਸਕ੍ਰਿਤ ਦੇ 'ਧ੍ਰ' ਧਾਤੂ ਤੋਂ ਨਿਕਲਿਆ ਹੈ, ਜਿਸ ਦਾ ਅਰਥ ਹੈ ਧਾਰਨ ਕਰਨਾ, ਸਹਾਰਾ ਦੇਣਾ ਆਦਿ। ਅੰਗਰੇਜ਼ੀ 'ਚ ਧਰਮ ਨੂੰ 'ਰਿਲਿਜਨ' ਕਿਹਾ ਜਾਂਦਾ ਹੈ, ਜੋ ਲਾਤੀਨੀ ਸ਼ਬਦ 'ਰਿਲਾਈਜ਼ੇਸ਼ਨ ਜਾਂ ਰਿਲਾਈਜ਼' ਤੋਂ ਨਿਕਲਿਆ, ਜਿਸ ਦਾ ਅਰਥ ਸਮਝਣਾ, ਅਹਿਸਾਸ ਹੋਣਾ ਆਦਿ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ, ਕੀ ਧਾਰਨ ਕਰਨਾ ਹੈ? ਧਰਮ ਦਾ ਮਤਲਬ ਨੇਕੀ, ਸੱਚ, ਦਇਆ, ਹੱਕ ਤੇ ਹਕੀਕਤ ਜਿਹੇ ਇਨਸਾਨੀ ਗੁਣਾਂ ਨੂੰ ਧਾਰਨ ਕਰ ਕੇ ਇਨ੍ਹਾਂ 'ਤੇ ਪਹਿਰਾ ਦੇਣਾ ਹੈ। ਕੋਈ ਵੀ ਧਰਮ ਮਨੁੱਖ ਨੂੰ ਕੱਟੜਤਾ ਜਾਂ ਨਫ਼ਰਤ ਨਹੀਂ ਸਿਖਾਉਂਦਾ। ਧਰਮ ਤਾਂ ਉਹ ਰੌਸ਼ਨੀ ਹੈ, ਜੋ ਮਨੁੱਖ ਨੂੰ ਪਸ਼ੂ ਬਿਰਤੀ ਤੋਂ ਉੱਪਰ ਚੁੱਕ ਕੇ ਪਰਉਪਕਾਰ ਦੇ ਮਾਰਗ 'ਤੇ ਤੋਰਦੀ ਹੈ। ਜੇਕਰ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਕੋਈ ਵਿਅਕਤੀ ਦੂਜੇ ਇਨਸਾਨ ਨਾਲ ਨਫ਼ਰਤ ਜਾਂ ਈਰਖਾ ਕਰਦਾ ਹੈ ਤਾਂ ਸਮਝ ਲੈਣਾ ਕਿ ਉਸ ਨੇ ਧਰਮ ਦੇ ਸਾਰ ਤੱਤ ਨੂੰ ਅਜੇ ਤੱਕ ਸਮਝਿਆ ਹੀ ਨਹੀਂ ਹੈ।

ਸਿੱਖ ਧਰਮ ਵਿਚ ਸੇਵਾ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ

**ਵਿਚਿ ਦੁਨੀਆ ਸੇਵ ਕਮਾਈਐ ॥**
**ਤਾ ਦਰਗਹ ਬੈਸਣੁ ਪਾਈਐ ॥**
**(ਸਿਰੀਰਾਗੁ, ਮ:1, ਅੰਗ : 25)**

ਦਾ ਮਹਾਨ ਉਪਦੇਸ਼ ਦਿੱਤਾ। ਉਨ੍ਹਾਂ ਵਲੋਂ ਸਾਧੂਆਂ ਨੂੰ ਭੋਜਨ ਖਵਾਉਣਾ ਮਾਨਵੀ ਸੇਵਾ ਦੀ ਅਦੁੱਤੀ ਮਿਸਾਲ ਹੈ। ਉਨ੍ਹਾਂ ਦਾ ਕ੍ਰਾਂਤੀਕਾਰੀ ਸਿਧਾਂਤ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਸਮਾਜਿਕ ਬਰਾਬਰੀ ਅਤੇ ਸਾਂਝੀਵਾਲਤਾ ਦੀ ਬੁਨਿਆਦ ਹੈ। ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਚਲਾ ਕੇ ਜਾਤ-ਪਾਤ ਤੇ ਅਮੀਰ-ਗਰੀਬ ਦੇ ਭੇਦ ਨੂੰ ਜੜ੍ਹੋਂ ਖ਼ਤਮ ਕੀਤਾ ਸੀ। ਇਕੋ ਪੰਗਤ ਵਿਚ ਬੈਠ ਕੇ ਸਭ ਵਰਗਾਂ ਦੇ ਲੋਕਾਂ ਵਲੋਂ ਲੰਗਰ ਖਾਣਾ ਮਾਨਵੀ ਏਕਤਾ ਦਾ ਸਭ ਤੋਂ ਵੱਡਾ ਪ੍ਰਮਾਣ ਹੈ। ਭਾਈ ਘਨੱਈਆ ਜੀ ਨੇ ਜੰਗ ਦੇ ਮੈਦਾਨ ਵਿਚ ਦੁਸ਼ਮਣ ਫ਼ੌਜ ਦੇ ਸਿਪਾਹੀਆਂ ਨੂੰ ਵੀ ਪਾਣੀ ਪਿਆ ਕੇ ਸਿੱਧ ਕੀਤਾ ਕਿ ਸਿੱਖ ਲਈ ਕੋਈ ਵੈਰੀ ਨਹੀਂ, ਕੋਈ ਬੇਗਾਨਾ ਨਹੀਂ। ਭਗਤ ਪੂਰਨ ਸਿੰਘ ਪਿੰਗਲਵਾੜਾ ਵਲੋਂ ਸਾਰੀ ਉਮਰ ਅਪਾਹਜਾਂ ਤੇ ਲੋੜਵੰਦਾਂ ਦੀ ਹੱਥੀਂ ਸੇਵਾ ਕਰਦਿਆਂ ਗੁਰੂ ਦੀ ਸਿੱਖਿਆ 'ਤੇ ਅਮਲ ਕੀਤਾ ਗਿਆ। ਸਿੱਖ ਧਰਮ ਤਾਂ ਹੈ ਹੀ ਸੇਵਾ ਨੂੰ ਸਮਰਪਿਤ।

ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥਾਂ ਤੇ ਵੇਦਾਂ ਵਿਚ ਮਾਨਵਤਾ ਦੀ ਸੇਵਾ ਨੂੰ ਪਰਮ ਧਰਮ ਮੰਨਿਆ ਗਿਆ ਹੈ। ਮਹਾਉਪਨਿਸ਼ਦ ਦੇ ਅਹਿਮ ਵਾਕ 'ਵਸੁਧੈਵ ਕੁਟੁੰਬਕਮ' ਦਾ ਤਾਂ ਅਰਥ ਹੀ ਹੈ ਕਿ ਧਰਤੀ ਇਕ ਪਰਿਵਾਰ ਹੈ। ਇਹ ਮਹਾਨ ਭਾਰਤੀ ਫ਼ਲਸਫ਼ਾ ਪੂਰੀ ਦੁਨੀਆ ਨੂੰ ਇਕ ਪਰਿਵਾਰ ਦਾ ਰੂਪ ਮੰਨਦਾ ਹੈ, ਜੋ ਏਕਤਾ, ਸ਼ਾਂਤੀ ਤੇ ਸਦਭਾਵਨਾ ਦਾ ਸੰਦੇਸ਼ ਦਿੰਦਾ ਹੈ। ਸੁਆਮੀ ਵਿਵੇਕਾਨੰਦ ਨੇ ਜ਼ਰੂਰਤਮੰਦਾਂ ਦੀ ਸੇਵਾ ਤੇ ਮਦਦ ਕਰਨ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਜਿਉਂਦੇ-ਜਾਗਦੇ ਇਨਸਾਨਾਂ ਦੀ ਸੇਵਾ ਪਹਿਲਾਂ ਕਰਨੀ ਚਾਹੀਦੀ ਹੈ।

ਇਸਲਾਮ ਵਿਚ ਮਨੁੱਖਤਾ ਦੀ ਸੇਵਾ ਨੂੰ ਇਬਾਦਤ (ਪੂਜਾ) ਦਾ ਅਟੁੱਟ ਅੰਗ ਮੰਨਿਆ ਗਿਆ ਹੈ। ਜ਼ਕਾਤ ਅਨੁਸਾਰ ਹਰ ਮੁਸਲਮਾਨ ਲਈ ਆਪਣੀ ਨੇਕ ਕਮਾਈ ਦਾ ਇਕ ਹਿੱਸਾ ਗ਼ਰੀਬਾਂ ਤੇ ਲੋੜਵੰਦਾਂ ਲਈ ਦਾਨ ਕਰਨਾ ਲਾਜ਼ਮੀ ਹੈ, ਜੋ ਸਮਾਜ 'ਚੋਂ ਆਰਥਿਕ ਅਸਮਾਨਤਾ ਨੂੰ ਦੂਰ ਕਰਨ ਦਾ ਇਕ ਵਧੀਆ ਤਰੀਕਾ ਹੈ। ਇਸਲਾਮ ਅਨੁਸਾਰ ਹਦੀਸ ਦਾ ਉਪਦੇਸ਼ ਹੈ ਕਿ ਤੁਹਾਡੇ 'ਚੋਂ ਸਭ ਤੋਂ ਚੰਗਾ ਉਹ ਹੈ, ਜੋ ਦੂਜਿਆਂ ਦੀ ਭਲਾਈ ਕਰਦਾ ਹੈ। ਇਸਲਾਮ ਅਨੁਸਾਰ ਖ਼ਿਦਮਤ-ਏ-ਖ਼ਲਕ (ਰੱਬ ਦੀ ਸਾਜੀ ਹੋਈ ਲੋਕਾਈ ਦੀ ਸੇਵਾ) ਹੀ ਰੱਬ ਦੀ ਖ਼ੁਸ਼ੀ ਪ੍ਰਾਪਤ ਕਰਨ ਦਾ ਰਸਤਾ ਹੈ।

ਹਜ਼ਰਤ ਈਸਾ (ਯਿਸੂ ਮਸੀਹ) ਦਾ ਤਾਂ ਜੀਵਨ ਹੀ ਸੇਵਾ ਦੀ ਮਿਸਾਲ ਪੇਸ਼ ਕਰਦਾ ਹੈ। ਉਨ੍ਹਾਂ ਅਨੁਸਾਰ ਆਪਣੇ ਗੁਆਂਢੀ ਨੂੰ ਵੀ ਆਪਣੇ ਵਾਂਗ ਹੀ ਪਿਆਰ ਕਰੋ। ਇੱਥੇ 'ਗੁਆਂਢੀ' ਦਾ ਮਤਲਬ ਸਿਰਫ਼ ਨਾਲ ਵਾਲੇ ਘਰ 'ਚ ਰਹਿਣ ਵਾਲੇ ਲੋਕ ਨਹੀਂ, ਸਗੋਂ ਉਹ ਹਰ ਇਨਸਾਨ ਹੈ, ਜਿਸ ਨੂੰ ਤੁਹਾਡੀ ਮਦਦ ਦੀ ਲੋੜ ਹੈ। ਮਦਰ ਟੈਰੇਸਾ ਨੇ ਆਪਣਾ ਪੂਰਾ ਜੀਵਨ ਕੋਹੜੀਆਂ ਤੇ ਅਨਾਥ ਲੋਕਾਂ ਦੀ ਸੇਵਾ ਵਿਚ ਲਾ ਦਿੱਤਾ। ਉਨ੍ਹਾਂ ਦੇ ਕਾਰਜਾਂ ਨੇ ਸਾਬਤ ਕੀਤਾ ਕਿ ਮਾਨਵਤਾ ਦੀ ਸੇਵਾ ਲਈ ਕਿਸੇ ਵੱਡੇ ਭਾਸ਼ਨ ਦੀ ਨਹੀਂ, ਸਗੋਂ ਵੱਡੇ ਦਿਲ ਦੀ ਲੋੜ ਹੁੰਦੀ ਹੈ।

ਇਸ ਤੋਂ ਇਲਾਵਾ ਬਾਕੀ ਧਰਮ ਵੀ ਸਮਾਜ ਨੂੰ ਸੇਧ ਦੇਣ ਵਾਲੇ ਸਿਧਾਂਤਾਂ ਦੀ ਗੱਲ ਕਰਦਿਆਂ ਮਾਨਵਤਾ ਦੀ ਸੇਵਾ ਨੂੰ ਹੀ ਮੁੱਖ ਰੱਖਦੇ ਹਨ। ਉਹ ਸਮਾਜਿਕ ਬਰਾਬਰਤਾ, ਸ਼ਾਂਤੀ, ਕਿਰਤ-ਕਮਾਈ ਕਰਦਿਆਂ ਮਾਨਵਤਾ ਨੂੰ ਹੀ ਉੱਪਰ ਰੱਖਦੇ ਹਨ।

ਮਾਨਵਤਾ ਦੀ ਸੇਵਾ ਕਰਨ ਲਈ ਅਮੀਰ ਹੋਣਾ ਜ਼ਰੂਰੀ ਨਹੀਂ ਹੈ। ਇਸ ਦੇ ਤਿੰਨ ਮੁੱਖ ਰੂਪ ਹਨ। ਪਹਿਲੀ ਤਨ ਦੀ ਸੇਵਾ, ਮਤਲਬ ਕਿਸੇ ਬਜ਼ੁਰਗ ਜਾਂ ਲੋੜਵੰਦ ਦੀ ਰਾਹ ਚੱਲਦਿਆਂ ਮਦਦ ਕਰਨੀ, ਹਸਪਤਾਲਾਂ ਵਿਚ ਮਰੀਜ਼ਾਂ ਦੀ ਮਦਦ ਕਰਨੀ ਜਾਂ ਕੁਦਰਤੀ ਆਫ਼ਤਾਂ ਮੌਕੇ ਲੋੜਵੰਦਾਂ ਦੀ ਮਦਦ ਕਰਨੀ। ਦੂਜੀ ਮਨ ਦੀ ਸੇਵਾ, ਭਾਵ ਦੂਜਿਆਂ ਪ੍ਰਤੀ ਮਨ ਤੋਂ ਸ਼ੁੱਭ ਇੱਛਾਵਾਂ ਰੱਖਣਾ ਅਤੇ ਕਿਸੇ ਨਿਰਾਸ਼ ਉਲਝੇ ਹੋਏ ਵਿਅਕਤੀ ਨੂੰ ਹੌਸਲਾ ਦਿੰਦਿਆਂ ਸਹੀ ਤੇ ਸੁਚੱਜੀ ਸੇਧ ਦੇ ਕੇ ਸਹੀ ਰਸਤੇ ਵੱਲ ਤੋਰਨਾ। ਤੀਜੀ ਧਨ ਦੀ ਸੇਵਾ, ਅਰਥਾਤ ਆਪਣੀ ਸਮਰੱਥਾ ਅਨੁਸਾਰ ਲੋੜਵੰਦਾਂ ਦੀ ਆਰਥਿਕ ਸਹਾਇਤਾ ਕਰਨੀ, ਸਕੂਲ ਜਾਂ ਹਸਪਤਾਲ ਬਣਾਉਣ ਤੇ ਸਮਾਜ ਭਲਾਈ ਦੇ ਕੰਮਾਂ ਵਿਚ ਵਿੱਤੀ ਯੋਗਦਾਨ ਪਾਉਣਾ।

ਅੱਜ ਦੇ ਭੱਜ-ਦੌੜ ਭਰੇ ਅਤੇ ਪਦਾਰਥਵਾਦੀ ਯੁੱਗ ਵਿਚ ਜਿੱਥੇ ਮਨੁੱਖ ਸਿਰਫ਼ 'ਮੈਂ' ਤੇ 'ਮੇਰਾ' ਤੱਕ ਸੀਮਤ ਹੋ ਕੇ ਰਹਿ ਗਿਆ ਹੈ, ਇੱਥੇ ਸੇਵਾ ਭਾਵਨਾ ਦਾ ਹੋਣਾ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ। ਕੋਰੋਨਾ ਮਹਾਮਾਰੀ ਦੌਰਾਨ ਅਸੀਂ ਦੇਖਿਆ ਕਿ ਕਈ ਸੁਹਿਰਦ ਲੋਕਾਂ ਨੇ ਧਰਮਾਂ ਤੇ ਜਾਤ-ਪਾਤ ਦੇ ਬੰਧਨਾਂ ਨੂੰ ਪਾਸੇ ਰੱਖ ਕੇ ਆਕਸੀਜਨ ਦੇ ਸਿਲੰਡਰ ਵੰਡੇ, ਖ਼ੁਰਾਕ ਸਮੱਗਰੀ ਵੰਡੀ ਅਤੇ ਲੰਗਰ ਵਰਤਾਏ, ਜਿਸ ਨਾਲ ਔਖੇ ਸਮੇਂ 'ਚ ਮਾਨਵਤਾ ਨੂੰ ਸਹਾਰਾ ਮਿਲਿਆ। ਕੁਦਰਤੀ ਆਫ਼ਤਾਂ ਸਮੇਂ ਜਦੋਂ ਮਨੁੱਖੀ ਸੇਵਾ ਦੀ ਗੱਲ ਕਰੀਏ ਤਾਂ ਸਾਰਿਆਂ ਦੇ ਖ਼ੂਨ ਦਾ ਰੰਗ ਇਕੋ ਜਿਹਾ ਹੀ ਨਜ਼ਰ ਆਉਂਦਾ ਹੈ।

ਬਿਨਾਂ ਸ਼ੱਕ ਸਾਰੇ ਧਰਮਾਂ ਦਾ ਨਿਚੋੜ ਮਾਨਵਤਾ ਦੀ ਸੇਵਾ ਤੇ ਭਲਾਈ ਹੀ ਹੈ। ਮੰਦਰ, ਮਸਜਿਦ, ਗੁਰਦੁਆਰੇ, ਚਰਚ ਜਾਂ ਹੋਰ ਧਾਰਮਿਕ ਸਥਾਨਾਂ 'ਤੇ ਜਾਣਾ ਤਾਂ ਹੀ ਸਾਰਥਕ ਹੋ ਸਕਦਾ ਹੈ, ਜੇ ਸਾਡੇ ਮਨਾਂ ਅੰਦਰ ਇਨਸਾਨੀਅਤ ਲਈ ਦਰਦ ਹੋਵੇ, ਕਿਉਂਕਿ ਧਰਮ ਸਾਨੂੰ ਜੋੜਨ ਲਈ ਬਣੇ ਹਨ, ਤੋੜਨ ਲਈ ਨਹੀਂ। ਜਦੋਂ ਅਸੀਂ ਕਿਸੇ ਦੁਖੀ ਦੇ ਹੰਝੂ ਪੂੰਝਦੇ ਹਾਂ ਜਾਂ ਕਿਸੇ ਭੁੱਖੇ ਨੂੰ ਰੋਟੀ ਦਿੰਦੇ ਹਾਂ ਤਾਂ ਅਸਲ ਵਿਚ ਉਸ ਪਰਮਾਤਮਾ ਦੀ ਹੀ ਬੰਦਗੀ ਕਰ ਰਹੇ ਹੁੰਦੇ ਹਾਂ, ਕਿਉਂਕਿ ਉਹ ਹਰ ਜੀਵ ਦੇ ਅੰਦਰ ਵਸਦਾ ਹੈ। ਜੇਕਰ ਅਸੀਂ ਸੱਚਮੁੱਚ ਆਪਣੇ ਧਰਮ ਦਾ ਸਤਿਕਾਰ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਮਾਨਵਤਾ ਦੇ ਧਰਮ ਨੂੰ ਸਭ ਤੋਂ ਉੱਪਰ ਰੱਖਣਾ ਹੋਵੇਗਾ। ਸੇਵਾ ਦਾ ਕੋਈ ਧਰਮ ਨਹੀਂ ਹੁੰਦਾ, ਕਿਉਂਕਿ ਸੇਵਾ ਆਪਣੇ-ਆਪ 'ਚ ਸਭ ਤੋਂ ਵੱਡਾ ਧਰਮ ਹੈ।

# ਵਿਆਹ ਦਾ ਚਾਅ



ਕਮਲਜੀਤ ਜੌੜ ਗੁਮਟੇ

ਪੰਜਾਬੀ ਸੱਭਿਆਚਾਰ ਵਿੱਚ ਵਿਆਹ ਸਿਰਫ਼ ਇੱਕ ਰਸਮ ਨਹੀਂ, ਸਗੋਂ ਖੁਸ਼ੀਆਂ, ਪਿਆਰ ਅਤੇ ਪਰਿਵਾਰਕ ਰਿਸ਼ਤਿਆਂ ਦਾ ਬੜਾ ਵੱਡਾ ਵਸੀਲਾ ਹੈ। ਪੁਰਾਣੇ ਸਮੇਂ ਵਿੱਚ ਜਦੋਂ ਕਿਸੇ ਘਰ ਵਿੱਚ ਵਿਆਹ ਦੀ ਗੱਲ ਚੱਲਦੀ ਤਾਂ ਉਸ ਘਰ ਵਿੱਚ ਹੀ ਨਹੀਂ, ਸਗੋਂ ਸਾਰੇ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਬਣ ਜਾਂਦਾ ਸੀ। ਲੋਕ ਇੱਕ-ਦੂਜੇ ਦੇ ਘਰ ਆਉਂਦੇ-ਜਾਂਦੇ ਅਤੇ ਵਿਆਹ ਦੀਆਂ ਤਿਆਰੀਆਂ ਵਿੱਚ ਹਿੱਸਾ ਲੈਂਦੇ ਸਨ। ਉਸ ਸਮੇਂ ਵਿਆਹਾਂ ਵਿੱਚ ਸਾਦਗੀ ਹੁੰਦੀ ਸੀ, ਪਰ ਦਿਲਾਂ ਵਿੱਚ ਬੇਹੱਦ ਚਾਅ ਹੁੰਦਾ ਸੀ। ਜਦੋਂ ਕਿਸੇ ਘਰ ਦੀ ਧੀ ਜਾਂ ਪੁੱਤ ਜਵਾਨ ਹੋ ਜਾਂਦਾ ਤਾਂ ਮਾਪੇ ਉਸ ਦੇ ਵਿਆਹ ਬਾਰੇ ਸੋਚਣ ਲੱਗ ਪੈਂਦੇ। ਧੀ ਲਈ ਪਿਤਾ, ਮਾਂ, ਭਰਾ, ਮਾਮਾ, ਚਾਚਾ ਅਤੇ ਹੋਰ ਰਿਸ਼ਤੇਦਾਰ ਮਿਲ ਕੇ ਚੰਗੇ ਘਰ ਦਾ ਵਰ ਲੱਭਦੇ ਸਨ। ਧੀ ਵੀ ਆਪਣੇ ਮਨ ਵਿੱਚ ਇੱਕ ਚੰਗੇ ਜੀਵਨ ਸਾਥੀ ਦੀ ਆਸ ਰੱਖਦੀ। ਲੋਕ ਗੀਤਾਂ ਜ਼ਰੀਏ ਆਪਣੇ ਮਾਪਿਆਂ ਨੂੰ ਆਪਣਾ ਵਰ ਲੱਭਣ ਲਈ ਕਹਿੰਦੀ ਹੋਈ ਉਹ ਆਪਣੀਆਂ ਭਾਵਨਾਵਾਂ ਪ੍ਰਗਟ ਕਰਦੀ;

**ਬੇਟੀ ਚੰਦਨ ਦੇ ਓਹਲੇ ਕਿਉਂ ਖੜ੍ਹੀ ?**
**ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਪਾਸ**
**ਕਰਾਂ ਅਰਦਾਸ, ਬਾਬਲ ਵਰ ਲੋੜੀਏ।**
**ਜਾਈਏ ਕਿਹੋ ਜਿਹਾ ਵਰ ਲੋੜੀਏ ?**
**ਬਾਬਲ ਜਿਉਂ ਤਾਰਿਆਂ ਵਿੱਚੋਂ ਚੰਨ**
**ਚੰਨਾਂ ਵਿੱਚੋਂ ਕਾਹਨ**
**ਘਨੱਈਆ ਵਰ ਲੋੜੀਏ।**

ਲੋਕ ਗੀਤਾਂ ਜ਼ਰੀਏ ਹੀ ਧੀ ਆਪਣੇ ਬਾਬਲ ਨੂੰ ਆਪਣੇ ਮੁਟਿਆਰ ਹੋਣ ਦੀ ਖ਼ਬਰ ਦਿੰਦੀ ਸੀ;

**ਚੜ੍ਹ ਚੁਬਾਰੇ ਸੁੱਤਿਆ ਬਾਬਲ**
**ਆਈ ਬਨੇਰੇ ਦੀ ਛਾਂ।**
**ਤੂੰ ਸੁੱਤਾ ਲੋਕੀਂ ਜਾਗਦੇ**
**ਘਰ ਬੇਟੜੀ ਹੋਈ ਮੁਟਿਆਰ।**
**ਛੰਨਾ ਤਾਂ ਭਰਿਆ ਦੁੱਧ ਦਾ ਵਾਰੀ**
**ਨ੍ਹਾਵਣ ਚੱਲੀ ਆਂ ਤਲਾਅ।**
**ਮੈਲ ਹੋਵੇ ਝੱਟ ਝੜ ਜਾਵੇ ਵਾਰੀ**
**ਰੂਪ ਨਾ ਝੜਿਆ ਜਾ।**

ਪੁਰਾਤਨ ਸਮੇਂ ਵਿੱਚ ਧੀ ਆਪਣੀ ਮਾਂ ਨੂੰ ਵੀ ਕਹਿੰਦੀ, ਮੇਰੇ ਬਾਬਲ ਨੂੰ ਸਮਝਾ ਕਿ ਮੇਰੇ ਹਾਣ ਦੀਆਂ ਸਭ ਸਹੇਲੀਆਂ ਵਿਆਹੀਆਂ ਗਈਆਂ ਹਨ। ਮੇਰਾ ਵਿਆਹ ਕਰ ਦੇਵੇ;

**ਮਾਏ ਨੀਂ ਸੁਣ ਮੇਰੀਏ ਵਾਰੀ**
**ਬਾਬਲ ਮੇਰੇ ਨੂੰ ਸਮਝਾ।**
**ਸਾਡੇ ਤਾਂ ਹਾਣ ਦੀਆਂ ਸਹੁਰੇ ਵਾਰੀ**
**ਸਾਡੜੇ ਮਨ ਵਿੱਚ ਚਾਅ।**

ਆਪ ਹੀ ਆਪਣੇ ਵਿਆਹ ਦੀ ਗੱਲ ਕਰਕੇ ਧੀ ਬਾਬਲ ਨੂੰ ਰਿਸ਼ਤਾ ਲੱਭਣ ਲਈ ਤਾਂ ਜ਼ਰੂਰ ਕਹਿੰਦੀ, ਪਰ ਜਦੋਂ ਮਾਪਿਆਂ ਕੋਲੋਂ ਵਿਦਾ ਹੋ ਕੇ ਡੋਲੀ ਵਿੱਚ ਬੈਠ ਕੇ ਸਹੁਰੇ ਘਰ ਜਾਂਦੀ ਤਾਂ ਉਹ ਦੇਖਦੀ ਕਿ ਮੇਰੇ ਮਾਂ-ਬਾਪ ਤੇ ਭਰਾ ਵਿਦਾ ਕਰਨ ਲੱਗਿਆ ਕਿਵੇਂ ਰੋਂਦੇ ਹਨ;

**ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ**
**ਮਾਈ ਨੇ ਦਿੱਤਾ ਦਰਿਆ ਚਲਾ।**
**ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ**
**ਭਾਬੋ ਦੇ ਮਨ ਚਾਅ**

ਗਿੱਧੇ ਦੇ ਪਿੜ ਵਿੱਚ ਵੀ ਇੱਕ ਧੀ ਬੋਲੀਆਂ ਜ਼ਰੀਏ ਮਾਂ-ਬਾਪ ਨੂੰ ਕਹਿੰਦੀ ਕਿ ਮੈਂ ਹੁਣ ਕੋਠੇ ਜਿੱਡੀ ਹੋ ਗਈ ਹਾਂ, ਮੇਰਾ ਵੀ ਵਿਆਹ ਕਰ ਦੇਵੋ:

**ਮੈਨੂੰ ਵਿਆਹ ਦੇ ਅੰਮੀਏ**
**ਨੀਂ ਮੈਂ ਕੋਠੇ ਜਿੱਡੀ ਹੋਈ।**

ਜਦ ਕੋਈ ਵੀ ਵਿਆਹ ਵਾਲੀ ਕੁੜੀ ਨੂੰ ਪੁੱਛਦਾ, ਤੇਰਾ ਵਰ ਕੀਹਨੇ ਲੱਭਿਆ ਹੈ ਤਾਂ ਉਹ ਬੜੇ ਮਾਣ ਨਾਲ ਦੱਸਦੀ;

**ਮੇਰੀਏ ਲੰਮੀਏ ਨੀਂ ਲਾਲ ਖਜੂਰੇ**
**ਕੀਹਨੇ ਵਰ ਟੋਲਿਆ ਸੀ**
**ਬਾਬਲ ਤਾਂ ਮੇਰਾ ਦੇਸਾਂ ਦਾ ਰਾਜਾ**
**ਉਹਨੇ ਵਰ ਟੋਲਿਆ ਸੀ**

ਜਿੰਨਾ ਚਾਅ ਕੁੜੀਆਂ ਨੂੰ ਵਿਆਹ ਦਾ ਹੁੰਦਾ, ਓਨਾ ਹੀ ਮੁੰਡਿਆਂ ਨੂੰ ਹੁੰਦਾ ਹੈ। ਕੁਆਰੇ ਦਿਓਰ, ਵੱਡੀ ਭਰਜਾਈ ਦੀਆਂ ਪੇਕਿਆਂ ਤੋਂ ਸਾਕ ਲਿਆਉਣ ਲਈ ਮਿੰਨਤਾਂ ਕਰਦੇ ਸਨ;

**ਨੀਂ ਭਾਬੀ ਮੈਨੂੰ ਸਾਕ ਕਰਾ ਦੇ**
**ਅੱਜ ਤੱਕ ਫਿਰਾਂ ਕੁਆਰਾ**
**ਸੋਹਣੀ ਜੀ ਇੱਕ ਨਾਰ ਲਿਆ ਦੇ**
**ਹੋ ਜੂ ਪਾਰ ਨਿਤਾਰਾ**
**ਨੀਂ ਆ ਚੱਕ ਪੇਕਿਆਂ ਨੂੰ**
**ਆਉਣ ਜਾਣ ਦਾ ਭਾੜਾ**

ਇਹ ਬੋਲੀਆਂ ਵਿਆਹਾਂ ਵਿੱਚ ਵੀ ਹਾਸਾ ਤੇ ਖੁਸ਼ੀ ਪੈਦਾ ਕਰਦੀਆਂ ਸਨ। ਦਿਉਰ ਭਾਬੀ ਨਾਲ ਮਜ਼ਾਕ ਵਿੱਚ ਹੀ ਆਪਣੇ ਸਾਕ ਦੀ ਗੱਲ ਕਰਦਾ;

**ਨੀਂ ਭਾਬੀ ਮੈਨੂੰ ਸਾਕ ਕਰਾ ਦੇ**
**ਵੱਜ ਨਾ ਜਾਵੇ ਠੱਗੀ।**
**ਸੌ ਗੱਡੀਆਂ 'ਤੇ ਜੰਞ ਆਊਂਗੀ**
**ਤੇਰੇ ਹੇਠ ਹੋਊ ਬੱਘੀ।**
**ਵੀਰ ਮੇਰੇ ਨੂੰ ਕੈਂਠਾ ਕਰਾ ਦੂੰ**
**ਤੈਨੂੰ ਕਰਾ ਦੂੰ ਸੱਗੀ।**
**ਨੀਂ ਮਿੰਨਤਾ ਕਰਦੇ ਦੀ ਦਾੜ੍ਹੀ ਹੋ**
**ਗਈ ਬੱਗੀ...**

ਸਮਾਜ ਤੇਜ਼ੀ ਨਾਲ ਬਦਲ ਰਿਹਾ ਹੈ। ਜੀਵਨ ਦੇ ਤਰੀਕੇ, ਸੋਚ ਅਤੇ ਕਦਰਾਂ ਕੀਮਤਾਂ ਵਿੱਚ ਵੀ ਵੱਡਾ ਬਦਲਾਅ ਆਇਆ ਹੈ। ਇਸ ਬਦਲਾਅ ਦਾ ਪ੍ਰਭਾਵ ਵਿਆਹ ਜਿਹੇ ਪਵਿੱਤਰ ਬੰਧਨ 'ਤੇ ਵੀ ਪਿਆ ਹੈ। ਪਹਿਲਾਂ ਵਿਆਹ ਨੂੰ ਜੀਵਨ ਵਿੱਚ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਸੀ, ਪਰ ਅੱਜ ਕਈ ਨੌਜਵਾਨ ਇਸ ਤੋਂ ਦੂਰ ਰਹਿਣਾ ਚਾਹੁੰਦੇ ਹਨ। ਵਿਆਹ ਪ੍ਰਤੀ ਨੌਜਵਾਨ ਪੀੜ੍ਹੀ ਦਾ ਘਟ ਦਾ ਚਾਅ ਸਮਾਜ ਲਈ ਚਿੰਤਾਜਨਕ ਵਿਸ਼ਾ ਬਣ ਗਿਆ ਹੈ।

ਅੱਜ ਦੇ ਸਮੇਂ ਵਿੱਚ ਵਿਆਹਾਂ ਦਾ ਮਾਹੌਲ ਕਾਫ਼ੀ ਬਦਲ ਗਿਆ ਹੈ। ਅੱਜਕੱਲ੍ਹ ਬਹੁਤੇ ਮੁੰਡੇ-ਕੁੜੀਆਂ 30-35 ਸਾਲ ਦੀ ਉਮਰ ਤੱਕ ਵੀ ਅਣਵਿਆਹੇ ਰਹਿੰਦੇ ਹਨ। ਕਈ ਵਾਰ ਮਾਪਿਆਂ ਨੂੰ ਰਿਸ਼ਤੇ ਲੱਭਣ ਵਿੱਚ ਬਹੁਤ ਮੁਸ਼ਕਿਲ ਆਉਂਦੀ ਹੈ। ਅੱਜਕੱਲ੍ਹ ਲੋਕਾਂ ਨੂੰ ਰਿਸ਼ਤੇ ਲਈ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣੇ ਪੈਂਦੇ ਹਨ ਜਾਂ ਇੰਟਰਨੈੱਟ ਦੀ ਮਦਦ ਲੈਣੀ ਪੈਂਦੀ ਹੈ।

ਜਿਨ੍ਹਾਂ ਲੜਕਿਆਂ ਦਾ ਜਨਮ ਜਦੋਂ ਪੰਜਾਬ ਵਿੱਚ ਭਰੂਣ ਹੱਤਿਆ ਜ਼ੋਰਾਂ 'ਤੇ ਸੀ, ਉਸ ਸਮੇਂ ਹੋਇਆ, ਉਨਾਂ ਮੁੰਡਿਆਂ ਦੇ ਰਿਸ਼ਤਿਆਂ ਵਿੱਚ ਤਾਂ ਬਹੁਤ ਹੀ ਜ਼ਿਆਦਾ ਸਮੱਸਿਆ ਆ ਰਹੀ ਹੈ ਕਿਉਂਕਿ ਉਸ ਸਮੇਂ ਲੜਕੀਆਂ ਦੀ ਗਿਣਤੀ ਬਹੁਤ ਜ਼ਿਆਦਾ ਘੱਟ ਹੋ ਗਈ ਸੀ। ਰਹਿੰਦੀ ਖੂੰਹਦੀ ਕਸਰ ਵਿਦੇਸ਼ ਵੱਲ ਨੌਜਵਾਨ ਲੜਕੀਆਂ ਦੇ ਹੋਏ ਰੁਖ਼ ਨੇ ਕੱਢ ਦਿੱਤੀ।

ਜਦੋਂ ਕੋਈ ਰਿਸ਼ਤਾ ਆਉਂਦਾ ਵੀ ਹੈ ਤਾਂ ਮੁੰਡੇ ਜਾਂ ਕੁੜੀਆਂ ਉਸ ਨੂੰ ਮਨਜ਼ੂਰ ਨਹੀਂ ਕਰਦੇ। ਉਹ ਆਪਣੀਆਂ ਪਸੰਦਾਂ ਅਤੇ ਉਮੀਦਾਂ ਦੇ ਕਾਰਨ ਕਈ ਰਿਸ਼ਤੇ ਠੁਕਰਾ ਦਿੰਦੇ ਹਨ। ਇਸ ਕਰਕੇ ਬਹੁਤੇ ਕੁੜੀਆਂ ਤੇ ਮੁੰਡਿਆਂ ਦੀ ਵਿਆਹ ਦੀ ਉਮਰ ਵੱਡੀ ਹੋ ਰਹੀ ਹੈ ਅਤੇ ਵਿਆਹਾਂ ਦਾ ਪੁਰਾਣਾ ਚਾਅ ਘੱਟ ਹੁੰਦਾ ਜਾ ਰਿਹਾ ਹੈ।

ਵਿਆਹ ਸਿਰਫ਼ ਦੋ ਵਿਅਕਤੀਆਂ ਦਾ ਨਹੀਂ, ਸਗੋਂ ਦੋ ਪਰਿਵਾਰਾਂ ਦਾ ਪਵਿੱਤਰ ਬੰਧਨ ਮੰਨਿਆ ਜਾਂਦਾ ਹੈ। ਇਸ ਰਿਸ਼ਤੇ ਵਿੱਚ ਪਿਆਰ, ਭਰੋਸਾ, ਸਮਝ ਅਤੇ ਜ਼ਿੰਮੇਵਾਰੀ ਹੁੰਦੀ ਹੈ, ਪਰ ਅੱਜਕੱਲ੍ਹ ਬਹੁਤ ਸਾਰੇ ਨੌਜਵਾਨ ਆਜ਼ਾਦ ਜੀਵਨ ਜਿਉਣਾ ਚਾਹੁੰਦੇ ਹਨ, ਵਿਆਹ ਨੂੰ ਬੰਧਨ ਜਾਂ ਜ਼ਿੰਮੇਵਾਰੀ ਦਾ ਬੋਝ ਸਮਝਦੇ ਹਨ। ਇਸੇ ਕਰਕੇ ਵਿਆਹ ਤੋਂ ਦੂਰ ਰਹਿਣ ਜਾਂ ਇਸ ਨੂੰ ਦੇਰ ਨਾਲ ਕਰਨ ਦਾ ਫ਼ੈਸਲਾ ਕਰਦੇ ਹਨ।

ਪੱਛਮੀ ਸੱਭਿਅਤਾ ਦਾ ਪ੍ਰਭਾਵ ਵੀ ਇਸ ਬਦਲਾਅ ਦਾ ਇੱਕ ਕਾਰਨ ਮੰਨਿਆ ਜਾਂਦਾ ਹੈ। ਅੱਜਕੱਲ੍ਹ ਲਿਵ-ਇਨ ਰਿਸ਼ਤਿਆਂ ਦਾ ਰੁਝਾਨ ਵਧ ਰਿਹਾ ਹੈ, ਜਿਸ ਵਿੱਚ ਦੋ ਲੋਕ ਵਿਆਹ ਤੋਂ ਬਿਨਾਂ ਇਕੱਠੇ ਰਹਿੰਦੇ ਹਨ। ਕੁਝ ਲੋਕ ਇਸ ਨੂੰ ਆਜ਼ਾਦੀ ਅਤੇ ਆਧੁਨਿਕਤਾ ਦਾ ਪ੍ਰਤੀਕ ਮੰਨਦੇ ਹਨ। ਇਸ ਤਰ੍ਹਾਂ ਦੇ ਰਿਸ਼ਤੇ ਲੰਬੇ ਸਮੇਂ ਤੱਕ ਨਹੀਂ ਟਿਕਦੇ ਅਤੇ ਸਮਾਜਿਕ ਬਣਤਰ ਨੂੰ ਕਮਜ਼ੋਰ ਕਰ ਸਕਦੇ ਹਨ।

ਇਸ ਦੇ ਨਾਲ-ਨਾਲ ਆਧੁਨਿਕ ਜੀਵਨ ਦੀ ਦੌੜ ਵਿੱਚ ਲੋਕ ਭੌਤਿਕ ਸੁੱਖਾਂ ਨੂੰ ਜ਼ਿਆਦਾ ਮਹੱਤਵ ਦੇਣ ਲੱਗ ਪਏ ਹਨ। ਪੈਸਾ, ਕਰੀਅਰ ਅਤੇ ਆਰਾਮਦਾਇਕ ਜੀਵਨ ਕਈ ਨੌਜਵਾਨਾਂ ਲਈ ਪਹਿਲੀ ਤਰਜੀਹ ਬਣ ਗਏ ਹਨ। ਉਹ ਸੋਚਦੇ ਹਨ ਕਿ ਵਿਆਹ ਨਾਲ ਉਨ੍ਹਾਂ ਦੀ ਆਜ਼ਾਦੀ ਘੱਟ ਹੋ ਜਾਵੇਗੀ। ਇਸ ਕਾਰਨ ਉਹ ਆਪਣੀਆਂ ਨਿੱਜੀ ਇੱਛਾਵਾਂ ਨੂੰ ਵਿਆਹ ਤੋਂ ਉੱਪਰ ਰੱਖਦੇ ਹਨ। ਸਾਡੇ ਕੋਲ ਸਮਾਜ ਵਿੱਚ ਕਈ ਉਦਾਹਰਨਾਂ ਅਜਿਹੀਆਂ ਹਨ ਜਿਨ੍ਹਾਂ ਦੇ ਵਿਆਹ ਛੋਟੀ ਉਮਰ ਵਿੱਚ ਹੋਏ ਤੇ ਕਾਮਯਾਬੀ ਵੀ ਵਿਆਹ ਤੋਂ ਬਾਅਦ ਹੀ ਹਾਸਲ ਕੀਤੀ।

ਇੱਥੇ ਮੇਰਾ ਇਹ ਕਹਿਣ ਦਾ ਮਤਲਬ ਹਰਗਿਜ਼ ਨਹੀਂ ਕਿ ਬਾਲ ਵਿਆਹ ਹੋਣ, ਹਾਂ ਉਮਰ ਮੁਤਾਬਿਕ ਵਿਆਹ ਹੋਣਾ ਲਾਜ਼ਮੀ ਹੈ। ਪਰਿਵਾਰ ਅਤੇ ਸਮਾਜ ਦੀ ਭੂਮਿਕਾ ਵੀ ਇਸ ਮਾਮਲੇ ਵਿੱਚ ਮਹੱਤਵਪੂਰਨ ਹੈ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਸਹਿਯੋਗ, ਸਮਰਪਣ ਅਤੇ ਪਰਿਵਾਰਕ ਕਦਰਾਂ ਕੀਮਤਾਂ ਦੀ ਸਿੱਖਿਆ ਦੇਣੀ ਚਾਹੀਦੀ ਹੈ। ਜੇਕਰ ਨੌਜਵਾਨਾਂ ਨੂੰ ਸਹੀ ਦਿਸ਼ਾ ਅਤੇ ਸਹੀ ਕਦਰਾਂ ਕੀਮਤਾਂ ਮਿਲਣ ਤਾਂ ਉਹ ਵਿਆਹ ਦੇ ਮਹੱਤਵ ਨੂੰ ਸਮਝ ਸਕਣਗੇ। ਵਿਆਹ ਸਮਾਜ ਦੀ ਮਜ਼ਬੂਤ ਨੀਂਹ ਹੈ। ਜੇਕਰ ਇਹ ਬੰਧਨ ਕਮਜ਼ੋਰ ਹੋਵੇਗਾ ਤਾਂ ਸਮਾਜਿਕ ਸੰਤੁਲਨ ਵੀ ਪ੍ਰਭਾਵਿਤ ਹੋਵੇਗਾ। ਲੋੜ ਹੈ ਨੌਜਵਾਨ ਪੀੜ੍ਹੀ ਵਿਆਹ ਦੇ ਅਸਲ ਮਤਲਬ ਨੂੰ ਸਮਝੇ ਅਤੇ ਪਰਿਵਾਰਕ ਕਦਰਾਂ ਕੀਮਤਾਂ ਨੂੰ ਸਤਿਕਾਰ ਦੇਵੇ। ਤਦ ਹੀ ਇੱਕ ਖੁਸ਼ਹਾਲ ਅਤੇ ਸੰਤੁਲਿਤ ਸਮਾਜ ਦੀ ਰਚਨਾ ਹੋ ਸਕਦੀ ਹੈ।

SINGH'S TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595

kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

# ਸੁਪਨਿਆਂ ਨੂੰ ਸਾਕਾਰ ਕਰਨਾ ਸਿੱਖੋ



**ਅਜੀਤ ਸਿੰਘ ਚੰਦਨ**

ਹਰ ਇਨਸਾਨ ਦੇ ਮਨ ’ਚ ਜ਼ਿੰਦਗੀ ਪ੍ਰਤੀ ਅਨੇਕਾਂ ਸੁਪਨੇ ਹੁੰਦੇ ਹਨ। ਇਹ ਸੁਪਨਿਆਂ ਦਾ ਸਹਾਰਾ ਹੀ ਹੁੰਦਾ ਹੈ ਕਿ ਇਨਸਾਨ, ਇਨ੍ਹਾਂ ਸੁਪਨਿਆਂ ਦੇ ਸੁਨਹਿਰੀ ਖੰਭ ਵੇਖ ਕੇ ਪਰਚਿਆ ਰਹਿੰਦਾ ਹੈ ਤੇ ਕਈ ਸੁਪਨੇ ਤਾਂ ਇਨਸਾਨ ਦੀਆਂ ਅੱਖਾਂ ’ਚ ਰੰਗੀਨੀਆਂ ਬੀਜੀ ਰੱਖਦੇ ਹਨ। ਸੱਚ ਹੀ ਕਿਸੇ ਸਿਆਣੇ ਨੇ ਕਿਹਾ ਹੈ ਕਿ ਬਿਨਾਂ ਸੁਪਨਿਆਂ ਦੇ ਜ਼ਿੰਦਗੀ ਦਾ ਕੋਈ ਆਧਾਰ ਨਹੀਂ ਹੈ। ਜੇ ਸੁਪਨੇ ਨਾ ਹੋਣ ਤਾਂ ਇਨਸਾਨ ਦੀ ਜ਼ਿੰਦਗੀ ਰਸਹੀਣ, ਬਕਬਕੀ ਤੇ ਪਥਰੀਲੀ ਹੋ ਜਾਵੇ। ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਤੇ ਯਥਾਰਥ ਉਸ ਨੂੰ ਸਾਹ ਲੈਣਾ ਵੀ ਔਖਾ ਕਰ ਦਿੰਦੇ ਹਨ, ਪਰ ਸੁਪਨਿਆਂ ਦੀ ਰੰਗੀਨੀ ਤੇ ਤਾਜਪੋਸ਼ੀ ਕਰਦਾ-ਕਰਦਾ ਇਨਸਾਨ ਕਈ ਵਾਰ ਜ਼ਿੰਦਗੀ ਦੇ ਬਹੁਤ ਸਾਰੇ ਸਾਲ, ਇਨ੍ਹਾਂ ਰੰਗੀਨੀਆਂ ਵਿੱਚ ਹੀ ਕੱਟੀ ਜਾਂਦਾ ਹੈ।

ਸੁਪਨਿਆਂ ਦੇ ਖੰਭਾਂ ਨਾਲ ਪਰੀਆਂ ਦੇ ਦੇਸ਼ ਦੇ ਚੱਕਰ ਕੱਟਦਾ ਹੈ ਤੇ ਇਹ ਦੁਨੀਆ ਉਸ ਨੂੰ ਜਿਉਣ ਯੋਗ ਤੇ ਰੰਗੀਨ ਲੱਗਦੀ ਹੈ। ਕਈ ਵਾਰ ਇਨਸਾਨ ਸਾਰੀ ਜ਼ਿੰਦਗੀ ਹੀ ਇਨ੍ਹਾਂ ਸੁਪਨਿਆਂ ਦੇ ਸਹਾਰੇ ਜੀਵਨ ਜੀਅ ਲੈਂਦਾ ਹੈ, ਪਰ ਇਨਸਾਨ ਨੂੰ ਜਿੰਨੇ ਕੁ ਸੁਪਨੇ ਆਉਂਦੇ ਹਨ, ਉਨ੍ਹਾਂ ਨੂੰ ਇੱਕ-ਇੱਕ ਕਰਕੇ ਸਾਕਾਰ ਵੀ ਕਰਨਾ ਚਾਹੀਦਾ ਹੈ। ਇਹ ਸੁਪਨੇ ਸਾਕਾਰ ਤਦ ਹੀ ਹੋ ਸਕਦੇ ਹਨ ਜੇ ਇਨਸਾਨ ਉਨ੍ਹਾਂ ਨੂੰ ਸਾਕਾਰ ਕਰਨ ਲਈ ਤਹੱਈਆ ਕਰੇ, ਯਤਨਸ਼ੀਲ ਹੋਵੇ ਤੇ ਜ਼ਿੰਦਗੀ ਦੇ ਸੰਘਰਸ਼ ਵਿੱਚ ਮਿਹਨਤ ਕਰਦਾ-ਕਰਦਾ ਇੱਕ ਦਿਨ ਆਪਣੀ ਮੰਜ਼ਿਲ ’ਤੇ ਪਹੁੰਚ ਜਾਵੇ।

ਵੇਖਿਆ ਗਿਆ ਹੈ ਕਿ ਕਈ ਧੁਨ ਦੇ ਪੱਕੇ ਇਨਸਾਨ ਸਾਰੀਆਂ ਮੁਸ਼ਕਿਲਾਂ ਹੱਲ ਕਰਕੇ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਵੀ ਕਰ ਵਿਖਾਉਂਦੇ ਹਨ। ਉਹ ਕੇਵਲ ਫੜਾਂ ਹੀ ਨਹੀਂ ਮਾਰਦੇ, ਸਗੋਂ ਜ਼ਿੰਦਗੀ ’ਚ ਅਜਿਹਾ ਚਾਨਣ ਪੈਦਾ ਕਰਦੇ ਹਨ, ਜਿਸ ਨਾਲ ਮੰਜ਼ਿਲ ਦੂਰ ਨਹੀਂ ਰਹਿੰਦੀ। ਯਥਾਰਥ ਦੀਆਂ ਸੂਲਾਂ ਜੇ ਉਨ੍ਹਾਂ ਦੇ ਪੈਰਾਂ ਵਿੱਚ ਚੁੱਭ ਵੀ ਜਾਣ ਤਾਂ ਉਹ ਘਬਰਾਉਂਦੇ ਨਹੀਂ ਤੇ ਨਾ ਹੀ ਆਪਣੇ ਹੌਸਲੇ ਨੂੰ ਪਸਤ ਹੋਣ ਦਿੰਦੇ ਹਨ। ਅੱਜ ਸਾਡੇ ਦੇਸ਼ ਦੇ ਬਹੁਤੇ ਨੌਜਵਾਨ ਚੌਰਾਹੇ ’ਤੇ ਖਲੋਤੇ ਨਜ਼ਰ ਆਉਂਦੇ ਹਨ। ਕੋਈ ਰਾਹ ਉਨ੍ਹਾਂ ਨੂੰ ਨਹੀਂ ਲੱਭ ਰਿਹਾ ਜਿਸ ’ਤੇ ਤੁਰ ਕੇ ਉਹ ਆਪਣੀ ਮੰਜ਼ਿਲ ਤੱਕ ਪਹੁੰਚ ਸਕਣ ਤੇ ਕਈ ਨੌਜਵਾਨ ਹਿੰਮਤਾਂ ਹਾਰ ਕੇ ਨਸ਼ੇ ਕਰਨ ਲੱਗਦੇ ਹਨ ਤੇ ਕਈ ਹੋਰ ਸਵੇਰ ਤੋਂ ਸ਼ਾਮ ਤੱਕ ਘੁੰਮ-ਫਿਰ ਕੇ ਹੀ ਵਕਤ ਟਪਾਈ ਜਾ ਰਹੇ ਹਨ।

ਸਿਆਣਿਆਂ ਨੇ ਕਿਹਾ ਹੈ ਕਿ ਵਕਤ ਸੋਨਾ ਹੈ, ਵਕਤ ਦਾ ਉਪਯੋਗ ਕਰੋ। ਵਕਤ ਨੂੰ ਬੈਠ ਕੇ ਵਿਹਲੇ ਰਹਿ ਕੇ ਬਰਬਾਦ ਨਾ ਕਰੋ। ਇਹ ਇੱਕ ਅਟੱਲ ਸੱਚਾਈ ਹੈ ਕਿ ਬਹੁਤ-ਚਿਰ ਕਿਸੇ ਵੀ ਚੀਜ਼ ਦਾ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਕੋਈ ਨਾ ਕੋਈ ਫ਼ੈਸਲਾ ਕਰਕੇ ਮਨ ਬਣਾ ਕੇ, ਕੰਮ ਵਿੱਢ ਲੈਣਾ ਚਾਹੀਦਾ ਹੈ। ਪਹਿਲਾਂ ਭਾਵੇਂ ਇਹ ਕੰਮ ਛੋਟਾ ਹੀ ਹੋਵੇ, ਫਿਰ ਹੌਲੀ-ਹੌਲੀ ਵਧ ਕੇ ਇਹ ਇੱਕ ਦਿਨ ਵਪਾਰ ਦਾ ਰੂਪ ਵੀ ਧਾਰ ਸਕਦਾ ਹੈ। ਕਈ ਛਾਬੜੀ ਲਾਉਣ ਵਾਲੇ ਤੇ ਕੁਲਚੇ-ਛੋਲੇ ਵੇਚਣ ਵਾਲੇ ਅੱਜ ਹੋਟਲ ਖੋਲ੍ਹੀਂ ਬੈਠੇ ਹਨ। ਇੱਥੇ ਮੈਂ ਇੱਕ ਹੋਰ ਮਿਸਾਲ ਵੀ ਦੇਣੀ ਚਾਹਾਂਗਾ। ਕਿਸੇ ਪੁਰਾਣੇ ਵਕਤ ਇੱਕ ਸਾਧਾਰਨ ਇਨਸਾਨ ਜਗਰਾਉਂ ਦੇ ਪਿੰਡ ਸ਼ੇਰਪੁਰ ਤੋਂ ਉੱਠ ਕੇ ਸ਼ਹਿਰ ਲੁਧਿਆਣਾ ਆ ਵਸਿਆ। ਉਸ ਨੇ ਪਹਿਲਾਂ ਕੇਵਲ ਸਿਲਾਈ ਮਸ਼ੀਨ ਦੀ ਫਿਰਕੀ ਬਣਾਉਣੀ ਸ਼ੁਰੂ ਕੀਤੀ ਤੇ ਹੌਲੀ-ਹੌਲੀ ਪੂਰੀ ਸਿਲਾਈ ਮਸ਼ੀਨ ਹੀ ਬਣਾਉਣੀ ਆਰੰਭ ਕਰ ਦਿੱਤੀ। ਅੱਜ ਉਹ ਢਿੱਲੋਂ ਗਰੁੱਪ ਆਫ ਇੰਡਸਟਰੀਜ਼ ਨਾਂ ਨਾਲ ਮਸ਼ਹੂਰ ਹੈ। ਸੋ ਜਿੰਨਾ ਚਿਰ ਇਨਸਾਨ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਕੰਮ ਨਹੀਂ ਕਰਦਾ, ਇਹ ਇੱਛਾਵਾਂ ਕੇਵਲ ਸੁਪਨਿਆਂ ਤੱਕ ਹੀ ਸੀਮਤ ਰਹਿ ਜਾਂਦੀਆਂ ਹਨ।

ਗ਼ਰੀਬੀ, ਪਰਿਵਾਰ ਦੀ ਮਾੜੀ ਦਸ਼ਾ ਜਾਂ ਕਈ ਵਾਰ ਕਿਸੇ ਝੁੱਗੀ ਝੌਂਪੜੀ ਵਿੱਚ ਪੈਦਾ ਹੋ ਕੇ ਵੀ ਕਈ ਸੂਰਜ, ਅੱਜ ਆਕਾਸ਼ ਵਿੱਚ ਚਮਕ ਰਹੇ ਹਨ। ਪ੍ਰਸਿੱਧ ਲਿਖਾਰੀ ਮੈਕਸਿਮ ਗੋਰਕੀ ਨੂੰ ਕੌਣ ਨਹੀਂ ਜਾਣਦਾ। ਉਹ ਕਦੇ ਏਨੀ ਗ਼ਰੀਬੀ ’ਚ ਬਚਪਨ ਗੁਜ਼ਾਰ ਰਿਹਾ ਸੀ ਕਿ ਕੋਈ ਉਸ ਦੇ ਨੇੜੇ ਖਲੋਣ ਲਈ ਤਿਆਰ ਨਹੀਂ ਸੀ। ਇੱਕ ਟੁੱਟੇ-ਭੱਜੇ ਘਰ ਦੇ ਹਨੇਰੇ ਵਿੱਚ ਜਨਮ ਲੈ ਕੇ ਇਸ ਬਾਲਕ ਨੇ ਆਪਣੀ ਲਗਨ ਤੇ ਮਿਹਨਤ ਨਾਲ ਸਾਹਿਤ ਦੇ ਖੇਤਰ ਵਿੱਚ ਏਨੀ ਮਸ਼ਹੂਰੀ ਖੱਟੀ ਕਿ ਅੱਜ ਉਸ ਦੇ ਨਾਂ ’ਤੇ ਇੱਕ ਯੂਨੀਵਰਸਿਟੀ ਦਾ ਨਾਂ ਵੀ ਰੱਖਿਆ ਗਿਆ ਹੈ।

ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੌਸਲਾ ਤੇ ਦ੍ਰਿੜ੍ਹਤਾ ਦੀ ਲੋੜ ਹੈ। ਔਕੜਾਂ ਤਾਂ ਹਰ ਇਨਸਾਨ ਦੇ ਰਸਤੇ ਵਿੱਚ ਆਉਂਦੀਆਂ ਹਨ। ਇਨ੍ਹਾਂ ਔਕੜਾਂ ਨੂੰ ਧੀਰਜ ਨਾਲ ਸਹਿਣ ਕਰਨ ਦੀ ਜਾਚ ਆਉਣੀ ਚਾਹੀਦੀ ਹੈ। ਅੱਗ ਵਿੱਚ ਪੈਣ ਤੋਂ ਬਾਅਦ ਹੀ ਸੋਨੇ ’ਤੇ ਨਿਖਾਰ ਆਉਂਦਾ ਹੈ। ਪੰਛੀਆਂ ਦੀ ਲੰਬੀ ਉਡਾਰੀ ਉਨ੍ਹਾਂ ਦੇ ਖੰਭਾਂ ਵਿੱਚ ਤਾਕਤ ਭਰਦੀ ਹੈ। ਵਗਦੇ ਦਰਿਆ ਤੇ ਨਹਿਰਾਂ, ਚਸ਼ਮਿਆਂ ਦਾ ਪਾਣੀ ਪੱਥਰਾਂ ਨਾਲ ਠੋਕਰਾਂ ਖਾ-ਖਾ ਕੇ ਹੀ ਅਗਾਂਹ ਵਧਦਾ ਹੈ। ਖਿੜੇ, ਖੁਸ਼ ਰਹਿਣ ਤੇ ਸਾਫ਼ ਮਨ ਵਿੱਚ ਅਨੇਕਾਂ ਫੁਰਨੇ ਫੁਰਦੇ ਹਨ। ਕਈ ਵਾਰ ਇਨ੍ਹਾਂ ਫੁਰਨਿਆਂ ਕਾਰਨ ਹੀ ਇਨਸਾਨ ਨਵੀਆਂ ਕਾਢਾਂ ਕੱਢ ਲੈਂਦਾ ਹੈ। ਨਿਊਟਨ ਵਾਂਗ ਰੁੱਖ ਤੋਂ ਡਿੱਗਿਆ ਸੇਬ ਸੋਚਣ ਲਈ ਮਜਬੂਰ ਕਰਦਾ ਹੈ। ਗਰੂਤਾ ਸ਼ਕਤੀ ਦੀ ਕਾਢ ਜਨਮ ਲੈਂਦੀ ਹੈ। ਸਿਆਣਿਆਂ ਨੇ ਕਿਹਾ ਹੈ ਕਿ ਜਿੱਥੇ ਚਾਹ ਉੱਥੇ ਰਾਹ। ਭਾਵ ਜਿੱਥੇ ਚਾਹਵਾਨ ਹੋਵੇ ਉੱਥੇ ਰਾਹ ਵੀ ਪੈਦਾ ਹੋ ਜਾਂਦੇ ਹਨ, ਪਰ ਬਿਨਾਂ ਚਾਹਨਾ ਦੇ ਤਾਂ ਕੋਈ ਪਾਣੀ ਦਾ ਗਲਾਸ ਭਰ ਕੇ ਵੀ ਨਹੀਂ ਪੀ ਸਕਦਾ। ਜਿਨ੍ਹਾਂ ਦੀ ਪਿਆਸ ਜ਼ਿਆਦਾ ਹੈ, ਉਹ ਖੂਹ ਪੁੱਟਣ ਲੱਗਿਆਂ ਵੀ ਦੇਰ ਨਹੀਂ ਲਗਾਉਂਦੇ। ਹਿਊਨ ਸਾਂਗ ਤੇ ਕੋਲੰਬਸ ਵਰਗੇ ਯਾਤਰੀ ਨਵੇਂ ਦੇਸ਼ ਲੱਭ ਲੈਂਦੇ ਹਨ। ਨਵੀਆਂ ਬੰਦਰਗਾਹਾਂ ਈਜਾਦ ਕਰ ਲੈਂਦੇ ਹਨ। ਪਰਬਤ-ਰੋਹੀ ਆਪਣੀ ਜਾਨ ਖ਼ਤਰਿਆਂ ਵਿੱਚ ਪਾ ਕੇ ਵੀ ਪਰਬਤ ਦੀ ਟੀਸੀ ’ਤੇ ਪਹੁੰਚ ਜਾਂਦੇ ਹਨ। ਵੇਖਿਆ ਗਿਆ ਹੈ ਕਿ ਪੰਛੀ ਵੀ ਭੋਜਨ ਦੀ ਖਾਤਰ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਦੇ ਹਨ। ਕਈ ਪੰਛੀ ਦਿਨ-ਰਾਤ ਵੀ ਉਡਾਰੀ ਭਰਦੇ ਹਨ। ਪੇਟ ਦੀ ਖਾਤਰ ਇਨਸਾਨ ਕੀ ਨਹੀਂ ਕਰਦਾ, ਕੋਈ ਜ਼ਮੀਨ ਪੁੱਟਦਾ ਹੈ, ਬੀਜ ਬੀਜਦਾ ਹੈ ਤੇ ਕੋਈ ਹੋਰ, ਲੋਹੇ ਨੂੰ ਲਾਲ ਕਰਕੇ ਅਹਿਰਨ ’ਤੇ ਸੱਟ ਮਾਰਦਾ ਹੈ। ਲੋਹੇ ਦੇ ਤਰ੍ਹਾਂ-ਤਰ੍ਹਾਂ ਦੇ ਔਜ਼ਾਰ ਬਣਾ ਲੈਂਦਾ ਹੈ। ਆਕਾਸ਼ ਵਿੱਚ ਉਡਾਣਾਂ ਭਰਦੇ ਜਹਾਜ਼ ਵੀ ਮਨੁੱਖੀ ਦਿਮਾਗ਼ ਦੀ ਕਾਢ ਹਨ। ਕਿਵੇਂ ਪੰਛੀਆਂ ਤੋਂ ਵੀ ਲੰਬੀਆਂ ਉਡਾਣਾਂ ਭਰ ਕੇ ਇਹ ਜਹਾਜ਼ ਸਣੇ ਯਾਤਰੀ ਤੇ ਟਨਾਂ ਦੇ ਹਿਸਾਬ ਨਾਲ ਭਾਰ ਚੁੱਕ ਕੇ 15-15 ਘੰਟੇ ਉੱਡਦੇ ਰਹਿੰਦੇ ਹਨ। ਅੱਜ ਇਨਸਾਨ ਨੇ ਸਾਇੰਸ ਦੇ ਨਵੇਂ-ਨਵੇਂ ਉਪਕਰਨਾਂ ਨਾਲ ਮਨੁੱਖੀ ਸੋਚ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ।

ਤੁਸੀਂ ਵੀ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਕੇ ਵਿਖਾਵੋ। ਡੂੰਘੀਆਂ ਨੀਂਦਰਾਂ ਵਿੱਚੋਂ ਜਾਗ ਕੇ ਨਵੀਂ ਸ਼ਕਤੀ ਬਟੋਰ ਕੇ ਆਪਣੀ ਕਿਸਮਤ ਘੜ ਲਵੋ। ਹੱਥਾਂ ਦੀਆਂ ਲਕੀਰਾਂ ਨੇ ਤੁਹਾਡਾ ਕੁਝ ਨਹੀਂ ਸੰਵਾਰਨਾ। ਸਗੋਂ ਤੁਹਾਨੂੰ ਖੁਦ ਤਾਨਸੈਨ ਵਾਂਗ ਆਪਣੇ ਹੱਥਾਂ ਦੀਆਂ ਲਕੀਰਾਂ ਨੂੰ ਉਘਾੜ ਕੇ ਦੁਨੀਆ ਵਿੱਚ ਆਪਣਾ ਨਾਂ ਪੈਦਾ ਕਰਨਾ ਪਵੇਗਾ। ਤਦ ਹੀ ਦੁਨੀਆ ਤੁਹਾਡੇ ਸੁਪਨਿਆਂ ਵਰਗੀ ਹੁਸੀਨ ਤੇ ਜਿਉਣਯੋਗ ਬਣ ਸਕੇਗੀ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366



TRUCK INSURANCE
TRUCK TAX
IFTA



Amarjit S Bir
amarjit@uscipp.org
Lic#0I15593CA
Ph: (925)318-1247

## ਵਿਸਾਖੀ ਦਾ ਤਿਉਹਾਰ

ਆ ਗਿਆ ਵਿਸਾਖੀ ਦਾ ਦਿਹਾੜਾ,
ਇੱਕ ਵਾਰ ਫੇਰ ਮਿੱਤਰੋ।
ਹਰ ਵਾਰ ਦਿਹਾੜੇ ਨੇ ਬਦਲੇ ਨੇ ਢੰਗ,
ਕਦੀ ਹੋਰ ਕਦੀ ਹੋਰ ਮਿੱਤਰੋ।

ਪਹਿਲੇ ਦਿਨਾਂ ਦੀ ਵਿਸਾਖੀ ਵਿਸ਼ੇਸ਼
ਢੰਗ ਨਾਲ ਮਨਾਉਂਦੇ।
ਨਵੇਂ ਕੁਰਤੇ ਸਿਵਾ ਕੇ ,
ਪੱਗਾਂ ਪੋਚਵੀਆਂ ਬੰਨ ਕੇ।
ਮੇਲੇ ਵਿੱਚ ਆਪਣੇ ਕਈ ਜੋਹਰ ਦਿਖਾਂਦੇ।
ਥੱਕੇ ਟੁੱਟ ਕੇ ਕਿਸਾਨ,
ਖ਼ੁਸ਼ੀ ਨਾਲ ਭੰਗੜੇ ਨੇ ਪਾਓਦੇ।
ਸੁਆਣੀ ਮਸਰੂਫ ਹੋਕੇ ਕੰਮ ਕਾਜ
ਆਈ ਗਭਰੂ ਨਾਲ।
ਆਪਣੇ ਸੁਹੱਪਣ ਦਾ ਜਲਵਾ,
ਮਟਕਾਓਦੀ ਹਿਰਨੀ ਅੱਖੀਆਂ ਦੇ ਨਾਲ।

ਹੁਣ ਬਦਲੇ ਨੇ ਢੰਗ,
ਹੁਣ ਬਦਲੇ ਨੇ ਰੰਗ।
ਰਹਿ ਗਿਆ ਨਕਲੀ ਦਿਖਾਵਾ,
ਬੱਸ ਪਹਿਰਾਵੇ ਦਾ ਹੁਣ ਮਾਦਾ।
ਬੱਚੇ ਹੋ ਕੇ ਤਿਆਰ ਪਹਿਰਾਵਾ ,
ਪੰਜਾਬੀ ਵਾਲਾ ਹੁਣ ਪਾ।
ਕੰਪੀਟੀਸ਼ਨਾਂ ਵਿੱਚ ਜਾ ਕੇ,
ਸੋਹਣੀ ਪੰਜਾਬਣ, ਪੰਜਾਬੀ ਚੁਣੇ ਜਾਂਦੇ।
ਹੁਣ ਆਗੂ ਸਟੇਜਾਂ ਉੱਤੇ ਜਾ
ਵੱਖ ਵੱਖ ਪਰਿਆਂ 'ਚ ਆ।
ਵਿਸਾਖੀ ਦਾ ਮਹੱਤਵ ਸਮਝਾਂਦੇ।

ਕਿਵੇਂ 'ਖਾਲਸਾ ਪੰਥ' ਬਣਾਇਆ ?
ਕਿਵੇਂ ਸਿੰਘਾਂ ਨੂੰ ਸਜਾਇਆ ?
ਭੁੱਲੇ ਨਾ ਪੰਜਾਬੀ ਅਜੇ,
ਜਲਿਆਂਵਾਲੇ ਬਾਗ਼ ਦੀ ਵਿਸਾਖੀ।
ਜਿਸ ਵਿੱਚ 'ਡਾਇਰ' ਨੇ ਨਿਹੱਥੇ ਲੋਕਾਂ 'ਤੇ
ਗੋਲੀਆਂ ਵਰ੍ਹਾਈਆਂ।
ਕਈਆਂ ਜਾਨਾਂ ਬਚਾਉਣ ਲਈ
ਛਾਲਾਂ ਖ਼ੂਹ ਵਿਚ ਲਾਈਆ।

ਭਾਵੇਂ ਬਦਲੇ ਨੇ ਰੰਗ,
ਭਾਵੇਂ ਬਦਲੇ ਨੇ ਢੰਗ।
ਅਸੀਂ ਪੰਜਾਬੀ ਹਾਂ ਪੰਜਾਬੀ,
ਨਾ ਭੁਲਿਓ ਪੰਜਾਬੀ ਵਿਰਸਾ,
ਨਾ ਭੁਲਿਓ ਉਹ ਸਭਿਆਚਾਰ,
ਨਾ ਆਚਾਰ ਨਾ ਵਿਹਾਰ।
ਆਜੋ ਮਿਲ ਕੇ ਮਨਾ ਲਓ ,
ਵਿਸਾਖੀ ਦਾ ਤਿਉਹਾਰ।
ਸਾਂਝੇ ਵਿਰਸੇ ਦਾ ਤਿਉਹਾਰ,
ਕਰਦੀ'ਸਰਿਤਾ' ਇਹੀ ਅਰਦਾਸ ਮਿੱਤਰੋ।
ਆ ਗਿਆ ਵਿਸਾਖੀ ਦਾ ਤਿਉਹਾਰ,
ਇੱਕ ਵਾਰ ਫੇਰ ਮਿੱਤਰੋ,
ਆ ਗਿਆ ਵਿਸਾਖੀ ਦਾ
ਇਕ ਵਾਰ ਫੇਰ ਮਿੱਤਰੋ।

**ਸਰਿਤਾ ਦੇਵੀ**

## ਦੁਨੀਆਂ...

ਘੁੰਮਕੇ ਵੇਖ ਲਈ ਮੈਂ
ਦੁਨੀਆਂ ਸਾਰੀ ਦੀ ਸਾਰੀ

ਆਪਣਾ ਕੋਈ ਨਜ਼ਰ ਨਾਂਹ ਆਵੇ
ਮਤਲਬੀ ਰਿਸ਼ਤੇ ਨਾਤੇ ਇਥੇ ਸਾਰੇ

ਪੈਸੇ ਦੇ ਨੇ ਸਾਰੇ ਸਾਕ ਸੰਬੰਧੀ
ਪੈਸੇ ਨਾਲ ਹੁੰਦੀਆਂ ਸਲਾਮਾਂ

ਫੋਕੀ ਟੌਹਰ ਲਈ ਵਜਦੇ ਬੈਂਡ
ਭੁੱਖ ਨਾਲ ਮਰਦੇ ਮਾਪੇ ਵੇਖ਼ੇ

ਇਨਸਾਨ ਤਰਸਦੇ ਰੋਟੀ ਲਈ ਘਰੇ
ਮੈਂ ਮੰਦਿਰਾਂ ਚ ਲੰਗਰ ਰੋਜ ਲਗਾਵਾਂ

ਮਾਪੇ ਰੁਲਦੇ ਬਿਰਧ ਆਸ਼ਰਮਾਂ 'ਚ
ਗੁਰਿੰਦਰ ਕਿਸਨੂੰ ਹਾਲ ਸੁਣਾਵਾਂ

ਘੁੰਮਕੇ ਵੇਖ ਲਈ ਦੁਨੀਆਂ ਸਾਰੀ
ਮੈਂ ਕੀ ਕੀ ਰੋਣਾ ਦੁਨੀਆਂ ਦਾ ਸੁਣਾਵਾਂ

**ਗੁਰਿੰਦਰ ਸਿੰਘ ਪੰਜਾਬੀ**

## ਆਪਣੀ ਬੇਟੀ ਦੇ ਨਾਂਅ

ਤੇਰੀ ਆਮਦ ਨਾਲ
ਮਹਿਕ ਉਠਿਆ ਸੀ ਮੇਰਾ ਆਂਗਣ
ਜਦ ਦਸਤਕ ਦਿੱਤੀ ਸੀ ਤੂੰ
ਕਰਾਂਤੀ ਦੇ ਮਹੀਨੇ
ਮੈਂ ਖ਼ੁਸ਼ ਹੋਇਆ
ਜਦ ਤੇਰੀ ਦਾਦੀ ਨੇ ਕਿਹਾ
ਤੂੰ ਕੁੜੀ ਦਾ ਪਿਓ ਬਣ ਗਿਆ
ਮੈਂ ਤੈਨੂੰ ਮਿਲਣਾ ਚਾਹਿਐ
ਤਾਂ ਝਟ ਸੁਣਿਆ
ਤੂੰ ਮੂੰਹ ਨਹੀ ਵੇਖ ਸਕਦਾ
ਬੇਟੀ ਗੰਡਮੂਲਾ 'ਚ ਹੋਈ ਏ
ਬਾਪ ਲਈ ਅਪਸ਼ਗਨ ਹੁੰਦੀ ਹੈ
ਪਰ ਏਸ ਵਹਿਮ ਨੂੰ ਤੋੜ
ਮੈਂ ਤੇਰੀ ਮਾਂ ਦਾ ਮੁੱਖ ਚੁੰਮ
ਤੈਨੂੰ ਗਲ ਨਾਲ ਲਾਇਆ
ਭਰੂਣ ਹੱਤਿਆ ਦੇ ਦੌਰ ਵਿਚ
ਤੇਰੀ ਹੋਂਦ ਦਾ ਹੋਣਾ
ਅਸਲ ਚ ਮੇਰੀ ਹੋਂਦ ਸੀ
ਘਰ ਜਾ ਤੇਰੀ ਖ਼ੁਸ਼ੀ ਚ
ਬੂਹੇ ਅਗੇ ਨਿੰਮ ਬੰਨਿਆ
ਲੱਡੂ ਵੰਡੇ ਲੋਹੜੀ ਮਨਾਈ
ਪਰ ਸਮਾਜ ਨੇ ਤੇਰੀ ਆਮਦ ਦਾ
ਸਵਾਗਤ ਨਾ ਕੀਤਾ
ਤੇ ਆਖਦੇ ਲੈ ਕੋਈ
ਕੁੜੀਆਂ ਦੇ ਵੀ ਨਿੰਮ ਬੰਨਦੈ!
ਖ਼ੁਸਰਿਆਂ ਨੇ ਤੇਰੀ ਵਧਾਈ ਨਾ ਲਈ
ਜਦ ਵੀ ਤੈਨੂੰ ਮੈਂ
ਆਪਣੇ ਨਾਲ ਲੈ ਜਾਂਦਾ
ਤਾਂ ਅਕਸਰ ਲੋਕ ਆਖਦੇ
ਧੀਆਂ ਘਰ ਚ ਰੱਖੀਦਿਆਂ ਨੇ
ਬਹੁਤ ਕੁਝ ਆਖਦੇ
ਉਹ ਵੀ ਜੋ ਕਈ ਵਾਰ
ਸੁਣ ਵੀ ਨਾ ਹੁੰਦਾ

ਪਰ
ਕਿਸੇ ਦੀ ਪਰਵਾਹ ਨਾ ਕਰ
ਅਸੀ ਧੀਏ
ਤੈਨੂੰ ਸਿਰਫ ਜੀ ਆਇਆਂ ਹੀ ਨਹੀਂ ਕਿਹਾ
ਬਲਕਿ ਚੰਗਾ ਮਹੌਲ ਵੀ ਦੇਣ ਦਾ ਯਤਨ ਕੀਤਾ
ਤਾਂ ਕਿ ਤੂੰ ਆਪਣੇ ਰਾਹਾਂ 'ਤੇ ਚਲ ਕੇ
ਤਲਾਸ਼ ਕਰ ਸਕੇ ਆਪਣੀ ਮੰਜ਼ਿਲ
ਤੇ ਜੀ ਸਕੇਂ ਬੇਖੌਫ ਅਜਾਦੀ ਨਾਲ
ਪਰ ਏਸ ਲਈ ਤੈਨੂੰ ਵੀ
ਹਾਮੀ ਭਰਨੀ ਪੈਣੀ ਹੈ ਉਸ ਯੁੱਧ ਦੀ
ਜੋ ਨਿਰੰਤਰ ਜਾਰੀ ਹੈ
ਉਸ ਸੋਚ ਖਿਲਾਫ
ਜੋ ਧੀਆਂ ਨੂੰ ਹਾਲੇ ਵੀ ਸਮਝਦਾ ਹੈ ਪੈਰ ਦੀ ਜੁੱਤੀ
ਤੇ ਅਖੌਤੀ ਅਣਖ ਤੇ ਧੱਬਾ
ਲੜ੍ਹਨਾ ਪਵੇਗਾ ਉਹ ਯੁੱਧ
ਜੋ ਬਰਾਬਰੀ ਲਈ ਨਿਰੰਤਰ ਲੜਿਆ ਜਾ ਰਿਹੈ
ਜਿਸ ਯੁੱਧ ਦੇ ਅਸੀ ਵੀ ਸਿਪਾਹੀ ਹਾਂ
ਇਹ ਯੁੱਧ ਲੜਿਆ ਤੇ ਜਿਤਿਆ ਜਾਣਾ ਜਰੂਰੀ ਹੈ,
ਮੇਰੀ ਲਾਡਲੀ ਧੀ
ਤਾਂ ਕਿ ਹਰ ਧੀ ਦੇ ਜਨਮ ਨੂੰ
ਆਖਿਆ ਜਾ ਸਕੇ ਜੀ ਆਇਆਂ
ਤੇ ਮਿਲ ਸਕੇ ਖ਼ੁਸ਼ਗਵਾਰ ਮਹੌਲ
ਜੀ ਸਕਣ ਬੇਖੌਫ
ਤੇ ਕਦੇ ਵੀ ਨਾ ਮਿਲੇ
ਗੁਰੂਆਂ ਦੀ ਧਰਤੀ ਤੇ
ਧੀਆਂ ਦੇ ਭਰੂਣਾਂ ਦਾ ਖ਼ੂਹ...
ਲੜਨੀ ਹੋਵੇਗੀ ਜੰਗ ਤੈਨੂੰ ਵੀ
ਆਪਣੀ ਹੋਂਦ ਆਪਣੀ ਬਰਾਬਰਤਾ
ਤੇ ਆਜ਼ਾਦੀ ਲਈ
ਫਿਰ ਤੂੰ ਚਾਹੇ ਧਰਤੀ ਦੇ
ਕਿਸੇ ਵੀ ਕੋਨੇ ਹੋਵੇਂ...

**ਹਰਭਗਵਾਨ ਭੀਖੀ**

## ਕਵੀ ਦਰਬਾਰ ਦੀਆਂ ਅੰਦਰੂਨੀ ਰਮਜਾਂ

ਜਾਈਏ ਉਸ ਮਹਿਫ਼ਲ ਵਿਚਕਾਰ,
ਜਿਥੋਂ ਮਿਲਦਾ ਹੈ ਸਤਿਕਾਰ,
ਨਹੀਂ ਤਾਂ ਜਾਣਾ ਹੈ ਬੇਕਾਰ,
ਸੱਚ ਸਿਆਣੇ ਕਹਿੰਦੇ ਨੇ,
ਜੇ ਬਿਨ ਬੁਲਾਇਆਂ ਜਾਈਏ,
ਸਹਿਣੇ ਮਿਹਣੇ ਪੈਂਦੇ ਨੇ,
ਜੇ ਬਿਨ....

ਚਾਹੁੰਦੇ ਦਾਦ ਹੈ ਜੇਕਰ ਲੈਣੀ,
ਪਊਗੀ ਦੂਜੇ ਨੂੰ ਵੀ ਦੇਣੀ,
ਸੁਨਣੀ ਨਹੀਂ ਤੇ ਆਪਣੀ ਕਹਿਣੀ,
ਕੰਮ ਫਿਰ ਜਲਦੀ ਪੈਂਦਾ ਹੈ,
ਕਵੀ ਜਿਹੜਾ ਵੀ ਇਉਂ ਕਰਦਾ,
ਅੱਖੀਂ ਰੜਕਦਾ ਰਹਿੰਦਾ ਹੈ,
ਕਵੀ ਜਿਹੜਾ....

ਜੇ ਕਰੀਏ ਸਮੇਂ ਮੁਤਾਬਿਕ ਗੱਲ,
ਬਣਦੀ ਮਹਿਫ਼ਲ ਦੇ ਵਿੱਚ ਭੱਲ,
ਤਾੜੀਆਂ ਵੱਜਣ ਚੱਲ ਸੋ ਚੱਲ,
ਪੂਰੀ ਰੌਣਕ ਬੱਝਦੀ ਐ,
ਰਚਨਾ ਛੋਟੀ ਤੇ ਮੁੱਦੇ ਵਾਲੀ,
ਸਭ ਨੂੰ ਚੰਗੀ ਲੱਗਦੀ ਐ
ਰਚਨਾ ਛੋਟੀ....

ਹੈ ਲੰਬੀ ਕਵਿਤਾ ਕਰਦੀ ਬੋਰ,
ਮਚਦਾ ਮਹਿਫ਼ਲ ਦੇ ਵਿੱਚ ਸ਼ੋਰ,
ਖਿੱਚਣ ਝੱਗਾ ਤੇ ਆਖਣ ਢੋਰ,
ਓਹਨੂੰ ਕੋਈ ਸਲ੍ਹਾਵੇ ਨਾ,
ਅੱਖੀਂ ਵੇਖ ਹਕੀਕਤ ਲਿਖਿਆ,
ਓਹਨੂੰ ਕੋਈ ਸੁਨਣਾ ਚਾਹਵੇ ਨਾ,
ਅੱਖੀਂ....

ਦੋਸਤੋ ਜ਼ਾਬਤੇ ਦੇ ਵਿੱਚ ਰਹੀਏ,
ਅਗਲੇ ਦੀ ਸੁਣੀਏਂ ਆਪਣੀ ਕਹੀਏ,
ਨਜ਼ਾਰੇ ਆਖਰ ਤੱਕ ਹੀ ਲਈਏ,
ਤਾਹੀਓਂ ਜਾਣ ਦਾ ਫਾਇਦਾ ਹੈ,
ਅੱਧ ਵਿਚਾਲਿਓਂ ਉੱਠ ਕੇ ਭੱਜਣਾ,
ਇਹ ਕਿਥੋਂ ਦਾ ਕਾਇਦਾ ਹੈ ?
ਅੱਧ....

ਸ਼ਰਮਾਂ ਦੱਦਾਹੂਰ ਸੱਚ ਲਿਖਦਾ,
ਓਹ ਤਾਂ ਕਵੀ ਨਾ ਕਿਸੇ ਨੂੰ ਦਿਸਦਾ,
ਪਰ ਸੱਚ ਲਿਖਣ ਲੱਗਾ ਨਾ ਝਿਪਦਾ,
ਲਿਖੇ ਨਿਸ਼ੰਗ ਸਚਾਈ ਜੀ,
ਸੱਚ ਹਕੀਕਤ ਹੈ ਲਿਖ ਦਿੱਤੀ,
ਬਿਲਕੁਲ ਝੂਠ ਨਾ ਰਾਈ ਜੀ
ਸੱਚ....

**ਜਸਵੀਰ ਸ਼ਰਮਾ ਦੱਦਾਹੂਰ**

## ਕੈਸਾ ਦਿੱਲ ਹੈ ਤੇਰਾ

ਕੈਸਾ ਦਿੱਲ ਹੈ ਤੇਰਾ,
ਪੱਥਰ ਨਾਲ ਵਟਾ ਲਿਆ ਜਿਹੜਾ।
ਮੁਮਕਿਨ ਹੈ -
ਧੜਕਦਾ ਹੋਣਾ,
ਸ਼ਾਹਾ ਦੇ ਹੋਕੇ ਜਰਦਾ ਹੋਣਾ,
ਅਣਭਿੱਜ ਮੁਹੱਬਤ ਤੋਂ,
ਸੁੱਕਾ ਜਿਹਾ ਕਿਧਰੇ ਮਰਦਾ ਹੋਣਾ।
ਕੈਸਾ ਦਿੱਲ ਹੈ ਤੇਰਾ,
ਪੱਥਰ ਨਾਲ ਵਟਾ ਲਿਆ ਜਿਹੜਾ,
ਤੱਪਦਾ ਹੈ ,
ਬੁਝੱਦਾ ਹੈ,
ਲਾਜ਼ਮੀ ਹੈ-
ਰਾਤਾਂ ਨੂੰ ਤੜਫਦਾ ਹੋਣਾ,
ਸੰਦਲੀ ਸਵੇਰ ਦੀ ਖ਼ੁਸ਼ਬੋ ਲਈ ,
ਇਬਾਦਤ ਦੇ ਮੋਤੀ ਚੁਗਦਾ ਹੋਣਾ।
ਕੈਸਾ ਦਿੱਲ ਹੈ ਤੇਰਾ,
ਪੱਥਰ ਨਾਲ ਵਟਾ ਲਿਆ ਜਿਹੜਾ,
ਖ਼ਾਬ ਅੱਖਾਂ ਵਿੱਚ ਲੈ,
ਦਰਦ ਦੀ ਚਾਦਰ ਲੈਂਦਾ ਹੋਣਾ,
ਨਰਮ ਮੁਲਾਇਮ ਬਾਤਾਂ ਲਈ,
ਰੋਂਦਾ ਹੋਣਾ,
ਤੜਫਦਾ ਹੋਣਾ,
ਕੈਸਾ ਦਿੱਲ ਹੈ ਤੇਰਾ,
ਪੱਥਰ ਨਾਲ ਵਟਾ ਲਿਆ ਜਿਹੜਾ।

**-ਨੀਰ ਪੰਜਾਬੀ**

## ਨਾਟੋ ਦੇ ਨੌਟ ਦਾ ਅਸਰ

ਹੋ ਗਿਆ 'ਭੈਅ-ਭੀਤ' ਸੀ ਜੱਗ ਸਾਰਾ
ਖਤਰਨਾਕ ਜਿਹੇ ਸੁਣਕੇ ਐਲਾਨ ਯਾਰੋ।
ਕਰਨ ਲੱਗੇ ਸੀ ਸਾਰੇ 'ਅਰਦਾਸ' ਏਹੋ
ਅਮਲੀ ਰੂਪ ਨਾ ਲੈਣ 'ਫੁਰਮਾਨ' ਯਾਰੋ।
ਬਣਕੇ 'ਸਾਲਸੀ' ਦੇਸ਼ਾਂ 'ਨਿਮਾਣਿਆਂ' ਨੇ
ਵਿਸ਼ਵ ਵਿੱਚ ਬਣਾ ਲਈ ਏ ਸ਼ਾਨ ਯਾਰੋ।
'ਮਾਰੂ ਰਾਗ' ਫਿਜ਼ਾਵਾਂ 'ਚੋਂ ਬੰਦ ਹੋਇਆ
ਵੱਜਣ ਲੱਗੀ ਹੈ ਸ਼ਾਂਤਮਈ 'ਤਾਨ' ਯਾਰੋ।
ਕਰ'ਤੀ ਨਾਂਹ ਲੜਾਈ ਤੋਂ 'ਹੋਰ' ਕਈਆਂ
ਨਾਟੋ 'ਨੌਟ' ਕਹਿ ਪਿੱਛੇ ਨੂੰ ਹੋ ਗਿਆ ਏ।
ਜੰਗ-ਬੰਦੀ ਦਾ ਹੋਇਆ ਜੋ 'ਫੈਸਲਾ' ਐ
ਬੀਅ ਅਮਨ ਦੇ ਜਾਣੋ ਕਿ ਬੋ ਗਿਆ ਏ!



**-ਤਰਲੋਚਨ ਸਿੰਘ ਦੁਪਾਲਪੁਰ**
001-408-905-5517

## ਇੱਕ ਇਤਿਹਾਸਕ ਦਿਨ

ਕੱਢੀ ਮਿਆਨੋ ਤਲਵਾਰ ਜਦ,
ਮਾਰੇ ਲਸ਼ਕਾਰੇ।
ਸੀਸ ਮੈਨੂੰ ਇੱਕ ਚਾਹੀਦਾ,
ਸਤਿਗੁਰ ਆ ਪੁਕਾਰੇ।

ਸੁਣ ਸਨਾਟਾ ਛਾ ਗਿਆ,
ਚੁੱਪ ਪਸਰੀ ਸਾਰੇ।
ਸਭ ਵੇਖ ਹੈਰਾਨ ਹੋ ਗਏ,
ਗੁਰੂ ਦੇ ਕੰਮ ਨਿਆਰੇ।

ਇਕ ਭਾਈ ਸੀ ਉਠਿਆ,
ਆਇਆ ਦਰਬਾਰੇ।
ਸੀਸ ਮੇਰਾ ਹਾਜਰ ਹੈ,
ਉਹ ਅਰਜ ਗੁਜਾਰੇ।

ਵਾਰੀ ਵਾਰੀ ਪੰਜ ਸੀ,
ਉੱਠੇ ਆਪ ਮੁਹਾਰੇ।
ਇਹ ਧਰਤੀ ਅਨੰਦਪੁਰ ਸੀ,
ਕੀਤੇ ਕੌਤਕ ਭਾਰੇ।

ਚੋਜੀ ਪ੍ਰੀਤਮ ਗੋਬਿੰਦ ਸਿੰਘ,
ਦਸਵੇਂ ਅਵਤਾਰੇ।
ਆਪਣਾ ਰੂਪ ਬਖਸ਼ਿਆ,
ਹੋ ਖ਼ੁਸ਼ ਦਾਤਾਰੇ।

ਪੰਥ ਖਾਲਸਾ ਸਾਜਿਆ,
ਜਾਈਏ ਬਲਿਹਾਰੇ।
'ਪੱਤੋ' ਦਿਨ ਇਤਿਹਾਸਕ ਹੋ ਗਿਆ,
ਸਾਜੇ ਪੰਜ ਪਿਆਰੇ।

**ਹਰਪ੍ਰੀਤ ਪੱਤੋ**
94658-21417

## ਚੰਦਰੀ ਜਿਹੀ ਹਵਾ ਚੜ੍ਹੀ ਹੈ

ਚੰਦਰੀ ਜਿਹੀ ਹਵਾ ਚੜ੍ਹੀ ਹੈ
ਵਗਦੇ ਹੜ੍ਹ 'ਚ ਹਰ ਸ਼ੈ ਹੜ੍ਹੀ ਹੈ
ਤੂੰ ਵੀ ਕਿਤੇ ਰੁੜ੍ਹ ਨਾ ਜਾਣਾ
ਤੈਥੋਂ ਤਾਂ ਸੱਜਨਾਂ ਉਮੀਦ ਬੜੀ ਹੈ।

ਪੈਰਾਂ ਸਿਰ ਹੋਣ ਦੀ ਖਾਤਰ
ਲੜਦੇ ਲੜਦੇ ਮੁੱਦਤਾਂ ਲੰਘੀਆਂ
ਵੇਖ ਖਾਂ ਅੱਜ ਵੀ ਵਸਦਾ ਹਾਂ ਮੈਂ
ਭਾਵੇਂ ਚੰਦਰੀ ਹਰ ਰੀਝ ਸੜੀ ਹੈ।

ਵਜੂਦ ਬੰਦੇ ਦਾ ਮਰ ਹੈ ਜਾਂਦਾ
ਚੜ੍ਹ ਰੁਤਬਿਆਂ ਦੀ ਵਿਗੜੀ ਘੋੜੀ
ਪੱਲੇ ਰੱਖ ਤੂੰ ਫਕੀਰੀ ਸੱਜਨਾ
ਇਸ ਵਿੱਚ ਹੀ ਤਾਂ ਹੋਂਦ ਜੜੀ ਹੈ।

ਆਪਣੇ ਲਈ ਤਾਂ ਹਰ ਕੋਈ ਕਰਦਾ
ਬਣ ਹੂਕ ਖਾਂ ਵੰਝਲੀ ਵਾਲੀ
ਸੁਨੱਖੀ ਤੋਰ ਦੀ ਝਾਜਰ ਬੋਲੇ
ਉਹ ਅੱਜ ਵੀ ਤੇਰੇ ਸੰਗ ਖੜ੍ਹੀ ਹੈ।

ਤਖ਼ਤਾਂ ਵਕਤਾਂ ਦੇ ਭਰਮ ਭੁਲੇਖੇ
ਪਲਾਂ ਵਿੱਚ ਹੋ ਜਾਂਦੇ ਢੇਰੀ
ਕਿਤੇ ਤੂੰ ਐਵੇਂ ਡੋਲ ਨਾ ਜਾਵੀਂ
ਪਰਖ ਵਾਲੀ ਤਾਂ ਇਹੀ ਘੜੀ ਹੈ।

ਅੱਖ਼ਾਂ ਖੋਲ੍ਹ ਕੇ ਤੁਰਨ ਦਾ ਵੇਲਾ
ਠੋਕਰ ਮਾਰ ਝਮੇਲਿਆਂ ਤਾਂਈਂ
ਲੋਹੜੀ ਦੁੱਲੇ ਦੀ ਬਲਦੀ ਰੱਖੀਂ
ਸਾਂਝ ਜ਼ਿੰਦਗੀ ਦੀ ਅਸਲ ਕੜੀ ਹੈ।

ਧਰਤੀ ਮਾਂ ਨੇ ਪੱਲੇ ਪਾਇਆ
ਅਜ਼ਮਤ ਸਾਂਝ ਦਾ ਸੋਹਣਾ ਵਿਰਸਾ
ਕੋਈ ਇਸ ਨੂੰ ਡੰਬ ਨਾ ਜਾਵੇ
ਪਰਖ ਵਾਲੀ ਤਾਂ ਇਹੀ ਘੜੀ ਹੈ।

**- ਡਾ ਮੇਹਰ ਮਾਣਕ**

# ਨੀਟ ਯੂਜੀ ਤੋਂ ਪਰੇ ਵਿਕਲਪਕ ਮਾਰਗ : ਭਾਰਤ ’ਚ ਮੈਡੀਕਲ ਕੈਰੀਅਰ ’ਤੇ ਮੁੜ ਵਿਚਾਰ ਕਰਨਾ

ਨੈਸ਼ਨਲ ਯੋਗਤਾ ਕਮ ਐਂਟਰੈਂਸ ਟੈਸਟ (ਨੀਟ ਯੂਜੀ) ਭਾਰਤ ਵਿੱਚ ਅੰਡਰਗਰੈਜੂਏਟ ਮੈਡੀਕਲ ਸਿੱਖਿਆ ਨੂੰ ਅੱਗੇ ਵਧਾਉਣ ਦੀ ਇੱਛਾ ਰੱਖਣ ਵਾਲੇ ਵਿਦਿਆਰਥੀਆਂ ਲਈ ਪ੍ਰਾਇਮਰੀ ਗੇਟਵੇ ਬਣ ਗਿਆ ਹੈ। ਹਾਲਾਂਕਿ ਇਹ ਇੱਕ ਮਿਆਰੀ ਚੋਣ ਪ੍ਰਕਿਰਿਆ ਨੂੰ ਯਕੀਨੀ ਬਣਾਉਂਦਾ ਹੈ, ਤੀਬਰ ਮੁਕਾਬਲਾ, ਸੀਮਤ ਸੀਟਾਂ ਅਤੇ ਉੱਚ ਦਬਾਅ ਅਕਸਰ ਬਹੁਤ ਸਾਰੇ ਸਮਰੱਥ ਵਿਦਿਆਰਥੀਆਂ ਨੂੰ ਵਿਕਲਪਾਂ ਦੀ ਭਾਲ ਵਿੱਚ ਛੱਡ ਦਿੰਦੇ ਹਨ। ਖੁਸ਼ਕਿਸਮਤੀ ਨਾਲ, ਉਹਨਾਂ ਲਈ ਮਾਰਗਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਮੌਜੂਦ ਹੈ ਜੋ ਨੀਟ ਨੂੰ ਸਾਫ਼ ਕੀਤੇ ਬਿਨਾਂ ਸਿਹਤ ਸੰਭਾਲ ਅਤੇ ਜੀਵਨ ਵਿਗਿਆਨ ਵਿੱਚ ਅਰਥਪੂਰਨ ਕਰੀਅਰ ਬਣਾਉਣਾ ਚਾਹੁੰਦੇ ਹਨ।

**ਸਹਿਯੋਗੀ ਸਿਹਤ ਵਿਗਿਆਨ:** ਹੈਲਥਕੇਅਰ ਦੂਰੀ ਦਾ ਵਿਸਤਾਰ ਅਲਾਇਡ ਹੈਲਥ ਸਾਇੰਸ ਕਈ ਕਰੀਅਰ ਵਿਕਲਪ ਪੇਸ਼ ਕਰਦੇ ਹਨ ਜੋ ਮਰੀਜ਼ਾਂ ਦੀ ਦੇਖਭਾਲ ਅਤੇ ਡਾਕਟਰੀ ਸਹਾਇਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬੈਚਲਰ ਆਫ਼ ਫਿਜ਼ੀਓਥੈਰੇਪੀ ( ਬੀਪੀਟੀ), ਬੈਚਲਰ ਆਫ ਓਕਯੂਪੇਸ਼ਨਲ ਥੈਰੇਪੀ, ਮੈਡੀਕਲ ਲੈਬੋਰਟਰੀ ਟੈਕਨਾਲੋਜੀ (ਬੀਐੱਲਲਟੀ), ਅਤੇ ਰੇਡੀਓਲੋਜੀ ਅਤੇ ਇਮੇਜਿੰਗ ਤਕਨਾਲੋਜੀ ਵਰਗੇ ਕੋਰਸ ਸ਼ਾਨਦਾਰ ਵਿਕਲਪ ਹਨ। ਇਹ ਪੇਸ਼ੇਵਰ ਡਾਕਟਰਾਂ ਨਾਲ ਮਿਲ ਕੇ ਕੰਮ ਕਰਦੇ ਹਨ ਅਤੇ ਨਿਦਾਨ, ਮੁੜ ਵਸੇਬਾ ਅਤੇ ਇਲਾਜ ਲਈ ਜ਼ਰੂਰੀ ਹਨ।

**ਨਰਸਿੰਗ:** ਇੱਕ ਉੱਤਮ ਅਤੇ ਫਲਦਾਇਕ ਪੇਸ਼ੇ ਨਰਸਿੰਗ ਸਿਹਤ ਸੰਭਾਲ ਵਿੱਚ ਸਭ ਤੋਂ ਸਤਿਕਾਰਤ ਪੇਸ਼ਿਆਂ ਵਿੱਚੋਂ ਇੱਕ ਬਣੀ ਹੋਈ ਹੈ। ਵਿਦਿਆਰਥੀ ਬੀ.ਐਸਸੀ ਦਾ ਪਿੱਛਾ ਕਰ ਸਕਦੇ ਹਨ। ਬਹੁਤ ਸਾਰੀਆਂ ਸੰਸਥਾਵਾਂ ਵਿੱਚ ਨੀਟ ਤੋਂ ਬਿਨਾਂ ਨਰਸਿੰਗ ਜਾਂ ਜਨਰਲ ਨਰਸਿੰਗ ਅਤੇ ਮਿਡਵਾਈਫਰੀ ( ਜੀਐਨਐਮ) ਪ੍ਰੋਗਰਾਮ। ਵਧਦੀ ਗਲੋਬਲ ਮੰਗ ਦੇ ਨਾਲ, ਨਰਸਿੰਗ ਭਾਰਤ ਅਤੇ ਵਿਦੇਸ਼ ਦੋਵਾਂ ਵਿੱਚ ਸਥਿਰ ਕਰੀਅਰ ਦੇ ਮੌਕੇ ਪ੍ਰਦਾਨ ਕਰਦੀ ਹੈ।

**ਫਾਰਮੇਸੀ:** ਬ੍ਰਿਜਿੰਗ ਮੈਡੀਸਨ ਅਤੇ ਖੋਜ ਬੈਚਲਰ ਆਫ਼ ਫਾਰਮੇਸੀ (ਬੀ.ਫਾਰਮ) ਇੱਕ ਹੋਰ ਸ਼ਾਨਦਾਰ ਵਿਕਲਪ ਹੈ। ਫਾਰਮਾਸਿਸਟ ਡਰੱਗ ਫਾਰਮੂਲੇਸ਼ਨ, ਵਿਕਾਸ ਅਤੇ ਵੰਡ ਵਿੱਚ ਮਾਹਰ ਹਨ। ਫਾਰਮਾਸਿਊਟੀਕਲ ਉਦਯੋਗ ਦੇ ਉਭਾਰ ਨਾਲ, ਇਹ ਖੇਤਰ ਖੋਜ, ਗੁਣਵੱਤਾ ਨਿਯੰਤਰਣ ਅਤੇ ਸਿਹਤ ਸੰਭਾਲ ਸੇਵਾਵਾਂ ਵਿੱਚ ਮੌਕੇ ਪ੍ਰਦਾਨ ਕਰਦਾ ਹੈ। ਬਾਇਓਟੈਕਨਾਲੋਜੀ ਅਤੇ ਲਾਈਫ ਸਾਇੰਸ ਖੋਜ ਅਤੇ ਨਵੀਨਤਾ ਵੱਲ ਝੁਕਾਅ ਰੱਖਣ ਵਾਲੇ ਵਿਦਿਆਰਥੀਆਂ ਲਈ, ਬਾਇਓਟੈਕਨਾਲੋਜੀ, ਮਾਈਕ੍ਰੋਬਾਇਓਲੋਜੀ ਅਤੇ ਬਾਇਓਕੈਮਿਸਟਰੀ ਸ਼ਾਨਦਾਰ ਖੇਤਰ ਹਨ। ਇਹ ਅਨੁਭਵਾਂ ਡਾਕਟਰੀ ਤਰੱਕੀ, ਵੈਕਸੀਨ ਵਿਕਾਸ ਅਤੇ ਬਿਮਾਰੀ ਖੋਜ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਗ੍ਰੈਜੂਏਟ ਪ੍ਰਯੋਗਸ਼ਾਲਾਵਾਂ, ਖੋਜ ਸੰਸਥਾਵਾਂ ਅਤੇ ਬਾਇਓਟੈਕ ਕੰਪਨੀਆਂ ਵਿੱਚ ਕੰਮ ਕਰ ਸਕਦੇ ਹਨ।

**ਆਯੁਸ਼ ਕੋਰਸ:** ਦਵਾਈ ਦੀਆਂ ਰਵਾਇਤੀ ਪ੍ਰਣਾਲੀਆਂ ਭਾਰਤ ਆਯੁਸ਼ (ਆਯੁਰਵੇਦ, ਯੋਗਾ ਅਤੇ ਕੁਦਰਤੀ ਇਲਾਜ, ਉਨਾਨੀ, ਸਿੱਧੀ ਅਤੇ ਹੋਮਿਓਪੈਥੀ) ਦੇ ਤਹਿਤ ਵੱਖ-ਵੱਖ ਅੰਡਰਗਰੈਜੂਏਟ ਕੋਰਸਾਂ ਦੀ ਪੇਸ਼ਕਸ਼ ਕਰਦਾ ਹੈ। ਬੀਏਐਮਐਸ (ਆਯੁਰਵੇਦ), ਬੀਐਚਐਮਐਸ (ਹੋਮੀਓਪੈਥੀ) ਅਤੇ ਬੀਯੂਐਮਐਸ (ਉਨਾਨੀ) ਵਰਗੇ ਪ੍ਰੋਗਰਾਮ ਵਿਕਲਪਕ ਡਾਕਟਰੀ ਸਿੱਖਿਆ ਪ੍ਰਦਾਨ ਕਰਦੇ ਹਨ। ਇਹਨਾਂ ਵਿੱਚੋਂ ਕੁਝ ਲਈ ਨੀਟ ਦੀ ਲੋੜ ਹੋ ਸਕਦੀ ਹੈ, ਪਰ ਦਾਖਲਾ ਨੀਤੀਆਂ ਵੱਖ-ਵੱਖ ਹੋ ਸਕਦੀਆਂ ਹਨ, ਜਿਸ ਨਾਲ ਉਹਨਾਂ ਨੂੰ ਖੋਜਣ ਯੋਗ ਬਣਾਇਆ ਜਾਂਦਾ ਹੈ।



**ਪੈਰਾਮੈਡਿਕ ਕੋਰਸ:** ਹੈਲਥਕੇਅਰ ਵਿੱਚ ਤੇਜ਼ ਦਾਖਲਾ ਪੈਰਾਮੈਡਿਕ ਵਿਗਿਆਨ ਵਿੱਚ ਡਿਪਲੋਮਾ ਅਤੇ ਡਿਗਰੀ ਕੋਰਸ ਵਿਦਿਆਰਥੀਆਂ ਨੂੰ ਸਿਹਤ ਸੰਭਾਲ ਖੇਤਰ ਵਿੱਚ ਤੇਜ਼ੀ ਨਾਲ ਦਾਖਲ ਹੋਣ ਦੀ ਇਜਾਜ਼ਤ ਦਿੰਦੇ ਹਨ। ਐਮਰਜੈਂਸੀ ਮੈਡੀਕਲ ਸੇਵਾਵਾਂ, ਡਾਇਲੀਸਿਸ ਤਕਨਾਲੋਜੀ ਅਤੇ ਓਪਰੇਸ਼ਨ ਥੀਏਟਰ ਟੈਕਨਾਲੋਜੀ ਵਰਗੇ ਖੇਤਰਾਂ ਦੀ ਬਹੁਤ ਮੰਗ ਹੈ।

ਮਨੋਵਿਗਿਆਨ ਅਤੇ ਮਾਨਸਿਕ ਸਿਹਤ ਕਰੀਅਰ ਮਾਨਸਿਕ ਸਿਹਤ ਬਾਰੇ ਵਧਦੀ ਜਾਗਰੂਕਤਾ ਦੇ ਨਾਲ, ਮਨੋਵਿਗਿਆਨ ਇੱਕ ਮਹੱਤਵਪੂਰਨ ਖੇਤਰ ਵਜੋਂ ਉਭਰਿਆ ਹੈ। ਵਿਦਿਆਰਥੀ ਮਨੋਵਿਗਿਆਨ ਵਿੱਚ ਬੈਚਲਰ ਦੀ ਡਿਗਰੀ ਪ੍ਰਾਪਤ ਕਰ ਸਕਦੇ ਹਨ ਅਤੇ ਬਾਅਦ ਵਿੱਚ ਕਲੀਨਿਕਲ ਜਾਂ ਕਾਉਂਸਲਿੰਗ ਮਨੋਵਿਗਿਆਨੀ ਵਿੱਚ ਵਿਸ਼ੇਸ਼ਤਾ ਹਾਸਲ ਕਰ ਸਕਦੇ ਹਨ, ਜੋ ਮਾਨਸਿਕ ਤੰਦਰੁਸਤੀ ਵਿੱਚ ਯੋਗਦਾਨ ਪਾਉਂਦੇ ਹਨ।




ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ


ਵਿਦੇਸ਼ ਵਿੱਚ ਦਵਾਈ ਦਾ ਅਧਿਐਨ ਕਰਨਾ ਕੁਝ ਵਿਦਿਆਰਥੀ ਰੂਸ, ਯੂਕਰੇਨ ਜਾਂ ਫਿਲੀਪੀਨਜ਼ ਵਰਗੇ ਦੇਸ਼ਾਂ ਵਿੱਚ ਵਿਦੇਸ਼ ਵਿੱਚ MBBS ਕਰਨ ਬਾਰੇ ਵਿਚਾਰ ਕਰਦੇ ਹਨ, ਜਿੱਥੇ ਦਾਖਲਾ ਪ੍ਰਕਿਰਿਆਵਾਂ ਵੱਖਰੀਆਂ ਹੋ ਸਕਦੀਆਂ ਹਨ। ਹਾਲਾਂਕਿ, ਉਹਨਾਂ ਨੂੰ ਅਜੇ ਵੀ ਭਾਰਤ ਵਿੱਚ ਅਭਿਆਸ ਕਰਨ ਲਈ ਸਕ੍ਰੀਨਿੰਗ ਟੈਸਟਾਂ ਦੇ ਯੋਗ ਹੋਣਾ ਚਾਹੀਦਾ ਹੈ, ਇਸ ਵਿਕਲਪ ਦਾ ਧਿਆਨ ਨਾਲ ਮੁਲਾਂਕਣ ਕਰਨਾ ਮਹੱਤਵਪੂਰਨ ਬਣਾਉਂਦਾ ਹੈ।

**ਤਕਨਾਲੋਜੀ ਅਤੇ ਨਵੀਨਤਾ:** ਜਿੱਥੇ ਇੰਜੀਨੀਅਰਿੰਗ ਮੈਡੀਸਨ ਨੂੰ ਮਿਲਦੀ ਹੈ ਜੇਕਰ ਤੁਸੀਂ ਸਿਰਫ਼ ‘ਕੌਣ’ ਦੀ ਬਜਾਏ ਦਵਾਈ ਦੇ ‘ਕਿਵੇਂ’ ਤੋਂ ਆਕਰਸ਼ਤ ਹੋ, ਤਾਂ ਤਕਨੀਕੀ ਅਤੇ ਜੀਵ ਵਿਗਿਆਨ ਦਾ ਇੰਟਰਸੈਕਸ਼ਨ 2026 ਦੀ ਸਭ ਤੋਂ ਦਿਲਚਸਪ ਸਰਹੱਦ ਹੈ। **ਬਾਇਓਮੈਡੀਕਲ ਇੰਜੀਨੀਅਰਿੰਗ:** ਨਕਲੀ ਅੰਗਾਂ, ਨਕਲੀ ਅਤੇ ਉੱਨਤ ਸਰਜੀਕਲ ਰੋਬੋਟਾਂ ਨੂੰ ਡਿਜ਼ਾਈਨ ਕਰਨਾ।

**ਬਾਇਓਇਨਫਾਰਮੈਟਿਕਸ ਅਤੇ ਏਆਈ:** ਬਿਮਾਰੀ ਦੇ ਪ੍ਰਕੋਪ ਦੀ ਭਵਿੱਖਬਾਣੀ ਕਰਨ ਜਾਂ ਕੈਂਸਰ ਇਲਾਜਾਂ ਨੂੰ ਵਿਅਕਤੀਗਤ ਬਣਾਉਣ ਲਈ ਡੇਟਾ ਦੀ ਵਰਤੋਂ ਕਰਨਾ। ਇਹ ਖੇਤਰ ਵਰਤਮਾਨ ਵਿੱਚ ਬੈਂਗਲੂਰੂ ਅਤੇ ਹੈਦਰਾਬਾਦ ਵਰਗੇ ਹੱਬਾਂ ਵਿੱਚ ਭਰਤੀ ਦੀ ਵੱਡੀ ਵਾਧਾ ਦੇਖ ਰਿਹਾ ਹੈ, ਜਿਸ ਵਿੱਚ ਸੀਨੀਅਰ ਰੋਲ 1520 ਐਲਪੀਏ ਤੋਂ ਵੱਧ ਹਨ। ਜੈਨੇਟਿਕ ਇੰਜੀਨੀਅਰਿੰਗ: ਸਰੋਤ ’ਤੇ ਵਿਰਾਸਤ ਦੀਆਂ ਬਿਮਾਰੀਆਂ ਨੂੰ ਠੀਕ ਕਰਨ ਲਈ ਸੀਆਰਆਈਐਸਪੀਆਰ ਅਤੇ ਜੀਨ ਥੈਰੇਪੀਆਂ ’ਤੇ ਕੰਮ ਕਰਨਾ।

3. **ਇਲਾਜ ਦਾ ਕਾਰੋਬਾਰ:** ਪ੍ਰਸ਼ਾਸਨ ਅਤੇ ਜਨਤਕ ਸਿਹਤ ਸਾਰੇ ਮੈਡੀਕਲ ਹੀਰੋ ਕਲੀਨਿਕ ਵਿੱਚ ਕੰਮ ਨਹੀਂ ਕਰਦੇ। ਕੁਝ ਸਿਸਟਮ ਤਿਆਰ ਕਰਦੇ ਹਨ ਜੋ ਇੱਕੋ ਸਮੇਂ ਹਜ਼ਾਰਾਂ ਜਾਨਾਂ ਬਚਾਉਂਦੇ ਹਨ। ਹਸਪਤਾਲ ਪ੍ਰਸ਼ਾਸਨ (ਬੀਐਚ/ਐਮਐਚ ਏ) ਆਧੁਨਿਕ ਹਸਪਤਾਲ ਬਹੁ-ਮਿਲੀਅਨ ਡਾਲਰ ਦੇ ਉੱਦਮ ਹਨ। ਹਸਪਤਾਲ ਪ੍ਰਬੰਧਕ ਇਹਨਾਂ ਸੰਸਥਾਵਾਂ ਦੇ ਲੌਜਿਸਟਿਕਸ, ਵਿੱਤ ਅਤੇ ਗੁਣਵੱਤਾ ਦੇ ਮਿਆਰਾਂ (ਜਿਵੇਂ ਕਿ ਐਨਏਬੀਐਚ) ਦਾ ਪ੍ਰਬੰਧਨ ਕਰਦੇ ਹਨ। ਇਹ ਹੈਲਥਕੇਅਰ ਸੈਕਟਰ ਵਿੱਚ ਇੱਕ ਉੱਚ-ਸਟੇਕ ਕਾਰਪੋਰੇਟ ਭੂਮਿਕਾ ਹੈ। ਜਨਤਕ ਸਿਹਤ ਅਤੇ ਮਹਾਂਮਾਰੀ ਵਿਗਿਆਨ ਮਹਾਂਮਾਰੀ ਤੋਂ ਬਾਅਦ ਦੀ ਦੁਨੀਆ ਨੇ ਜਨਤਕ ਸਿਹਤ ਮਾਹਿਰਾਂ ’ਤੇ ਪ੍ਰੀਮੀਅਮ ਰੱਖਿਆ ਹੈ। ਡਬਲਯੂਐਚ ਮਓ, ਯੂਐਨਆਈਸੀਈਐਫ, ਜਾਂ ਭਾਰਤੀ ਸਰਕਾਰ ਵਰਗੀਆਂ ਸੰਸਥਾਵਾਂ ਨਾਲ ਕੰਮ ਕਰਦੇ ਹੋਏ, ਇਹ ਪੇਸ਼ੇਵਰ ਸਿਹਤ ਰੁਝਾਨਾਂ ਦਾ ਵਿਸ਼ਲੇਸ਼ਣ ਕਰਦੇ ਹਨ ਅਤੇ ਵੱਡੇ ਪੱਧਰ ’ਤੇ ਟੀਕਾਕਰਨ ਅਤੇ ਪੋਸ਼ਣ ਪ੍ਰੋਗਰਾਮਾਂ ਨੂੰ ਡਿਜ਼ਾਈਨ ਕਰਦੇ ਹਨ।

**ਵਿਕਲਪਕ ਦਵਾਈ:** ਏਕੀਕ੍ਰਿਤ ਵਿਕਾਸ ਆਯੁਸ਼ ਮੰਤਰਾਲੇ ਰਾਹੀਂ ਸਰਕਾਰ ਦੇ ਜ਼ੋਰ ਨਾਲ, ਦਵਾਈ ਦੀਆਂ ਰਵਾਇਤੀ ਪ੍ਰਣਾਲੀਆਂ ਮੁੜ ਸੁਰਜੀਤ ਹੋ ਰਹੀਆਂ ਹਨ। ਬੀਏਐਮ ਐਸ (ਆਯੂਰਵੇਦ) ਅਤੇ ਐਮ ਐਚ ਐਮ ਐਸ (ਹੋਮੀਓਪੈਥੀ) ਵਰਗੀਆਂ ਡਿਗਰੀਆਂ ਹੁਣ ‘ਬੈਕਅੱਪ’ ਨਹੀਂ ਹਨ ਉਹ ਹੁਣ ਇੱਕ ਏਕੀਕ੍ਰਿਤ ਸਿਹਤ ਸੰਭਾਲ ਮਾਡਲ ਦਾ ਹਿੱਸਾ ਹਨ ਜਿੱਥੇ ਮਰੀਜ਼ ਰਵਾਇਤੀ ਦਵਾਈ ਦੇ ਨਾਲ-ਨਾਲ ਸੰਪੂਰਨ ਇਲਾਜ ਦੀ ਮੰਗ ਕਰਦੇ ਹਨ। ਮੁੱਖ ਸੂਝ: 2026 ਵਿੱਚ, ਬਹੁਤ ਸਾਰੇ ਪ੍ਰਾਈਵੇਟ ਕਲੀਨਿਕ ਤੰਦਰੁਸਤੀ ਅਤੇ ਰੋਕਥਾਮ ਦਵਾਈ ਵਿੰਗਾਂ ਦੀ ਅਗਵਾਈ ਕਰਨ ਲਈ ਬੀਏਐਮਐਸ ਅਭਿਆਸੀ ਨਿਯੁਕਤ ਕਰ ਰਹੇ ਹਨ, ਜੋ ਭਾਰਤ ਵਿੱਚ ਇੱਕ ਬਹੁ-ਬਿਲੀਅਨ ਡਾਲਰ ਦਾ ਉਦਯੋਗ ਬਣ ਗਿਆ ਹੈ। **ਤੁਹਾਡਾ ਮਾਰਗ ਚੁਣਨਾ:** ਇੱਕ ਫੈਸਲਾ ਢਾਂਚਾ ਆਪਣੇ ਮੈਡੀਕਲ ਕਰੀਅਰ ’ਤੇ ਮੁੜ ਵਿਚਾਰ ਕਰਦੇ ਸਮੇਂ, ਆਪਣੇ ਆਪ ਨੂੰ ਪੁੱਛੋ ਕਿ ਤੁਹਾਡੀ ਅਸਲ ਦਿਲਚਸਪੀ ਕਿੱਥੇ ਹੈ ਮਰੀਜ਼ ਦੀ ਗੱਲਬਾਤ: ਜੇਕਰ ਤੁਸੀਂ ਲੋਕਾਂ ਦੀ ਸਿੱਧਾ ਮਦਦ ਕਰਨਾ ਪਸੰਦ ਕਰਦੇ ਹੋ ਪਰ ਐਮ ਮਬੀਬੀਸੀ ਨਹੀਂ ਪ੍ਰਾਪਤ ਕੀਤਾ, ਤਾਂ ਫਿਜ਼ੀਓਥੈਰੇਪੀ, ਨਰਸਿੰਗ ਜਾਂ ਕਲੀਨਿਕਲ ਸਾਈਕੋਲੋਜੀ ਦੇਖੋ।

**ਲੈਬ ਅਤੇ ਖੋਜ:** ਜੇਕਰ ਤੁਸੀਂ ਪਰਦੇ ਦੇ ਪਿੱਛੇ ਵਿਗਿਆਨ ਨੂੰ ਤਰਜੀਹ ਦਿੰਦੇ ਹੋ, ਤਾਂ ਮੈਡੀਕਲ ਲੈਬ ਟੈਕਨਾਲੋਜੀ (ਐਮਐਲਟੀ) ਜਾਂ ਬਾਇਓਟੈਕਨਾਲੋਜੀ ਤੁਹਾਡੀਆਂ ਸਭ ਤੋਂ ਵਧੀਆ ਬਾਜ਼ੀ ਹਨ।

**ਹਾਈ-ਟੈਕ ਟੂਲਸ:** ਜੇਕਰ ਤੁਸੀਂ ਗੁੰਝਲਦਾਰ ਮਸ਼ੀਨਰੀ ਚਲਾਉਣ ਦਾ ਆਨੰਦ ਮਾਣਦੇ ਹੋ, ਤਾਂ ਰੇਡੀਓਲੋਜੀ ਜਾਂ ਕਾਰਡੀਏਕ ਕੇਅਰ ਟੈਕਨਾਲੋਜੀ ਵਧੀਆ ਕਰੀਅਰ ਟਰੈਜੈਕਟਰੀਆਂ ਦੀ ਪੇਸ਼ਕਸ਼ ਕਰਦੀ ਹੈ। ਲੀਡਰਸ਼ਿਪ ਅਤੇ ਨੀਤੀ: ਜੇਕਰ ਤੁਹਾਡੇ ਕੋਲ ਵਿਸ਼ਲੇਸ਼ਣਾਤਮਕ ਦਿਮਾਗ ਹੈ, ਤਾਂ ਹਸਪਤਾਲ ਪ੍ਰਸ਼ਾਸਨ ਜਾਂ ਜਨਤਕ ਸਿਹਤ ਦੀ ਪੜਚੋਲ ਕਰੋ।

ਸਿੱਟਾ ਨੀਟ ਯੂਜੀ ਇੱਕ ਮਹੱਤਵਪੂਰਨ ਪ੍ਰੀਖਿਆ ਹੈ, ਪਰ ਇਹ ਸਿਹਤ ਸੰਭਾਲ ਵਿੱਚ ਸਫਲ ਕਰੀਅਰ ਦਾ ਇੱਕੋ ਇੱਕ ਰਸਤਾ ਨਹੀਂ ਹੈ। ਮੈਡੀਕਲ ਖੇਤਰ ਵਿਸ਼ਾਲ ਅਤੇ ਵਿਭਿੰਨ ਹੈ, ਜੋ ਵੱਖ-ਵੱਖ ਰੁਚੀਆਂ ਅਤੇ ਯੋਗਤਾਵਾਂ ਦੇ ਨਾਲ ਮੇਲ ਖਾਂਦਾ ਕਈ ਮੌਕੇ ਪ੍ਰਦਾਨ ਕਰਦਾ ਹੈ। ਨੀਟ ਨੂੰ ਸਫਲਤਾ ਦੇ ਇੱਕੋ ਇੱਕ ਨਿਰਧਾਰਕ ਵਜੋਂ ਦੇਖਣ ਦੀ ਬਜਾਏ, ਵਿਦਿਆਰਥੀਆਂ ਨੂੰ ਉਹਨਾਂ ਦੀਆਂ ਸ਼ਕਤੀਆਂ ਅਤੇ ਇੱਛਾਵਾਂ ਦੇ ਅਨੁਕੂਲ ਵਿਕਲਪਕ ਮਾਰਗਾਂ ਦੀ ਪੜਚੋਲ ਕਰਨੀ ਚਾਹੀਦੀ ਹੈ। ਸਹੀ ਚੋਣ ਅਤੇ ਸਮਰਪਣ ਨਾਲ, ਕੋਈ ਵੀ ਨੀਟ ਤੋਂ ਪਰੇ ਸਿਹਤ ਸੰਭਾਲ ਦੀ ਦੁਨੀਆ ਵਿੱਚ ਇੱਕ ਸੰਪੂਰਨ ਅਤੇ ਪ੍ਰਭਾਵਸ਼ਾਲੀ ਕਰੀਅਰ ਬਣਾ ਸਕਦਾ ਹੈ।

# ਦੇਸ਼ ’ਚ ਸਿਹਤ ਸਾਖ਼ਰਤਾ ਦੀ ਲੋੜ

ਸਾਡੇ ਸਮਾਜ ਵਿਚ ਇਕ ਰੁਝਾਨ ਹੈ ਕਿ ਬਿਮਾਰੀ ਦੇ ਸ਼ੁਰੂਆਤੀ ਪੜਾਵਾਂ ਵਿਚ ਲੋਕ ਡਾਕਟਰ ਦੀ ਸਲਾਹ ਨਾਲੋਂ ਇੰਟਰਨੈੱਟ ਦੀ ਸਲਾਹ ਨੂੰ ਤਰਜੀਹ ਦਿੰਦੇ ਹਨ। ਇਹ ਸਲਾਹ ਕਈ ਵਾਰ ਗੰਭੀਰ ਬਿਮਾਰੀ ਦਾ ਕਾਰਨ ਬਣ ਸਕਦੀ ਹੈ। ਇਨ੍ਹਾਂ ਉਲਝਣ ਵਾਲੇ ਸਿਹਤ ਮੁੱਦਿਆਂ ’ਤੇ ਚਰਚਾ ਕਰਨਾ ਬਹੁਤ ਜ਼ਰੂਰੀ ਹੈ। ਇਨ੍ਹਾਂ ਮਹੱਤਵਪੂਰਨ ਵਿਸ਼ਵ-ਵਿਆਪੀ ਸਿਹਤ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਸ਼ਵ ਸਿਹਤ ਸੰਗਠਨ ਹਰ ਸਾਲ 7 ਅਪ੍ਰੈਲ ਨੂੰ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਸਾਲ 2026 ਦਾ ਥੀਮ ‘ਸਿਹਤ ਲਈ ਵਿਗਿਆਨ ਦੇ ਨਾਲ ਖੜ੍ਹੇ ਹੋਣਾ’ ਹੈ ਜੋ ਸਿਰਫ਼ ਇਕ ਵਿਚਾਰ ਨਹੀਂ ਹੈ, ਇਹ ਸਮੇਂ ਦੀ ਲੋੜ ਹੈ। ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅਸੀਂ ਸਾਰੇ ਸਿਰਫ਼ ਵਾਇਰਸਾਂ ਅਤੇ ਬਿਮਾਰੀਆਂ ਨਾਲ ਹੀ ਨਹੀਂ, ਸਗੋਂ ਗ਼ਲਤ ਜਾਣਕਾਰੀ ਦੀ ਇਕ ਖ਼ਤਰਨਾਕ ਮਹਾਮਾਰੀ ਨਾਲ ਵੀ ਜੂਝ ਰਹੇ ਹਾਂ। ਅੱਜ ਦਾ ਡਿਜੀਟਲ ਯੁੱਗ ਜਾਣਕਾਰੀ ਦਾ ਦੌਰ ਹੈ ਪਰ ਵਿਡੰਬਣਾ ਇਹ ਹੈ ਕਿ ਇਹ ਗ਼ਲਤ ਜਾਣਕਾਰੀ ਦਾ ਯੁੱਗ ਵੀ ਬਣ ਗਿਆ ਹੈ। ਸਿਹਤ ਸਬੰਧੀ ਗ਼ਲਤ ਜਾਣਕਾਰੀ ਇਕ ਅਦਿੱਖ ਖ਼ਤਰਾ ਹੈ ਜੋ ਬਿਨਾਂ ਕਿਸੇ ਚੇਤਾਵਨੀ ਦੇ ਸਮਾਜ ਵਿਚ ਫੈਲਦਾ ਹੈ ਅਤੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਤ ਕਰਦਾ ਹੈ। ਇਹ ਗ਼ਲਤ ਜਾਂ ਅਧੂਰੀ ਜਾਣਕਾਰੀ ਲੋਕਾਂ ਨੂੰ ਅਜਿਹੇ ਫ਼ੈਸਲੇ ਲੈਣ ਲਈ ਪ੍ਰੇਰਿਤ ਕਰ ਸਕਦੀ ਹੈ ਜੋ ਉਨ੍ਹਾਂ ਦੀ ਸਿਹਤ ਲਈ ਨੁਕਸਾਨਦੇਹ ਹੋ ਸਕਦੇ ਹਨ। ਹਾਲ ਹੀ ਦੇ ਸਾਲਾਂ ਵਿਚ ਇਸ ਦੀਆਂ ਕਈ ਹੈਰਾਨ ਕਰਨ ਵਾਲੀਆਂ ਉਦਾਹਰਨਾਂ ਸਾਹਮਣੇ ਆਈਆਂ ਹਨ। ਇਹ ਧਿਆਨ ਦੇਣ ਯੋਗ ਹੈ ਕਿ ਸਿਹਤ ਸਬੰਧੀ ਗ਼ਲਤ ਧਾਰਨਾਵਾਂ ਸਿਰਫ਼ ਘੱਟ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਤੱਕ ਸੀਮਤ ਨਹੀਂ ਹਨ ਬਲਕਿ ਵਿਕਸਤ ਦੇਸ਼ ਵੀ ਇਸ ਤੋਂ ਅਛੂਤੇ ਨਹੀਂ ਹਨ। ਹਾਲ ਹੀ ਵਿਚ ਇੰਗਲੈਂਡ ਵਿਚ ਖਸਰੇ ਦੇ ਮਾਮਲਿਆਂ ਵਿਚ ਵਾਧੇ ਦਾ ਇਕ ਵੱਡਾ ਕਾਰਨ ਟੀਕਾਕਰਨ ਵਿਰੁੱਧ ਫੈਲੀਆਂ ਅਫ਼ਵਾਹਾਂ ਸਨ। ਬਹੁਤ ਸਾਰੇ ਮਾਪਿਆਂ ਨੇ ਸੋਸ਼ਲ ਮੀਡੀਆ ’ਤੇ ਪੜ੍ਹੀਆਂ ਗਈਆਂ ਗ਼ਲਤ ਜਾਣਕਾਰੀਆਂ ਕਾਰਨ ਆਪਣੇ ਬੱਚਿਆਂ ਨੂੰ ਟੀਕਾਕਰਨ ਤੋਂ ਗੁਰੇਜ਼ ਕੀਤਾ ਹੈ ਜਿਸ ਦੇ ਨਤੀਜੇ ਵਜੋਂ ਲਾਗ ਲੱਗ ਗਈ ਹੈ। ਇਸੇ ਤਰ੍ਹਾਂ, ਆਸਟ ?ਰੇਲੀਆ ਵਿਚ ਸੁਪਰ-ਵੈਕਸੀਨ ਫਲੂ ਦੇ ਪ੍ਰਕੋਪ ਦੌਰਾਨ ਇਹ ਪਾਇਆ ਗਿਆ ਕਿ ਜਿਨ੍ਹਾਂ ਲੋਕਾਂ ਨੇ ਟੀਕਾਕਰਨ ਨਹੀਂ ਕਰਵਾਇਆ ਸੀ, ਉਨ੍ਹਾਂ ਨੂੰ ਗੰਭੀਰ ਲਾਗ ਦਾ ਖ਼ਤਰਾ ਵਧੇਰੇ ਸੀ ਅਤੇ ਇਸ ਵਿਚ ਵੀ ਗ਼ਲਤ ਜਾਣਕਾਰੀ ਨੇ ਵੱਡੀ ਭੂਮਿਕਾ ਨਿਭਾਈ। ਕੁਝ ਅਫ਼ਰੀਕੀ ਦੇਸ਼ਾਂ ਵਿਚ ਪੋਲੀਓ ਟੀਕਾਕਰਨ ਮੁਹਿੰਮਾਂ ਵੀ ਵ੍ਹਟਸਐਪ ’ਤੇ ਫੈਲੀਆਂ ਅਫ਼ਵਾਹਾਂ ਤੋਂ ਪ੍ਰਭਾਵਿਤ ਹੋਈਆਂ। ਇਸ ਤੋਂ ਪਤਾ ਲੱਗਦਾ ਹੈ ਕਿ ਗ਼ਲਤ ਜਾਣਕਾਰੀ ਸਿਰਫ਼ ਇਕ ਮਿੱਥ ਨਹੀਂ ਹੈ, ਸਗੋਂ ਜੀਵਨ ਲਈ ਸਿੱਧਾ ਖ਼ਤਰਾ ਹੈ। ਭਾਰਤ ਵਿਚ ਕੋਵਿਡ-19 ਟੀਕੇ ਬਾਰੇ ਗੁਮਰਾਹਕੁੰਨ ਦਾਅਵੇ ਅਤੇ ਸਾਜ਼ਿਸ਼ ਦੇ ਸਿਧਾਂਤ ਫੈਲਦੇ ਰਹਿੰਦੇ ਹਨ।



ਔਟਿਜ਼ਮ ਪੈਦਾ ਕਰਨ ਵਾਲੇ ਟੀਕੇ ਵਰਗੀਆਂ ਪੁਰਾਣੀਆਂ ਮਿੱਥਾਂ ਇਕ ਵਾਰ ਫਿਰ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਈਆਂ ਹਨ ਭਾਵੇਂ ਵਿਗਿਆਨਕ ਖੋਜਾਂ ਨੇ ਵਾਰ-ਵਾਰ ਉਨ੍ਹਾਂ ਨੂੰ ਨਕਾਰ ਦਿੱਤਾ ਹੈ। ਜਨਵਰੀ 2026 ਵਿਚ ਪੱਛਮੀ ਬੰਗਾਲ ਵਿਚ ਨਿਪਾਹ ਵਾਇਰਸ ਦੇ ਦੋ ਮਾਮਲਿਆਂ ਦੀ ਪੁਸ਼ਟੀ ਹੋਣ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਗ਼ਲਤ ਜਾਣਕਾਰੀ ਫੈਲ ਗਈ ਜਿਸ ਕਾਰਨ ਦਹਿਸ਼ਤ ਪਸਰ ਗਈ। ਵਿਸ਼ਵ ਸਿਹਤ ਸੰਗਠਨ ਅਤੇ ਭਾਰਤ ਸਰਕਾਰ ਨੇ ਦਖ਼ਲ ਦਿੰਦੇ ਹੋਏ ਕਿਹਾ ਕਿ ਸਥਿਤੀ ਕਾਬੂ ਹੇਠ ਹੈ ਅਤੇ ਘਬਰਾਉਣ ਦੀ ਕੋਈ ਲੋੜ ਨਹੀਂ। ਹੱਦ ਉਦੋਂ ਹੋ ਗਈ ਜਦੋਂ ਹਾਲ ਹੀ ਵਿਚ ਗੂਗਲ ਏਆਈ ਓਵਰਵਿਊ ਨੇ ਕੁਝ ਮਾਮਲਿਆਂ ਵਿਚ ਗ਼ਲਤ ਡਾਕਟਰੀ ਜਾਣਕਾਰੀ ਪ੍ਰਦਾਨ ਕੀਤੀ ਜਿਸ ਤੋਂ ਬਾਅਦ ਚਿੰਤਾਵਾਂ ਪੈਦਾ ਹੋ ਗਈਆਂ ਅਤੇ ਕੁਝ ਸੰਖੇਪ ਸਿਹਤ ਜਾਣਕਾਰੀਆਂ ਨੂੰ ਹਟਾ ਦਿੱਤਾ ਗਿਆ। ਜਿੱਥੇ ਦੁਨੀਆ ਭਰ ਦੀਆਂ ਸਰਕਾਰਾਂ ਨੇ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਲਈ ਕਦਮ ਚੁੱਕੇ ਹਨ, ਉੱਥੇ ਹੀ ਭਾਰਤ ਸਰਕਾਰ ਨੇ ਗੁਮਰਾਹਕੁੰਨ ਸਿਹਤ ਇਸ਼ਤਿਹਾਰਾਂ ਅਤੇ ਦਾਅਵਿਆਂ ਦਾ ਮੁਕਾਬਲਾ ਕਰਨ ਲਈ ਆਯੁਸ਼ ਸੁਰੱਖਿਆ ਪੋਰਟਲ ਵੀ ਸ਼ੁਰੂ ਕੀਤਾ ਹੈ।

ਡਾ. ਨਿਧੀ ਸ਼ਰਮਾ

ਮਾਹਿਰਾਂ ਨੇ ਇਸ ਸਥਿਤੀ ਨੂੰ ਇਨਫੋਡੈਮਿਕ ਕਿਹਾ ਹੈ-ਇਕ ਮਹਾਮਾਰੀ ਜਿਸ ਵਿਚ ਜਾਣਕਾਰੀ ਦੀ ਬਹੁਤਾਤ ਅਤੇ ਗ਼ਲਤ ਜਾਣਕਾਰੀ ਦਾ ਫੈਲਾਅ ਲੋਕਾਂ ਨੂੰ ਉਲਝਾਉਂਦਾ ਹੈ। ਇਹ ਸਥਿਤੀ ਹੋਰ ਵੀ ਖ਼ਤਰਨਾਕ ਹੈ ਕਿਉਂਕਿ ਇਹ ਸੱਚ ਤੇ ਝੂਠ ਵਿਚ ਫ਼ਰਕ ਕਰਨਾ ਮੁਸ਼ਕਲ ਬਣਾਉਂਦੀ ਹੈ। ਸਿਹਤ ਸਬੰਧੀ ਗ਼ਲਤ ਜਾਣਕਾਰੀ ਦੇ ਪਿੱਛੇ ਕਈ ਕਾਰਨ ਹਨ। ਡਿਜੀਟਲ ਸਾਖ਼ਰਤਾ ਦੀ ਘਾਟ ਲੋਕਾਂ ਲਈ ਇਹ ਪਛਾਣਨਾ ਮੁਸ਼ਕਲ ਬਣਾ ਸਕਦੀ ਹੈ ਕਿ ਕਿਹੜੀ ਜਾਣਕਾਰੀ ਭਰੋਸੇਯੋਗ ਹੈ। ਸਨਸਨੀਖੇਜ਼ ਅਤੇ ਭਾਵਨਾਤਮਕ ਸਮੱਗਰੀ ਤੇਜ਼ੀ ਨਾਲ ਵਾਇਰਲ ਹੋ ਜਾਂਦੀ ਹੈ ਜਿਸ ਨਾਲ ਗ਼ਲਤ ਜਾਣਕਾਰੀ ਹੋਰ ਫੈਲ ਜਾਂਦੀ ਹੈ। ਇਸ ਤੋਂ ਇਲਾਵਾ, ਕੁਝ ਲੋਕ ਜਾਣਬੁੱਝ ਕੇ ਅਫ਼ਵਾਹਾਂ ਫੈਲਾਉਂਦੇ ਹਨ, ਸਮਾਜ ਵਿਚ ਡਰ ਅਤੇ ਅਵਿਸ਼ਵਾਸ ਪੈਦਾ ਕਰਦੇ ਹਨ, ਜਦਕਿ ਸੋਸ਼ਲ ਮੀਡੀਆ ਐਲਗੋਰਿਦਮ ਸਿਹਤ ਨਾਲ ਸਬੰਧਤ ਗ਼ਲਤ ਜਾਣਕਾਰੀ ਫੈਲਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਸ ਲੜਾਈ ਵਿਚ ਮੀਡੀਆ ਅਤੇ ਪੱਤਰਕਾਰੀ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਜ਼ਿੰਮੇਵਾਰ ਪੱਤਰਕਾਰੀ ਨਾ ਸਿਰਫ਼ ਸਹੀ ਜਾਣਕਾਰੀ ਪ੍ਰਦਾਨ ਕਰਦੀ ਹੈ ਬਲਕਿ ਗ਼ਲਤ ਜਾਣਕਾਰੀ ਦਾ ਪਰਦਾਫਾਸ਼ ਵੀ ਕਰਦੀ ਹੈ। ਮੀਡੀਆ ਨੂੰ ਤੱਥਾਂ ਦੀ ਜਾਂਚ ਨੂੰ ਤਰਜੀਹ ਦੇਣੀ ਚਾਹੀਦੀ ਹੈ ਅਤੇ ਜਨਤਾ ਵਿਚ ਜਾਗਰੂਕਤਾ ਪੈਦਾ ਕਰਨ ਵਿਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਹ ਹਰ ਵਿਅਕਤੀ ਦੀ ਜ਼ਿੰਮੇਵਾਰੀ ਹੈ। ਹਰ ਜਾਣਕਾਰੀ ਲਈ ਇਕ ਰਸਤਾ ਹੈ। ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਕਿਸੇ ਵੀ ਜਾਣਕਾਰੀ ਨੂੰ ਸਾਂਝਾ ਕਰਨ ਤੋਂ ਪਹਿਲਾਂ ਉਸ ਦੀ ਸੱਚਾਈ ਦੀ ਪੁਸ਼ਟੀ ਕਰੀਏ। ਸੋਚੋ, ਸਮਝੋ, ਫਿਰ ਸਾਂਝਾ ਕਰੋ-ਸਾਨੂੰ ਇਹ ਆਦਤ ਪਾਉਣੀ ਚਾਹੀਦੀ ਹੈ।

ਅਜਿਹੇ ਸਮੇਂ ਵਿਚ, ‘ਵਿਗਿਆਨ ਦੇ ਨਾਲ ਖੜ੍ਹੇ ਰਹੋ’ ਦਾ ਸੁਨੇਹਾ ਇਕ ਮਾਰਗਦਰਸ਼ਕ ਰੋਸ਼ਨੀ ਦਾ ਕੰਮ ਕਰਦਾ ਹੈ। ਇਸ ਦਾ ਅਰਥ ਹੈ ਤੱਥਾਂ ’ਤੇ ਭਰੋਸਾ ਕਰਨਾ, ਮਾਹਿਰ ਸਲਾਹ ਨੂੰ ਤਰਜੀਹ ਦੇਣਾ ਅਤੇ ਵਿਗਿਆਨਕ ਸਬੂਤਾਂ ਨੂੰ ਅਪਣਾਉਣਾ। ਸਿਹਤ ਸਬੰਧੀ ਜਾਣਕਾਰੀ ਲਈ ਸਿਰਫ਼ ਪ੍ਰਮਾਣਿਤ ਸਰੋਤਾਂ ਜਿਵੇਂ ਡਾਕਟਰਾਂ, ਸਰਕਾਰੀ ਸੰਸਥਾਵਾਂ ਅਤੇ ਭਰੋਸੇਯੋਗ ਸੰਗਠਨਾਂ ’ਤੇ ਭਰੋਸਾ ਕਰਨਾ ਇਕ ਸੁਰੱਖਿਅਤ ਤਰੀਕਾ ਹੈ। ਸਭ ਤੋਂ ਮਹੱਤਵਪੂਰਨ ਗੱਲ ਸਿਹਤ ਲਈ ਇਕੱਠੇ ਹੋਣਾ ਹੈ ਜਿਸ ਦਾ ਅਰਥ ਹੈ ਸਮੂਹਿਕ ਜ਼ਿੰਮੇਵਾਰੀ ਅਤੇ ਸਹਿਯੋਗ। ਜਦੋਂ ਅਸੀਂ ਸਾਰੇ ਵਿਗਿਆਨਕ ਸੋਚ ਨੂੰ ਅਪਣਾਉਂਦੇ ਹਾਂ ਅਤੇ ਗ਼ਲਤ ਜਾਣਕਾਰੀ ਵਿਰੁੱਧ ਖੜ੍ਹੇ ਹੁੰਦੇ ਹਾਂ ਤਾਂ ਹੀ ਅਸੀਂ ਇਕ ਸਿਹਤਮੰਦ ਅਤੇ ਸੁਚੱਜੇ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ। ਅੱਜ ਕਿਉਂਕਿ ਸਭ ਤੋਂ ਵਧੀਆ ਦਵਾਈ ਸਿਰਫ਼ ਦਵਾਈ ਨਹੀਂ ਹੈ, ਸਗੋਂ ਸਹੀ ਜਾਣਕਾਰੀ ਹੈ ਅਤੇ ਸਭ ਤੋਂ ਵੱਡਾ ਬਚਾਅ ਵਿਗਿਆਨ ਵਿਚ ਵਿਸ਼ਵਾਸ ਹੈ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD